ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

ਸਾਲ : 20 ਪੂ : ਲੜੀ : 80 ਅਕਤੂਬਰ-ਦਸੰਬਰ, 2017

*ਮੁੱਖ ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726 e mail: harjeetatwal@yahoo.co.uk

**ਪ੍ਰੇਮ ਮਾਨ**

44 Rock Spring Road, West Orange, NJ07052, America

Ph. 001-860-983-5002 Email:premmann@yahoo.com

**ਸੁਰਿੰਦਰ ਸੀਹਰਾ**

61-Alers Road, Bexleyhealth,Kent, U.K. DA6 8HR

Ph. 0044-79565-71507 Email:surindersehra@hotmail.com

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239 Email : Chahals57@Yahoo.com

*ਸੰਪਾਦਕ*

**ਜਿੰਦਰ**

984, Rajput Nagar, Model House,

Near Surinder Welding Works, Jalandhar-144003

Mobile : 98148 03254

Email : jinder340@gmail.com Website : www.shabadsaar.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।

Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਅੰਦਰਲਿਆਂ ਪੰਨਿਆਂ 'ਤੇ

**ਪ੍ਰੇਮ ਪ੍ਰਕਾਸ਼**

ਮੁਹੱਬਤਾਂ ਦੀਆਂ ਅਟਾਰੀਆਂ/5

**ਪ੍ਰਿੰ. ਸਰਵਣ ਸਿੰਘ**

ਗੁਜਰੀ ਦਾ ਇਕਬਾਲ/27

**ਦੇਵਿੰਦਰ ਕੌਰ**

ਹੁਣ ਦਾ ਮੋਹਨਜੀਤ/35

**ਬਲਬੀਰ ਸੰਘੇੜਾ**

ਮੇਜਰ ਮਾਂਗਟ ਨੂੰ ਜਾਣਦਿਆਂ-ਸਮਝਦਿਆਂ/43

**ਪ੍ਰੇਮ ਮਾਨ**

ਵੱਖਰਾ ਅਤੇ ਅੱਥਰਾ ਬਲਬੀਰ ਮੋਮੀ/51

**ਹਰਜੀਤ ਅਟਵਾਲ**

ਮੇਰਾ ਹੀਰੋ, ਮੇਰਾ ਮਿੱਤਰ: ਅਮਨਪਾਲ ਸਾਰਾ/60

**ਹਰਮਹਿੰਦਰ ਚਹਿਲ**

ਬੇਬੇ/71

**ਹਰਜਿੰਦਰ ਸੂਰੇਵਾਲੀਆ**

ਪੰਜਾਬੀ ਸਾਹਿਤ ਦਾ ਕਲਸ-ਗੁਰਬਚਨ ਸਿੰਘ ਭੁੱਲਰ/82

**ਸੁਰਿੰਦਰ ਸੋਹਲ**

ਅੱਖਰਾਂ ਦੀ ਲੋਅ ਵਰਗਾ ਰਵਿੰਦਰ ਸਹਿਰਾਅ /93

**ਤਰਸੇਮ**

ਭੁੱਲਰਾਂ ਦਾ ਜਸਬੀਰ/102

**ਨਿੰਦਰ ਘੁਗਿਆਣਵੀ**

ਯਾਦ ਆਉਂਦਾ ਰਹਿੰਦੈ ਪ੍ਰੀਤਮ/115

**ਗੁਰਪ੍ਰੀਤ ਸਿੰਘ**

ਪੰਜ ਕਾਵਿ-ਕਿਤਾਬਾਂ ਦੀ ਗੱਲ/123

**ਡਾ. ਪਰਗਟ ਸਿੰਘ**

ਦੋ ਕਿਤਾਬਾਂ/127

## ਮੇਰਾ ਪੰਨਾ

ਜਦੋਂ ਦਾ ਮਨੁੱਖ ਸੱਭਿਅ ਹੋਇਆ ਹੈ, ਉਦੋਂ ਦਾ ਹੀ ਕਵਿਤਾ ਤੇ ਕਹਾਣੀ ਦਾ ਉਸ ਨਾਲ ਕਿਸੇ ਨਾ ਕਿਸੇ ਤਰ੍ਹਾਂ ਦਾ ਸੰਬੰਧ ਰਿਹਾ ਹੈ। ਕਹਾਣੀ ਤੋਂ ਅਗਾਂਹ ਨਾਵਲ, ਨਿਬੰਧ, ਲੇਖ, ਸੰਸਮਰਣ, ਜੀਵਨੀ, ਸਵੈਜੀਵਨੀ, ਯਾਤਰਾ ਸਾਹਿਤ, ਰੇਖਾ-ਚਿੱਤਰ ਆਦਿ ਵਿਧਾਵਾ ਦਾ ਜਨਮ ਹੋਇਆ। ਪੁਰਾਣੇ ਸਮਿਆਂ ਵਿੱਚ ਜਦੋਂ ਕੋਈ ਬਜ਼ੁਰਗ ਗਰਮੀਆਂ ਵਿੱਚ ਕੋਠੇ ਤੇ ਮੰਜੇ ਤੇ ਬੈਠ ਕੇ ਕਿਸੇ ਵਿਅਕਤੀ ਵਿਸ਼ੇਸ਼ ਬਾਰੇ ਕੁਝ ਗੱਲਾਂ ਸੁਣਾਉਂਦਾ ਸੀ ਤਾਂ ਉਹ ਵੀ ਆਪਣੇ ਆਪ ਵਿੱਚ ਲੇਖਾ-ਚਿੱਤਰ ਦਾ ਕੱਚਾ ਖਾਕਾ ਜਿਹਾ ਹੀ ਹੁੰਦਾ ਸੀ। ਉਹ ਇਕ ਬੰਦੇ ਦੇ ਗੁਣਾਂ, ਕਮਜ਼ੋਰੀਆਂ, ਚਲਾਕੀਆਂ, ਮਕਾਰੀਆਂ ਤੇ ਹੋਰ ਵਿਸ਼ੇਸ਼ਤਾਵਾਂ ਬਾਰੇ ਕਈ ਗੱਲਾਂ ਦੱਸਦਾ ਸੀ। ਇਹ ਸਾਰਾ ਕੁਝ ਅੱਗੇ ਚਲ ਕੇ ਰੇਖਾ ਚਿੱਤਰ ਦਾ ਰੂਪ ਧਾਰਨ ਕਰ ਗਿਆ। ਕਵਿਤਾ, ਕਹਾਣੀ, ਨਾਵਲ ਵਾਂਗ ਰੇਖਾ-ਚਿੱਤਰ ਵੀ ਆਪਣੇ ਆਪ 'ਚ ਇਕ ਵੱਖਰੀ ਵਿਧਾ ਹੈ। ਸੰਸਾਰ ਦੀਆਂ ਸਭ ਭਾਸ਼ਾਵਾਂ 'ਚ ਇਹ ਵਿਧਾ ਪ੍ਰਚਲਿਤ ਹੈ। ਅੰਗਰੇਜ਼ੀ 'ਚ ਖੁਸ਼ਵੰਤ ਸਿੰਘ; ਉਰਦੂ 'ਚ ਮੰਟੋ, ਰਾਜਿੰਦਰ ਸਿੰਘ ਬੇਦੀ, ਅਸਮਤ ਚੁਗਤਾਈ, ਅਸ਼ਕ, ਸੱਜਾਦ ਹੈਦਰ, ਫਿਕਰ ਤੌਂਸਵੀ, ਮੁਹੰਮਦ ਤੁਫੈਲ, ਬਲਵੰਤ ਸਿੰਘ; ਹਿੰਦੀ 'ਚ ਪਦਮਾ ਸਚਦੇਵਾ, ਮਹਾਂਦੇਵੀ ਵਰਮਾ, ਰਾਮਬ੍ਰਿਕਸ਼ ਬੇਨੀਪੁਰੀ, ਸ਼ਿਵ ਵਰਮਾ ਆਦਿ ਨੇ ਉਤਕ੍ਰਿਸ਼ਟ ਰੇਖਾ-ਚਿੱਤਰ ਲਿਖੇ ਹਨ।

ਪੰਜਾਬੀ ਸਾਹਿਤ 'ਚ ਸਭ ਤੋਂ ਪਹਿਲਾਂ ਪ੍ਰਿੰ. ਤੇਜਾ ਸਿੰਘ ਨੇ 'ਗੰਗਾਦੀਨ' ਤੇ 'ਪ੍ਰੀਤਮ ਸਿੰਘ ਦਾ ਸੁਭਾਅ' 'ਰੇਖਾ-ਚਿੱਤਰ ਲਿਖੇ ਸਨ। ਇਸੇ ਵਿਚਕਾਰ ਇਕਾ-ਦੁੱਕਾ ਲੇਖਕਾਂ ਨੇ ਰੇਖਾ-ਚਿੱਤਰ ਲਿਖੇ ਪਰ ਇਸ ਵਿਧਾ ਸੰਬੰਧੀ 1961 'ਚ ਬਲਵੰਤ ਗਾਰਗੀ ਦੀ ਪਹਿਲੀ ਪੁਸਤਕ 'ਨਿੰਮ ਦੇ ਪੱਤੇ' ਆਈ। ਇਸ ਪੁਸਤਕ ਦੇ ਛਪਣ ਉਪਰੰਤ ਇਸ ਵਿਧਾ ਦੀ ਅਕੈਡਮਿਕ ਪੱਧਰ 'ਤੇ ਚਰਚਾ ਸ਼ੁਰੂ ਹੋਈ। ਇਸ ਨੂੰ ਅਗਾਂਹ ਅਜੀਤ ਕੌਰ, ਕੁਲਬੀਰ ਸਿੰਘ ਕਾਂਗ, ਜਸਬੀਰ ਭੁੱਲਰ, ਦਰਸ਼ਨ ਸਿੰਘ, ਜਸਵੰਤ ਦੀਦ, ਨਿੰਦਰ ਘੁਗਿਆਣਵੀ, ਐਸ. ਤਰਸੇਮ, ਬਚਿੰਤ ਕੌਰ, ਤਰਸੇਮ, ਹਰਜਿੰਦਰ ਸੂਰੇਵਾਲੀਆ ਤੇ ਗੁਰਬਚਨ ਨੇ ਪ੍ਰਫੁੱਲਤ ਕੀਤਾ।

ਪੰਜਾਬੀ ਸਾਹਿਤ 'ਚ ਇਹ ਦੇਖਣ 'ਚ ਆਉਂਦਾ ਹੈ ਕਿ ਇਕ ਲੇਖਕ ਨੇ ਆਪਣੇ ਸਮਕਾਲੀ ਲੇਖਕਾਂ ਦੇ ਰੇਖਾ-ਚਿੱਤਰ ਹੀ ਲਿਖੇ ਹਨ। ਇਹ ਇਸ ਲਈ ਵੀ ਹੋਇਆ ਹੈ ਕਿ ਉਸਨੂੰ, ਜਿਹੜੇ ਲੇਖਕ ਬਾਰੇ ਉਹ ਲਿਖ ਰਿਹਾ ਹੁੰਦਾ ਹੈ, ਉਸ ਦੇ ਜੀਵਨ, ਉਸ ਦੀ ਸੋਚਣੀ, ਰਹਿਣ-ਸਹਿਣ ਤੇ ਵਿਚਾਰਧਾਰਾ ਦਾ ਪਤਾ ਹੁੰਦਾ ਹੈ। ਉਹ ਕਈ ਵਾਰ ਐਨੀ ਕੁ ਖੁੱਲ੍ਹ ਵੀ ਲੈ ਲੈਂਦਾ ਹੈ ਕਿ ਉਹ ਲੇਖਕ ਦੇ ਬੈੱਡ-ਰੂਮ ਤੱਕ ਜਾ ਵੜਦਾ ਹੈ। ਰੇਖਾਕਾਰ ਨੂੰ, ਜਿਸ ਬਾਰੇ ਉਹ ਲਿਖ ਰਿਹਾ ਹੁੰਦਾ ਹੈ, ਉਸ ਬਾਰੇ ਬਹੁਤ ਕੁਝ ਜਾਣਨਾ ਪੈਂਦਾ ਹੈ। ਕਈ ਵਾਰ ਉਹ ਲੇਖਕ ਦੀ ਇੰਟਰਵੀਊ ਕਰਦਾ ਹੈ, ਲੰਬੀਆਂ ਮੁਲਾਕਾਤਾਂ ਕਰਦਾ ਹੈ ਤੇ ਉਸ ਦੀ ਸ਼ਖ਼ਸੀਅਤ ਬਾਰੇ ਉਸ ਦੀ ਬੀਵੀ, ਬੱਚਿਆਂ, ਮਾਂ ਪਿਉ ਤੇ ਨੇੜਲੇ ਘੇਰੇ ਦੇ ਲੇਖਕਾਂ ਦੀ ਰਾਏ ਵੀ ਲੈਂਦਾ ਹੈ। ਹੁੰਦਾ ਤਾਂ ਇਹ ਵੀ ਹੈ ਕਿ ਜੋ ਉਹ ਲਿਖਦਾ ਹੈ, ਉਹ, ਉਸ ਦੀ ਲੇਖਕ ਬਾਰੇ ਆਪਣੀ ਬਣੀ ਧਾਰਨਾ ਨਹੀਂ ਹੁੰਦੀ, ਸਗੋਂ ਇਸ ਧਾਰਨਾ ਨੂੰ ਦੂਜੇ ਲੇਖਕਾਂ/ਲੋਕਾਂ ਨੇ ਵੀ ਪ੍ਰਭਾਵਤ ਕੀਤਾ ਹੁੰਦਾ ਹੈ। ਉਸ ਦੀ ਆਪਣੀ ਰਾਏ 'ਚ ਦੂਜਿਆਂ ਦੀ ਰਾਏ ਸ਼ਾਮਿਲ ਹੋ ਜਾਂਦੀ ਹੈ।

ਰੇਖਾ-ਚਿੱਤਰਾਂ 'ਚ ਕਲਪਨਾ ਦਾ ਹੋਣਾ ਬਹੁਤ ਜ਼ਰੂਰੀ ਹੈ। ਕਲਪਨਾ ਬਿਨਾਂ ਤਾਂ ਸਾਹਿਤ ਦੀ ਕਿਸੇ ਵਿਧਾ 'ਚ ਲਿਖਿਆ ਹੀ ਨਹੀਂ ਜਾ ਸਕਦਾ। ਯਥਾਰਥ ਤੇ ਕਲਪਨਾ 'ਚ ਕਿਵੇਂ ਸੁਮੇਲ ਬੈਠੇ, ਇੱਥੇ ਕਿਤੇ ਹੀ ਰੇਖਾਕਾਰ ਦੀ ਕਲਾਕਾਰੀ ਸਮੋਈ ਹੁੰਦੀ ਹੈ।



ਸਾਹਿਤ ਦੀਆਂ ਦੂਜੀਆਂ ਵਿਧਾਵਾਂ ਨਾਲੋਂ ਰੇਖਾ-ਚਿੱਤਰ ਲਿਖਣਾ ਔਖਾ ਕਾਰਜ ਹੈ। ਰੇਖਾਕਾਰ ਲੇਖਕ ਬਾਰੇ ਖੁੱਲ੍ਹਾਂ ਲੈਂਦਾ ਹੈ ਤੇ ਕਈ ਵਾਰ ਉਹ, ਉਹ ਕੁਝ ਵੀ ਲਿਖ ਦਿੰਦਾ ਹੈ ਜਿਸ ਬਾਰੇ ਲੇਖਕ ਨਹੀਂ ਚਾਹੁੰਦਾ ਹੁੰਦਾ ਕਿ ਉਸ ਦੇ ਪਾਠਕ ਵਰਗ ਨੂੰ ਪਤਾ ਲੱਗੇ। ਖੁਸ਼ਵੰਤ ਸਿੰਘ ਵਰਗਾ ਲੇਖਕ ਤਾਂ ਕੋਈ ਲੁਕ-ਲੁਕੋ ਨਹੀਂ ਰੱਖਦਾ। ਉਹ ਅੰਮ੍ਰਿਤਾ ਸ਼ੇਰਗਿੱਲ ਬਾਰੇ ਇੱਥੋਂ ਤੱਕ ਲਿਖ ਦਿੰਦਾ ਹੈ, 'ਉਸ ਦੇ ਇਹ ਜਾਣਨ ਤੋਂ ਪਹਿਲਾਂ ਹੀ ਕਿ ਕੀ ਹੋ ਰਿਹਾ ਹੈ, ਅੰਮ੍ਰਿਤਾ ਨੇ ਆਪਣੇ ਕੱਪੜੇ ਲਾਹੇ ਤੇ ਗਲੀਚੇ 'ਤੇ ਅਲਫ਼ ਨੰਗੀ ਪੈ ਗਈ। ਉਸ ਦਾ ਐਵੇਂ ਸਮਾਂ ਨਸ਼ਟ ਕਰਨ ਵਿੱਚ ਵਿਸ਼ਵਾਸ ਨਹੀਂ ਸੀ। ਤੇ ਉਹ ਭਲਾ-ਮਾਣਸ ਬਦਰ-ਉਦ-ਦੀਨ ਵੀ ਉਸ ਦਾ ਸੰਕੇਤ ਸਮਝ ਗਿਆ।' ਲੇਖਕ ਨੇ ਕਈ ਰਾਜ਼ ਲੁਕੋ ਕੇ ਰੱਖੇ ਹੁੰਦੇ ਹਨ। ਜਦੋਂ ਇਹ ਰਾਜ਼ ਸਾਹਮਣੇ ਆਉਂਦੇ ਹਨ ਤਾਂ ਲੇਖਕ ਬੁਖਲਾ ਜਾਂਦਾ ਹੈ। ਉਸ ਦੇ ਨਾਲ ਹੀ, ਜਿਨ੍ਹਾਂ ਦੂਜੇ ਲੇਖਕਾਂ ਬਾਰੇ ਉਸ ਇਸ ਲੇਖਕ ਦੇ ਸੰਦਰਭ 'ਚ ਛੋਟੀਆਂ-ਛੋਟੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੁੰਦਾ ਹੈ, ਉਹ ਤੜਫ਼ ਉਠਦੇ ਹਨ। ਬਲਵੰਤ ਗਾਰਗੀ ਨੇ ਆਪਣੇ ਸਮਕਾਲੀ ਲੇਖਕਾਂ ਦੇ ਰੇਖਾ-ਚਿੱਤਰ ਲਿਖੇ। ਕਈ ਲੇਖਕ ਕੱਪੜਿਆਂ ਤੋਂ ਬਾਹਰ ਹੋਏ। ਕਿਤਾਬ ਤਿਆਰ ਕਰਨ ਲੱਗਾ ਤਾਂ ਸੰਤ ਸਿੰਘ ਸੇਖੋਂ ਨੂੰ ਪਤਾ ਲੱਗਾ ਕਿ ਕਿਤਾਬ 'ਚ ਉਸ ਬਾਰੇ ਵੀ ਰੇਖਾ-ਚਿੱਤਰ ਸ਼ਾਮਿਲ ਹੈ। ਗਾਰਗੀ ਦੇ ਰੇਖਾ-ਚਿੱਤਰ 'ਚ ਕਰਾਰਾਪਨ ਹੁੰਦਾ ਸੀ, ਸੋ ਸੇਖੋਂ ਨੇ ਕਿਸੇ ਦੇ ਹੱਥੀਂ ਗਾਰਗੀ ਨੂੰ ਸੁਨੇਹਾ ਭੇਜਿਆ ਕਿ ਉਸ ਨੂੰ ਕਹਿ ਦਿਉ ਕਿ ਜੇ ਸੇਖੋਂ ਬਾਰੇ ਊਟ-ਪਟਾਂਗ ਟਿਪਣੀਆਂ ਕੀਤੀਆਂ ਤਾਂ ਉਹ ਗਾਰਗੀ ਨੂੰ ਕੋਰਟ 'ਚ ਘੜੀਸੇਗਾ। ਗਾਰਗੀ ਨੇ ਸੇਖੋਂ ਦਾ ਭੈਅ ਮੰਨਿਆ। ਉਸ ਕਿਤਾਬ 'ਚੋਂ ਸੇਖੋਂ ਦਾ ਰੇਖਾ-ਚਿੱਤਰ ਕੱਢ ਦਿੱਤਾ ਪਰ ਗਾਰਗੀ ਦੇ ਲਿਖੇ ਰੇਖਾ-ਚਿੱਤਰ 'ਚ ਐਨੀ ਸ਼ਕਤੀ ਸੀ, ਸ਼ਬਦਾਂ ਦਾ ਜਾਦੂ ਸੀ, ਤਿੱਖੀ ਮਨੋਵਿਗਿਆਨਕ ਸੂਝ ਸੀ, ਚੁਸਤ ਨਾਟਕੀ ਸੰਵਾਦ ਤੇ ਕਟਾਖਸ਼ਮਈ ਸ਼ੈਲੀ ਸੀ ਕਿ ਕੁਝ ਹੀ ਚਿਰ ਬਾਅਦ ਸੇਖੋਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਉਹ ਚਾਹੁਣ ਲੱਗਿਆ ਕਿ ਗਾਰਗੀ ਉਸ ਬਾਰੇ ਲਿਖੇ ਪਰ ਗਾਰਗੀ ਨੇ ਉਸ ਬਾਰੇ ਲਿਖਿਆ ਹੀ ਨਹੀਂ।

ਕੁਝ ਇਕ ਲੇਖਕਾਂ ਨੇ ਆਪਣੇ ਪਰਿਵਾਰ, ਰਿਸ਼ਤੇਦਾਰਾਂ ਤੇ ਨਜ਼ਦੀਕੀਆਂ ਬਾਰੇ ਵੀ ਰੇਖਾ-ਚਿੱਤਰ ਲਿਖੇ ਹਨ। ਖੁਸ਼ਵੰਤ ਸਿੰਘ ਨੇ ਆਪਣੀ ਦਾਦੀ ਅਤੇ ਕੁੱਤੇ ਬਾਰੇ; ਕ੍ਰਿਸ਼ਨਾ ਸੋਬਤੀ ਨੇ ਨਾਨਬਾਈ ਤੇ ਰਿਕਸ਼ੇ ਵਾਲੇ ਬਾਰੇ, ਮਹਾਂਦੇਵੀ ਵਰਮਾ ਨੇ ਨੌਕਰ ਤੇ ਧੋਬੀ ਬਾਰੇ, ਸ਼ਿਵ ਵਰਮਾ ਨੇ ਕੈਦੀਆਂ ਬਾਰੇ, ਪ੍ਰੇਮ ਪ੍ਰਕਾਸ਼ ਨੇ ਕਾਮਰੇਡ ਘਨਸ਼ਾਮ ਬਾਰੇ, ਕਾਮਰੇਡ ਕੇਵਲ ਕੌਰ ਤੇ ਜਸਵੰਤ ਦੀਦ ਨੇ ਆਪਣੇ ਮਾਮੇ ਬਾਰੇ ਰੇਖਾ-ਚਿੱਤਰ ਲਿਖੇ ਹਨ। ਬਲਵੰਤ ਗਾਰਗੀ, ਜੀਤ ਸਿੰਘ ਸੀਤਲ, ਭਗਵੰਤ ਸਿੰਘ, ਗੁਰਮੇਲ ਮਡਾਹੜ ਨੇ ਆਪਣੇ ਰੇਖਾ-ਚਿੱਤਰ ਆਪ ਲਿਖੇ। ਸਭ ਤੋਂ ਜ਼ਿਆਦਾ ਰੇਖਾ-ਚਿੱਤਰ ਸ਼ਿਵ ਬਟਾਲਵੀ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਖੁਸ਼ਵੰਤ ਸਿੰਘ ਤੇ ਅਜੀਤ ਕੌਰ ਬਾਰੇ ਲਿਖੇ ਗਏ।

ਰੇਖਾ-ਚਿੱਤਰ ਰਾਹੀਂ ਪਾਠਕ ਆਪਣੇ ਪ੍ਰਿਯ ਲੇਖਕ ਬਾਰੇ ਜਾਣਕਾਰੀ ਹਾਸਿਲ ਕਰਦਾ ਹੈ। ਰੇਖਾ-ਚਿੱਤਰ 'ਚ ਜ਼ਰੂਰੀ ਨਹੀਂ ਹੁੰਦਾ ਕਿ ਜੋ ਰੇਖਾਕਾਰ ਨੇ ਲਿਖਿਆ ਹੈ, ਉਹ ਸੌ ਪ੍ਰਤੀਸ਼ਤ ਸੱਚ ਹੀ ਹੋਵੇ। ਇਸ 'ਚ ਰੇਖਾਕਾਰ ਦੀ ਆਪਣੀ ਸਮਰੱਥਾ ਵੀ ਸਮੋਈ ਹੁੰਦੀ ਹੈ। ਜਿਵੇਂ ਕਹਾਣੀ ਜਾਂ ਕਵਿਤਾ ਲਿਖਦਿਆਂ ਕੋਈ ਲੇਖਕ, ਅਚੇਤ ਅਵਸਥਾ 'ਚ ਪਹੁੰਚ ਜਾਂਦਾ ਹੈ, ਇਵੇਂ ਦੀ ਹੀ ਸਥਿਤੀ ਰੇਖਾ-ਚਿੱਤਰ ਲਿਖਣ ਵੇਲੇ ਰੇਖਾਕਾਰ ਦੀ ਹੋ ਜਾਂਦੀ ਹੈ। ਕਈ ਵਾਰ ਰੇਖਾਕਾਰ ਉਹ ਗੱਲਾਂ ਵੀ ਕਰ ਜਾਂਦਾ ਹੈ ਜਿਸ ਬਾਰੇ ਲੇਖਕ ਨੇ ਖੁਦ ਵੀ ਨਹੀਂ ਸੋਚਿਆ ਹੁੰਦਾ। ਐਦਾਂ ਵੀ ਹੁੰਦਾ ਹੈ ਜਿਵੇਂ ਦੋ ਸ਼ਖ਼ਸੀਅਤਾਂ ਨੇ ਇਕ ਰੂਪ ਧਾਰ ਲਿਆ ਹੋਵੇ।

**- ਜਿੰਦਰ**

# ਮੁਹੱਬਤਾਂ ਦੀਆਂ ਅਟਾਰੀਆਂ

-ਪ੍ਰੇਮ ਪ੍ਰਕਾਸ਼

## (1) ਸੁਰਜੀਤ ਹਾਂਸ ਦਾ ਚੁਬਾਰਾ

ਮੇਰੀਆਂ ਮੁਹੱਬਤਾਂ ਦੀ ਪਹਿਲੀ ਅਟਾਰੀ ਅੰਬਰਸਰ 'ਚ ਸੁਰਜੀਤ ਹਾਂਸ ਦਾ ਚੁਬਾਰਾ ਸੀ। ਜਿਹੜਾ ਖਾਲਸਾ ਕਾਲਿਜ ਦੀ ਸ਼ਾਨਦਾਰ ਬਿਲਡਿੰਗ ਦੇ ਸਾਹਮਣੇ ਸੜਕ ਦੇ ਦੂਜੇ ਪਾਸੇ 'ਆਕਾਸ਼ ਬਿਲਡਿੰਗ' ਦੇ ਮੂਹਰਲੇ ਹਿੱਸੇ 'ਚ ਸੀ।

ਸੁਰਜੀਤ ਹਾਂਸ ਜਦ 1973 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ 'ਚ ਪੜ੍ਹਾਓਣ ਲੱਗਿਆ ਤਾਂ ਉਹਨੇ ਰਹਿਣ ਲਈ ਖਾਲਸਾ ਕਾਲਜ ਦੇ ਗੇਟ ਦੇ ਸਾਹਮਣੇ ਸੜਕ ਟੱਪ ਕੇ ਕਪੂਰਾਂ ਦੀ ਵੱਡੀ ਤੇ ਪੁਰਾਣੀ ਹਵੇਲੀ 'ਆਕਾਸ਼ ਬਿਲਡਿੰਗ' ਦਾ ਇਹ ਚੁਬਾਰਿਆਂ ਵਾਲਾ ਸੈੱਟ ਕਿਰਾਏ 'ਤੇ ਲੈ ਲਿਆ ਸੀ। ਜੀਹਦੀ ਤਿੰਨ ਮੋੜਾਂ ਵਾਲੀ ਪੌੜੀ ਚੜ੍ਹ ਕੇ ਲੰਮ ਸਲੰਮੀ ਬਿਲਡਿੰਗ ਸ਼ੁਰੂ ਹੁੰਦੀ ਤੇ 90 ਕੁ ਫੁੱਟ 'ਤੇ ਜਾ ਕੇ ਮੁੱਕਦੀ। ਇਹਦੇ ਦੋਹਾਂ ਸਿਰਿਆਂ 'ਤੇ 10 ਗੁਣਾ 10 ਦੇ ਦੋ ਨਿੱਕੇ ਚੁਬਾਰੇ ਸਨ। ਲਹਿੰਦੇ ਪਾਸੇ ਵਾਲੇ ਦੇ ਕਮਰੇ ਦੇ ਨਾਲ ਕਿਚਨ ਸੀ ਤੇ ਚੜ੍ਹਦੇ ਪਾਸੇ ਵਾਲੇ ਕਮਰੇ ਦੇ ਨਾਲ ਨਿੱਕਾ ਜਿਹਾ ਸਟੋਰ ਸੀ। ਜਿਹੜਾ ਅਕਸਰ ਬੰਦ ਈ ਰਹਿੰਦਾ ਸੀ। ਬਹੁਤਿਆਂ ਨੂੰ ਇਹਦਾ ਪਤਾ ਹੀ ਨਹੀਂ ਸੀ ਲੱਗਦਾ। ਇਹਨੂੰ ਚੋਰੀਆਂ ਮੋਰੀਆਂ ਲਈ ਵਰਤਿਆ ਜਾਂਦਾ ਸੀ। ਸੁਰਜੀਤ ਸਾਰੇ ਅੰਦਰਲੇ ਬੂਹੇ ਬੰਦ ਕਰ ਕੇ ਏਸ ਸਟੋਰ ਰਾਹੀਂ ਬਾਹਰ ਨਿੱਕਲ ਕੇ ਚਾਬੀ ਕਿਤੇ ਲੁਕਾ ਜਾਂਦਾ ਸੀ। ਆਓਣ ਵਾਲਾ ਇਹ ਜਿੰਦਾ ਦੇਖ ਕੇ ਮੁੜ ਜਾਂਦਾ ਸੀ। ਪਰ ਮੈਂ ਕਿਤੋਂ ਨਾ ਕਿਤੋਂ ਚਾਬੀ ਲੱਭ ਈ ਲੈਂਦਾ ਸੀ। ਘਰ ਖੋਲ੍ਹ ਕੇ ਨਾਲ ਆਏ ਸੱਜਣ ਨਾਲ ਚੁਹਲ ਮੋਹਲ ਕਰ ਲੈਂਦਾ ਸੀ। ਦੁਪਹਿਰਾ ਢਲਣ 'ਤੇ ਸੁਰਜੀਤ ਕੋਲ ਯੂਨੀਵਰਸਿਟੀ 'ਚ ਚਲਿਆ ਜਾਂਦਾ ਸੀ। ਏਸੇ ਲੁਕਵੇਂ ਕਮਰੇ ਵਿੱਚ ਸੁਰਜੀਤ ਨੇ ਆਪਣੀਆਂ ਕਿਤਾਬਾਂ ਕੰਧਾਂ ਨਾਲ ਲਾਏ ਰੈਕਾਂ 'ਚ ਰੱਖੀਆਂ ਹੋਈਆਂ ਸਨ।

ਚੁਬਾਰਿਆਂ ਦੇ ਓਸ ਸੈੱਟ ਦੇ ਵਿੱਚਕਾਰ ਆਇਤਾਕਾਰ ਹਾਲ ਜਿੱਡਾ ਲੰਮਾ ਚੁਬਾਰਾ ਸੀ। ਕਿਲ੍ਹੇ ਵਰਗੀ ਏਸ ਬਿਲਡਿੰਗ ਦੀਆਂ ਕੰਧਾਂ ਅਤੇ ਥਮਲੇ ਬੇਹੱਦ ਮੋਟੇ ਸਨ। ਰੇਲ ਦੇ ਲੰਮੇ ਡੱਬੇ ਵਰਗੇ ਵੱਡੇ ਤੇ ਨਿੱਕੇ ਕਮਰਿਆਂ ਦਾ ਸਾਰਾ ਫਰਸ਼ ਰੰਗ ਬਿਰੰਗੇ ਫੁੱਲਾਂ ਬੂਟਿਆਂ ਵਾਲੀਆਂ ਨੱਕਾਸ਼ੀਦਾਰ ਟਾਇਲਾਂ ਨਾਲ ਸਜਿਆ ਹੋਇਆ ਸੀ। ਸੜਕ ਵੱਲ ਵਾਲੀ ਮੋਟੀ ਕੰਧ 'ਤੇ ਦਰਜਨ ਕੁ ਬਾਰੀਆਂ ਸਨ। ਜਿਨ੍ਹਾਂ 'ਤੇ ਪੀਲੇ ਰੰਗ ਦੇ ਰੇਸ਼ਮੀ ਪਰਦੇ ਲਟਕੇ ਰਹਿੰਦੇ। ਅਗਲੇ ਵਿਹੜੇ ਵਾਲੀ ਖੁੱਲ੍ਹੀ ਛੱਤ ਵੱਲ ਦੋ ਬੂਹੇ ਖੁਲ੍ਹਦੇ ਸਨ। ਪਰ ਖੋਲ੍ਹਿਆ ਇੱਕੋ ਜਾਂਦਾ ਸੀ। ਦੂਜਾ ਪੱਕੇ ਤੌਰ 'ਤੇ ਬੰਦ ਰਹਿੰਦਾ ਸੀ। ਸੁਰਜੀਤ ਓਸ ਬੂਹੇ ਨੂੰ ਖੋਲ੍ਹ ਕੇ ਅੰਦਰ ਵੜਦਾ ਤੇ ਅੰਦਰ ਵਾਲੇ ਪਾਸਿਉਂ ਪਰਦਾ ਤਾਣ ਦੇਂਦਾ ਸੀ। ਓਸ ਹਾਲ ਤੋਂ ਇੱਕ ਇੱਕ ਬੂਹਾ ਨਿੱਕੇ ਕਮਰਿਆਂ ਵਿੱਚ ਖੁਲ੍ਹਦਾ ਸੀ। ਇਹਨਾਂ ਦੇ ਬੂਹਿਆਂ 'ਤੇ ਵੀ ਪਰਦੇ ਲੱਗੇ ਸਨ। ਓਪਰੇ ਬੰਦੇ ਨੂੰ ਦੂਜੇ ਕਮਰਿਆਂ ਦਾ ਪਤਾ ਵੀ ਨਹੀਂ ਲੱਗਦਾ ਸੀ। ਜਦ ਸੁਰਜੀਤ



ਚਾਹ ਜਾਂ ਕੌਫੀ ਬਨਾਓਣ ਲਈ ਉਹਨਾਂ ਰਾਹੀਂ ਜਾਂਦਾ ਆਉਂਦਾ ਸੀ। ਉਹਨਾਂ ਕਮਰਿਆਂ ਦੇ ਆਪੋ ਵਿਚੀਂ ਚੋਰ ਬੂਹੇ ਸਨ। ਸਟੋਰ ਵੱਲ ਦੇ ਕਮਰੇ 'ਚ ਸੁਰਜੀਤ ਹਾਂਸ ਦਾ ਡਬਲ ਬੈੱਡ ਲੱਗਿਆ ਹੋਇਆ ਸੀ। ਜਿੱਥੇ ਇਕ ਕੁਰਸੀ ਉਹਨਾਂ ਖਾਸ ਮਹਿਮਾਨਾਂ ਲਈ ਰੱਖੀ ਹੋਈ ਸੀ, ਜਿਨ੍ਹਾਂ ਨਾਲ ਮਨ ਦੀਆਂ ਲੁਕਵੀਆਂ ਗੱਲਾਂ ਕਰਨੀਆਂ ਹੋਣ। ਓਸ ਕਮਰੇ ਦੀਆਂ ਦੋਹਾਂ ਅਲਮਾਰੀਆਂ 'ਚ ਅਜਿਹਾ ਸਮਾਨ ਸੀ, ਜਿਹੜਾ ਸ਼ਾਇਦ ਪਰਾਏ ਲੋਕਾਂ ਤੋਂ ਲੁਕਾ ਕੇ ਰੱਖਿਆ ਜਾਂਦਾ ਸੀ।

ਲਹਿੰਦੇ ਪਾਸੇ ਵਾਲਾ ਚੁਬਾਰਾ ਵੀ ਬੜਾ ਭੇਤਾਂ ਤੇ ਭਾਗਾਂ ਭਰਿਆ ਸੀ। ਉਹਦੇ ਵਿੱਚ ਉਹ ਬੰਦੇ ਬਹਿ ਕੇ ਗੱਲਾਂ ਕਰ ਸਕਦੇ ਸੀ, ਜਿਹੜੇ ਦੂਜਿਆਂ ਤੋਂ ਓਹਲਾ ਰੱਖਦੇ ਹੋਣ। ਓਸ ਪਿਆਰੇ ਜਿਹੇ ਕਮਰੇ 'ਚ ਸੂਤ ਦਾ ਵੱਡਾ ਪਲੰਘ ਵਿਛਿਆ ਰਹਿੰਦਾ ਸੀ। ਉਹ ਵੀ ਸੁਰਜੀਤ ਦੇ ਵਿਆਹ ਦਾ ਸੀ। ਸੜਕ ਵੱਲ ਨੂੰ ਖੁੱਲ੍ਹਦੀ ਖਿੜਕੀ ਅੱਗੇ ਇਕ ਕੁਰਸੀ ਪਈ ਹੁੰਦੀ ਸੀ। ਜਿਥੇ ਬੈਠਾ ਬੰਦਾ ਪਰਦਾ ਹਿਲਾ ਕੇ ਸੜਕ 'ਤੇ ਆਉਂਦੇ ਜਾਂਦੇ ਬੰਦੇ ਨੂੰ ਦੇਖ ਤੇ ਉਡੀਕ ਸਕਦਾ ਸੀ। ਏਥੇ ਬਹਿ ਕੇ ਤੇ ਪਲੰਘ 'ਤੇ ਪੈ ਕੇ ਮੈਨੂੰ ਬੜਾ ਸੁਆਦ ਆਉਂਦਾ ਸੀ। ਉਹ ਪਲੰਘ ਮੇਰੀਆਂ ਬਹੁਤ ਸਾਰੀਆਂ ਪਿਆਰੀਆਂ ਦੁਪਹਿਰਾਂ ਦਾ ਗਵਾਹ ਰਿਹਾ ਸੀ। ਓਥੇ ਬਹਿ ਜਾਂ ਪੈ ਕੇ ਮੈਂ ਕਈ ਵਾਰ ਹੱਸਿਆ ਤੇ ਰੋਇਆ ਸੀ। ਓਥੇ ਬਹਿ ਕੇ ਹੱਸਣਾ ਹੋਵੇ ਜਾਂ ਰੋਣਾ, ਉਹਦਾ ਬੜਾ ਅਨੋਖਾ ਸੁਆਦ ਸੀ। ਇਕ ਅਲਮਾਰੀ 'ਚ ਦਾਰੂ ਸਿੱਕਾ ਤੇ ਹੋਰ ਲੁਕਾਈਆਂ ਵਸਤਾਂ ਹੁੰਦੀਆਂ ਸਨ।

ਰਸੋਈ 'ਚ ਏਸ ਘਰ 'ਚ ਆਓਣ ਵਾਲਾ ਹਰੇਕ ਬੰਦਾ ਜਾਂ ਬੰਦੀ ਆਉਂਦੀ ਸੀ। ਕਿਉਂਕਿ ਜਦ ਕਦੇ ਸੁਰਜੀਤ ਚਾਹ ਕੌਫੀ ਬਣਾਉਂਦਾ ਜਾਂ ਖਾਣਾ ਗਰਮ ਕਰ ਕੇ ਪਲੇਟਾਂ 'ਚ ਪਾਉਂਦਾ ਤਾਂ ਜ਼ਰੂਰੀ ਸੀ ਕਿ ਦੋਸਤ ਉਹਦੇ ਨਾਲ ਖੜ੍ਹ ਕੇ ਗੱਲਾਂ ਕਰਦਾ ਰਵ੍ਹੇ। ਇਹ ਦੋਹਾਂ ਦੇ ਸੁਆਦ ਦੀ ਗੱਲ ਹੁੰਦੀ ਰਹਿੰਦੀ ਸੀ। ਮੈਨੂੰ ਸੁਰਜੀਤ ਦਾ ਓਸ ਮਕਾਨ 'ਚ ਕੱਲਿਆਂ ਰਹਿਣਾ ਤੇ ਖਾਣ ਪਕਾਓਣ ਦਾ ਆਹਰ ਕਰਨਾ ਬੜਾ ਚੰਗਾ ਲੱਗਦਾ ਸੀ। ਤਦੇ ਮੈਂ ਹਰ ਪੰਦ੍ਹਰੀਂ ਦਿਨੀਂ ਉਥੇ ਜਾ ਵੜਦਾ ਸੀ।

ਏਸ ਲੰਬੂਤਰੀ ਸ਼ਾਹੀ ਇਮਾਰਤ ਦੇ ਸਾਹਮਣੇ ਟੈਨਿਸ ਕੋਰਟ ਜਿੰਨੀ ਵੱਡੀ ਛੱਤ ਸੀ। ਉਹਦੇ ਸਿਰੇ 'ਤੇ ਬਾਥ ਰੂਮ ਤੇ ਟਾਇਲੈਟ ਸੀ। ਜੇ ਕਿਸੇ ਨੇ ਦੂਜੇ ਜਾਂ ਦੂਜੀ ਨੂੰ ਨ੍ਹਾਉਂਦਿਆਂ ਦੇਖਣਾ ਹੋਵੇ ਤਾਂ ਟਾਇਲਟ ਅੰਦਰ ਨਿੱਕੀ ਥੜ੍ਹੀ 'ਤੇ ਚੜ੍ਹ ਕੇ, ਪੱਬਾਂ ਭਾਰ ਹੋ ਕੇ ਸਭ ਕੁਝ ਦੇਖ ਸਕਦਾ ਸੀ। ਏਸ ਕੰਮ ਲਈ ਉਥੇ ਇਕ ਇੱਟ ਵੀ ਰੱਖੀ ਹੋਈ ਸੀ।

ਚੁਬਾਰਿਆਂ ਦੇ ਏਸ ਸੈੱਟ 'ਚ ਵੀਹ ਕੁ ਸਾਲ ਜ਼ਿੰਦਗੀ ਦੇ ਏਨੇ ਮੇਲੇ ਲੱਗੇ ਕਿ ਯੂਨੀਵਰਸਿਟੀਆਂ ਦੇ ਚੜ੍ਹਦੇ ਤੋਂ ਚੜ੍ਹਦੇ ਵਿਦਵਾਨਾਂ ਤੇ ਮੰਨੀਆਂ ਪ੍ਰਮੰਨੀਆਂ ਹੁਸ਼ਨਾਕਾਂ ਓਸ ਚੁਬਾਰੇ ਦੀਆਂ ਪੌੜੀਆਂ ਚੜ੍ਹੀਆਂ। ਸਭ ਗਿਆਨ ਦੇ ਭੰਡਾਰ ਤੇ ਮਦਹੋਸ਼ੀਆਂ ਦਾ ਆਲਮ ਲੈ ਕੇ ਪੌੜੀਆਂ ਉੱਤਰੇ। ਫੇਰ ਮੁੜ ਚੜ੍ਹਨ ਨੂੰ ਲੋਚਦੇ ਰਹੇ।.... ਆਓਣ ਵਾਲਿਆਂ 'ਚ ਯੂਨੀਵਰਸਿਟੀ ਦੇ ਵੀ ਸੀ ਡਾ. ਜਗਤਾਰ ਸਿੰਘ ਗਰੇਵਾਲ, ਡਾ. ਅਤਰ ਸਿੰਘ, ਡਾ. ਜੋਗਿੰਦਰ ਸਿੰਘ ਰਾਹੀ, ਦੋਸਤ ਡਾ. ਸਬਿੰਦਰਜੀਤ ਸਾਗਰ, ਡਾ. ਤੇਜਵੰਤ ਸਿੰਘ ਗਿੱਲ, ਯੂਨੀਵਰਸਿਟੀ 'ਚ ਆਓਣ ਵਾਲੇ ਬਾਹਰਲੇ ਮਹਿਮਾਨ ਵਿਦਵਾਨ ਸ਼ਾਮਲ ਹੁੰਦੇ।... ਕਦੇ ਜਲੰਧਰ ਤੋਂ ਮੀਸ਼ਾ ਵੀ ਆ ਜਾਂਦਾ ਸੀ। ਉਹਦੇ ਨਾਲ ਸਾਡੀਆਂ ਬਹੁਤ ਗੁੱਝੀਆਂ ਗੱਲਾਂ ਦੀ ਸਾਂਝ ਸੀ। ਰਾਤ ਵਧਦੀ ਜਾਂਦੀ ਤੇ ਦੋਸਤ ਵਿਦਾ ਹੋਈ ਜਾਂਦੇ। ਰਹਿ ਜਾਂਦੇ ਅਸੀਂ ਦੋਵੇਂ। ਨਸ਼ਈ ਹੋਇਆ ਸੁਰਜੀਤ ਬੜੇ ਮਹਿਮਾਨ ਨਵਾਜ਼ ਤੇ ਹੁਨਰਮੰਦ ਬਾਵਰਚੀ ਵਾਂਗ ਕਿਚਨ 'ਚ ਵੜ ਜਾਂਦਾ। ਮੈਂ ਮੰਜੇ ਡਾਹ ਕੇ ਬਿਸਤਰੇ ਰੱਖਦਾ। ਪਾਣੀ ਦਾ ਜੱਗ ਤੇ ਗਲਾਸ ਰੱਖਦਾ। ਤਦ ਨੂੰ ਸੁਰਜੀਤ ਵੱਡੀ ਪਲੇਟ 'ਚ ਰੋਟੀ ਪਾ ਕੇ ਆ ਜਾਂਦਾ। ਅਸੀਂ ਦੂਰ

ਜਗਦੇ ਛੋਟੇ ਬਲਵ ਦੇ ਮੱਠੇ ਜਿਹੇ ਚਾਨਣੇ 'ਚ ਬਹਿ ਕੇ ਖਾਂਦੇ, ਜਿਵੇਂ ਤਾਰਿਆਂ ਦੇ ਛਾਂਵੇਂ ਦਾ ਕੋਈ ਕਾਰਜ ਕਰਦੇ ਹੋਈਏ। ਫੇਰ ਗੱਲਾਂ ਕਰਦੇ ਸੌਂ ਜਾਂਦੇ। ਜਿਵੇਂ ਪਿੰਡਾਂ 'ਚ ਅਸੀਂ ਕਹਾਣੀਆਂ ਸੁਣਦੇ ਸੁਣਉਂਦੇ ਸੌਂ ਜਾਂਦੇ ਹਾਂ। ਸਵੇਰੇ ਉੱਠਦੇ ਤਾਂ ਫੇਰ ਬਹਿਸ ਸ਼ੁਰੂ ਹੋ ਜਾਂਦੀ। ਉਹ ਓਸ ਅਜਾਇਬ ਘਰ ਵਰਗੇ ਚੁਬਾਰੇ 'ਚ ਰਹਿਣ ਵਾਲਾ ਮੇਰੇ ਲਈ ਐਨਸਾਈਕਲੋਪੀਡੀਆ ਸੀ। ਮੈਂ ਗੁਰਬਾਣੀ, ਸਿੱਖ ਧਰਮ, ਸਾਖੀਆਂ, ਇਤਿਹਾਸ, ਮਰਿਆਦਾ ਤੇ ਭਾਰਤੀ ਇਤਿਹਾਸ ਤੇ ਮਿਥਿਹਾਸ ਦਾ ਬੜਾ ਕੁਝ ਓਸ ਘਰ ਵਿੱਚ ਸਿੱਖਿਆ।

ਅਸੀਂ ਸ਼ਾਮ ਨੂੰ ਪੌੜੀਆਂ ਉੱਤਰਦੇ ਤਾਂ ਕਦੇ ਵੱਡੇ ਕਪੂਰ ਸਾਹਿਬ ਨਾਲ ਦੁਆ ਸਲਾਮ ਹੋ ਜਾਂਦੀ। ਉਹ ਬੜੇ ਭਲੇ ਲੋਕ ਸਨ। ਕਦੇ ਕਿਸੇ ਗੱਲ ਦਾ ਗਿਲਾ ਨਹੀਂ ਸੀ ਕਰਦੇ। ਕਦੇ ਕਿਰਾਇਆ ਵਧਾਓਣ ਦਾ ਤਕਾਜ਼ਾ ਨਹੀਂ ਸੀ ਕਰਦੇ। ਸੁਰਜੀਤ ਆਪ ਈ ਵਾਧਾ ਕਰ ਦੇਂਦਾ ਸੀ। ਰਾਤ ਨੂੰ ਦਸ ਵਜੇ ਵੱਡਾ ਗੇਟ ਬੰਦ ਹੋ ਜਾਂਦਾ ਸੀ। ਮੈਂ ਕਦੇ 'ਦੁੱਕੀ, ਤਿੱਕੀ, ਪੰਜੀ' ਵਾਲੇ ਦਲਜੀਤ ਸਿੰਘ ਨਾਲ ਘੁੰਮਦਾ ਰਹਿੰਦਾ ਤੇ ਰਾਤ ਦੇ ਦਸ ਵਜੇ ਤੋਂ ਬਾਅਦ ਆਉਂਦਾ ਤਾਂ ਕੋਈ ਨੌਕਰ ਜਾਂ ਕਪੂਰ ਸਾਹਿਬ ਆਪ ਆ ਕੇ ਜਿੰਦਾ ਖੋਲ੍ਹ ਦੇਂਦੇ ਸਨ। ਮੈਂ ਸ਼ੁਕਰੀਆ ਕਹਿ ਕੇ ਅੱਗੇ ਲੰਘ ਜਾਂਦਾ ਸੀ। ਕਿਸੇ ਦੇ ਮੱਥੇ 'ਤੇ ਤਿਊੜੀ ਨਹੀਂ ਸੀ ਪੈਂਦੀ। ਮੈਂ ਆਪਣੀ ਪਤਨੀ ਨਾਲ ਵੀ ਦੋ ਤਿੰਨ ਵਾਰੀ ਉਥੇ ਗਿਆ ਸੀ। ਕਪੂਰ ਟੱਬਰ ਦੇ ਸਾਰੇ ਜੀਅ ਮੈਨੂੰ ਪਛਾਣਦੇ ਸੀ। ਦੋ ਟੱਬਰਾਂ ਵਾਲੀ ਓਸ ਵੱਡੀ ਤੇ ਬਲੰਦ ਬਿਲਡਿੰਗ ਦੇ ਬੰਦੇ ਕਦੇ ਉੱਚੀ ਅਵਾਜ਼ 'ਚ ਨਹੀਂ ਸੀ ਬੋਲਦੇ।

ਮੈਂ ਤੇ ਸੁਰਜੀਤ ਅਕਸਰ ਸ਼ਾਮ ਨੂੰ ਸੈਰ ਕਰਦੇ ਖਾਲਸਾ ਕਾਲਜ ਵਿੱਚੀਂ ਲੰਘ ਕੇ ਯੂਨੀਵਰਸਿਟੀ ਦਾ ਚੱਕਰ ਕੱਟ ਕੇ ਕਿਸੇ ਦੋਸਤ ਦੇ ਘਰ ਚਾਹ ਕੌਫੀ ਪੀਂਦੇ ਤੇ ਗੱਪਾਂ ਮਾਰਦੇ ਆਪਣੇ ਚੁਬਾਰੇ 'ਚ ਆ ਜਾਂਦੇ। ਫੇਰ ਛੱਤ ਦੇ ਵਿਹੜੇ 'ਚ ਸੈਂਟਰ ਟੇਬਲ ਅਤੇ ਕੁਰਸੀਆਂ ਰੱਖ ਕੇ ਇਕ ਬੀਅਰ ਦੀ ਠੰਢੀ ਬੋਤਲ ਤੌਲੀਆਂ 'ਚ ਲਪੇਟ ਕੇ ਘੁੱਟ ਘੁੱਟ ਕਰ ਕੇ ਪੀਂਦੇ। ਫੇਰ ਜਿਹੜਾ ਵੀ ਆਉਂਦਾ, ਆਪਣੇ ਲਈ ਕੁਰਸੀ ਕੱਢ ਲਿਆਉਂਦਾ।.... ਕਦੇ ਕਦੇ ਜਦ ਘਰ ਦੇ ਸੌਦੇ ਮੁੱਕੇ ਹੁੰਦੇ ਤਾਂ ਅਸੀਂ ਸੈਰ ਕਰਨ ਦੀ ਥਾਂ ਰਿਟਾਇਰਡ ਬੁੱਢੀਆਂ ਵਾਂਗ ਹੱਥਾਂ 'ਚ ਪਲਾਸਟਿਕ ਦੇ ਛਿੱਕੂ ਫੜ ਕੇ ਚੌਕ ਪੁਤਲੀ ਘਰ ਨੂੰ ਤੁਰ ਪੈਂਦੇ। ਸੁਰਜੀਤ ਆਪਣੇ ਬੱਝੇ ਫਲਾਂ ਤੇ ਸਬਜ਼ੀ ਵਾਲੇ ਭਾਈਆਂ ਕੋਲ ਜਾ ਕੇ ਕਹਿੰਦਾ, "ਆਹ ਦੇ ਦੇ, ਆਹ ਦੇ ਦੇ ਤੇ ਆਹ ਵੀ।.... ਉਹ ਨਾ ਭਾਅ ਪੁੱਛਦਾ ਤੇ ਨਾ ਈ ਤੋਲ ਦੱਸਦਾ। 'ਕਿੰਨੇ ਪੈਸੇ ਬਣ ਗਏ'। ਨੋਟ ਕੱਢ ਕੇ ਭਾਈ ਨੂੰ ਫੜਾਉਂਦਾ ਤੇ ਮੇਰੇ ਨਾਲ ਭਾਰ ਵੰਡਾ ਕੇ ਤੁਰ ਪੈਂਦਾ। ਫੇਰ ਚੌਕ ਦੇ ਦੂਜੇ ਪਾਸੇ ਪਨਸਾਰੀ ਦੀ ਹੱਟੀ ਮੂਹਰੇ ਜਾ ਕੇ ਮੈਨੂੰ ਕਹਿੰਦਾ, "ਹੁਣ ਅੱਗੇ ਹੋ ਕੇ ਲੈ ਲੈ, ਜਿਹੜਾ ਕੁਸ਼ ਲੈਣੈ।"... ਮੈਂ ਅੱਗੇ ਨੂੰ ਹੁੰਦਾ ਤਾਂ ਲਾਲਾ ਜੀ ਮੈਨੂੰ ਸਿਗਰਟਾਂ ਦਾ ਡੱਬਾ ਫੜਾ ਦੇਂਦੇ। ਅਸੀਂ ਆਪਣੇ ਇਲਾਕੇ ਦੀ ਬੋਲੀ 'ਚ ਸਿਗਰਟਾਂ ਨੂੰ ਬੱਤੀਆਂ ਹੀ ਕਹਿੰਦੇ ਹਾਂ। ਫੇਰ ਇਕ ਇਕ ਕੁਲਫੀ ਖਾ ਕੇ ਅਸੀਂ ਮੁੜ ਪੈਂਦੇ। ਤੁਰਦੇ ਸੜਕ ਦੇ ਸੱਜੇ ਪਾਸੇ। ਓਸੇ ਪਾਸੇ ਬੁੱਢਾ ਬੋਹੜ ਆ ਜਾਂਦਾ। ਜਿਥੇ ਦੀ ਦੁਕਾਨ ਤੋਂ ਮੁਰਗਾ ਲੈਂਦੇ ਜਾਂ ਮੱਛੀ। ਉਥੇ ਦੇ ਮੱਛੀ ਵਾਲੇ ਭਾਈ ਦੀ ਚਟਨੀ ਮਸ਼ਹੂਰ ਸੀ। ਇਥੋਂ ਮੱਛੀ ਤੇ ਚਟਨੀ ਅਕਸਰ ਜੋਗਿੰਦਰ ਸਿੰਘ ਰਾਹੀ ਲੈ ਕੇ ਆਉਂਦਾ ਹੁੰਦਾ ਸੀ। ਉਹ ਕਹਿੰਦਾ ਹੁੰਦਾ, "ਇਹਦੀ ਮੱਛੀ ਚਟਣੀ ਕਰ ਕੇ ਈ ਵਿਕਦੀ ਏ।"

ਦੂਰਦਰਸ਼ਨ ਦੇ ਓਦੋਂ ਪੈਕਸ ਤੇ ਕਵੀ ਜਸਵੰਤ ਦੀਦ ਨੇ ਜਦ ਪਹਿਲੀ ਵਾਰ ਇਹ ਬਿਲਡਿੰਗ ਦੇਖੀ ਤਾਂ ਉਹ ਏਸ 'ਤੇ ਆਸ਼ਕ ਹੋ ਗਿਆ। ਉਹ ਆਪਣੀਆਂ ਨਜ਼ਰਾਂ ਨਾਲ ਈ ਕੈਮਰੇ ਦੇ ਲੌਂਗ ਸ਼ੌਰਟ ਸ਼ਾਟ ਲੈਣੋ ਰੱਜਿਆ ਹੀ ਨਹੀਂ। ਉਹ ਮੇਰੇ ਬਾਰੇ ਫਿਲਮ ਬਣਾ ਰਿਹਾ ਸੀ ਤੇ ਉਹਨੂੰ



ਮੇਰੇ ਦੋਸਤ ਦੇ ਵਿਚਾਰਾਂ ਦੀ ਲੋੜ ਸੀ। ਮੈਂ ਆਪਣੀ ਜ਼ਿੰਦਗੀ ਦੇ ਮਾੜੇ ਦਿਨਾਂ ਜਾਂ ਪਲਾਂ 'ਚ ਭੱਜ ਕੇ ਸੁਰਜੀਤ ਹਾਂਸ ਦੇ ਏਸ ਘਰ 'ਚ ਆ ਬਹਿੰਦਾ ਸੀ। ਦੀਦ ਸੁਰਜੀਤ ਨਾਲ ਚਾਰ ਗੱਲਾਂ ਕਰਨ ਲਈ ਦੂਰਦਰਸ਼ਨ ਦਾ ਪੂਰਾ ਟਰੁੱਪ ਲੈ ਕੇ ਪਹੁੰਚ ਗਿਆ। ਉਹਨੇ ਏਸ ਘਰ ਦੇ ਸਾਰੇ ਕੋਣੇ ਕੋਣੇ 'ਚ ਕੈਮਰਾ ਫੇਰਿਆ। ਇਹਦੇ ਬਾਅਦ ਉਹ ਸੁਰਜੀਤ ਹਾਂਸ ਦੀ ਇੰਟਰਵਿਊ ਕਰਨ ਲੱਗ ਪਿਆ।

ਗਰਮੀਆਂ ਦੇ ਮੌਸਮ 'ਚ ਸੁਰਜੀਤ ਖੁੱਲ੍ਹੀ ਛੱਤ 'ਤੇ ਪਾਣੀ ਦੀਆਂ ਬਾਲਟੀਆਂ ਰੋੜ੍ਹ ਦੇਂਦਾ। ਅਸੀਂ ਵਿੱਚਕਾਰ ਲੰਮਾ ਸੈਂਟਰ ਟੇਬਲ ਰੱਖ ਕੇ ਦੋ ਕੁਰਸੀਆਂ ਕੱਢ ਕੇ ਬਹਿ ਜਾਂਦੇ। ਸ਼ੁਰੂ ਬੀਅਰ ਤੋਂ ਕਰਦੇ। ਜਦ ਕੋਈ ਤੀਜਾ ਆ ਜਾਂਦਾ ਤਾਂ ਉਹਨੂੰ ਵੀ ਕੁਰਸੀ ਤੇ ਬੋਤਲ ਪੇਸ਼ ਕੀਤੀ ਜਾਂਦੀ। ਹੌਲੀ-ਹੌਲੀ ਵਿਸਕੀ ਦੀ ਬੋਤਲ ਖੁੱਲ੍ਹਦੀ। ਮੈਂ ਸਿਗਰਟਾਂ ਦਾ ਨਵਾਂ ਪੈਕਟ ਲਿਆ ਕੇ ਮੇਜ਼ 'ਤੇ ਰੱਖ ਦੇਂਦਾ। ਤਿੰਨ ਕੁ ਸਿਗਰਟਾਂ ਦਾ ਧੂੰਆਂ ਗੁਬਾਰ ਬਣ ਕੇ ਅਸਮਾਨ ਵੱਲ ਉੱਡਦਾ ਮੱਧਮ ਰੋਸ਼ਨੀ 'ਚ ਦਿਸਦਾ ਬੜਾ ਚੰਗਾ ਲੱਗਦਾ। ਗੱਲ ਦੋਸਤਾਂ ਤੋਂ ਤੁਰਦੀਆਂ ਕਦੇ ਸਾਹਿਤ, ਕਦੇ ਇਤਿਹਾਸ, ਕਦੇ ਦਰਸ਼ਨ, ਕਦੇ ਧਰਮ, ਕਦੇ ਨੀਤੀ, ਕਦੇ ਕਾਮ ਤੇ ਕਦੇ ਇਹਨਾਂ ਦੇ ਸ਼ੁੱਧ ਤੇ ਕਦੇ ਵਿਗੜੇ ਰੂਪਾਂ ਬਾਰੇ ਚੱਲਦੀਆਂ ਰਹਿੰਦੀਆਂ। ਵਿਸਕੀ, ਬਰਫ, ਬੋਹੜ ਵਾਲੇ ਦੀ ਮੱਛੀ ਤੇ ਪੂਦਨੇ ਦੀ ਚਟਨੀ।... ਅਧਸੁਰਤੀ 'ਚ ਗਿਆਨ ਗੋਸ਼ਟ ਚੱਲਦਾ ਰਹਿੰਦਾ।

ਇਵੇਂ ਕਦੇ ਮੀਸ਼ਾ ਆਉਂਦਾ ਰਹਿੰਦਾ ਸੀ। ਇਕ ਵਾਰੀ ਉਹਦੇ ਨਾਲ ਬੜੀ ਅਨੋਖੀ ਮਹਿਫਲ ਜੰਮੀ। ਅਸੀਂ ਤਿੰਨਾਂ ਨੇ ਰਲ਼ ਕੇ ਪਹਿਲਾਂ ਅੰਦਰ ਹੀ ਸ਼ਾਮ ਨੂੰ ਪੀਣੀ ਸ਼ੁਰੂ ਕਰ ਦਿੱਤੀ। ਸੂਰਜ ਛਿਪਨ ਬਾਅਦ ਵਿਹੜੇ 'ਚ ਪਾਣੀ ਛਿੜਕਿਆ। ਮੇਜ਼ ਕੁਰਸੀਆਂ ਸਜਾਈਆਂ। ਓਸ ਰਾਤ ਕੋਈ ਚੌਥਾ ਨਹੀਂ ਸੀ ਆਇਆ। ਅਸੀਂ ਚੋਖੇ ਸ਼ਰਾਬੀ ਹੋ ਗਏ ਸੀ। ਸੁਰਜੀਤ ਨੇ ਰਹਿੰਦੀ ਸੁਰਤ ਨਾਲ ਰੋਟੀ ਖਵਾ ਦਿੱਤੀ। ਫੇਰ ਉਹ ਅੰਦਰ ਵੜ ਕੇ ਸੌਂ ਗਿਆ। ਅਸੀਂ ਮੰਜੇ ਡਾਹੇ ਤਾਂ ਵੱਟ ਲੱਗਿਆ। ਅਸੀਂ ਬਾਥ ਰੂਮ ਦੇ ਖੁਲ੍ਹੇ ਬੂਹੇ ਛੱਡ ਕੇ ਨੰਗੇ ਈ ਨ੍ਹਾਓਣ ਲੱਗ ਪਏ। ਫੇਰ ਉਵੇਂ ਮੰਜਿਆਂ ਕੋਲ ਆ ਕੇ ਆਪਣੀ ਬੱਚਿਆਂ ਵਾਲੀ ਇੱਲਤ 'ਤੇ ਹੱਸਦੇ ਰਹੇ। ਫੇਰ ਮੰਜਿਆਂ 'ਤੇ ਪੈ ਕੇ ਨੀਂਦ ਆਓਣ ਤਕ ਗੱਲਾਂ ਕਰਦੇ ਰਹੇ। ਮੈਨੂੰ ਲੱਗਿਆ ਕਿ ਨਸ਼ਈ ਹੋਇਆ ਮੀਸ਼ਾ ਅੱਧ- ਸੁਰਤੀ 'ਚ ਏਨੀਆਂ ਭੇਤ ਭਰੀਆਂ ਗੱਲਾਂ ਦੱਸ ਰਿਹਾ ਏ ਕਿ ਸੋਫੀ ਹੁੰਦਾ ਤਾਂ ਦੱਸ ਨਾ ਸਕਦਾ। ਉਹਨੇ ਬਹੁਤ ਸਾਰੇ ਭੇਤਾਂ ਤੋਂ ਪਰਦੇ ਲਾਹ ਸਿੱਟੇ। ... ਸਵੇਰੇ ਸਵੇਰੇ ਉੱਠ ਕੇ ਮੀਸ਼ਾ ਚਲਿਆ ਗਿਆ ਤਾਂ ਮੈਂ ਸੁਰਜੀਤ ਨੂੰ ਉਹਦੀਆਂ ਰਾਤ ਵਾਲੀਆਂ ਗੱਲਾਂ ਦੱਸੀਆਂ। ਉਹ ਕਹਿੰਦਾ, "ਸ਼ਰਾਬੀ ਕਈ ਵਾਰ ਨਸ਼ਈ ਹੋ ਕੇ ਜੇ ਕਦੇ ਸੱਚ ਬੋਲਦਾ ਵੀ ਐ ਤਾਂ ਕਦੇ ਝੂਠ ਵੀ ਅੰਤਾਂ ਦਾ ਬੋਲਦਾ ਹੁੰਦੈ। ਉਹਦੀ ਕਲਪਨਾ ਬਹੁਤੀਆਂ ਉਡਾਰੀਆਂ ਮਾਰਦੀ ਐ।"

ਇਕ ਵਾਰ ਅਜੀਬ ਤਮਾਸ਼ਾ ਇਹ ਹੋਇਆ ਕਿ ਮੈਂ ਤੇ ਜਸਵੰਤ ਦੀਦ ਸ਼ਾਮ ਨੂੰ ਪਹੁੰਚ ਗਏ। ਗਰਮੀਆਂ ਦੀ ਰੁੱਤ ਸੀ। ਹਨੇਰਾ ਪੈਣ 'ਤੇ ਛੱਤ 'ਤੇ ਮਹਿਫਲ ਸਜੀ। ਤੌਲੀਏ 'ਚ ਲਵ੍ਹੇਟ ਕੇ ਬੀਅਰ ਪੀਂਦੇ ਰਹੇ। ਫੇਰ ਵਿਸਕੀ ਸ਼ੁਰੂ ਹੋਈ ਤਾਂ ਦੀਦ ਤੇ ਮੈਂ 'ਬਸ, ਬਸ' ਕਰਨ ਲੱਗ ਪਏ। ਸੁਰਜੀਤ ਕੁਝ ਜ਼ਿਆਦਾ ਈ ਪੀ ਗਿਆ। ਉਹ ਆਖਰੀ ਪੈੱਗ ਪੀ ਕੇ ਤਾਂ ਉੱਠਣ ਜੋਗਾ ਨਾ ਰਿਹਾ। ਮੈਂ ਦੀਦ ਨੂੰ ਕਿਹਾ ਕਿ ਲੈ ਹੁਣ ਰੋਟੀ ਵਾਲੀ ਗੱਲ ਗਈ। ਪਰ ਕੁਝ ਚਿਰ ਬਾਅਦ ਸੁਰਜੀਤ ਨੇ ਫੇਰ ਵੀ ਰੋਟੀ ਪਕਾ ਕੇ ਸਾਨੂੰ ਪਲੇਟਾਂ 'ਚ ਪਾ ਕੇ ਲਿਆ ਦਿੱਤੀ। ਅਸੀਂ ਖਾ ਕੇ ਮੰਜਿਆਂ 'ਤੇ ਟੇਢੇ ਹੋ ਗਏ। ਸੁਰਜੀਤ ਅੰਦਰ ਕੋਈ ਕੰਮ ਕਰਦਾ ਰਿਹਾ। ਅਸੀਂ ਸੋਚਿਆ ਕਿ ਸਫਾਈ ਕਰਦਾ ਹੋਵੇਗਾ। ਅੱਧੇ ਪੌਣੇ ਘੰਟੇ ਬਾਅਦ ਉਹ ਬਾਹਰ ਨਿੱਕਲਿਆ ਤਾਂ ਉਹਦੇ ਹੱਥ 'ਚ ਕੂੜੇ ਵਾਲੀ ਬਾਲਟੀ ਸੀ। ਉਹ ਪੌੜੀਆਂ

ਤੋਂ ਉੱਤਰ ਗਿਆ। ਮੁੜ ਕੇ ਆ ਕੇ ਫੇਰ ਅੰਦਰ ਕੁਝ ਕਰੀ ਗਿਆ। ਪੌਣੇ ਕੁ ਘੰਟੇ ਬਾਅਦ ਫੇਰ ਅੰਦਰੋਂ ਦੋ ਪਲੇਟਾਂ 'ਚ ਰੋਟੀ ਲੈ ਕੇ ਆ ਗਿਆ। ਕਹਿੰਦਾ, "ਆਹ ਰੋਟੀ ਖਾ ਲਵੋ।"....ਅਸੀਂ ਹੈਰਾਨ। ਅਸੀਂ ਦੱਸਿਆ ਬਈ ਅਸੀਂ ਤਾਂ ਖਾ ਲਈ। ਉਹ ਫੇਰ ਅੰਦਰ ਚਲਿਆ ਗਿਆ। ਅੰਦਰ ਸੋਫੇ 'ਤੇ ਈ ਸੌਂ ਗਿਆ।

ਸਵੇਰੇ ਉੱਠ ਕੇ ਮੈਂ ਉਹਨੂੰ ਦੁਬਾਰਾ ਰੋਟੀ ਪਕਾਉਣ ਬਾਰੇ ਪੁੱਛਿਆ ਤਾਂ ਕਹਿੰਦਾ, "ਮੈਨੂੰ ਤਾਂ ਪਤਾ ਨਹੀਂ ਕਿ ਕਦੋਂ ਪਕਾਈ ਸੀ।"... ਮੇਰਾ ਖਿਆਲ ਏ ਕਿ ਉਹ ਸ਼ਰਾਬੀ ਹੋਇਆ ਏਸ ਇਮਾਰਤ 'ਚ ਦੇਖ ਜਾਂ ਸੋਚ ਕੇ ਤੁਰਦਾ ਫਿਰਦਾ ਨਹੀਂ ਸੀ। ਉਹ ਸਾਰੇ ਕੰਮ ਤੱਕ ਨਾਲ ਈ ਕਰੀ ਜਾਂਦਾ ਸੀ। ਹੈਰਾਨੀ ਦੀ ਗੱਲ ਸੀ ਕਿ ਉਹਨੂੰ ਬਾਲਟੀ ਲੈ ਕੇ ਪੌੜੀਆਂ ਉੱਤਰਨ ਦਾ ਵੀ ਪਤਾ ਨਹੀਂ ਸੀ।

ਅੱਤਵਾਦ ਦੇ ਦਿਨਾਂ 'ਚ ਕਪੂਰਾਂ ਦੀ ਓਸ 'ਆਕਾਸ਼ ਬਿਲਡਿੰਗ' ਸਾਹਮਣੇ ਖਾਲਸਾ ਕਾਲਜ ਦੇ ਗੇਟ ਅੱਗੇ ਰੋਜ਼ ਗੋਲੀਆਂ ਚੱਲਦੀਆਂ। ਕਦੇ ਅੱਤਵਾਦੀ ਚਲਾਉਂਦ ਤੇ ਕਦੇ ਸੈਂਟਰਲ ਫੋਰਸਿਜ਼ ਦੇ ਜਵਾਨ। ਪੰਜਾਬ ਪੁਲਸ ਤਾਂ ਦੋਹਾਂ ਸੂਰਤਾਂ 'ਚ ਟਿਭ ਜਾਂਦੀ ਸੀ। ਸਾਰੇ ਪੰਜਾਬ ਦਾ ਇਹੋ ਹਾਲ ਸੀ। ਮੈਨੂੰ ਇਕ ਦਿਨ ਪਤਾ ਲੱਗਿਆ ਕਿ ਸੁਰਜੀਤ ਨੂੰ ਮਾਰਨ ਲਈ ਅੱਤਵਾਦੀਆਂ ਨੇ ਪਰਚੀ ਕੱਢ ਲਈ ਏ। ਕਿਉਂਕਿ ਸੁਰਜੀਤ ਉਹਨਾਂ ਸਾਹਮਣੇ ਉਵੇਂ ਰਹਿੰਦਾ ਸੀ, ਜਿਵੇਂ ਦਾੜ੍ਹੀ ਕੱਟਣ ਤੇ ਰੰਗਣ ਵਾਲੇ ਛੜੇ ਰਹਿੰਦੇ ਨੇ। ਅੱਤਵਾਦੀ ਉਹਤੋਂ ਔਖੇ ਸੀ। ਮੇਰੇ ਲਈ ਇਹ ਗੱਲ ਉਵੇਂ ਸੀ, ਜਿਵੇਂ ਮੇਰੇ ਅਖਬਾਰ 'ਹਿੰਦ ਸਮਾਚਾਰ' ਦੇ ਦਫਤਰ 'ਚ ਰੋਜ਼ ਈ ਅੱਤਵਾਦੀਆਂ ਦੀਆਂ ਧਮਕੀਆਂ ਵਾਲੀਆਂ ਚਿੱਠੀਆਂ ਆਉਂਦੀਆਂ ਸਨ। ਮੈਨੂੰ ਤਾਂ ਸਟਾਫ ਦੇ ਨਾਲ ਧਮਕੀ ਮਿਲਦੀ ਸੀ ਤੇ ਮੈਂ ਆਪਣੇ ਟੱਬਰ ਨਾਲ ਰਹਿੰਦਾ ਸੀ। ਪਰ ਸੁਰਜੀਤ ਓਸ ਚੁਬਾਰੇ 'ਚ ਕੱਲਾ ਰਹਿੰਦਾ ਸੀ। ਅੱਤਵਾਦੀ ਉਹਤੋਂ ਔਖੇ ਸੀ। ਉਹਨਾਂ ਦਿਨਾਂ 'ਚ ਵੀ ਮੈਂ ਹਰ ਪੰਦਰਾਂ ਦਿਨਾਂ ਬਾਅਦ ਉਹਨੂੰ ਮਿਲਣ ਅੰਬਰਸਰ ਜਾਂਦਾ ਹੁੰਦਾ ਸੀ। ਰਾਤ ਨੂੰ ਹਨੇਰੇ ਵਰਗੇ ਚਾਨਣੇ 'ਚ ਬਹਿ ਕੇ ਪੀਂਦੇ ਖਾਂਦੇ ਤੇ ਅੰਦਰੇ ਸੌਂ ਜਾਂਦੇ ਸੀ। ਮੌਤ ਦਾ ਡਰ ਨੀਂਦ ਟਾਲ ਸਕਦਾ ਸੀ, ਪਰ ਰੋਕ ਨਹੀਂ ਸੀ ਸਕਦਾ। ਸੜਕ ਵਾਲੇ ਪਾਸੇ ਦੀਆਂ ਖਿੜਕੀਆਂ ਦੇ ਪਰਦੇ ਸੰਵਾਰ ਕੇ ਬੰਦ ਕੀਤੇ ਰਹਿੰਦੇ। ਤਾਂ ਜੋ ਅੰਦਰ ਜਗਦੀ ਬੱਤੀ ਤੇ ਬੰਦੇ ਦੀ ਤੋਰ ਫੇਰ ਨਾ ਦਿਸੇ। ਅਸੀਂ ਚੜ੍ਹਦੇ ਪਾਸੇ ਵਾਲੇ ਕਮਰੇ ਦੇ ਬੈੱਡ 'ਤੇ ਗੱਲਾਂ ਕਰਦੇ ਸੌਣ ਦੀ ਕੋਸ਼ਿਸ਼ ਕਰਦੇ। ਕਦੇ ਕਦੇ ਬਾਹਰ ਵਿਹੜੇ 'ਤੇ ਬਿੜਕ ਹੁੰਦੀ। ਪੈੜ ਚਾਪ ਤੁਰਦੀ ਪੌੜੀਆਂ ਉੱਤਰ ਜਾਂਦੀ। ਅਸੀਂ ਇਹ ਸੋਚ ਕੇ ਘੇਸਲ ਵੱਟ ਕੇ ਸੌਂ ਜਾਂਦੇ ਸੀ ਕਿ ਜਦ ਗੋਲੀ ਨੇ ਆਉਣਾ ਹੋਵੇਗਾ ਤਾਂ ਆ ਜਾਵੇਗੀ।

ਇਕ ਵਾਰ ਮੈਂ ਤੀਜੇ ਕੁ ਪਹਿਰ ਸੁਰਜੀਤ ਦੇ ਚੁਬਾਰੇ 'ਚ ਪਹੁੰਚਿਆ। ਬੱਸ ਸਟੈਂਡ ਤੋਂ ਪੁਤਲੀ ਘਰ ਤੇ ਅੱਗੇ ਖਾਲਸਾ ਕਾਲਜ ਦੇ ਸਾਹਮਣੇ ਸਾਰੇ ਰਾਹ ਮੈਨੂੰ ਗੋਲੀਆਂ ਚੱਲਦੀਆਂ ਸੁਣਦੀਆਂ ਰਹੀਆਂ। ਸ਼ਾਮ ਨੂੰ ਅਸੀਂ ਨਾ ਸੈਰ ਕਰਨ ਗਏ ਤੇ ਨਾ ਈ ਸੌਦੇ ਲੈਣ। ਬੜੀ ਦੇਰ ਤਕ ਅਸੀਂ ਚੜ੍ਹਦੇ ਪਾਸੇ ਵਾਲੇ ਕਮਰੇ 'ਚ ਬੈਠੇ ਗੱਲਾਂ ਕਰਦੇ ਰਹੇ। ਮੈਂ ਆਪਣੇ ਬ੍ਰਾਂਡ 'ਚਾਰ ਮੀਨਾਰ' ਦੇ ਸਿਗਰਟ ਲੱਭਣ ਲਈ ਬਾਹਰ ਨਿੱਕਲ ਗਿਆ। ਨਾਲ ਦੇ ਮੁਹੱਲੇ ਦੇ ਅਖੀਰ 'ਚ ਇਕ ਨਿੱਕੀ ਜਿਹੀ ਦੁਕਾਨ 'ਚ ਕੋਈ ਬੰਦਾ ਲੁਕਾ ਕੇ ਸਿਗਰਟਾਂ ਵੇਚਦਾ ਸੀ। ਦੁਕਾਨ ਬੰਦ ਸੀ। ਮੇਰੀ ਤਲਬ ਭੜਕੀ ਹੋਈ ਸੀ। ਹੱਟੀ ਵਾਲਾ ਪਿਛਲੇ ਪਾਸੇ ਈ ਰਹਿੰਦਾ ਸੀ। ਮੈਂ ਅਦਬ ਨਾਲ ਬੇਨਤੀ ਕਰ ਕੇ ਸਿਗਰਟ ਲੈ ਆਇਆ। ਪਰ ਤਦ ਨੂੰ ਹਨੇਰਾ ਹੋ ਗਿਆ ਸੀ। ਮੈਂ ਅੰਦਰ ਜਾ ਕੇ ਫੇਰ ਓਸੇ ਕਮਰੇ 'ਚ ਜਾ ਬੈਠਾ। ਤਦੇ ਮੈਨੂੰ ਮਹਿਸੂਸ ਹੋਇਆ ਕਿ ਬਾਹਰ ਪੈੜ ਚਾਲ ਸੁਣਦੀ ਏ। ਮੈਂ ਕੰਨ ਉਧਰ ਰੱਖੇ ਤੇ ਸੁਰਜੀਤ ਨੂੰ ਪੁੱਛਿਆ। ਉਹ



ਕਹਿੰਦਾ ਕਿ ਐਵੇਂ ਭੁਲੇਖਾ ਪਿਆ ਹੋਣੈ। ਜਦੋਂ ਮੈਂ ਕਿਚਨ 'ਚ ਜਾ ਕੇ ਬਾਹਰ ਦੇਖਣ ਲੱਗਿਆ ਤਾਂ ਕੋਈ ਬੰਦਾ ਟਾਇਲਟ ਵਾਲੇ ਪਾਸਿਉਂ ਨਿੱਕਲ ਕੇ ਕਾਹਲ ਨਾਲ ਪੌੜੀਆਂ ਵੱਲ ਨੂੰ ਜਾਂਦਾ ਦਿਸਿਆ। ਮੈਂ ਆ ਕੇ ਸੁਰਜੀਤ ਨੂੰ ਦੱਸਿਆ। ਉਹ ਕਹਿੰਦਾ, "ਐਵੇਂ ਤੈਨੂੰ ਭਰਮ ਪਿਐ। ਉਹ ਬਿੱਲੀ ਹੋਊਗੀ।"... ਗੱਲ ਆਈ ਗਈ ਹੋ ਗਈ। ਫੇਰ ਮਹੀਨੇ ਕੁ ਬਾਅਦ ਮੈਂ ਫੇਰ ਉਹ 'ਬਿੱਲੀ' ਦੇਖ ਲਈ। ਕੋਈ ਸੁਰਜੀਤ ਨੂੰ ਮਿਲਣ ਆਉਂਦੀ ਸੀ। ਫੇਰ ਇਹ 'ਬਿੱਲੀ' ਸ਼ਬਦ ਸਾਡੇ ਲਈ 'ਭੁਲੇਖੇ' ਵਾਸਤੇ ਬਣ ਗਿਆ।

ਇਕ ਰਾਤ ਬਹੁਤ ਭਿਆਨਕ ਲੰਘੀ ਸੀ। ਸ਼ਾਮ ਵੇਲੇ ਅੱਤਵਾਦੀਆਂ ਦੀ ਪੈੜ ਚਾਲ ਹੁੰਦੀ ਮਹਿਸੂਸ ਹੋਈ। ਸਾਡੇ ਕੋਲ ਇੰਗਲੈਂਡ ਤੋਂ ਆਇਆ ਹੋਇਆ ਦੋਸਤ ਧੀਰੋ ਵੀ ਸੀ। ਅਸੀਂ ਤਿੰਨੇ ਡਬਲ ਬੈੱਡ 'ਤੇ ਪਏ ਸੀ। ਸੁਰਜੀਤ ਵਿੱਚਕਾਰ ਸੀ। ਸਾਰੀ ਰਾਤ ਗੋਲੀਆਂ ਚੱਲਣ ਦੀਆਂ ਅਵਾਜ਼ਾਂ ਆਉਂਦੀਆਂ ਰਹੀਆਂ। ਮੈਂ ਜਦ ਵੀ ਪੇਸ਼ਾਬ ਕਰਨ ਲਈ ਬਾਹਰ ਜਾਂਦਾ ਤਾਂ ਕਈ ਪਾਸਿਆਂ ਤੋਂ ਗੋਲੀਆਂ ਚੱਲਣ ਦੀਆਂ ਅਵਾਜ਼ਾਂ ਦੇ ਨਾਲ ਰੋਸ਼ਨੀ ਦਾ ਗੁਬਾਰਾ ਜਿਹਾ ਅਸਮਾਨ 'ਚ ਉੱਡਦਾ। ਬੈੱਡ 'ਤੇ ਜਾਗਦਾ ਪਿਆ ਹੁੰਦਾ ਤਾਂ ਵਿਹੜੇ 'ਚ ਇਕ ਦੋ ਵਾਰ ਪੈੜ ਚਾਲ ਵੀ ਸੁਣਾਈ ਦਿੱਤੀ। ਮੈਂ ਚਾਹੁੰਦਾ ਸੀ ਕਿ ਸੁਰਜੀਤ ਪੰਜਾਬ ਛੱਡ ਕੇ ਕਿਤੇ ਚਲਿਆ ਜਾਵੇ। ਕਮਲਿਆਂ ਹੱਥੋਂ ਅਜਾਈਂ ਮਰਨਾ ਕੋਈ ਸਿਆਣਪ ਨਹੀਂ। ਮੈਂ ਉਹਨੂੰ ਕਿਹਾ ਵੀ ਸੀ। ਪਰ ਉਹ ਮੰਨਦਾ ਨਹੀਂ ਸੀ। ਉਹਨੂੰ ਇਹ ਕਾਇਰਤਾ ਵਾਲਾ ਕੰਮ ਚੰਗਾ ਨਹੀਂ ਸੀ ਲੱਗਦਾ। ... ਜਦ ਮੈਂ ਮਕਾਨ ਵੇਚ ਕੇ ਹਰਿਆਣੇ ਜਾ ਕੇ ਵਸਣ ਦਾ ਫੈਸਲਾ ਕੀਤਾ ਤਾਂ ਸੁਰਜੀਤ ਨੇ ਲਿਖਿਆ ਕਿ ਜੇ ਤੂੰ ਮਾਰਿਆ ਗਿਆ ਤਾਂ ਮੈਨੂੰ ਦੁੱਖ ਹੋਵੇਗਾ। ਜੇ ਪੰਜਾਬ ਛੱਡ ਗਿਆ ਤਾਂ ਨਮੋਸ਼ੀ ਹੋਵੇਗੀ। ਮੈਂ ਇਰਾਦਾ ਬਦਲ ਲਿਆ।

ਜਦ ਅੱਤਵਾਦ ਨੇ ਰੁਕਣ ਦਾ ਨਾਂ ਨਾ ਲਿਆ ਤਾਂ ਵਿਚਾਰੇ ਕਪੂਰਾਂ ਨੇ ਸ਼ਹਿਰ ਦੇ ਅੰਦਰਲੇ ਪਾਸੇ ਦੀ ਕਿਸੇ ਪੌਸ਼ ਇਲਾਕੇ 'ਚ ਕੋਠੀ ਪਾ ਲਈ। ਉਹਨਾਂ ਨੇ ਸੁਰਜੀਤ ਨੂੰ ਵੀ ਦੱਸ ਦਿੱਤਾ ਕਿ ਉਹਨਾਂ ਦਾ ਇਰਾਦਾ ਏ ਕਿ ਅਗਲੇ ਮਹੀਨੇ ਨਵੇਂ ਮਕਾਨ 'ਚ ਸ਼ਿਫਟ ਕਰ ਜਾਈਏ। ਅਸੀਂ ਏਸ ਖਾਨਦਾਨੀ ਹਵੇਲੀ ਨੂੰ ਵੇਚ ਦੇਣਾ ਏ। ਫੇਰ ਪਤਾ ਨਹੀਂ ਕਿ ਇਹਦਾ ਕੀ ਬਨਣਾ ਏ। ਸੁਰਜੀਤ ਕਹਿੰਦਾ, "ਕਪੂਰ ਸਾਹਿਬ, ਫੇਰ ਮੈਨੂੰ ਕੱਲੇ ਨੂੰ ਛੱਡ ਜਾਉਂਗੇ ? ਮੈਨੂੰ ਵੀ ਆਪਣੇ ਨਾਲ ਈ ਲੈ ਜਾਇਓ। ਇਕ ਕਮਰਾ ਰਸੋਈ ਦੇ ਦਿਓ।"

ਕਪੂਰ ਸਾਹਿਬ ਸੁਰਜੀਤ ਦੀ ਮੁਹੱਬਤ ਤੇ ਮੁਸਕਰਾ ਪਏ। ਪਰ ਕਹਿ ਕੁਝ ਨਾ ਸਕੇ। ਉਹਨਾਂ ਵਿੱਚਕਾਰ ਦੋਸਤੀ ਦਾ ਤੇ ਨਹੀਂ, ਪਰ ਹਮਸਾਇਆਂ ਵਾਲਾ ਰਿਸ਼ਤਾ ਸੀ। ਸੁਰਜੀਤ ਦੀ ਬੇਟੀ ਨਾਨਕੀ ਕਪੂਰਾਂ ਦੇ ਘਰ ਜਾ ਕੇ ਉਹਨਾਂ ਦੀ ਬੇਟੀ ਨਾਲ ਚੰਗੀ ਘੁਲੀ ਮਿਲੀ ਸੀ। ਕਪੂਰਾਂ ਦੇ ਟੱਬਰ ਨਾਲ ਸੁਰਜੀਤ ਦੀ ਪਤਨੀ ਜਦ ਕਦੇ ਆਉਂਦੀ ਤਾਂ ਮਿਲਦੀ ਗਿਲਦੀ ਹੁੰਦੀ ਸੀ।

ਫੇਰ 1991 'ਚ ਸੁਰਜੀਤ ਦਾ ਓਸ ਘਰ 'ਚੋਂ ਨਿੱਕਲਣਾ ਉਵੇਂ ਹੋਇਆ ਜਿਵੇਂ ਕਿਸੇ ਟੱਬਰ ਦਾ ਉਜਾੜਾ ਹੋ ਰਿਹਾ ਹੋਵੇ। ਜਿਵੇਂ ਆਮ ਸਾਊ ਲੋਕ ਤੇ ਖਾਸ ਤੌਰ 'ਤੇ ਹਿੰਦੂ ਪਿੰਡਾਂ 'ਚੋਂ ਨਿੱਕਲ ਕੇ ਸ਼ਹਿਰਾਂ 'ਚ ਆ ਕੇ ਵੱਸ ਰਹੇ ਸਨ ਜਾਂ ਪੰਜਾਬ ਨੂੰ ਛੱਡ ਕੇ ਹਰਿਆਣੇ ਜਾ ਰਹੇ ਸਨ। ਪਿੱਛੋਂ ਉਹਨਾਂ ਦੇ ਘਰ ਲੁੱਟੇ ਤੇ ਸਾੜੇ ਜਾਂਦੇ ਸੀ। ਉਵੇਂ ਸੁਰਜੀਤ ਨੂੰ ਆਪਣਾ ਸਮਾਨ ਚੁੱਕ ਕੇ ਨਾਲ ਦੀ ਗਲੀ 'ਚ ਨਵੇਂ ਬਣੇ ਕਿਸੇ ਪੁਲਸ ਅਫਸਰ ਦੇ ਮਕਾਨ 'ਚ ਜਾਣਾ ਪੈ ਗਿਆ। ਉਹ ਉੱਜੜ ਗਿਆ। ਉਹਦਾ ਸਮਾਨ ਚੱਕਿਆ ਨਹੀਂ ਸੀ ਜਾਂਦਾ। ਵੱਸੇ ਘਰ ਦੇ ਸਮਾਨ ਦਾ ਅੰਤ ਨਹੀਂ ਸੀ। ਸੁਰਜੀਤ ਨੇ ਵੀਹ ਪੱਚੀ ਸਾਲ ਦੇ ਵਸੇ ਘਰ ਦਾ ਬਹੁਤ ਸਾਰਾ ਸਮਾਨ ਦੋਸਤਾਂ, ਕੰਮ ਕਰਨ ਵਾਲਿਆਂ

ਜਾਂ ਵਾਲੀਆਂ ਵਿੱਚ ਵੰਡ ਦਿੱਤਾ। ਮੈਨੂੰ ਲੱਗਦਾ ਕਿ ਉਹਦਾ ਆਪਣਾ ਮਕਾਨ ਮਰ ਗਿਆ ਏ। ਉਹਦਾ ਸੰਸਕਾਰ ਕਰ ਦਿੱਤਾ ਗਿਆ ਏ। ਸੁਰਜੀਤ ਉਹਦੇ ਫੁੱਲ ਗੰਗਾ 'ਚ ਪਾਉਣ ਚੱਲਿਆ ਏ। ਹੁਣ ਪਾ ਕੇ ਮਕਾਨ ਦਾ ਸਮਾਨ ਲੋੜਵੰਦ ਮੰਗਤਿਆਂ 'ਚ ਵੰਡ ਰਿਹਾ ਏ।ਜੀਹਦੇ ਵਿੱਚ ਤੀਹ ਵਰ੍ਹਿਆਂ ਤੋਂ ਰੱਖੇ ਕੱਪੜੇ, ਅਟੈਚੀ ਕੇਸ ਸਮੇਤ ਕਿਸੇ ਨੂੰ ਫੜਾ ਦਿੱਤੇ ਗਏ।

ਮੈਨੂੰ ਸਾਈਕਲ ਦੇ ਦਿੱਤਾ। ਜਦ ਮੈਂ ਲਿਜਾਣ ਲੱਗਿਆ ਤਾਂ ਉਹ ਕਿੰਨਾ ਈ ਚਿਰ ਹਦਾਇਤਨਾਮਾ ਦੱਸਦਾ ਰਿਹਾ ਕਿ ਇਹਨੂੰ ਕਿਵੇਂ ਰੱਖਣਾ ਤੇ ਵਰਤਣਾ ਏ। ਉਹ ਜਦ ਵੀ ਜਲੰਧਰ ਆਉਂਦਾ, ਆਪਣਾ ਸਾਇਕਲ ਦੇਖਦਾ। ਉਹਦੀ ਫੂਕ ਘੱਟ ਹੁੰਦੀ ਤਾਂ ਦੱਸਦਾ ਕਿ ਇਹਨੂੰ ਟੈਟ ਕਰ ਕੇ ਰੱਖ, ਫੇਰ ਰੈਲਾ ਚੱਲੂ। ਇਹਦੀ ਚੇਨ ਨੂੰ ਸੱਤੀਂ ਦਿਨੀਂ ਗਰੀਸ ਲਾ ਲਿਆ ਕਰ। ਮੈਂ ਮਨ 'ਚ ਹੱਸਦਾ ਕਿ ਪਤਾ ਨਹੀਂ ਕਿਉਂ ਇਹ ਸਾਇਕਲ ਦਾ ਖਹਿੜਾ ਨਹੀਂ ਛੱਡਦਾ। ਜਾਂ ਸਾਇਕਲ ਇਹਦਾ ਖਹਿੜਾ ਨਹੀਂ ਛੱਡਦਾ। ਖਹਿੜਾ ਉਦੋਂ ਛੁੱਟਿਆ ਜਦ ਮੈਂ ਉਹ ਸਾਇਕਲ ਆਪਣੇ ਮੁੰਡੇ ਦੀ ਦੁਕਾਨ 'ਤੇ ਕੰਮ ਕਰਦੇ ਨੌਕਰਾਂ ਦੇ ਵਰਤਣ ਲਈ ਭੇਜ ਦਿੱਤਾ। ਇਹੀ ਹਾਲ ਇਹਦਾ ਕਿਤਾਬਾਂ ਬਾਰੇ ਸੀ, ਜਿਹੜੀਆਂ ਇਹਨੇ ਮੈਨੂੰ ਦਿੱਤੀਆਂ ਸਨ। ਸਰਦੀਆਂ ਦੀ ਰੁੱਤੇ ਮੈਂ ਧੁੱਪੇ ਬੈਠਾ ਪੜ੍ਹਦਾ ਹੁੰਦਾ। ਸੁਰਜੀਤ ਆ ਕੇ ਆਪਣੀਆਂ ਕਿਤਾਬਾਂ ਦੇਖਦਾ ਤਾਂ ਕਹਿੰਦਾ, "ਆਹ ਦੇਖ ਧੁੱਪ ਨਾਲ ਜਿਲਦ ਬਿੰਗੀ ਹੋ ਗਈ ਐ।"... ਮੈਨੂੰ ਸੁਰਜੀਤ ਦੀ ਮੇਰੀ ਛੋਟੀ ਬੇਟੀ ਨੂੰ ਕਹੀ ਗੱਲ ਯਾਦ ਆਉਂਦੀ। ਉਹ ਕਹਿੰਦਾ, "ਸੁਜਾਤਾ, ਮੇਰੀ ਨੀਤ ਤਾਂ ਤੇਰੇ ਨਾਲੋਂ ਵੀ ਮਾੜੀ ਐ।"

ਫੇਰ ਮੈਂ ਜਦ ਵੀ ਅੰਬਰਸਰ ਸੁਰਜੀਤ ਦੇ ਨਵੇਂ ਘਰ ਨੂੰ ਜਾਂਦਾ ਹੋਇਆ ਗਲੀ ਦੇ ਮੋੜ 'ਤੇ ਲੰਘਦਾ ਤਾਂ ਜ਼ਰਾ ਰੁਕ ਕੇ 'ਆਕਾਸ਼ ਬਿਲਡਿੰਗ' ਨੂੰ ਢਹਿੰਦਿਆਂ ਦੇਖਦਾ। ਮੇਰੇ ਦਿਲ ਨੂੰ ਡੋਬਾ ਪੈਂਦਾ। ਸੋਚਦਾ ਕਿ ਇਹ ਤਾਂ ਅਜਾਇਬ ਘਰ ਬਨਾਉਣ ਜੋਗੀ ਸੀ।... ਮੈਂ ਤਾਂ ਇਹਨੂੰ ਕਦੇ ਕਦੇ ਦੇਖਦਾ ਹਾਂ, ਸੁਰਜੀਤ ਤੇ ਉਹਦੇ ਜਿਹੜੇ ਦੋਸਤ ਰੋਜ਼ ਦੇਖਦੇ ਨੇ, ਉਹਨਾਂ ਦਾ ਕੀ ਹਾਲ ਹੁੰਦਾ ਹੋਣਾ ਏ।... ਫੇਰ ਉਹ ਸੁਰਜੀਤ ਦਾ ਸਾਰਾ ਘਰ ਢਹਿ ਗਿਆ। ਮਲਬਾ ਚੁੱਕ ਲਿਆ ਗਿਆ। ਫੇਰ ਵੀ ਮੈਨੂੰ ਉਥੇ ਖਿੱਲਰੀਆਂ ਨੱਕਾਸ਼ੀਦਾਰ ਠੀਕਰੀਆਂ ਪਈਆਂ ਦਿਸਦੀਆਂ।... ਮੈਂ ਮਨ ਨੂੰ ਸਮਝਾਉਂਦਾ ਕਿ ਇਨ੍ਹਾਂ ਕਾਲੇ ਦਿਨਾਂ ਨੇ ਪਤਾ ਨਹੀਂ ਕਿੰਨੇ ਬੰਦੇ ਮਾਰ ਦਿੱਤੇ ? ਕਿੰਨੇ ਘਰ ਉਜਾੜ ਦਿੱਤੇ ? ਕਪੂਰ ਵਿਚਾਰੇ ਖਾਨਦਾਨੀ ਨਿਸ਼ਾਨੀ ਨੂੰ ਅੱਧੇ ਪੌਣੇ ਭਾਅ ਵੇਚ ਗਏ, ਸੁਰਜੀਤ ਕੀਹਦਾ ਪਾਣੀਹਾਰ ਏ! ਏਥੇ ਤਾਂ ਗੁਰੂ ਘਰ ਵੀ ਢਾ ਦਿੱਤੇ ਗਏ।

ਸੁਰਜੀਤ ਦਾ ਨਵਾਂ ਘਰ ਵੀ ਚੰਗਾ ਸੀ। ਓਥੇ ਵੀ ਜਦ ਉਹਦਾ ਸਮਾਨ ਟਿਕ ਗਿਆ ਤਾਂ ਉਹ ਕਹਿੰਦਾ, "ਠੀਕ ਏ ਐ।"... ਇਹ ਗੱਲ ਉਹ ਕਈ ਲਹਿਜਿਆਂ ਨਾਲ ਕਿੰਨੀ ਈ ਚਿਰ ਬੋਲਦਾ ਰਿਹਾ। ਜਿਸ ਤੋਂ ਉਹਦਾ ਮਤਲਬ ਹੁੰਦਾ ਕਿ ਸਭ ਕੁਝ ਠੀਕ ਨਹੀਂ ਏ। ਫੇਰ ਵੀ ਦੋਸਤਾਂ ਦੀਆਂ ਮਹਿਫਲਾਂ ਉਥੇ ਵੀ ਸਜਣ ਲੱਗੀਆਂ। ਕਈ ਸੁੰਦਰੀਆਂ ਵੀ ਰੌਣਕਾਂ ਵਧਾਉਣ ਲੱਗੀਆਂ। ਮੈਂ ਉਵੇਂ ਜਾਂਦਾ ਰਿਹਾ। ਸੁਰਜੀਤ ਵਿਸਕੀ ਦਾ ਘੁੱਟ ਭਰਦਾ, ਮੇਰੇ ਨਾਲ ਇਕ ਗੱਲ ਕਰਦਾ ਤੇ ਕਿਚਨ 'ਚ ਜਾ ਕੇ ਰਿੱਝਦੀ ਪਤੀਲੀ 'ਚ ਕੜਛੀ ਫੇਰ ਆਉਂਦਾ। ਫੇਰ ਚੱਲਦੇ ਟੀ ਵੀ 'ਤੇ ਕਿਸੇ ਨੂੰ ਦੇਖਦਾ ਤੇ ਸੁਣਦਾ ਤੇ ਦੋ ਗਾਲ੍ਹਾਂ ਕੱਢ ਛੱਡਦਾ।

ਫੇਰ ਸੁਰਜੀਤ ਰਿਟਾਇਰ ਹੋ ਕੇ ਪਟਿਆਲੇ ਚਲਿਆ ਗਿਆ। ਤੇ ਫੇਰ ਚਡੀਗੜ੍ਹ ਆਪਣੀ ਬੇਟੀ ਨਾਨਕੀ ਨਾਲ ਇਕ ਘਰ ਲੈ ਕੇ ਰਹਿਣ ਲੱਗ ਪਿਆ। ਨਾਨਕੀ ਨੇ ਮੁਹਾਲੀ 'ਚ ਬਹੁਤ ਵੱਡਾ ਮਕਾਨ ਖਰੀਦ ਲਿਆ। ਜੀਹਦੇ 'ਚ ਕਿਤੇ ਮਿੱਟੀ ਜਾਂ ਗਰਦ ਨਹੀਂ ਦਿਸਦੀ। ਪੈਰ ਪੈਰ 'ਤੇ ਸੰਗ



ਮਰਮਰ ਲੱਗਿਆ ਹੋਇਆ ਏ। ਇਮਾਰਤ ਦੀਆਂ ਤਿੰਨ ਮੰਜ਼ਲਾਂ ਨੇ ਤੇ ਪੰਜ ਬੈੱਡ ਰੂਮ। ਰਹਿਣ ਵਾਲੇ ਢਾਈ ਜਣੇ। ਹੁਣ ਸੁਰਜੀਤ ਮੁਹਾਲੀ ਦੀ ਏਸ ਬਿਲਡਿੰਗ 'ਚ ਏ। ਹੁਣ ਵੀ ਜਦ ਅਸੀਂ ਮਿਲਦੇ ਹਾਂ ਤਾਂ ਪਿਛਲੇ ਮਕਾਨਾਂ ਦਾ ਮਾਤਮ ਤਾਂ ਨਹੀਂ ਕਰਦੇ, ਪਰ ਉਹਨਾਂ ਦੀਆਂ ਗੱਲਾਂ ਕਰ ਕੇ ਯਾਦ ਕਰਦੇ ਰਹਿੰਦੇ ਹਾਂ। ਜਿਵੇਂ ਦੋ ਬੁੱਢੇ ਜਵਾਨੀ ਵੇਲੇ ਦੀਆਂ ਤੇ ਆਪਣੇ ਗੁਜ਼ਰੇ ਬਜ਼ੁਰਗਾਂ ਦੀਆਂ ਗੱਲਾਂ ਕਰਦੇ ਨੇ। ਪਰ ਅਸੀਂ ਅੰਬਰਸਰ ਦੀ 'ਅਕਾਸ਼ ਬਿਲਡਿੰਗ' ਦੀ ਗੱਲ ਨਹੀਂ ਕਰਦੇ। ਜਿਵੇਂ ਮੈਂ ਆਪਣੇ ਵਿੱਛੜੇ ਪਿੰਡ ਬਡਗੁੱਜਰਾਂ ਨੂੰ ਦੇਖਣ ਦਾ ਹੌਸਲਾ ਨਹੀਂ ਕਰ ਸਕਦਾ। ਇਵੇਂ ਅਸੀਂ ਅੰਬਰਸਰ ਦੇ ਚੁਬਾਰਿਆਂ ਨੂੰ ਭੁੱਲਦੇ ਤਾਂ ਨਹੀਂ, ਪਰ ਏਸ ਤਰ੍ਹਾਂ ਯਾਦ ਕਰ ਲੈਂਦੇ ਹਾਂ, ਜਿਵੇਂ ਪੁਰਖਿਆਂ ਨੂੰ ਸਰਾਧਾਂ ਦੇ ਮੌਕੇ 'ਤੇ ਕਰਦੇ ਹਾਂ। ਹੁਣ ਸੁਰਜੀਤ ਦੀ ਸਿਹਤ ਠੀਕ ਨਹੀਂ। ਸਟੰਅ ਪੈਣ ਬਾਅਦ ਜਿਸਮ ਬਹੁਤ ਕਮਜ਼ੋਰਾ ਹੋ ਗਿਆ ਏ। ਹੌਲੀ ਤੁਰਦਾ ਏ। ਪਰ ਗੱਲਾਂ ਪਹਿਲਾਂ ਵਾਂਗ ਈ ਬੜ੍ਹੱਕ ਕੇ ਕਰਦਾ ਏ ਤੇ 'ਮੁਹੱਬਤੀਆਂ' ਨੂੰ ਯਾਦ ਕਰਦਾ ਏ।

## (2) ਮੋਹਨ ਭੰਡਾਰੀ ਦੇ ਦੋ ਫਲੈਟ

ਮੈਂ 1962 'ਚ ਪੰਜਾਬ ਯੂਨੀਵਰਸਿਟੀ ਦੇ 'ਡਿਪਲੋਮਾ ਇਨ ਜਰਨਲਿਜ਼ਮ' ਦਾ ਕੋਰਸ ਕਰਨ ਲਈ ਚੰਡੀਗੜ੍ਹ ਰਹਿਣ ਲੱਗ ਪਿਆ ਸੀ। ਸ਼ਾਮ ਨੂੰ ਮੈਨੂੰ ਲੇਖਕਾਂ ਨੂੰ ਮਿਲਣ ਦੀ ਤੋੜ ਜਿਹੀ ਲੱਗਦੀ, ਜਿਵੇਂ ਜਲੰਧਰ ਲੱਗਦੀ ਸੀ। ਮੈਂ ਪੰਦਰਾਂ ਸੈਕਟਰ 'ਚ ਰਹਿੰਦਾ ਸੀ। ਭੂਸ਼ਨ ਵੀ ਨੇੜੇ ਈ ਰਹਿੰਦਾ ਸੀ। ਉਹਨੇ ਹੀ ਮੈਨੂੰ ਮੋਹਨ ਭੰਡਾਰੀ ਮਿਲਾਇਆ ਸੀ। ਜਿਹੜਾ ਮੈਨੂੰ ਕੁਝ ਚਿਰ ਤਾਂ ਸਤਾਰਾਂ ਸੈਕਟਰ ਵਾਲੇ ਆਪਣੇ ਦਫਤਰ ਕੋਲ ਈ ਮਿਲਦਾ ਰਿਹਾ, ਫੇਰ ਇਕ ਵਾਰ ਵੀਹ ਸੈਕਟਰ ਵਾਲੇ ਆਪਣੇ ਫਲੈਟ 'ਚ ਲੈ ਗਿਆ ਸੀ। ਉਦੋਂ ਉਹ ਕਹਾਣੀਕਾਰ ਵਜੋਂ ਚੰਡੀਗੜ੍ਹ 'ਚ ਮਸ਼ਹੂਰ ਸੀ।। ਉਹਨੂੰ ਚੰਡੀਗੜ੍ਹ ਦੇ ਕਮਿਸ਼ਨਰ ਮਹਿੰਦਰ ਸਿੰਘ ਰੰਧਾਵਾ ਨੇ ਸਨਮਾਨ ਦੇ ਕੇ ਕਿਹਾ, "ਮੰਗ, ਜੋ ਮੰਗਣੈ।" ਭੰਡਾਰੀ ਮੰਗਦਾ ਤਾਂ ਉਹਨੂੰ ਮੁਫਤ ਫਲੈਟ ਜਾਂ ਪਲਾਟ ਵੀ ਮਿਲ ਜਾਂਦਾ। ਪਰ ਗਰੀਬ ਦਾ ਹੌਸਲਾ ਜ਼ਰਾ ਖੁੱਲ੍ਹੇ ਸਰਕਾਰੀ ਫਲੈਟ ਤੋਂ ਅੱਗੇ ਨਾ ਵਧਿਆ। ਉਹ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ 'ਚ ਕਲਰਕ ਸੀ।

ਮੈਂ ਦੋ ਤਿੰਨ ਵਾਰ ਭੰਡਾਰੀ ਜਾਂ ਭੂਸ਼ਨ ਦੇ ਨਾਲ ਉਹਦੇ ਫਲੈਟ 'ਚ ਗਿਆ ਸੀ। ਓਸ ਤੋਂ ਬਾਅਦ ਮੈਂ ਉਮਰ ਦੇ ਵੱਡੇ ਹਿੱਸੇ 'ਚ ਓਸ ਫਲੈਟ ਵਿਚ ਜਾਂਦਾ ਰਿਹਾ। ਮੈਨੂੰ ਉਹਦੇ ਫਲੈਟ ਦਾ ਨੰਬਰ ਕਦੇ ਵੀ ਯਾਦ ਨਹੀਂ ਸੀ ਰਹਿੰਦਾ। ਮੈਂ ਕਈ ਨਿਸ਼ਾਨੀਆਂ ਯਾਦ ਕੀਤੀਆਂ ਹੋਈਆਂ ਸੀ। ਜਦ ਮੈਂ 17 ਸੈਕਟਰ ਤੋਂ ਪੈਦਲ ਜਾਂਦਾ ਤਾਂ ਅੰਬਾਲੇ ਵਾਲੇ ਪਾਸੇ ਦੀ ਸੜਕ 'ਤੇ ਤੁਰਿਆ ਜਾਂਦਾ। ਸੱਜੇ ਪਾਸੇ ਕਿਤੇ ਇਕ ਮਸੀਤ ਦਿਸਦੀ। ਓਸ ਤੋਂ ਅਗਾਂਹ ਸੱਜੇ ਹੱਥ ਮੁੜ ਜਾਂਦਾ। ਓਧਰੇ ਉਹਦਾ ਫਲੈਟ ਸੀ। ਖੱਬੇ ਹੱਥ ਪੈਂਦੀ ਉਹਦੀ ਗਲੀ 'ਚ ਵੜ ਕੇ ਮੈਂ ਨੰਬਰ ਨਾ ਦੇਖਦਾ, ਬਲਕਿ ਉੱਤਲੇ ਫਲੈਟਾਂ ਦੇ ਮੂਹਰਲੇ ਪਾਸੇ ਨਾ ਖੁੱਲ੍ਹਣ ਵਾਲੀ ਪਤਲੀ ਬਾਰੀ ਵਿੱਚ ਦੇਖਦਾ। ਉਹਦੇ 'ਚ ਭੰਡਾਰੀ ਦਾ ਛੋਟਾ ਮੁੰਡਾ ਬੈਠਾ ਹੁੰਦਾ ਸੀ। ਇਹ ਪਛਾਣ ਮੈਨੂੰ ਭੂਸ਼ਨ ਨੇ ਦੱਸੀ ਸੀ।

ਮੈਂ ਗੱਲ ਪੱਕੀ ਕਰਨ ਲਈ ਪੌੜੀ ਚੜ੍ਹਦਾ। ਮੋਹਨ ਦਾ ਘਰ ਸੱਜੇ ਪਾਸੇ ਸੀ। ਸਾਹਮਣੇ ਬੂਹਾ ਸੀ। ਅੰਦਰ ਖੱਬੇ ਹੱਥ ਥੋੜ੍ਹਾ ਜਿਹੀ ਖੁੱਲ੍ਹੀ ਥਾਂ ਸੀ ਤੇ ਸੱਜੇ ਪਾਸੇ ਰਸੋਈ। ਜਿਥੇ ਭੰਡਾਰੀ ਦੀ ਪਤਨੀ ਨਿਰਮਲ ਆਮ ਤੌਰ 'ਤੇ ਹੁੰਦੀ ਸੀ। ਸਾਹਮਣੇ ਦੋ ਕਮਰੇ ਸਨ। ਇਕ ਕਮਰਾ ਸੱਜੇ ਪਾਸੇ

'ਝਾਕਣੀ ਤਾਕੀ' ਵਾਲੇ ਪਾਸੇ ਬਣਿਆ ਹੋਇਆ ਸੀ। ਇਹ ਛੋਟੇ ਕਮਰਿਆਂ ਵਾਲਾ ਫਲੈਟ ਮੈਨੂੰ ਚੰਗਾ ਲੱਗਦਾ ਹੁੰਦਾ ਸੀ।... ਜਦ ਕਦੇ ਮੈਂ ਬੱਸ 'ਚੋਂ ਅੱਡੇ 'ਚ ਉੱਤਰਦਾ ਤਾਂ ਲੋਕਲ ਬੱਸ 'ਚ ਜਾਂਦਾ। ਬੱਸ ਸੈਕਟਰ ਇੱਕੀ ਵੱਲ ਨੂੰ ਮੁੜਦੀ। ਮੈਨੂੰ ਕੁਝ ਪਤਾ ਨਾ ਲੱਗਦਾ। ਉਹ ਇੱਕੀ ਲੰਘ ਜਾਂਦੀ ਤੇ ਜ਼ਰਾ ਖੱਬੇ ਨੂੰ ਮੁੜਦੀ ਤਾਂ ਇਕ ਕ੍ਰਿਸ਼ਣ ਮੰਦਰ ਆਉਂਦਾ। ਮੈਨੂੰ ਪਤਾ ਲੱਗ ਜਾਂਦਾ ਕਿ ਹੁਣ ਸੈਕਟਰ ਵੀਹ ਆ ਗਿਆ। ਮੈਂ ਅਗਲੇ ਸਟਾਪ 'ਤੇ ਉੱਤਰਨਾ ਏ। ਓਸ ਤੋਂ ਅੱਗੇ ਕੋਈ ਅਬਾਦੀ ਨਹੀਂ। ਮੈਂ ਉੱਤਰ ਕੇ ਖੱਬੇ ਹੱਥ ਵਾਲੀ ਸੜਕ 'ਤੇ ਜ਼ਰਾ ਕੁ ਤੁਰ ਕੇ ਸੱਜੇ ਪਾਸੇ ਮੁੜ ਕੇ ਉਸੇ ਗਲੀ 'ਚ ਵੜ ਜਾਂਦਾ। ਭੰਡਾਰੀ ਦਾ ਫਲੈਟ ਵਿੱਚਕਾਰ ਜਿਹੇ ਸੀ। ਗਲੀ ਦੇ ਦੋਵੇਂ ਸਿਰਿਆਂ 'ਤੇ ਵੱਡੀ ਸੜਕ ਲੱਗਦੀ ਸੀ।

ਮੈਂ, ਮੋਹਨ ਤੇ ਭੂਸ਼ਣ ਕਮਰੇ ਨੂੰ ਸਿਗਰਟਾਂ ਦੇ ਧੂੰਏਂ ਨਾਲ ਭਰ ਦੇਂਦੇ। ਕਦੇ ਉੱਤੇ ਛੱਤ 'ਤੇ ਜਾ ਕੇ ਖੁੱਲ੍ਹੀ ਹਵਾ 'ਚ ਵੀ ਬੈਠਦੇ ਹੁੰਦੇ ਸੀ। ਜਦ ਕਦੇ ਭੰਡਾਰੀ ਆਪਣੀ ਪਤਨੀ ਜਾਂ ਕਿਸੇ ਦੋਸਤ ਨਾਲ ਗੁੱਸੇ ਹੁੰਦਾ ਸੀ ਜਾਂ ਜ਼ਿਆਦਾ ਸ਼ਰਾਬੀ ਹੋ ਜਾਂਦਾ ਸੀ ਤਾਂ ਛੱਤ 'ਤੇ ਜਾ ਬਹਿ ਜਾਂਦਾ ਸੀ। ਉਹਦਾ ਮਤਲਬ ਨਾ ਕੋਈ ਰੋਸਾ ਸੀ ਤੇ ਨਾ ਕਿਸੇ 'ਤੇ ਗੁੱਸਾ। ਉਹ ਆਪਣੇ ਆਪ ਨਾਲ ਈ ਲੜਦਾ ਖਿਝਿਆ ਰਹਿੰਦਾ ਸੀ। ਮੈਨੂੰ ਉਹਦਾ ਇੱਕੋ ਕਾਰਣ ਇਹ ਲੱਭਦਾ ਸੀ ਕਿ ਉਹਦੇ ਕੋਲੋਂ ਕੋਈ ਕਹਾਣੀ ਨਹੀਂ ਸੀ ਲਿਖ ਹੋ ਰਹੀ।

ਜੇ ਮਾਹੌਲ ਚੰਗਾ ਹੁੰਦਾ ਸੀ ਤਾਂ ਅਸੀਂ ਭੂਸ਼ਨ ਤੇ ਰਾਜ ਚਿਤਰਕਾਰ ਨੂੰ ਬੁਲਾ ਲੈਂਦੇ ਸੀ। ਫੇਰ ਕਿਸੇ ਦੀ ਕਹਾਣੀ ਸੁਣ ਕੇ ਬਹਿਸ ਕਰਦੇ। ਏਸ ਕੰਮ 'ਚ ਭੰਡਾਰੀ ਨੂੰ ਟੈਨਸ਼ਨ ਹੋ ਜਾਂਦੀ ਸੀ। ਅਸਲ 'ਚ ਉਹਦਾ ਕਹਾਣੀ ਲਿਖਣ ਦਾ ਕੰਮ ਰੁਕਿਆ ਹੋਇਆ ਸੀ। ਇਹ ਰੋਕਾ ਜਾਂ ਡੱਕਾ ਬੜਾ ਖਤਰਨਾਕ ਹੁੰਦਾ ਏ। ਉਹ ਚੰਗੀ ਭਲੀ ਚੱਲਦੀ ਬਹਿਸ 'ਚ ਕੋਈ ਨਾ ਕੋਈ ਤਿੱਖਾ ਸ਼ਬਦ ਬੋਲ ਦੇਂਦਾ। ਬਹਿਸ ਰੁਕ ਜਾਂਦੀ ਸੀ। ਕਹਾਣੀ ਅਕਸਰ ਮੈਂ ਹੀ ਸੁਣਾਉਂਦਾ ਹੁੰਦਾ ਸੀ। ਮੈਂ ਜਦ ਵੀ ਕੋਈ ਕਹਾਣੀ ਲਿਖਦਾ, ਝੋਲਾ ਚੱਕ ਕੇ ਚੰਡੀਗੜ੍ਹ ਨੂੰ ਤੁਰ ਜਾਂਦਾ ਸੀ। ਫੇਰ ਤਾਂ ਮੋਹਨ ਦੇ ਫਲੈਟ 'ਚ ਕਹਾਣੀਆਂ ਦਾ ਅਖਾੜਾ ਜੰਮ ਜਾਂਦਾ। ਕਹਾਣੀਆਂ 'ਤੇ ਬਹਿਸਾਂ ਹੁੰਦੀਆਂ। ਅੱਧੀ-ਅੱਧੀ ਰਾਤ ਤਕ ਗੋਸ਼ਟੀਆਂ ਚੱਲਦੀਆਂ। ਮੋਹਨ ਰਾਏ ਦੇਣ 'ਚ ਪਹਿਲ ਕਰਨ ਤੋਂ ਹਮੇਸ਼ਾ ਗੁਰੇਜ਼ ਕਰਦਾ। ਪਹਿਲਾਂ ਭੂਸ਼ਨ ਨੂੰ ਬੋਲਣ ਨੂੰ ਕਹਿੰਦਾ। ਫੇਰ ਪ੍ਰਤੀਕਰਮ ਵਜੋਂ ਆਪ ਬੋਲਦਾ। ਮੋਹਨ ਵੀ ਕਹਾਣੀ ਸੁਣਾਉਂਦਾ। ਮੈਨੂੰ ਕੱਚੀ-ਪਿੱਲੀ ਜਿਹੀ ਲੱਗਦੀ। ਜਿਵੇਂ ਕੋਈ ਘੱਟ ਪੜ੍ਹਿਆ ਬੰਦਾ ਲਿਖਦਾ ਏ। ਪਰ ਉਹਦੀ ਸਧਾਰਨਤਾ 'ਚ ਕਿਤੇ ਕਹਾਣੀ ਵਾਲੀ ਮਰੋੜੀ ਆ ਜਾਂਦੀ ਸੀ। ਜਿਹੜੀ ਕਥਾ-ਰਸ ਪੈਦਾ ਕਰ ਦੇਂਦੀ ਸੀ।

ਜਦ ਕਦੇ ਅਸੀਂ ਰਾਤ ਨੂੰ ਗੱਲਾਂ ਕਰਦੇ ਤਾਂ ਮੈਨੂੰ ਕਦੇ-ਕਦੇ ਮਹਿਸੂਸ ਹੁੰਦਾ ਕਿ ਮੋਹਨ ਅੰਦਰੋਂ ਕਿਸੇ ਤਕਲੀਫ 'ਚ ਏ। ਉਹ ਲਗਾਤਾਰ ਸਿਗਰਟ ਪੀਂਦਾ ਤੇ ਸ਼ਰਾਬ ਦੇ ਨਸ਼ੇ ਤੋਂ ਸ਼ਰਨ ਮੰਗਦਾ ਲੱਗਦਾ ਹੁੰਦਾ ਸੀ। ਮੈਂ ਮਹਿਸੂਸ ਕਰਦਾ ਸੀ ਕਿ ਕੋਈ ਔਖ ਉਹਦੇ ਅੰਦਰ ਏ। ਉਹ ਅੱਧੀ ਰਾਤ ਨੂੰ ਉੱਠ ਕੇ ਬਹਿ ਜਾਂਦਾ ਸੀ। ਸਿਗਰਟ ਫੂਕਣ ਲੱਗ ਪੈਂਦਾ ਸੀ। ਹੌਲੀ-ਹੌਲੀ ਮੈਨੂੰ ਲੱਗਣ ਲੱਗਿਆ ਸੀ ਕਿ ਉਹਦੀ ਮਾਨਸਿਕ ਸਿਹਤ ਠੀਕ ਨਹੀਂ। ਉਹ ਟੈਨਸ਼ਨ 'ਚ ਰਹਿੰਦਾ ਸੀ। ਉਹਨੂੰ ਨੀਂਦ ਨਹੀਂ ਸੀ ਆਉਂਦੀ। ਉਹਦੀ ਕਾਮ-ਇੱਛਾ ਢੈਲੀ ਪੈਣ ਲੱਗ ਪਈ ਸੀ। ਇਕ ਰਾਤ ਉਹਦੇ ਕੋਲ ਸੌਂ ਕੇ ਮੈਂ ਵੀ ਔਖਾ ਰਿਹਾ ਸੀ। ਅਸੀਂ ਦੋਵੇਂ ਛੱਤ 'ਤੇ ਪਏ ਸੀ। ਪਤਾ ਈ ਨਹੀਂ ਸੀ ਹੁੰਦਾ ਕਿ ਉਹ ਕਦੋਂ ਉੱਠ ਕੇ ਬਹਿ ਕੇ ਸਿਗਰਟ ਪੀਣ ਲੱਗ ਪਏਗਾ।



ਬੜੇ ਚਿਰਾਂ ਬਾਅਦ ਜਦ ਮੈਂ ਭੰਡਾਰੀ ਦੇ ਘਰ ਗਿਆ ਤਾਂ ਉਹਨਾਂ ਦਿਨਾਂ 'ਚ ਮੈਂ ਆਪ ਮਾਨਸਿਕ ਉਲਝਣਾਂ 'ਚ ਫਸਿਆ ਹੋਇਆ ਸੀ। ਤਦੇ ਮੈਂ ਉਹਦੀ ਹਾਲਤ ਨੂੰ ਵੱਧ ਸਮਝਦਾ ਸੀ। ਇਕ ਮਾਨਸਿਕ ਹਾਲਤ ਅਜਿਹੀ ਵੀ ਹੁੰਦੀ ਏ ਕਿ ਉਹਦੇ ਕਾਰਨਾਂ ਦਾ ਪਤਾ ਈ ਨਹੀਂ ਚੱਲਦਾ। ਐਵੇਂ ਬੈਠੇ-ਬੈਠੇ ਦਾ ਦਿਲ ਘਾਊਂ-ਮਾਊਂ ਹੋਣ ਲੱਗ ਪੈਂਦਾ ਸੀ। ਲੱਗਦਾ ਏ ਕਿ ਹੁਣ ਕੁਝ ਹੋਣ ਵਾਲਾ ਏ। ਉਹ ਕੀ ਹੋਵੇਗਾ ? ਇਹਦਾ ਕੁਝ ਪਤਾ ਨਹੀਂ ਸੀ ਲੱਗਦਾ। ਬਸ ਮਨ 'ਚ ਘਬਰਾਹਟ ਤੇ ਬੇਚੈਨੀ ਭਰ ਜਾਂਦੀ।... ਡਾਕਟਰ ਇਹਨੂੰ 'ਹਾਈਪੋਕੌਂਡਰੀਆ' ਕਹਿੰਦੇ ਨੇ। ਮੈਨੂੰ ਵੀ ਇਹੋ ਕੁਝ ਹੁੰਦਾ ਸੀ। ਮੋਹਨ ਦਾ ਹਾਲ ਅਜਿਹਾ ਹੀ ਹੁੰਦਾ ਸੀ। ਉਹ ਉੱਠ ਕੇ ਬਹਿ ਕੇ ਸਿਗਰਟ ਲਾ ਲੈਂਦਾ ਸੀ। ਉਹ ਸ਼ਾਮ ਦੀ ਸ਼ਰਾਬ ਤੇ ਸਿਗਰਟ ਆਸਰੇ ਹੋ ਗਿਆ ਸੀ। ਮੇਰਾ ਵੀ ਇਹ ਹਾਲ ਹੁੰਦਾ ਸੀ। ਪਰ ਮੈਂ ਸਿਗਰਟ ਤੇ ਸ਼ਰਾਬ ਨਹੀਂ ਸੀ ਪੀਂਦਾ, ਡਾਕਟਰ ਦੀ ਦੱਸੀ ਦਵਾਈ ਖਾ ਲੈਂਦਾ ਸੀ। ਪਰ ਮੋਹਨ ਡਾਕਟਰ ਕੋਲ ਨਹੀਂ ਸੀ ਜਾਂਦਾ।... ਕੁਝ ਉਹਦੇ ਤੇ ਕੁਝ ਆਪਣੇ ਹਾਲਾਤ ਤੋਂ ਪ੍ਰਭਾਵਤ ਹੋ ਕੇ ਮੈਂ ਆਪਣੇ ਦੋਹਾਂ ਦੇ ਪਾਤਰਾਂ ਨੂੰ ਰਲ਼ਾ ਕੇ ਇਕ ਕਹਾਣੀ 'ਡਾ. ਸ਼ਕੁੰਤਲਾ' ਲਿਖੀ ਸੀ। ਮੇਰੇ 'ਤੇ ਜੋ ਬੀਤਦੀ ਸੀ, ਕਹਾਣੀ ਬਣ ਜਾਂਦੀ ਸੀ।... ਪਰ ਮੋਹਨ 'ਤੇ ਕਈ ਸਾਲਾਂ ਦਾ ਸੋਕਾ ਚੱਲ ਰਿਹਾ ਸੀ।

ਜਦ ਮੈਨੂੰ 1992 'ਚ ਸਾਹਿਤਯ ਅਕਾਦਮੀ ਦਾ ਐਵਾਰਡ ਮਿਲਿਆ ਤਾਂ ਭੰਡਾਰੀ ਦੇ ਦਿਮਾਗ 'ਚ ਬਹੁਤ ਗਰਮੀ ਪੈਦਾ ਹੋ ਗਈ ਸੀ। ਉਹ ਮੈਨੂੰ ਵਾਰ-ਵਾਰ ਕੌੜੇ ਤੇ ਬੇਅਰਥ ਸਵਾਲ ਕਰਦਾ ਰਹਿੰਦਾ ਸੀ। ਜਿਵੇਂ 'ਤੂੰ ਅਮ੍ਰਿਤਾ ਨੂੰ ਕੈ ਵਾਰੀ ਮਿਲਿਆ ? ਦਿੱਲੀ ਕਿੰਨੀ ਵਾਰੀ ਗਿਐਂ ?' ... ਇਕ ਵਾਰ ਮੈਨੂੰ ਉਹਦੀ ਹਾਲਤ 'ਤੇ ਅਫਸੋਸ ਵੀ ਹੋਇਆ ਤੇ ਤਕਲੀਫ ਵੀ। ਮੈਂ ਨਾ ਚਾਹੁੰਦਾ ਵੀ ਸ਼ਾਮ ਨੂੰ ਘਰੋਂ ਚਲਿਆ ਗਿਆ ਸੀ।

ਓਸ ਫਲੈਟ ਨੇ ਮੈਨੂੰ ਇਕ ਬਹੁਤ ਚੰਗੀ ਕਹਾਣੀ 'ਡਾ. ਸ਼ਕੁੰਤਲਾ' ਦਿੱਤੀ ਸੀ। ਉਹਦੇ 'ਚ ਮੈਂ ਭੰਡਾਰੀ ਦੀ ਉਮਰ ਦੇ ਪਾਤਰ ਨੂੰ ਮਾਨਸਿਕ ਰੋਗੀ ਬਣਾ ਕੇ ਉਹਦਾ ਇਲਾਜ ਕਰਵਾਓਣ ਲਈ ਲੇਡੀ ਮਨੋਚਿਕਿਤਸਿਕ ਡਾ. ਸ਼ਕੁੰਤਲਾ ਕੋਲ ਲੈ ਕੇ ਜਾਂਦਾ ਹਾਂ। ਇਹੋ ਜਿਹੀ ਮਨੋਅਵਸਥਾ ਕਿਸੇ ਹੋਰ ਮਾਮਲੇ ਕਰਕੇ ਮੇਰੀ ਵੀ ਕਈ ਸਾਲ ਭਰ ਰਹੀ ਸੀ। ਅੰਤ 'ਚ ਰੋਗੀ ਠੀਕ ਹੋ ਜਾਂਦਾ ਏ ਤੇ ਉਹਨੂੰ ਪਤਾ ਲੱਗਦਾ ਏ ਕਿ ਡਾ. ਸ਼ਕੰਤਲਾ ਵੀ ਮਨ ਦੀ ਰੋਗਣ ਸੀ।... ਏਸ ਕਹਾਣੀ ਨੂੰ ਮੋਹਨ ਨੇ ਇਕ ਥਾਂ 'ਆਪਣੀ ਕਹਾਣੀ' ਵੀ ਕਿਹਾ ਸੀ। ਜਿਸ ਦਾ ਮਤਲਬ ਉਹਦੇ ਬਾਰੇ ਲਿਖੀ ਕਹਾਣੀ ਸੀ।

ਉਂਜ ਮੈਂ ਜਦ ਵੀ ਚੰਡੀਗੜ੍ਹ ਜਾਂਦਾ, ਸੈਕਟਰ ਸਤਾਰਾਂ ਦੇ ਛੋਟੇ ਕੌਫੀ ਹਾਊਸ ਜਾਂ ਮਾਰਕੀਟ ਦੀ ਬੇਸਮੈਂਟ 'ਚ ਕਾਮਰੇਡ ਪ੍ਰਤਾਪ ਮਹਿਤਾ ਦੇ 'ਲੋਕਾਇਤ ਪ੍ਰਕਾਸ਼ਨ' 'ਚ ਜਾ ਬਹਿੰਦਾ। ਚੰਡੀਗੜ੍ਹ ਦਾ ਹਰੇਕ ਲੇਖਕ ਓਥੇ ਮਿਲ ਜਾਂਦਾ ਸੀ। ਜਿੱਥੇ ਭੂਸ਼ਨ ਵੀ ਮਿਲ ਜਾਂਦਾ, ਉੱਥੇ ਹੋਰ ਕਿਸੇ ਦੀ ਲੋੜ ਨਹੀਂ ਸੀ ਪੈਂਦੀ। ਸਾਰਾ ਦਿਨ ਗੱਪਾਂ ਚੱਲਦੀਆਂ ਤੇ ਰਾਤ ਨੂੰ ਮੋਹਨ ਦੇ ਘਰ ਜਾ ਠਹਿਰਦਾ। ਜਵਾਨੀ 'ਚ ਘਰਾਂ ਦੇ ਬੂਹੇ ਕਿੰਨੇ ਖੁੱਲ੍ਹੇ ਹੁੰਦੇ ਨੇ। ਮੈਨੂੰ ਕਦੇ ਅਹਿਸਾਸ ਈ ਨਹੀਂ ਸੀ ਹੁੰਦਾ ਕਿ ਮੈਂ ਓਪਰੇ ਘਰ 'ਚ ਹਾਂ। ਭੰਡਾਰੀ ਦੇ ਬੱਚੇ ਹਾਲੇ ਛੋਟੇ ਸੀ, ਸਕੂਲ 'ਚ ਪੜ੍ਹਦੇ ਸੀ।

ਮੈਂ ਸ਼ੁਰੂ ਤੋਂ ਈ ਭੰਡਾਰੀ ਨੂੰ ਸਿਰਫ 'ਮੋਹਨ' ਕਹਿੰਦਾ ਹੁੰਦਾ ਸੀ, ਭੰਡਾਰੀ ਕਦੇ ਨਹੀਂ ਕਿਹਾ। ਮੈਨੂੰ ਇਹ ਸ਼ਬਦ 'ਮੋਹਨ' ਰਾਧਾ ਦੇ ਪ੍ਰੇਮ 'ਚ ਸਰਮਸਤ ਕ੍ਰਿਸ਼ਣ ਨਾਲ ਜੁੜਿਆ ਲੱਗਦਾ ਸੀ। ਉਦੋਂ ਇਕ ਗੀਤ ਚੱਲਦਾ ਹੁੰਦਾ ਸੀ... 'ਜਾਗੋ ਮੋਹਨ ਪਿਆਰੇ।' ਤੇ ਸਿੱਖ ਧਾਰਮਕ ਇਤਿਹਾਸ 'ਚ ਗੋਇੰਦਵਾਲ 'ਚ ਮੋਏ ਮੋਹਨ ਨੂੰ ਸੁਰਜੀਤ ਕਰਨ ਲਈ ਬੋਲਿਆ ਗਿਆ ਇਕ ਵਾਕ ਯਾਦ ਆ ਜਾਂਦਾ ਸੀ, "ਉੱਠ ਓਏ ਮੋਹਣਿਆ।"

ਇਹ ਪਤਾ ਨਹੀਂ ਕੀ ਹੁੰਦਾ ਸੀ ਕਿ ਮੋਹਨ ਮੇਰੇ ਨਾਲ ਸੈਕਸ ਦੀ ਗੱਲ ਕਦੇ ਨਹੀਂ ਸੀ ਕਰਦਾ। ਭੂਸ਼ਨ ਵੀ ਕਦੇ ਨਹੀਂ ਕਰਦਾ। ਮੈਂ ਬਹੁਤੀਆਂ ਕਹਾਣੀਆਂ ਏਸੇ ਬਾਰੇ ਲਿਖੀਆਂ ਨੇ। ਇਸਤਰੀਆਂ ਦੀ ਦੋਸਤੀ, ਉਹਨਾਂ ਦਾ ਸੰਗ, ਪ੍ਰੇਮ ਦਾ ਆਨੰਦ ਤੇ ਸੰਤਾਪ, ਮੇਰੀਆਂ ਬਹੁਤੀਆਂ ਕਹਾਣੀਆਂ ਦਾ ਹੀ ਨਹੀਂ, ਗੱਲਾਂ ਦਾ ਵੀ ਵਿਸ਼ਾ ਰਿਹਾ ਏ। ਉਹ ਮੇਰੀਆਂ ਕਹਾਣੀਆਂ 'ਤੇ ਰਾਏ ਤਾਂ ਦੇਂਦੇ ਨੇ, ਪਰ ਨਿੱਜੀ ਜ਼ਿੰਦਗੀ ਦੇ ਕਾਮੁਕ ਵਿਹਾਰ ਦੇ ਅਨੁਭਵਾਂ ਦੀ ਕਦੇ ਗੱਲ ਕਰਨ ਤੋਂ ਕਰਦੇ। ਜਿਵੇਂ ਕਾਮ ਦੀ ਗੱਲ ਕਰਨੀ ਉਹਨਾਂ ਨੂੰ 'ਗੰਦੀ ਗੱਲ' ਲੱਗਦੀ ਏ। ਭੰਡਾਰੀ ਮੇਰੇ ਨਾਲ ਕਦੇ ਵੀ ਕਿਸੇ ਔਰਤ ਨਾਲ ਆਪਣੇ ਸੰਬੰਧਾਂ ਦੀ ਗੱਲ ਤਾਂ ਕੀ, ਮਰਦ ਔਰਤ ਦੇ ਆਮ ਰਿਸ਼ਤੇ ਦੀ ਵੀ ਗੱਲ ਨਹੀਂ ਕਰਦਾ। ਮੈਨੂੰ ਨਹੀਂ ਪਤਾ ਕਿ ਕੋਈ ਔਰਤ ਉਹਦੇ ਮਨ 'ਚ ਕਦੇ ਵਸੀ ਹੋਵੇ ਜਾਂ ਉਹਨੇ ਕਿਸੇ ਪਰਾਈ ਤੀਵੀਂ ਨਾਲ ਦੋਸਤੀ ਵਾਲੇ ਸੰਬੰਧ ਰੱਖੇ ਹੋਣ। ਪਰ ਉਹਦੀਆਂ ਕਹਾਣੀਆਂ 'ਚ ਅਜਿਹੀਆਂ ਭਾਵਨਾਵਾਂ ਲੱਭਦੀਆਂ ਨੇ। ਖਬਰੇ ਇਹ ਹਸਰਤ ਹੀ ਹੋਵੇ ਉਹਦੀ। ਜੀਹਦੀ ਪੂਰਤੀ ਉਹ ਕਹਾਣੀ 'ਚ ਕਰ ਲੈਂਦਾ ਹੋਵੇ।.... ਉਹਦੇ ਮਨ ਦੀ ਏਸ ਗੰਢ ਦਾ ਉਦੋਂ ਮਾੜਾ ਜਿਹਾ ਪਤਾ ਲੱਗਦਾ ਏ, ਜਦ ਉਹ ਦਾਰੂ ਪੀ ਕੇ ਅੱਖਾਂ ਚਮਕਾ ਕੇ ਗੱਲ ਕਰ ਰਹੀ ਲੇਖਿਕਾ ਵੱਲ ਨੂੰ ਉੱਲਰਣ ਲੱਗ ਪੈਂਦਾ ਏ। ਉੱਲਰੇ ਕਿਉਂ ਨਾ ? ਆਖਰ ਨੂੰ ਉਹ ਨਰ ਕਬੂਤਰ ਏ। ਗੁਟਕੇਗਾ ਈ। ... ਪਰ ਉਹਦੇ ਕੋਲੋਂ ਕਹਾਣੀ ਨਹੀਂ ਸੀ ਲਿਖੀ ਜਾਂਦੀ। ਮੈਂ ਉਹਨੂੰ ਦੋ ਵਾਰ ਕੱਚੀਆਂ ਲਿਖੀਆਂ ਕਹਾਣੀਆਂ ਭੇਜੀਆਂ ਕਿ ਇਹਨਾਂ ਨੂੰ ਸੋਧ ਕੇ ਛਪਵਾ ਲੈ। ਪਰ ਉਹਦਾ ਕਲਮ ਚੱਲਦਾ ਈ ਨਹੀਂ ਸੀ।

ਫੇਰ ਅੱਤਵਾਦ ਦੇ ਸਮੇਂ 'ਚ ਉਦਾ ਕਲਮ ਚੱਲਿਆ ਤਾਂ ਉਹਨੇ ਕਈ ਚੰਗੀਆਂ ਕਹਾਣੀਆਂ ਲਿਖ ਕੇ ਕਿਤਾਬ ਛਪਵਾ ਲਈ। ਜੀਹਦੀ ਤਾਰੀਫ ਵੀ ਖਾਸੀ ਹੋਈ। ਉਹਦੇ 'ਤੇ ਈ ਉਹਨੂੰ ਸਾਹਿਤ ਅਕਾਦਮੀ ਦਾ ਐਵਾਰਡ ਵੀ ਮਿਲ ਗਿਆ। ਫੇਰ ਉਹਨੂੰ ਮੇਰੇ 'ਤੇ ਕੋਈ ਗੁੱਸਾ ਗਿਲਾ ਨਾ ਰਿਹਾ। ਫੇਰ ਉਹਨੇ ਅਨੁਵਾਦ ਦਾ ਵੀ ਚੰਗਾ ਕੰਮ ਕੀਤਾ।

ਫੇਰ ਮੋਹਨ ਰਿਟਾਇਰ ਹੋ ਕੇ ਸੈਕਟਰ 44 ਡੀ ਦੇ ਆਪਣੇ ਫਲੈਟ 'ਚ ਆ ਟਿਕਿਆ ਸੀ। ਮੈਨੂੰ ਇਹ ਵੀ ਚੰਗਾ ਲੱਗਦਾ ਸੀ। ਮੈਨੂੰ ਉਹਦਾ ਨੰਬਰ ਭੁੱਲ ਜਾਂਦਾ ਸੀ, ਪਰ ਉਹਦਾ ਤੇ ਆਲੇ ਦੁਆਲੇ ਦਾ ਨਕਸ਼ਾ ਯਾਦ ਰਹਿੰਦਾ ਸੀ। ਮੈਂ ਉਸੇ ਨਕਸ਼ੇ ਸਹਾਰੇ ਰਾਤ ਨੂੰ ਵੀ ਉਹਦੇ ਘਰ ਜਾ ਵੜਦਾ ਸੀ। ਏਸ ਘਰ ਦਾ ਨੰਬਰ ਮੈਂ ਉਹਦੇ ਟੈਲੀਫੋਨ ਨੰਬਰ 2613284 ਦੇ ਅੰਤਲੇ ਚਾਰ ਹਿੰਦਸਿਆਂ 3284 ਨੂੰ ਯਾਦ ਕਰਦਾ ਉਹਦਾ ਘਰ ਪਛਾਣ ਲੈਂਦਾ। ਉਥੇ ਈ ਭੂਸ਼ਨ ਰਹਿੰਦਾ ਸੀ। ਨੇੜੇ ਈ ਗੁਲ ਚੌਹਾਨ। ਮੋਹਨ ਦਾ ਇਹ ਘਰ ਵੀ ਸਰਕਾਰੀ ਵਰਗਾ ਛੋਟਾ ਸੀ। ਉਹਦਾ ਵੱਡਾ ਤੇ ਵਿਚਕਾਰਲਾ ਮੁੰਡਾ ਵਿਆਹ ਦੇ ਬਾਅਦ ਵੱਖਰੇ ਕਿਤੇ ਰਹਿੰਦੇ ਸੀ।

ਮੋਹਨ ਦੇ ਘਰ ਦਾ ਨੰਬਰ ਦੇਖ ਕੇ ਉੱਪਰ ਨੂੰ ਅੱਧੀ ਪੌੜੀ ਚੜ੍ਹਦਾ। ਫੇਰ ਖੱਬੇ ਹੱਥ ਮੁੜ ਕੇ ਉਹਦੇ ਘਰ ਦਾ ਬੂਹਾ। ਮੈਂ ਬੈੱਲ ਕਰਦਾ। ਅੰਦਰੋਂ ਮੋਹਨ ਦੀ ਅਵਾਜ਼ ਆਉਂਦੀ, "ਆ ਜਾ, ਹੁਣ ਆ ਵੀ ਜਾ।"

ਪਹਿਲਾਂ ਆਉਂਦਾ ਲੰਮਾ ਜਿਹਾ ਨਿੱਕਾ ਕਮਰਾ, ਜਿਸ ਨੂੰ ਉਹ 'ਡਰਾਇੰਗ ਰੂਮ' ਕਹਿੰਦੇ ਸੀ, ਲੰਘ ਕੇ ਮੈਂ ਅੰਦਰਲੇ ਕਮਰੇ 'ਚ ਜਾਂਦਾ। ਜਿਥੇ ਮੋਹਨ ਆਪਣੇ ਆਦਿ ਕਾਲ ਦੀ ਪੋਜ਼ੀਸ਼ਨ 'ਚ ਬੈਠਾ ਦਿਸਦਾ। ਚੌਕੋਰ ਕਮਰੇ ਦੇ ਪਰਲੇ ਪਾਸੇ ਵਾਲੇ ਬੈੱਡ 'ਤੇ। ਨਾਲ ਉਹਦੀ ਨਿੱਕੀ ਮੇਜ਼ 'ਤੇ ਉਵੇਂ ਫੱਟੀ 'ਚ ਅੜਾਏ ਕਾਗ਼ਜ਼ ਹੁੰਦੇ ਤੇ ਨਾਲ ਪਿਆ ਪੈੱਨ। ਨਾਲ ਐਸ਼ ਟਰੇ। ਸਿਗਰਟ ਉਹਦੇ ਹੱਥ 'ਚ ਹੁੰਦੀ ਤੇ ਧੂੰਆਂ ਉੱਡ ਰਿਹਾ ਹੁੰਦਾ। ਮੈਂ 1990 'ਚ ਰਿਟਾਇਰ ਹੋ ਕੇ ਸਿਗਰਟ ਛੱਡ ਚੁੱਕਾ ਸੀ, ਏਸ ਲਈ ਇਹ ਧੂੰਆਂ ਮੈਨੂੰ ਬੁਰਾ ਲੱਗਦਾ। ਕਈ ਵਾਰ ਮੈਂ ਨੱਕ 'ਤੇ ਰੁਮਾਲ ਰੱਖ ਲੈਂਦਾ। ... ਏਸੇ ਧੂੰਏਂ ਕਰ ਕੇ ਉਹਦੇ ਘਰ 'ਚ ਟੈਨਸ਼ਨ ਰਹਿੰਦੀ ਸੀ। ਉਹਦੇ ਘਰ 'ਚ ਛੋਟਾ ਬੇਟਾ ਰਾਹੁਲ ਤੇ ਉਹਦੀ ਪਤਨੀ ਦੇ ਨਾਲ ਉਹਦਾ ਬੱਚਾ ਵੀ ਹੁੰਦਾ ਸੀ। ਮੈਂ ਉਹਨਾਂ ਬਾਰੇ ਵੀ ਸੋਚਦਾ ਸੀ ਕਿ ਮੋਹਨ ਦੀ ਸਿਗਰੇਟ ਦਾ ਧੂੰਆਂ ਨਾਲ ਦੇ ਕਮਰੇ 'ਚ ਪਏ ਉਹਨਾਂ ਜੀਆਂ ਤਕ ਵੀ ਜਾਂਦਾ ਹੋਵੇਗਾ।



ਮੈਂ ਆਪਣੇ ਘਰ ਦੇ ਬੱਚਿਆਂ ਨੂੰ ਏਸ ਧੂੰਏਂ ਤੋਂ ਬਚਾਉਂਦਾ ਹੁੰਦਾ ਸੀ। ਮੈਨੂੰ ਮੋਹਨ ਦੇ ਘਰ 'ਚ ਵੀ ਤਕਲੀਫ ਹੁੰਦੀ ਸੀ। ਖਾਸ ਕਰਕੇ ਇਹ ਸੋਚ ਕੇ ਕਿ ਇਥੇ ਵੀ ਚਾਰ ਹੋਰ ਜੀਆਂ ਦੇ ਫੇਫੜਿਆਂ ਵਿੱਚ ਇਹ ਧੂੰਆਂ ਭਰ ਰਿਹਾ ਏ। ਪਰ ਮੈਂ ਮੋਹਨ ਕੋਲ ਕਦੇ ਇਹਦੀ ਗੱਲ ਨਹੀਂ ਸੀ ਕਰਦਾ। ਮੈਂ ਉਹਨੂੰ ਉਠਾ ਕੇ ਬਾਹਰ ਲੈ ਆਉਂਦਾ ਸੀ ਜਾਂ ਭੂਸ਼ਨ ਦੇ ਲੈ ਜਾਂਦਾ ਸੀ।

ਹੁਣ ਉਹਦਾ ਲਿਖਣਾ ਉੱਕਾ ਈ ਬੰਦ ਹੋ ਚੁੱਕਾ ਸੀ। ਮੇਜ਼ 'ਤੇ ਫੱਟੀ ਤੇ ਪੈੱਨ ਦਾ ਹੋਣਾ ਵੀ ਬਹਾਨੇ ਵਰਗਾ ਈ ਸੀ। ਮੈਂ ਜਦ ਵੀ ਪੁੱਛਦਾ ਕਿ ਕੀ ਲਿਖ ਰਿਹਾ ਏਂ ? ਤਾਂ ਕਹਿੰਦਾ, "ਬਸ ਕਹਾਣੀ ਕਹੁਣੀ ...।" ਮੈਂ ਸੁਝਾਓ ਦੇਂਦਾ ਕਿ ਆਤਮਕਥਾ ਲਿਖ। ਉਹ 'ਹਾਂ, ਹਾਂ' ਏਸ ਤਰ੍ਹਾਂ ਕਹਿੰਦਾ, ਜਿਵੇਂ 'ਨਾਂਹ' ਕਹਿ ਰਿਹਾ ਹੋਵੇ। ਮੈਂ ਸਮਝਦਾ ਕਿ ਇਹ ਆਪਣੇ ਬਜ਼ੁਰਗਾਂ ਬਾਰੇ ਕੁਝ ਨਹੀਂ ਜਾਣਦਾ, ਫੇਰ ਲਿਖੇਗਾ ਕੀ ? ਇਹਨੂੰ ਇਹ ਵੀ ਨਹੀਂ ਪਤਾ ਕਿ ਇਹਦੇ ਨਾਨਕੇ ਕਿੱਥੇ ਨੇ ! ਉਹਨਾਂ ਦਾ ਗੋਤ ਕੀ ਸੀ !

ਜਦ ਸੁਰਜੀਤ ਹਾਂਸ ਪਟਿਆਲੇ ਤੋਂ ਆ ਕੇ ਸੈਕਟਰ 43 ਬੀ 'ਚ ਰਹਿਣ ਲੱਗ ਪਿਆ ਤਾਂ ਮੈਨੂੰ ਦੋ ਘਰਾਂ 'ਚ ਆਉਣਾ ਜਾਣਾ ਹੋ ਗਿਆ ਸੀ। ਮੈਂ ਰਾਤ ਨੂੰ ਸੌਂਦਾ ਸੁਰਜੀਤ ਦੇ ਘਰ ਹੀ ਸੀ। ਮੋਹਨ ਦੇ ਘਰ 'ਚ ਪਤਾ ਨਹੀਂ ਕੀ ਸੀ ਕਿ ਮੈਨੂੰ ਟੈਨਸ਼ਨ ਮਹਿਸੂਸ ਹੁੰਦੀ ਰਹਿੰਦੀ ਸੀ। ਖਾਸ ਤੌਰ 'ਤੇ ਉਹਨਾਂ ਦਿਨਾਂ 'ਚ ਜਦ ਮੈਨੂੰ ਉਹਨੇ ਦੱਸਿਆ ਕਿ ਇਹ ਖੱਬੇ ਜਾਂ ਸੱਜੇ ਪਾਸੇ ਵਾਲੀ ਟਾਇਲਟ ਹੀ ਵਰਤਣੀ ਏ। ਏਸ ਗੁਸਲਖਾਨੇ 'ਚ ਈ ਜਾਣਾ ਏ। ਮੇਰੇ ਸਾਹਮਣੇ ਘਰ 'ਚ ਕੋਈ ਲੀਕ ਜਿਹੀ ਖਿੱਚੀ ਗਈ ਸੀ। ਕਦੇ ਉਹ ਕਹਿੰਦਾ ਸੀ ਕਿ ਆ, ਬਾਲਕਨੀ 'ਚ ਬਹਿੰਦੇ ਹਾਂ। – ਮੈਂ ਏਸ ਗੱਲ ਨੂੰ ਚੰਗਾ ਸਮਝਦਾ ਸੀ, ਕਿਉਂਕਿ ਸਿਗਰਟ ਦਾ ਧੂੰਆਂ ਬਾਹਰ ਹੀ ਰਹੇਗਾ। ਮੈਨੂੰ ਮਹਿਸੂਸ ਹੋਇਆ ਕਿ ਇਹ ਧੂੰਆਂ ਵੀ ਏਥੇ ਪੁਆੜੇ ਦੀ ਜੜ ਏ।

ਏਸ ਸਮੇਂ 'ਚ ਮੋਹਨ ਦੀ ਸਿਹਤ ਢਿੱਲੀ ਰਹਿਣ ਲਗ ਪਈ ਸੀ। ਉਹ ਬਿਮਾਰ ਹੋਇਆ ਤਾਂ ਹਸਪਤਾਲ ਲੈ ਜਾਣਾ ਪਿਆ ਸੀ। ਉਹਦੇ ਗੋਡੇ 'ਚ ਕਿਤੇ ਬਲਾਕੇਡ ਸੀ। ਮੈਂ ਏਸ ਗੱਲੋਂ ਡਰ ਗਿਆ ਕਿ ਨੌਬਤ ਆਪ੍ਰੇਸ਼ਨ ਤਕ ਨਾ ਪਹੁੰਚ ਜਾਵੇ। ਉਹਦੇ ਮੁੰਡਿਆਂ ਨੇ ਹਸਪਤਾਲ 'ਚ ਸਲਾਹ ਕੀਤੀ। ਡਾਕਟਰਾਂ ਨੇ ਉਹਦੇ ਬਲਾਕੇਡ ਰੋਕਣ ਦੀ ਦਵਾਈ ਦੇ ਦਿੱਤੀ। ਠੀਕ ਹੋ ਜਾਵੇ ਤਾਂ ਵਾਹ ਭਲੀ, ਨਹੀਂ ਤਾਂ ਆਪ੍ਰੇਸ਼ਨ ਕਰਨ ਦੀ ਲੋੜ ਪੈ ਸਕਦੀ ਏ। ਕੁਝ ਚਿਰ ਦਵਾਈ ਖਾਣ ਦੇ ਬਾਅਦ ਮੋਹਨ ਪਟਿਆਲੇ ਦੇ ਰੰਗਕਰਮੀ ਸੁਰਿੰਦਰ ਸ਼ਰਮਾ ਦੀ ਨੇਕ ਸਲਾਹ 'ਤੇ ਪਟਿਆਲੇ ਦੇ ਇਕ ਕੁਐਕ ਕੋਲੋਂ ਦਵਾਈ ਲੈਣ ਲੱਗ ਪਿਆ।... ਬੜੇ ਚਿਰ ਬਾਅਦ ਉਹ ਠੀਕ ਤਾਂ ਹੋ ਗਿਆ ਪਰ ਉਹਨੇ ਸ਼ਰਾਬ ਨਾ ਛੱਡੀ। ਹਾਲਾਂਕਿ ਉਹਨੂੰ ਡਾਕਟਰਾਂ ਨੇ ਮਨ੍ਹਾ ਕੀਤਾ ਹੋਇਆ ਸੀ। ਮੋਹਨ ਬਗਾਨੀਆਂ ਥਾਵਾਂ 'ਤੇ ਬਗਾਨੀ ਸ਼ਰਾਬ ਰੱਜ ਕੇ ਪੀਂਦਾ ਸੀ। ਮੈਂ ਉਹਨੂੰ ਆਪਣੇ ਘਰੇ ਕਦੇ ਏਸ ਤਰ੍ਹਾਂ ਪੀਂਦਿਆਂ ਨਹੀਂ ਸੀ ਵੇਖਿਆ।

ਇਕ ਵਾਰ ਪਾਕਿਸਤਾਨੀ ਸਾਹਿਤਕਾਰ ਜ਼ੁਬੈਰ ਅਹਿਮਦ ਆਇਆ ਹੋਇਆ ਸੀ। ਚੰਡੀਗੜ੍ਹ ਦੇ ਕਿਸੇ ਰੈਸਟੋਰੈਂਟ ਦੇ ਮਾਲਕ ਨੇ ਸੁਆਗਤੀ ਪਾਰਟੀ ਕੀਤੀ। ਅਸੀਂ ਵੀਹ ਬਾਈ ਲੇਖਕ

ਸੀ। ਸ਼ਰਾਬ ਦਾ ਦੌਰ ਚੱਲਿਆ ਤਾਂ ਭੰਡਾਰੀ ਹਟਣ 'ਚ ਨਾ ਆਵੇ। ਮੈਨੂੰ ਡਰ ਕਿ ਕਿਤੇ ਟੇਢਾ ਈ ਨਾ ਹੋ ਜਾਵੇ। ਮੈਂ ਰੋਕਿਆ ਵੀ। ਪਰ ਉਹ ਹਟਿਆ ਈ ਨਾ। ਖਾਣਾ ਖਾਂਦਿਆਂ ਨੂੰ ਗਿਆਰਾਂ ਵੱਜ ਗਏ। ਮੁੜਨ ਲੱਗੇ ਤਾਂ ਕਾਰ ਚਲਾਓਣ ਵਾਲੇ ਨੂੰ ਭੰਡਾਰੀ ਦੇ ਘਰ ਦੇ ਰਾਹ ਦਾ ਪਤਾ ਨਹੀਂ ਸੀ। ਇਹ ਸ਼ਰਾਬੀ ਹੋਇਆ ਕਦੇ 'ਖੱਬੇ ਮੁੜ' ਤੇ ਕਦੇ 'ਸੱਜੇ ਮੁੜੋ' ਕਰੀ ਗਿਆ। ਅੰਤ ਨੂੰ ਅਸੀਂ ਭੁਲੇਖੇ ਨਾਲ ਈ ਚੁਤਾਲੀ ਦੇ ਚੌਂਕ 'ਚ ਪਹੁੰਚ ਗਏ। ਫੇਰ ਮੈਂ ਰਾਹ ਦੱਸਿਆ।

ਉਹਨੂੰ ਇਕ ਵਾਰ ਤਕੜਾ ਅਟੈਕ ਹੋਇਆ। ਉਹ ਹਸਪਤਾਲ 'ਚ ਹਫਤਾ ਭਰ ਅੱਧ-ਸੁਰਤੀ 'ਚ ਪਿਆ ਰਿਹਾ। ਮੈਨੂੰ ਫੋਨ 'ਤੇ ਪਤਾ ਲੱਗਿਆ ਕਿ ਉਹਦਾ ਜਿਸਮ ਏਨਾ ਨਕਾਰਾ ਜਿਹਾ ਹੋ ਗਿਆ ਏ ਕਿ ਉਹਦੇ ਕੋਲੋਂ ਆਸਰੇ ਨਾਲ ਵੀ ਬੈਠਿਆ ਨਹੀਂ ਸੀ ਜਾਂਦਾ। ਓਸੇ ਬਿਮਾਰੀ ਕਰਕੇ ਉਹਦੀ ਯਾਦ-ਸ਼ਕਤੀ ਤੇ ਸੋਚ-ਸ਼ਕਤੀ 'ਤੇ ਵੀ ਮਾੜਾ ਪ੍ਰਭਾਵ ਪੈ ਗਿਆ। ਮੈਨੂੰ ਉਹਦੇ ਸ਼ਰਾਬ 'ਤੇ ਡਿਗਣ ਵਾਲੀ ਆਦਤ 'ਤੇ ਗੁੱਸਾ ਆਇਆ। ਜਦ ਰਾਜ਼ੀ ਹੋ ਕੇ ਘਰ ਆ ਗਿਆ ਤਾਂ ਮੈਨੂੰ ਸੁਖ ਦਾ ਸਾਹ ਆਇਆ। ਨਹੀਂ ਤਾਂ ਉਹਦੀ ਬਿਮਾਰੀ ਦੀ ਖਬਰ ਸੁਣ ਕੇ ਮੈਂ ਵੀ ਘਬਰਾ ਜਾਂਦਾ ਹਾਂ। ਮੈਂ ਉਹਨੂੰ ਕਿਹਾ ਕਿ ਹੁਣ ਤੂੰ ਆਪਣੇ ਨਾਲ ਆਪਣੇ ਮੁੰਡੇ ਦੇ ਟੱਬਰ ਨੂੰ ਜ਼ਰੂਰ ਰੱਖ। ਸਿਆਣਿਆਂ ਦਾ ਕੱਲਿਆਂ ਰਹਿਣਾ ਠੀਕ ਨਹੀਂ ਹੁੰਦਾ। ਉਹਨੇ ਮੇਰੇ ਆਖੇ ਨਹੀਂ, ਆਪਣੇ ਹਾਲਾਤ ਕਰਕੇ ਇੰਜ ਕਰਨਾ ਠੀਕ ਸਮਝਿਆ।

ਫੇਰ ਕੁਝ ਅਰਸੇ ਬਾਅਦ ਉਹਦਾ ਗਭਲਾ ਮੁੰਡਾ ਉਹਨੂੰ ਕਿਸੇ ਹੋਰ ਸੈਕਟਰ 'ਚ ਆਪਣੇ ਘਰ ਲੈ ਗਿਆ। ਜਿਥੇ ਉਹਦੀ ਟਹਿਲ ਸੇਵਾ ਹੋਣ ਲੱਗੀ। ਉਹ ਕਾਫੀ ਠੀਕ ਹੋ ਗਿਆ। ਪਰ ਉਮਰ ਤੇ ਹੋਰ ਕਾਰਨਾਂ ਕਰਕੇ ਉਹ ਬਹੁਤਾ ਚੁਸਤ ਦਰੁਸਤ ਨਹੀਂ ਰਿਹਾ। ਹੁਣ ਉਹ ਤੁਰਦਾ ਹੋਇਆ ਪੈਰ ਘੜੀਸਦਾ ਸੀ। ਪਰ ਕਿਸੇ ਹਸਪਤਾਲ ਨਹੀਂ ਜਾਂਦਾ। ਹਾਲਾਂਕਿ ਉਹਨੂੰ ਇਲਾਜ ਦਾ ਖਰਚਾ ਸਰਕਾਰ ਤੋਂ ਮਿਲ ਸਕਦਾ ਸੀ।

ਫੇਰ ਮੈਂ ਕਈ ਸਾਲ ਨਾ ਮਿਲ ਸਕਿਆ। ਇਕ ਦਿਨ ਦੀਦ ਨੇ ਆ ਕੇ ਦੱਸਿਆ ਕਿ ਭੰਡਾਰੀ ਹੁਣ ਠੀਕ ਨਹੀਂ। ਮੈਂ ਕੈਮਰੇ 'ਤੇ ਜੋ ਕੁਝ ਵੀ ਪੁੱਛਦਾ, ਉਹ ਆਲ਼ ਮਾਲ਼ ਜਿਹੀਆਂ ਗੱਲਾਂ ਕਰਦਾ ਤੇ ਚੁੱਪ ਹੋ ਜਾਂਦਾ ਰਿਹਾ। ਮੈਂ ਹੋਰਾਂ ਕੋਲੋਂ ਜਾਂ ਉਹਦੇ ਫੋਨ 'ਤੇ ਉਹਦਾ ਹਾਲ ਪੁੱਛਦਾ ਤਾਂ ਉਹ 'ਮੈਂ ਠੀਕ ਆਂ' ਕਹਿੰਦਾ। ਪਰ ਉਹਦੀ ਅਵਾਜ਼ ਠੀਕ ਨਾ ਲੱਗਦੀ।

ਫੇਰ ਪਤਾ ਲੱਗਿਆ ਕਿ ਹੁਣ ਉਹ ਦੂਜੇ ਮੁੰਡੇ ਦੇ ਘਰ ਚਲਿਆ ਗਿਆ ਏ। ਮੈਂ ਸੋਚਦਾ ਕਿ ਇਹ ਬੁਢੇਪਾ ਜਿਊਣਾ ਕਿੰਨਾ ਨਰਕ ਏ। ਬੁੱਢੇ ਨੂੰ ਬਿੱਲੀ ਵਾਂਗ ਘਰ ਬਦਲਣੇ ਪੈਂਦੇ ਨੇ। ਫੇਰ ਕੁਝ ਸਾਲਾਂ ਬਾਅਦ ਮੈਂ ਚੰਡੀਗੜ੍ਹ ਗਿਆ ਤਾਂ ਨਿਰਮਲ ਜਸਪਾਲ ਨੇ ਕਿਹਾ ਕਿ ਉਹ ਘਰ ਲੱਭ ਸਕਦੀ ਏ। ਉਹਨੂੰ ਅੰਦਾਜ਼ਾ ਏ। ਉਹ ਮੈਨੂੰ ਆਪਣੀ ਕਾਰ 'ਚ ਲੈ ਕੇ ਚਲੀ ਗਈ।

ਓਸ ਘਰ ਦੇ ਗੇਟ ਅੱਗੇ ਕੋਈ ਜਵਾਨ ਬਨੈਣ ਕੱਛਾ ਪਾਈ ਖੜ੍ਹ ਸੀ। ਮੈਂ ਛੇਤੀ ਦੇਣੀ ਉਹਦੇ ਵੱਲ ਵਧਿਆ ਤਾਂ ਉਹ ਅੰਦਰ ਵੜ ਗਿਆ। ਫੇਰ ਅੰਦਰੋਂ ਕੋਈ ਜਵਾਨ ਕੁੜੀ ਨਿੱਕਲੀ। ਮੈਂ ਉਹਨੂੰ ਮੋਹਨ ਬਾਰੇ ਪੁੱਛਿਆ ਤਾਂ ਉਹ 'ਆਜੋ' ਕਹਿ ਕੇ ਅੰਦਰ ਨੂੰ ਤੁਰ ਗਈ। ਫੇਰ ਉਹਨੇ ਪਹਿਲੇ ਈ ਬੂਹੇ 'ਤੇ ਝੱਕ ਝੱਕ ਕੀਤੀ। ਕੁੰਡਾ ਖੁੱਲ੍ਹਿਆ ਤਾਂ ਅੱਗੇ ਮੋਹਨ ਦੀ ਘਰਵਾਲੀ ਨਿਰਮਲ ਖੜ੍ਹੀ ਸੀ। ਛੋਟਾ ਜਿਹਾ ਕਮਰਾ ਸੀ। ਸਮਾਨ ਫੱਸਾ ਕੇ ਧਰਿਆ ਹੋਇਆ ਸੀ। ਮੈਂ ਮੋਹਨ ਦਾ ਹਾਲ ਚਾਲ ਪੁੱਛਿਆ ਤਾਂ ਉਹ ਹੱਸਦਾ, 'ਠੀਕ ਐ, ਠੀਕ ਐ' ਦੱਸੀ ਗਿਆ। ਫੇਰ ਉਹ ਉੱਠਿਆ ਤੇ ਅੰਦਰ ਨੂੰ ਜਾਣ ਲੱਗਿਆ ਤਾਂ ਉਹ ਮੈਨੂੰ ਕਹਿੰਦਾ, "ਲਿਆ ਹੱਥ ਦੇ।" ਮੇਰੇ ਸਹਾਰੇ ਉਹ ਬਾਥ ਰੂਮ 'ਚ ਵੜ



ਗਿਆ। ਮੁੜ ਕੇ ਵੀ ਏਸੇ ਤਰ੍ਹਾਂ ਆਇਆ। ਨਿਰਮਲ ਨੇ ਦੱਸਿਆ ਕਿ ਹੁਣ ਇਹ ਬਹੁਤੀਆਂ ਗੱਲਾਂ ਨਹੀਂ ਕਰਦੇ। ਕਦੇ ਔਟਲ਼ ਜਾਂਦੇ ਨੇ।

ਮੈਂ ਪੁੱਛਿਆ ਕਿ ਸੈਰ ਤਾਂ ਕਰ ਲੈਂਦਾ ਹੋਵੇਂਗਾ? ਤਾਂ ਕਹਿੰਦਾ, "ਹਾਂ, ਸਾਹਮਣੇ ਪਾਰਕ ਐ। ਮੈਂ ਕੁਰਸੀ ਬਾਹਰ ਲਿਜਾ ਕੇ ਰੱਖ ਦੇਂਦੀ ਹਾਂ।"

ਉਹਦੀ ਪਤਨੀ ਨੇ ਦੱਸਿਆ ਕਿ ਉਹ ਕੁਰਸੀ ਚੱਕ ਕੇ ਪਾਰਕ ਦੇ ਖੂੰਜੇ ਵਿਚ ਰੱਖ ਦੇਂਦੀ ਏ ਤੇ ਇਹ ਹੌਲੀ ਹੌਲੀ ਜਾ ਕੇ ਬਹਿ ਜਾਂਦੇ ਨੇ।" ਮੈਨੂੰ ਬੜੀ ਤਕਲੀਫ ਹੋਈ ਇਹ ਜਾਣ ਕੇ ਕਿ ਸਾਡਾ ਬੁੱਢਿਆਂ ਦਾ ਕੀ ਬਣਦਾ ਰਹਿੰਦਾ ਏ।

## (3) ਸੁਰਜੀਤ ਕੌਰ ਦਾ ਸਟੂਡਿਓ

ਮੇਰੀਆਂ ਮੁਹੱਬਤਾਂ ਦੀ ਇਕ ਅਟਾਰੀ ਚਿਤਰਕਾਰ ਸੁਰਜੀਤ ਕੌਰ ਦੇ ਤਿੰਨ ਘਰ ਰਹੇ ਨੇ। ਜਿਨ੍ਹਾਂ 'ਚੋਂ ਤੀਜਾ, ਜਿਹੜਾ ਉਹਨੇ ਹਰਦਿਆਲ ਨਗਰ 'ਚ ਆਪ ਬਣਵਾਇਆ ਸੀ, ਦਾ ਮੁਕਾਮ ਸਭ ਤੋਂ ਉੱਚਾ ਏ। ਉਹਦੇ ਵਿੱਚ ਬਹੁਤ ਲੰਮਾ ਚੌੜਾ ਵੱਡਾ ਚੁਬਾਰਾ ਏ। ਜਿਸ ਦੀ ਛੱਤ ਅੰਗ੍ਰੇਜ਼ਾਂ ਦੇ ਪਹਾੜੀ ਘਰਾਂ ਵਰਗੀ ਦੋਹਾਂ ਪਾਸਿਆਂ ਤੋਂ ਢਲਵੀਂ ਤੇ ਵਿੱਚਕਾਰ ਤੋਂ ਸਿਰਕੀ ਵਾਂਗ ਉੱਚੀ ਏ। ਤਾਂ ਜੋ ਛੱਤ 'ਤੇ ਪੈਂਦੀ ਬਰਫ ਨਾ ਟਿਕੀ ਰਹੇ ਤੇ ਮੀਂਹ ਦਾ ਪਾਣੀ ਤੁਰਤ ਲਹਿ ਜਾਵੇ। ਉਹਨੂੰ ਸੁਰਜੀਤ ਕੌਰ 'ਸਟੂਡਿਓ' ਤੇ ਮੈਂ 'ਦਾਨਿਸ਼-ਕਦਾ' ਕਹਿੰਦਾ ਹਾਂ। ਜਿਥੇ ਅਕਸਰ ਦੂਰੋਂ ਨੇੜਿਉਂ ਉਹਦੇ ਕਾਲਜ ਦੇ ਕੁਲੀਗ, ਚਿਤਰਕਾਰ, ਦਾਨਿਸ਼ਵਰ, ਚਿੰਤਕ, ਸਾਹਿਤਕਾਰ, ਆਲੋਚਕ, ਰੇਡਿਓ ਤੇ ਟੀ ਵੀ ਦੇ ਕਲਾਕਾਰ ਤੇ ਅਫਸਰ, ਅਖਬਾਰਾਂ ਦੇ ਪੱਤਰਕਾਰ, ਯੂਨੀਵਰਸਿਟੀਆਂ ਦੇ ਵੀ ਸੀ ਤੇ ਕਦੇ ਮਕਰੇ ਫੁਕਰੇ ਵਿਹਲੜ ਆਉਂਦੇ ਰਹਿੰਦੇ ਸੀ। ਸ਼ਾਮ ਨੂੰ ਅਕਸਰ ਚਾਹ ਜਾਂ ਕੌਫੀ 'ਤੇ ਮਹਿਫਲਾਂ ਜੰਮਦੀਆਂ ਸਨ ਤੇ ਕੋਮਲ ਕਾਲਾਵਾਂ ਦੇ ਸਾਰੇ ਰੂਪਾਂ 'ਤੇ ਬਹਿਸਾਂ ਹੁੰਦੀਆਂ ਸਨ।

ਜਦ ਵੀ ਕੋਈ ਏਸ ਸਟੂਡਿਓ 'ਚ ਨਵਾਂ ਬੰਦਾ ਆਉਂਦਾ ਤੇ ਚਾਹ ਕੌਫੀ ਪੀਣ ਬਾਅਦ ਚਿਤਰਕਾਰੀ ਦੀਆਂ ਗੱਲਾਂ ਕਰਦਾ ਤਾਂ ਸੁਰਜੀਤ ਕੌਰ ਸ਼ੀਸ਼ਿਆਂ ਦੇ ਚੱਲਵੇਂ ਬੂਹਿਆਂ ਵਾਲੀਆਂ ਕਿਤਾਬਾਂ ਦੀਆਂ ਅਲਮਾਰੀਆਂ ਦੇ ਹੇਠਾਂ ਬਣੇ ਖਾਨਿਆਂ ਵਿੱਚੋਂ ਆਪਣੇ ਚਿਤਰਾਂ ਨੂੰ ਇਕ-ਇਕ ਕਰ ਕੇ ਕੱਢਦੀ। ਕਿਸੇ ਨੂੰ ਕੰਧ ਨਾਲ, ਕਿਸੇ ਨੂੰ ਬੈੱਡ ਜਾਂ ਸਟੂਲ ਨਾਲ ਟਿਕਾ ਦੇਂਦੀ। ਸਟੂਡਿਓ ਵਿੱਚ ਪ੍ਰਦਰਸ਼ਨੀ ਲੱਗ ਜਾਂਦੀ। ਉਹਨੂੰ ਉਹ ਆਪ ਵੀ ਦੇਖਦੀ ਰਹਿੰਦੀ। ਆਇਆ ਬੰਦਾ ਉਹਦੇ ਰੰਗਾਂ ਤੇ ਕਲਾ ਦੀ ਤਾਰੀਫ ਕਰਦਾ। ਰੁਕਦਾ ਤਾਂ ਦੂਜੀ ਨਿੱਕਲ ਆਉਂਦੀ। ਇਵੇਂ ਸਾਰਾ ਸਟੂਡਿਓ ਚਿਤਰਾਂ ਨਾਲ ਭਰ ਜਾਂਦਾ। ਫੇਰ ਵਾਟਰ ਕਲਰ ਦੇ ਚਿਤਰਾਂ ਦੀਆਂ ਫਾਈਲਾਂ ਖੁੱਲ੍ਹਦੀਆਂ ਤੇ ਫੇਰ ਪੈੱਨ ਸਕੈਚਾਂ ਵਾਲੀਆਂ ਵਹੀਆਂ ਜਾਂ ਚੁਪੱਤਰਿਆਂ ਵਰਗੇ ਪੱਤਰੇ ਖੁੱਲ੍ਹਦੇ। ਜਿਨ੍ਹਾਂ 'ਤੇ ਚਿਤਰਕਾਰ ਵੱਲੋਂ ਅਭਿਆਸ ਕਰਦਿਆਂ ਪੈੱਨ ਜਾਂ ਪੈਨਸਿਲ ਨਾਲ ਬਣਾਏ ਸਕੈਚ ਹੁੰਦੇ। ਦੇਖਣ ਵਾਲਾ ਜੇ ਚਿਤਰਕਾਰ ਹੁੰਦਾ ਤਾਂ ਕਲਾ ਦੀ ਦਾਦ ਦੇਂਦਾ, ਜੇ ਭਾਰੀ ਜੇਬ ਵਾਲਾ ਹੁੰਦਾ ਤਾਂ ਇਕ ਦੋ ਦੀ ਕੀਮਤ ਪੁੱਛਦਾ। ... ਖਰੀਦਾਰ ਕੋਈ ਵਿਰਲਾ ਟਾਵਾਂ ਹੀ ਹੁੰਦਾ, ਬਹੁਤੇ ਗੱਲਾਂ ਕਰਦੇ ਤੇ ਕੌਫੀ ਪੀ ਕੇ ਤੁਰ ਜਾਂਦੇ। ਤਾਂ ਵੀ ਸੁਰਜੀਤ ਕੌਰ ਨੂੰ ਕੋਈ ਗਿਲਾ ਨਹੀਂ ਸੀ ਹੁੰਦਾ।

ਸੁਰਜੀਤ ਕੌਰ ਨਾਲ ਮੇਰੀ ਦੋਸਤੀ ਦਾ ਦਰਜਾ ਇਸਤਰੀਆਂ ਵਿੱਚੋਂ ਸਭ ਤੋਂ ਬਲੰਦ ਰਿਹਾ ਏ। ਮੇਰੀ ਜ਼ਿੰਦਗੀ 'ਚ ਉਹਦਾ ਅਮਲ ਦਖਲ ਏਨਾ ਰਿਹਾ ਏ ਕਿ ਮੇਰੇ ਬਹੁਤੇ ਸਾਹਿਤ 'ਤੇ ਉਹਦੀ

ਸ਼ਖ਼ਸੀਅਤ ਦੀ ਛਾਪ ਏ। ਮੇਰਾ ਦੋਸਤ ਓਮ ਪ੍ਰਕਾਸ਼ ਪਨਾਹਗੀਰ ਕਹਿੰਦਾ ਹੁੰਦਾ ਏ ਕਿ ਇਹ ਛਾਪ ਤੇਰੇ ਸਾਹਿਤ ਦਾ ਆਲੂ ਏ। ਉਹ ਤੇਰੀ ਹਰ ਇਕ ਲਿਖਤ ਵਿੱਚ ਕਿਸੇ ਨਾ ਕਿਸੇ ਰੂਪ 'ਚ ਮੌਜੂਦ ਹੁੰਦੀ ਏ।... ਪਰ ਮੈਂ ਕਹਿੰਦਾ ਹਾਂ ਕਿ ਉਹ ਆਲੂ ਨਹੀਂ, ਪੰਜ ਰਤਨੀ ਏ। ਜੀਹਦੇ ਵਿੱਚ ਸਾਗਰ ਮੰਥਣ 'ਚੋਂ ਨਿੱਕਲੇ ਪੰਜ ਰਤਨ ਵਿੱਦਮਾਨ ਨੇ।

ਸਾਡੀ ਮੁਲਾਕਾਤ 1969 'ਚ ਕੌਫੀ ਹਾਊਸ 'ਚ ਹੋਈ ਸੀ। ਉਹ ਬਹੁਤ ਖ਼ੂਬਸੂਰਤ, ਖ਼ੁਸ਼ਲਿਬਾਸ ਤੇ ਬਹੁਤ ਈ ਸਲੀਕੇ ਨਾਲ ਗੱਲ ਕਰਦੀ ਸੀ। ਪਤਾ ਨਹੀਂ ਕਿਵੇਂ ਉਹਨੇ ਮੈਨੂੰ ਆਪਣੇ ਘਰ ਆਉਣ ਦੀ ਦਾਅਵਤ ਦਿੱਤੀ ਤੇ ਘਰ ਦਾ ਪਤਾ ਵੀ ਦੱਸਿਆ। ਪਰ ਮੈਂ ਉਹ ਭੁੱਲ ਗਿਆ। ਕਈ ਦਿਨਾਂ ਬਾਅਦ ਮੈਂ ਮਾਡਲ ਟਾਊਨ ਵਾਲੀ ਸੜਕ 'ਤੇ ਜਾ ਰਿਹਾ ਸੀ ਕਿ ਉਹਨੇ ਰਿਕਸ਼ੇ 'ਚ ਜਾਂਦੀ ਨੇ ਮੈਨੂੰ ਅਵਾਜ਼ ਮਾਰ ਲਈ। ਅਸੀਂ ਸੜਕ ਤੋਂ ਪਾਸੇ ਹੋ ਕੇ ਮਿਲੇ। ਉਹਨੇ ਮੈਨੂੰ '**ਲਕੀਰ**' ਦਾ ਚੰਦਾ ਦਿੱਤਾ ਤੇ ਆਪਣੇ ਘਰ ਦਾ ਪਤਾ ਫੇਰ ਦੱਸਿਆ। ਮੈਂ ਸ਼ੁਕਰੀਆ ਕਹਿ ਕੇ ਕਾਗ਼ਜ਼ ਦੇ ਇਕ ਪੁਰਜ਼ੇ 'ਤੇ ਲਿਖ ਲਿਆ। ਦੂਜੇ ਦਿਨ ਉਹਨੂੰ ਪਰਚਾ ਪੋਸਟ ਕਰ ਦਿੱਤਾ। ਹਫਤੇ ਕੁ ਬਾਅਦ ਉਹ ਆਦਰਸ਼ ਨਗਰ 'ਚ ਮੇਰੇ ਘਰ ਆ ਗਈ। ਏਨੀ ਖ਼ੂਬਸੂਰਤ ਜ਼ਨਾਨੀ ਦੇ ਆਉਣ 'ਤੇ ਮੈਨੂੰ ਤਾਂ ਕੁਝ ਸੁਝਣਾ ਈ ਬੰਦ ਹੋ ਗਿਆ। ਉਹ ਮੇਰੀ ਪਤਨੀ ਤੇ ਬੱਚਿਆਂ ਨੂੰ ਮਿਲੀ ਤੇ ਮੇਰੇ ਆਉਣ ਲਈ ਫੇਰ ਦਾਅਵਤ ਦੇ ਗਈ।

ਜਦ ਮੈਂ ਹਫਤੇ ਬਾਅਦ ਮਾਡਲ ਟਾਊਨ 'ਚ ਉਹਦੇ ਘਰ ਉਹਨੂੰ ਮਿਲਣ ਗਿਆ ਤਾਂ ਸਾਰਾ ਘਰ ਬਹੁਤ ਈ ਸਾਫ ਸੁਥਰਾ ਸੀ ਤੇ ਸਾਰਾ ਸਮਾਨ ਸਲੀਕੇ ਨਾਲ ਸਜਾਇਆ ਹੋਇਆ ਸੀ। ਅਸਲ 'ਚ ਇਹ ਖੂੰਜੇ ਵਾਲੇ ਪਲਾਟ 'ਤੇ ਬਣਿਆ ਹੋਇਆ ਸੀ। ਇਕ ਕਮਰਾ ਸੁਫੈਦ ਚਾਦਰਾਂ ਤੇ ਸੁਫੈਦ ਗਾਓ ਤਕੀਇਆਂ ਨਾਲ ਸਜਾਇਆ ਹੋਇਆ ਸੀ। ਇਕ ਖੂੰਜੇ 'ਚ ਸਿਤਾਰ ਪਈ ਸੀ। ਕੰਧਾਂ 'ਤੇ ਚਾਰ ਚਿਤਰ ਲੱਗੇ ਸਨ। ਜਿਨ੍ਹਾਂ 'ਚੋਂ ਇਕ ਸੋਭਾ ਸਿੰਘ ਦੀ 'ਸੋਹਣੀ' ਸੀ। ਪਰ ਕੋਈ ਵੀ ਧਾਰਮਕ ਤਸਵੀਰ ਨਹੀਂ ਸੀ। ਅੰਦਰ ਵੜਨ ਲਈ ਜੋੜੇ ਲਾਹੁਣੇ ਪੈਂਦੇ ਸਨ। ਅਸੀਂ ਕੁਝ ਦੇਰ ਲਈ ਅੰਦਰ ਬੈਠੇ ਤਾਂ ਸੁਰਜੀਤ ਕੌਰ ਨੇ ਟੇਪ ਰੀਕਾਰਡਰ 'ਤੇ ਕੋਈ ਨੀਮ ਕਲਾਸੀਕਲ ਗਾਣਾ ਸੁਣਾਇਆ। ਜੀਹਦੀ ਮੈਨੂੰ ਬਹੁਤੀ ਸਮਝ ਨਹੀਂ ਸੀ- ਕੋਈ ਕਜਰੀ, ਠੁਮਰੀ ਜਾਂ ਦਾਦਰਾ ਹੋਵੇਗਾ। ਫੇਰ ਇਕ ਦੋ ਫਿਲਮੀ ਮੁਜਰੇ ਦੀਆਂ ਗ਼ਜ਼ਲਾਂ ਵੀ ਸੁਣਾਈਆਂ। ਚਾਹ ਪੀਣ ਲਈ ਮੈਨੂੰ ਦੂਜੇ ਕਮਰੇ 'ਚ ਲਿਜਾਇਆ ਗਿਆ। ਚਾਹ ਨੌਕਰ ਨੇ ਬਣਾਈ ਸੀ। ਫੇਰ ਉਹ ਬੱਚੇ ਨੂੰ ਸਕੂਲ 'ਤੋਂ ਲੈਣ ਚਲਿਆ ਗਿਆ ਸੀ। ਚਾਹ ਵੱਡੇ ਚਾਹ ਖਾਨਿਆਂ ਵਾਂਗ ਵੱਖਰੀ ਵੱਖਰੀ ਹਾਫ ਸੈੱਟ ਬਣਾਈ ਗਈ ਸੀ। ਪੱਤੀ ਗਰੀਨ ਲੇਬਲ ਦੀ ਸੀ। ਅਜਿਹੀ ਚਾਹ ਮੈਂ ਅਕਸਰ ਸੁਰਜੀਤ ਹਾਂਸ ਦੇ ਘਰ ਪੀਂਦਾ ਹੁੰਦਾ ਸੀ। ਪਰ ਉਹ ਵੱਧ ਸਟਰੌਂਗ ਹੁੰਦੀ ਸੀ। ਇਹ ਨਰਮ ਸੀ। ਇਹਦੀ ਖ਼ੁਸ਼ਬੂ ਤੇ ਸੁਆਦ ਘੱਟ ਈ ਕਿਤੇ ਮਿਲਦਾ ਸੀ। ਮੈਂ ਕਿਹਾ, "ਤੁਸੀਂ ਅਜਿਹੀ ਚਾਹ ਮੈਨੂੰ ਪਲਾ ਕੇ ਚੰਗਾ ਨਹੀਂ ਕੀਤਾ, ਹੁਣ ਮੈਂ ਇਹਦੀ ਝਾਕ 'ਚ ਅਕਸਰ ਆਉਣ ਲੱਗ ਪੈਣੈ।"

ਉਹ ਫਿਲਮੀ ਅੰਦਾਜ਼ 'ਚ ਮੁਸਕਰਾਈ ਤੇ ਮੈਨੂੰ ਆਪਣਾ ਸਟੂਡਿਓ ਦਿਖਾਉਣ ਲੈ ਗਈ। ਜਿਹੜਾ ਬਾਹਰਲੇ ਨਿੱਕੇ ਬਰਾਂਡੇ 'ਚ ਬਾਂਸ ਦੀਆਂ ਜਾਲੀਦਾਰ ਕੰਧਾਂ ਦੇ ਅੰਦਰ ਤੇ ਬਾਹਰ ਪਲਾਸਟਿਕ ਦੀਆਂ ਸ਼ੀਟਾਂ ਲਾ ਲਾ ਕੇ ਬਣਾਇਆ ਹੋਇਆ ਸੀ। ਅੰਦਰਲੇ ਪਾਸੇ ਕੁਝ ਬਣੇ ਤੇ ਕੁਝ ਅਧ-ਬਣੇ ਚਿਤਰ ਪਏ ਸਨ। ਕੁਝ ਖਾਲੀ ਕੈਨਵਸ ਤੇ ਇਕ ਈਜ਼ਲ 'ਤੇ ਟੰਗਿਆ ਹੋਇਆ ਸੀ। ਜਿਸ 'ਤੇ 'ਸੋਹਣੀ' ਬਨਾਉਣ ਦਾ ਅਭਿਆਸ ਕੀਤਾ ਜਾ ਰਿਹਾ ਸੀ। ਕੁਰਸੀਆਂ ਸਿਰਫ ਦੋ ਈ ਸਨ।



ਇਕ ਚਿਤਰਕਾਰ ਦੀ ਬਿਨਾਂ ਬਾਜ਼ੂ ਵਾਲੀ ਤੇ ਦੂਜੀ ਨੀਵੀਂ ਬਹਿ ਕੇ ਦੇਖਣ ਵਾਲੇ ਲਈ। ਅੰਦਰ ਅੱਗਰਬੱਤੀ ਜਾਂ ਕਿਸੇ ਹੋਰ ਸੈਂਟ ਦੀ ਖ਼ੁਸ਼ਬੋ ਫੈਲੀ ਹੋਈ ਸੀ। ਉਹਦੇ ਵਿੱਚ ਇਕ ਖ਼ੁਸ਼ਬੂ ਹੋਰ ਰਲ਼ੀ ਹੋਈ ਸੀ। ... ਮੈਨੂੰ ਲੱਗਿਆ ਕਿ ਇਹ ਕਲਾਕਾਰ ਤੋਂ ਆ ਰਹੀ ਸੀ। ... ਤਦੇ ਮੈਨੂੰ ਭੁਲੇਖਾ ਜਿਹਾ ਪਿਆ ਕਿ ਕਿਸੇ ਨੇ ਮੇਰਾ ਹੱਥ ਫੜਿਆ ਏ। ਜਾਂ ਫੜ ਕੇ ਛੱਡ ਦਿੱਤਾ ਏ।

ਮੈਨੂੰ ਓਸ ਘਰ ਦਾ ਸਾਰਾ ਮਾਹੌਲ ਰੋਮਾਂਟਿਕ ਜਿਹਾ ਲੱਗਿਆ। ਖਾਸ ਤੌਰ 'ਤੇ ਓਸ ਘਰ ਵਿੱਚੋਂ ਨਿੱਕਲ ਕੇ ਆਪਣੇ ਘਰ ਆ ਜਾਣ ਦੇ ਬਾਅਦ।... ਮੈਂ ਸਿਗਰਟ ਲਾ ਕੇ ਓਸ ਪਲ ਬਾਰੇ ਸੋਚਦਾ ਰਿਹਾ, ਜਦ ਚਿਤਰਕਾਰ ਤੋਂ ਵਿਦਾ ਹੋਣ ਵੇਲ਼ੇ ਸਾਡੇ ਹੱਥ ਇਕ ਦੂਜੇ ਨਾਲ ਮਿਲ ਗਏ ਸਨ। ਮੈਨੂੰ ਕਦੇ ਲੱਗਦਾ ਕਿ ਹੱਥ ਮਿਲੇ ਸਨ ਤੇ ਕਦੇ ਲੱਗਦਾ ਕਿ ਨਹੀਂ, ਇਹ ਮੇਰਾ ਭੁਲੇਖਾ ਈ ਸੀ।... ਆਪਣੇ ਮਨ ਨੂੰ ਮਨਾਉਣ ਲਈ ਮੈਂ ਸੋਚਿਆ ਸੀ ਕਿ ਤਦੇ ਤਾਂ ਗੇਟ 'ਤੇ ਜਾ ਕੇ ਮੈਂ ਫੇਰ ਕਿਹਾ ਸੀ, "ਹੁਣ ਮੈਨੂੰ ਚਾਹ ਦੀ ਖ਼ੁਸ਼ਬੋ ਏਥੇ ਬੁਲਾਉਂਦੀ ਰਵ੍ਹੇਗੀ।"

ਉਹ ਹੱਸ ਪਈ ਸੀ। ਕਹਿੰਦੀ, "ਅਗਲੀ ਵਾਰ ਮੈਂ ਪਕੌੜੇ ਵੀ ਖਲਾਵਾਂਗੀ।"... ਮੈਨੂੰ ਓਸ ਘਰ ਬਾਰੇ ਸੋਚਦਿਆਂ ਲੱਗਿਆ ਕਿ ਸੁਰਜੀਤ ਕੌਰ ਦਾ ਪਤੀ ਕੋਈ ਵੱਡਾ ਅਫਸਰ ਹੋਣਾ ਏ। ਤਦੇ ਘਰ 'ਚ ਏਨੀਆਂ ਕੀਮਤੀ ਚੀਜ਼ਾਂ ਤੇ ਸ਼ਾਹੀ ਠਾਠ ਨੇ। ਨੌਕਰ ਰੱਖਿਆ ਹੋਇਆ ਏ। ਪਰ ਇਹ ਗੱਲ ਠੀਕ ਨਹੀਂ ਸੀ। ਉਹ ਪੀ. ਡਬਲਲਿਊ. ਡੀ. 'ਚ ਛੋਟਾ ਅਫਸਰ ਸੀ। ... ਹੋ ਸਕਦਾ ਏ ਕਿ ਉਹਨਾਂ ਦਾ ਪਿੱਛਾ ਬਹੁਤਾ ਤਕੜਾ ਹੋਵੇ।

ਫੇਰ ਮੈਂ ਤਿੰਨ ਕੁ ਵਾਰ ਓਸ ਘਰ ਗਿਆ। ਉਹਦੇ ਮੰਦਰ ਵਰਗੇ, ਚਿੱਟੀਆਂ ਚਾਦਰਾਂ ਵਾਲੇ ਕਮਰੇ 'ਚ ਕੁਝ ਚਿਰ ਬੈਠਿਆ ਤੇ ਫੇਰ ਨਿੱਕੇ ਜਿਹੇ ਕਲਾ ਸਟੂਡਿਓ ਵਿੱਚ ਬਹਿ ਕੇ ਗੱਲਾਂ ਮਾਰ ਕੇ ਆ ਗਿਆ। ਪਰ ਕੁਝ ਈ ਚਿਰ ਬਾਅਦ ਸੁਰਜੀਤ ਕੌਰ ਨੇ ਮਾਡਲ ਟਾਊਨ 'ਚ ਹੀ ਉਹ ਘਰ ਬਦਲ ਲਿਆ। ਜਿਸ ਦਾ ਪਤਾ ਉਹਨੇ ਮੈਨੂੰ ਸਾਡੇ ਘਰ ਆ ਕੇ ਦਿੱਤਾ ਸੀ। ਏਧਰ ਅਸੀਂ ਵੀ ਕਿਰਾਏ ਦਾ ਘਰ ਛੱਡ ਕੇ ਮੋਤਾ ਸਿੰਘ ਨਗਰ 'ਚ ਬਣਾਏ ਆਪਣੇ ਨਵੇਂ ਘਰ 'ਚ ਆ ਵਸੇ ਸੀ।

## ਮਾਡਲ ਟਾਊਨ ਵਾਲਾ ਘਰ-2

ਇਹ ਨਵਾਂ ਘਰ ਮੋਤਾ ਸਿੰਘ ਨਗਰ ਦੇ ਮੇਰੇ ਨਵੇਂ ਘਰ ਦੇ ਵੱਧ ਨੇੜੇ ਸੀ। ਸੁਰਜੀਤ ਕੌਰ ਦਾ ਨਵਾਂ ਘਰ ਪਹਿਲੇ ਨਾਲੋਂ ਕਿਤੇ ਵੱਡਾ ਤੇ ਖੁੱਲ੍ਹੇ ਵਿਹੜੇ ਵਾਲਾ ਸੀ। ਕਿਸੇ ਗ਼ੈਰ ਦਾ ਦਖ਼ਲ ਨਹੀਂ ਸੀ। ਮਕਾਨ ਦੀ ਮਾਲਕਣ ਮਾਈ ਵਲੈਤ 'ਚ ਰਹਿੰਦੀ ਸੀ। ਨਾਲ ਦੇ ਮਕਾਨ 'ਚ ਸੁਰਜੀਤ ਕੌਰ ਦੇ ਵੱਡੇ ਭੈਣ ਜੀ ਦਾ ਟੱਬਰ ਰਹਿੰਦਾ ਸੀ। ਏਥੇ ਸੁਰਜੀਤ ਕੌਰ ਦੇ ਸਹੁਰਾ ਸਾਹਿਬ ਵੀ ਰਿਟਾਇਰ ਹੋ ਕੇ ਨਾਲ ਰਹਿਣ ਲੱਗ ਪਏ ਸੀ। ਮੈਂ ਜਦ ਵੀ ਉਹਨਾਂ ਦੇ ਘਰ ਜਾਂਦਾ ਤਾਂ ਗੇਟ ਖੜਕਾ ਕੇ ਅਮਰੂਦ ਦੇ ਦਰਖਤ ਹੇਠ ਸਾਈਕਲ ਖੜ੍ਹਾ ਕਰ ਕੇ ਵਰਾਂਡੇ 'ਚ ਜਾ ਖੜ੍ਹਦਾ। ਡਰਾਇੰਗ ਰੂਮ 'ਚ ਪਹਿਲਾਂ ਓਸ ਸ਼ਰੀਫ ਬਜ਼ੁਰਗ ਨਾਲ ਮੁਲਾਕਾਤ ਹੁੰਦੀ। ਸੁਰਜੀਤ ਕੌਰ ਚਾਹ ਬਣਾ ਲਿਆਉਂਦੀ ਤਾਂ ਉਹ ਉੱਠ ਕੇ ਦੂਜੇ ਕਮਰੇ 'ਚ ਚਲੇ ਜਾਂਦੇ। ਜੇ ਉਹਨਾਂ ਕੋਲ ਕੋਈ ਹੋਰ ਬੈਠਾ ਹੁੰਦਾ ਤਾਂ ਅਸੀਂ ਮਕਾਨ ਦੇ ਪਿਛਲੇ ਹਿੱਸੇ 'ਚ ਬਣੇ ਇਕ ਨਿੱਕੇ ਜਿਹੇ ਕਮਰੇ 'ਚ ਜਾ ਬਹਿੰਦੇ। ਇਹ ਸੁਰਜੀਤ ਕੌਰ ਦਾ ਸਟੂਡਿਓ ਸੀ। ਜਿਥੇ ਇਕ ਨਿੱਕੀ ਜਿਹੀ ਅਲਮਾਰੀ 'ਚ ਕਿਤਾਬਾਂ ਸਨ। ਦੂਜੀ 'ਚ ਚਿਤਰਕਾਰੀ ਦਾ ਸਮਾਨ ਤੇ ਰੰਗ ਬ੍ਰਸ਼ ਪਏ ਸਨ। ਈਜ਼ਲ 'ਤੇ ਕੈਨਵਸ ਟੰਗਿਆ ਹੋਇਆ ਸੀ। ਪਿੱਛੇ ਦੋ ਸਟੂਲ। ਇਕ ਕਲਾਕਾਰ ਦਾ

ਤੇ ਦੂਜਾ ਬਹਿ ਕੇ ਦੇਖਣ ਵਾਲੇ ਲਈ। ਤੀਜੇ ਦੇ ਬਹਿਣ ਲਈ ਖੂੰਜੇ ’ਚ ਪਈ ਤਿਪਾਈ ਸੀ। ਏਥੇ ਬਹਿ ਕੇ ਅਸੀਂ ਚਾਹ ਤਾਂ ਪੰਦਰਾਂ ਕੁ ਮਿੰਟਾਂ ’ਚ ਪੀਂਦੇ, ਪਰ ਗੱਲਾਂ ’ਚ ਦੋ ਘੰਟੇ ਬਿਤਾ ਦੇਂਦੇ। ਮੁੱਕਣ ’ਚ ਹੀ ਨਾ ਆਉਂਦੀਆਂ- ਚਿਤਰਕਾਰੀ ਤੇ ਸਾਹਿਤ ਦੀਆਂ ਗੱਲਾਂ। ਉਹ ਪੰਜਾਬੀ ਸਾਹਿਤ ’ਚ ਅੰਮ੍ਰਿਤਾ ਪ੍ਰੀਤਮ, ਗੁਰਬਖ਼ਸ਼ ਸਿੰਘ ਤੇ ਨਾਨਕ ਸਿੰਘ ਤੋਂ ਪ੍ਰਭਾਵਤ ਸੀ। ਉਹਦੀ ਹਰ ਗੱਲ, ਹਰ ਚੀਜ਼ ਤੇ ਹਰ ਅਦਾ ’ਚ ਕਲਾਕਾਰੀ ਸੀ।

ਏਸ ਮਕਾਨ ’ਚ ਜਦ ਵੀ ਮੈਂ ਜਾਂਦਾ, ਕੋਈ ਨਾ ਕੋਈ ਨਵਾਂ ਕਲਾਕਾਰ ਆਇਆ ਬੈਠਾ ਹੁੰਦਾ। ਕਦੇ ਕੋਈ ਚਿਤਰਕਾਰ ਹੁੰਦਾ ਤੇ ਕਦੇ ਕੋਈ ਲੇਖਕ ਜਾਂ ਫੋਟੋਗ੍ਰਾਫਰ। ਇਕ ਦਿਨ ਦਿੱਲੀ ਤੋਂ ਆਇਆ ਕੋਈ ਖੱਦਰ-ਪੋਸ਼ ਬੈਠਾ ਸੀ। ਉਹ ਸੰਗਰੂਰ ਦੇ ਝੁੱਗੀ ਝੌਂਪੜੀ ’ਚ ਰਹਿਣ ਵਾਲਿਆਂ ਦਾ ਮੁੰਡਾ ਸੀ। ਜਿਥੇ ਉਹ ਕੱਚੀਆਂ ਕੰਧਾਂ ’ਤੇ ਮਿੱਟੀ ਦੇ ਰੰਗਾਂ ਨਾਲ ਚਿਤਰਕਾਰੀ ਕਰਦਾ ਸੀ। ਹੁਣ ਉਹ ਸੁਰਜੀਤ ਕੌਰ ਦੀ ਸਹਾਇਤਾ ਕਰ ਕੇ ਦਿੱਲੀ ’ਚ ਫੋਟੋਗ੍ਰਾਫੀ ਦੀ ਦੁਕਾਨ ਕਰਦਾ ਸੀ। ਫੇਰ ਬਠਿੰਡੇ ਦੇ ਇਲਾਕੇ ਦਾ ਇਕ ਗਰੀਬੜਾ ਕਲਾਕਾਰ ਸਿੱਧਾਰਥ ਇਕ ਮਹੀਨਾ ਭਰ ਉਹਦੇ ਘਰ ਰਿਹਾ। ਓਸ ਮਕਾਨ ਦਾ ਦਿਲ ਬੜਾ ਖੁੱਲ੍ਹਾ ਸੀ ਤੇ ਸੁਰਜੀਤ ਕੌਰ ਦਾ ਦਿਲ ਓਸ ਤੋਂ ਵੱਧ ਖੁੱਲ੍ਹਾ। ਫੇਰ ਵਲੈਤ ’ਚ ਵਸਦੇ ਕਲਾਕਾਰਾਂ ਤੇ ਕਲਾ ਦੇ ਪਾਰਖੂਆਂ ਨੂੰ ਏਸ ਘਰ ਦਾ ਰਾਹ ਦਿਸ ਗਿਆ ਸੀ। ਓਸ ਘਰ ਆਉਂਦੀ ਰੇਡਿਓ ਸਟੇਸ਼ਨ ਦੀ ਇਕ ਸੋਹਣੀ ਪ੍ਰੋਗ੍ਰਾਮਰ ਅਕਸਰ ਆ ਜਾਂਦੀ ਹੁੰਦੀ ਸੀ। ਉਹ ਮੈਨੂੰ ਕਹਿੰਦੀ ਹੁੰਦੀ ਸੀ, “ਕਦੇ ਸਾਡੇ ਘਰ ਵੀ ਇਹੋ ਜਿਹੀ ਮਹਿਫਲ ਲਾਓ।” ਉਹ ਓਸੇ ਗਲੀ ’ਚ ਰਹਿੰਦੀ ਸੀ।

1986 ’ਚ ਸੁਰਜੀਤ ਕੌਰ ਨੇ ਗੜ੍ਹਾ ਰੋਡ ਤੋਂ ਹਟਵੇਂ ਹਰਦਿਆਲ ਨਗਰ ’ਚ ਆਪਣਾ ਨਵਾਂ ਮਕਾਨ ਪਾ ਲਿਆ ਤੇ ਛੇਤੀ ਹੀ ਆ ਵਸਾਇਆ। ਇਹ ਪਲਾਟ ਉਹਨੂੰ ਮੈਂ ਆਪਣੇ ਦੋਸਤ ਹਰਦਿਆਲ ਦੇ ਛੋਟੇ ਭਾਈ ਪ੍ਰੇਮ ਸਿੰਘ ਚੱਠਾ ਤੋਂ ਸਸਤਾ ਦਿਵਾਇਆ ਸੀ। ਸੁਰਜੀਤ ਕੌਰ ਨੇ ਆਪਣੇ ਓਵਰਸੀਅਰ ਪਤੀ ਨਾਲ ਰਲ਼ ਕੇ ਇਹ ਘਰ ਬਹੁਤ ਸ਼ਾਨਦਾਰ ਬਣਾਇਆ ਸੀ। ਚਿਤਰਕਾਰ ਨੇ ਬੜੀਆਂ ਰੀਝਾਂ ਨਾਲ ਉੱਪਰ ਵੱਡੇ ਕਮਰੇ ’ਚ ਸਟੂਡਿਓ ਬਣਾਇਆ ਏ। ਉਹਨੂੰ ਦੇਖਦਿਆਂ ਈ ਪਤਾ ਲੱਗਦਾ ਏ ਕਿ ਇਹ ਕਿਸੇ ਕਲਾਕਾਰ ਦੀ ਰਿਹਾਇਸ਼ ਏ।

ਲੋਹੇ ਦੇ ਵੱਡੇ ਗੇਟ ਦੇ ਅੰਦਰ ਵੜਦਿਆਂ ਈ ਖੱਬੇ ਪਾਸੇ ਨਿੱਕਾ ਜਿਹਾ ਲਾਅਨ ਏ। ਜੀਹਦੇ ਚਾਰੇ ਪਾਸਿਆਂ ਦੀਆਂ ਕਿਆਰੀਆਂ ’ਚ ਫੁੱਲ ਬੂਟੇ ਲੱਗੇ ਹੋਏ ਨੇ। ਲੱਕੜ ਦੇ ਇਕ ਖੁੰਢ ਦੇ ਖੁੱਡਿਆਂ ’ਚ ਟਿਕਾਏ ਨਿੱਕੇ ਗਮਲਿਆਂ ’ਚ ਬੂਟੇ ਲੱਗੇ ਹੋਏ ਨੇ। ਗੇਟ ਦੇ ਸਾਹਮਣੇ ਵੱਡਾ ਵਰਾਂਡਾ ਏ, ਜੀਹਨੂੰ ਗੇਰਾਜ ਵਾਂਗ ਵੀ ਵਰਤਿਆ ਜਾਂਦਾ ਏ। ਜੀਹਦੇ ਦੋਹੀਂ ਪਾਸੀਂ ਲੋਹੇ ਦੇ ਸਟੈਂਡਾਂ ’ਤੇ ਰੱਖੇ ਹੋਏ ਗਮਲਿਆਂ ’ਚ ਫੁੱਲ ਬੂਟੇ ਲੱਗੇ ਹੋਏ ਨੇ। ਅੰਦਰਲੀ ਕੰਧ ’ਤੇ ਬੂਟਿਆਂ ਦੇ ਦੋ ਚਿਤਰ ਟੰਗੇ ਹੋਏ ਨੇ। ਅੰਦਰ ਜਾਣ ਲਈ ਇਕ ਬੂਹਾ ਲਾਅਨ ਦੇ ਨੇੜੇ ਵੀ ਏ ਤੇ ਦੂਜਾ ਵਰਾਂਡੇ ਦੇ ਸਿਰੇ ’ਤੇ। ਜੀਹਨੂੰ ਖੋਲ੍ਹਦਿਆਂ ਈ ਨਿੱਕੀ ਜਿਹੀ ਲਾਅਬੀ ਆਉਂਦੀ ਏ। ਜਿੱਥੇ ਇਕ ਸੋਫਾ ਤੇ ਤਿੰਨ ਛੋਟੀਆਂ ਕੁਰਸੀਆਂ ਪਈਆਂ ਹੁੰਦੀਆਂ ਨੇ। ਉਥੋਂ ਇਕ ਪਾਸੇ ਡਰਾਇੰਗ ਰੂਮ ਏ। ਸੱਜੇ ਪਾਸੇ ਕਿਚਨ ਤੇ ਦੋ ਬੈੱਡ ਰੂਮਾਂ ਦੇ ਬੂਹੇ ਖੁੱਲ੍ਹਦੇ ਨੇ।

ਤੀਜਾ ਬੂਹਾ ਖੁੱਲ੍ਹਦਾ ਏ ਡ੍ਰਾਇੰਗ ਰੂਮ ’ਚ। ਜਿਥੇ ਮਹਿਮਾਨਾਂ ਦਾ ਸੁਆਗਤ ਕੀਤਾ ਜਾਂਦਾ ਏ। ਉਹਦੇ ਵਿੱਚ ਦੋਹਾਂ ਪਾਸੇ ਸੋਫੇ ਲੱਗੇ ਨੇ। ਇਕ ਆਮ ਗੱਦੇਦਾਰ ਤੇ ਦੂਜਾ ਲੱਕੜ ਦੀ ਕਲਾਕਾਰੀ ਤੇ ਚਿਤਰਕਾਰੀ ਕਰ ਕੇ ਬਣਾਇਆ ਹੋਇਆ। ਆਲੇ ਦੁਆਲੇ ਤਿਪਾਈਆਂ ਰੱਖੀਆਂ



ਨੇ। ਵਿੱਚਕਾਰ ਖ਼ੂਬਸੂਰਤ ਚਿਤਰਕਾਰੀ ਵਾਲਾ ਗ਼ਲੀਚਾ ਵਿਛਿਆ ਹੋਇਆ ਏ। ਸਾਹਮਣੀ ਕੰਧ ’ਤੇ ਚਿਤਰਕਾਰ ਦੇ ਬਣਾਏ ਦੋ ਵੱਡੇ ਚਿਤਰ ਟੰਗੇ ਹੋਏ ਨੇ। ਦੋਹਾਂ ਨੂੰ ਬੰਦਾ ਹੈਰਾਨੀ ਨਾਲ ਦੇਖਦਾ ਕਿ ਉਹਨਾਂ ’ਚ ਮਰਦਾਂ ਤੇ ਔਰਤਾਂ ਦੇ ਨੰਗੇ ਅੰਗ ਤਾਂ ਦਿੱਸਦੇ ਨੇ, ਪਰ ਠੀਕ ਅੱਗੇ ਪਿੱਛੇ ਤੇ ਪੋਜ਼ੀਸ਼ਨ ਦਾ ਪਤਾ ਨਹੀਂ ਲੱਗਦਾ। ਮੈਨੂੰ ਇਹੀ ਦਿੱਸਦਾ ਕਿ ਇਸਤਰੀ ਤੇ ਪੁਰਖ ਦੇ ਗੁਪਤ ਅੰਗ ਹੋਰਾਂ ਅੰਗਾਂ ’ਚ ਲੁਕੇ ਪਏ ਨੇ। ਜਦ ਜੋਗਿੰਦਰ ਸਿੰਘ ਰਾਹੀ ਆਪਣੀ ਆਲੋਚਨਾ ਦੀ ਪੁਸਤਕ ‘ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ’ਚ ਕਾਮ’ ਮੁਕੰਮਲ ਕਰ ਰਿਹਾ ਸੀ ਤਾਂ ਏਸ ‘ਦਾਨਿਸ਼ਕਦਾ’ ’ਚ ਆਇਆ ਸੀ। ਉਹਨੇ ਸਾਰਾ ਦਿਨ ਸੁਰਜੀਤ ਕੌਰ ਨਾਲ ਮੇਰੀਆਂ ਕਹਾਣੀਆਂ ਬਾਰੇ ਗੱਲ ਬਾਤਾਂ ਕਰਨ ’ਤੇ ਲਾਇਆ ਸੀ। ਜਾਂਦਾ ਹੋਇਆ ਉਹਦੇ ਡ੍ਰਾਇੰਗ ਰੂਮ ਦੀ ਵੱਡੀ ਪੇਂਟਿੰਗ ਦੀ ਫੋਟੋ ਲੈ ਗਿਆ ਸੀ। ਜਿਹੜੀ ਉਹਨੇ ਕਿਤਾਬ ਦੇ ਟਾਈਟਲ ’ਤੇ ਲਾਈ। ... ਦੂਜੀਆਂ ਕੰਧਾਂ ’ਤੇ ਗੀਤ ਗੋਬਿੰਦ ’ਤੇ ਅਧਾਰਿਤ ਪਹਾੜੀ ਤੇ ਰਾਜਸਥਾਨੀ ਮਿੰਨੀ ਚਿਤਰ ਉੱਚੇ ਨੀਵੇਂ ਲੱਗੇ ਹੋਏ ਨੇ। ਘਰ ਦੇ ਮੱਥੇ ਵੱਲ ਸਾਰੀ ਦੀਵਾਰ ਸ਼ੀਸ਼ੇ ਦੀ ਏ। ਜਿਸ ’ਤੇ ਹਮੇਸ਼ਾ ਸ਼ਾਨਦਾਰ ਰੰਗ ਤੇ ਚਿਤਰਾਂ ਵਾਲਾ ਲੰਮਾ ਪਰਦਾ ਲਟਕਿਆ ਰਹਿੰਦਾ ਏ। ਇਕ ਅਲਮਾਰੀ ’ਚ ਆਮ ਮਸ਼ਹੂਰ ਕਿਤਾਬਾਂ ਚਿਣੀਆਂ ਪਈਆਂ ਸਨ।

ਲੌਬੀ ਦੇ ਸੋਫੇ ਦੇ ਸਾਹਮਣੇ ਘੁੰਮਵੀਆਂ ਪੌੜੀਆਂ ਚੜ੍ਹਦੀਆਂ ਨੇ। ਪਹਿਲੇ ਮੋੜ ’ਤੇ ਪੌੜੀ ਤੇ ਕੰਧ ਦੇ ਵਿੱਚਕਾਰ ਇਕ ਵੱਡਾ ਚਿਤਰ ਲੱਗਿਆ ਦਿੱਸਦਾ ਏ। ਜਿਸ ਵਿੱਚ ਕੋਈ ਔਰਤ ਵੱਡੇ ਕੱਪੜੇ ’ਚ ਲਿਪਟੀ ਏ ਤੇ ਉਹਦੇ ਨਾਲ ਮਰਦ ਦਾ ਲੁਕਵਾਂ ਜਿਹਾ ਆਕਾਰ ਏ। ਇਹ ਚਿਤਰ ਮੈਂ ਆਪਣੀ ਪੁਸਤਕ ‘ਸ਼ਵੇਤਾਂਬਰ ਨੇ ਕਿਹਾ ਸੀ’ ਦੇ ਟਾਈਟਲ ’ਤੇ ਲਾਇਆ ਸੀ। ਦੂਜੇ ਮੋੜ ਦੇ ਬਾਅਦ ਸਾਹਮਣੇ ਨਿੱਕੀ ਲੌਬੀ ਏ। ਜਿਸ ਦੀ ਕੰਧ ’ਤੇ ਦੋ ਚਿਤਰ ਲੱਗੇ ਨੇ। ਜਿਹੜੇ ਬਦਲਦੇ ਰਹਿੰਦੇ ਨੇ। ਉਹਨਾਂ ’ਚੋਂ ਇਕ ਮੈਂ ਆਪਣੀ ਪੁਸਤਕ ‘ਮੁਕਤੀ’ ਦੇ ਟਾਈਟਲ ’ਤੇ ਲਾਇਆ ਸੀ। ਜੀਹਦੇ ਵਿੱਚ ਇਕ ਆਕਾਰ ਉਦਾਸ ਖੜ੍ਹਾ ਏ ਤੇ ਦੂਜਾ ਕੂਹਣੀਆਂ ਭਾਰ ਹੋ ਕੇ ਅੱਧਲੇਟਿਆ ਏ। ਉਹਦਾ ਸਿਰ ਮੁੰਨਿਆ ਹੋਇਆ ਤੇ ਜਿਸਮ ਨੰਗਾ ਏ। ਕੰਧ ਨਾਲ ਇਕ ਬੈੱਡ ਲੱਗਿਆ ਹੋਇਆ ਏ। ਖੱਬੇ ਹੱਥ ਵਾਸ਼ਰੂਮ ਤੇ ਸਾਹਮਣੇ ਬੂਹਾ ਸਟੂਡਿਓ ਦਾ ਖੁੱਲ੍ਹਦਾ ਏ। ਜੀ ਹਾਂ, ਇਹ ਏ ਪੰਜਾਬ ਦੇ ਕਲਾਕਾਰਾਂ ਦਾ ‘ਦਾਨਿਸ਼ਕਦਾ’।

ਲੰਮੇ ਚੌੜੇ ਏਸ ਕਮਰੇ ਵਿੱਚ ਵੜਦਿਆਂ ਈ ਇਕ ਬੈੱਡ ਲੱਗਾ ਏ। ਖੱਬੀ ਕੰਧ ’ਤੇ ਇਕ ਬਾਰੀ, ਇਕ ਬੰਦ ਅਲਮਾਰੀ ਤੇ ਬਾਕੀ ਲਗਪਗ ਸਾਰੀ ਕੰਧ ’ਤੇ ਸ਼ੀਸ਼ਿਆਂ ਵਾਲੇ ਚੱਲਵੇਂ ਦਰਵਾਜ਼ਿਆਂ ਵਾਲੀਆਂ ਅਲਮਾਰੀਆਂ ’ਚ ਸਾਹਿਤ, ਚਿਤਰਕਾਰੀ ਤੇ ਫਲਸਫਾ ਦੀਆਂ ਨਿੱਕੀਆਂ ਵੱਡੀਆਂ ਕਿਤਾਬਾਂ ਚਿਣੀਆਂ ਹੋਈਆਂ ਨੇ। ਹੇਠਲੇ ਹਿੱਸੇ ’ਚ ਲੱਕੜ ਦੇ ਚੱਲਵੇਂ ਬੰਦ ਦਰਵਾਜ਼ੇ ਲੱਗੇ ਨੇ। ਜਿਨ੍ਹਾਂ ਵਿੱਚ ਸੁਰਜੀਤ ਕੌਰ ਦੇ ਬਣਾਏ ਚਿਤਰਾਂ ਦੇ ਨਿੱਕੇ ਵੱਡੇ ਕੈਨਵਸ ਪਏ ਨੇ। ਖੱਬੇ ਤੇ ਸੱਜੇ ਪਾਸਿਉਂ ਆਉਂਦੀ ਰੋਸ਼ਨੀ ਦੇ ਵਿੱਚਕਾਰ ਈਜ਼ਲ ’ਤੇ ਹਮੇਸ਼ਾ ਕੋਈ ਨਾ ਕੋਈ ਅਧੂਰਾ ਚਿਤਰ ਟੰਗਿਆ ਹੁੰਦਾ ਏ। ਚਾਰੇ ਪਾਸੇ ਦੀਆਂ ਕੰਧਾਂ ’ਤੇ ਸੁਰਜੀਤ ਕੌਰ ਦੇ ਆਪਣੇ ਬਣਾਏ ਵੱਡੇ ਛੋਟੇ ਚਿਤਰ ਟੰਗੇ ਹੋਏ ਨੇ। ਜਿਨ੍ਹਾਂ ’ਚ ਇਕ ਵਿੱਚ ਦੇ ਮਰਦ ਦੀ ਟੰਗ ਟੁੱਟੀ ਲੱਗਦੀ ਏ। ਉਹਦੇ ’ਤੇ ਪਲਸਤਰ ਲੱਗਿਆ ਹੋਇਆ ਏ। ਔਰਤ ਦਾ ਚਿਹਰਾ ਵਿਗੜਿਆ ਹੋਇਆ ਏ। ਇਹ ਸੁਰਜੀਤ ਹਾਂਸ ਨੂੰ ਬਹੁਤ ਪਸੰਦ ਸੀ। ... ਆਓਣ ਵਾਲੇ ਦੋਸਤਾਂ ਦੇ ਲਈ ਦੋ ਬੈਠਵੀਆਂ ਕੁਰਸੀਆਂ ਹੁੰਦੀਆਂ ਨੇ। ਜਦ ਸਰਦੀ ਹੁੰਦੀ ਏ ਤਾਂ ਬਾਹਰ ਵੱਲ ਖੁੱਲ੍ਹਦੇ ਬੂਹੇ ਰਾਹੀਂ ਵਾਧਰੇ ਦੀ ਛੱਤ ’ਤੇ ਧੁੱਪੇ ਬੈਠਿਆ ਜਾਂਦਾ ਏ।

ਸੁਰਜੀਤ ਕੌਰ ਦੇ ਸਟੂਡਿਓ 'ਚ ਪਹੁੰਚਣ ਲਈ ਚਿਤਰਾਂ ਦਾ ਸਹਾਰਾ ਲਿਆ ਜਾ ਸਕਦਾ ਏ। ਚਿਤਰਾਂ ਦੀਆਂ ਇਹ ਨਿਸ਼ਾਨੀਆਂ ਉਹਦੇ ਸਟੂਡਿਓ ਦੇ ਰਸਤੇ 'ਚ ਆਉਂਦੀਆਂ ਰਹਿੰਦੀਆਂ ਨੇ। ਜਿਵੇਂ ਇਤਿਹਾਸਕ ਸ਼ਹਿਰ ਢੋਲਬਾਹਾ ਲੱਭਣ ਜਾਓ ਤਾਂ ਜਿਥੇ ਥੇਹ 'ਤੇ ਮੂਰਤੀਆਂ ਦਾ ਟੁੱਟਾ ਭੱਜਾ ਅੰਗ ਲੱਭਣ ਲੱਗੇ, ਉਥੋਂ ਢੋਲਬਾਹਾ ਸ਼ੁਰੂ ਹੋ ਜਾਂਦਾ ਏ। ਸੁਰਜੀਤ ਕੌਰ ਦਾ ਸਟੂਡਿਓ ਵੀ ਕਲਾਕਾਰੀ ਦਾ ਅਜਾਇਬ ਘਰ ਏ। ਉਹਦੀਆਂ ਅਲਮਾਰੀਆਂ 'ਚ ਦੁਨੀਆ ਦੇ ਸਾਰੇ ਮਹਾਨ ਚਿਤਰਕਾਰਾਂ ਦੀਆਂ ਜੀਵਨੀਆਂ ਤੇ ਕਲਾਕਾਰੀ ਬਾਰੇ ਕਿਤਾਬਾਂ ਪਈਆਂ ਨੇ। ਮੈਂ ਉਨ੍ਹਾਂ 'ਚੋਂ ਤਕਰੀਬਨ ਸਾਰੀਆਂ ਕਿਤਾਬਾਂ ਪੜ੍ਹੀਆਂ ਨੇ। ਬਹਿਸਾਂ 'ਚ ਹਿੱਸਾ ਲੈਣ ਵਾਲੇ ਵੀ ਬਹੁਤੇ ਸਾਹਿਤਕਾਰ ਜਾਂ ਚਿਤਰਕਾਰ ਹੀ ਹੁੰਦੇ ਸਨ।

ਜੇ ਤੁਸੀਂ ਮੈਨੂੰ ਉਹਦੇ ਘਰ ਦੇ ਅੱਗੇ ਸੜਕ 'ਤੇ ਖਲ੍ਹਿਆਰ ਕੇ ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿਓ ਤਾਂ ਮੈਂ ਬਿਨਾਂ ਦੱਸੇ ਪੁੱਛੇ ਸਾਰੇ ਘਰ 'ਚ ਘੁੰਮਦਾ ਸੁਰਜੀਤ ਕੌਰ ਨੂੰ ਲੱਭ ਲਿਆਂਗਾ। ਸੜਕ ਤੋਂ ਮੈਂ ਆਪੇ ਗੇਟ ਦਾ ਅੰਦਰਲਾ ਅਰਲ ਖੋਲ੍ਹ ਲਵਾਂਗਾ। ਆਪੇ ਸਾਹਮਣੇ ਵਾਲੇ ਨਿੱਕੇ ਬਰਾਂਡੇ ਦੇ ਨੌਂ ਇੰਚ ਉੱਚੇ ਫਰਸ਼ 'ਤੇ ਚੜ੍ਹ ਜਾਵਾਂਗਾ। ਆਪੇ ਖੱਬੇ ਹੱਥ ਵਾਲਾ ਬੂਹਾ ਖੋਲ੍ਹ ਲਵਾਂਗਾ। ਫੇਰ ਸੁੰਘਦਾ ਡਰਾਇੰਗ ਰੂਮ 'ਚ ਚਲਿਆ ਜਾਵਾਂਗਾ। ਸੁੰਘਦਾ ਹੋਇਆ ਸੋਫੇ ਤੇ ਕਈ ਕੁਰਸੀਆਂ ਦੇ ਅੱਗੋਂ ਦੀ ਖਾਸ ਖੁਸ਼ਬੋ ਨੂੰ ਲੱਭਦਾ ਲੰਘ ਜਾਵਾਂਗਾ। ਇਕ ਬੂਹਾ ਟੱਪ ਕੇ ਨਿੱਕੀ ਜਿਹੀ ਲੌਬੀ ਆਵੇਗੀ। ਉਹਦੇ ਵਿੱਚ ਪਏ ਸੋਫੇ, ਲੇਟਵੇਂ ਮੇਜ਼ ਤੇ ਕੁਰਸੀਆਂ ਨਾਲ ਟਕਰਾਵਾਂਗਾ ਨਹੀਂ। ਅੱਗੇ ਹੋ ਕੇ ਰਸੋਈ ਦੇ ਬੂਹੇ 'ਤੇ ਖੜ੍ਹ ਕੇ ਸੁੰਘਾਂਗਾ। 'ਨਹੀਂ, ਇਥੇ ਨਹੀਂ।' ਸੋਚ ਕੇ ਫੇਰ ਸੱਜੇ ਹੱਥ ਵੱਲ ਮੁੜ ਕੇ ਘੁੰਮਵੀਆਂ ਪੌੜੀਆਂ ਦੀ ਲੱਕੜ ਦੀ ਰੇਲਿੰਗ ਨੂੰ ਹੱਥ ਲਾ ਕੇ ਉੱਪਰ ਨੂੰ ਚੜ੍ਹਦਾ ਜਾਵਾਂਗਾ। ਤੀਜੇ ਮੋੜ ਨੂੰ ਟੱਪ ਕੇ ਸਾਹਮਣੇ ਵਾਲੇ ਬੂਹੇ ਨੂੰ ਟੋਹਾਂਗਾ। ਖੁੱਲ੍ਹਾ ਹੋਵੇਗਾ ਤਾਂ ਉਹਦਾ ਪਰਦਾ ਫੈਲਿਆ ਹੋਵੇਗਾ। ਬਸ, ਸੁਰਜੀਤ ਕੌਰ ਇਥੇ ਈ ਹੋਵੇਗੀ। ਮੈਂ ਅੱਗੇ ਪਏ ਦੀਵਾਨ ਨਾਲ ਟਕਰਾਵਾਂਗਾ ਨਹੀਂ। ਖੱਬੇ ਹੱਥ ਮੁੜ ਕੇ ਤੁਰ ਪਵਾਂਗਾ। ਤਦੇ ਖੁਸ਼ਬੂ ਆਉਂਦੀ ਮਹਿਸੂਸ ਹੋਵੇਗੀ। ਦੋ ਕਦਮ ਹੋਰ ਤੁਰ ਕੇ ਮੈਂ ਜਿਥੇ ਹੱਥ ਲਾਵਾਂਗਾ, ਉਹ ਸੁਰਜੀਤ ਕੌਰ ਦਾ ਮੋਢਾ ਹੋਵੇਗਾ। ਉਹ ਆਪਣੇ ਖਾਸ ਮੂੜ੍ਹੇ 'ਤੇ ਬੈਠੀ ਈਜ਼ਲ 'ਤੇ ਟੰਗੇ ਕੈਨਵਾਸ 'ਤੇ ਕੋਈ ਚਿਤਰ ਬਣਾ ਰਹੀ ਹੋਵੇਗੀ।

ਜਿਨ੍ਹਾਂ ਦਿਨਾਂ 'ਚ ਏਸ ਘਰ 'ਚ ਸਾਡੀਆਂ ਬਹਿਸਾਂ ਹੋਇਆ ਕਰਦੀਆਂ ਸਨ, ਉਹਨਾਂ 'ਚ ਸੁਰਜੀਤ ਕੌਰ ਏ. ਪੀ. ਜੇ. ਕਾਲਜ ਆਫ ਫਾਈਨ ਆਰਟਸ, ਜਲੰਧਰ 'ਚ ਫਾਈਨ ਆਰਟਸ ਦੀ ਟੀਚਰ ਸੀ। ਉਹ ਬੜੀ ਸੁਹਲ ਕਲਮ ਵਾਲੀ ਚਿਤਰਕਾਰ ਸੀ। ਉਹਨੇ ਕਈ ਇਨਾਮ ਲੈ ਕੇ ਕਲਾ ਜਗਤ 'ਚ ਆਪਣੀ ਇੱਜ਼ਤ ਬਣਾਈ ਹੋਈ ਸੀ। ਅਖਬਾਰਾਂ ਤੇ ਸਾਹਿਤਕ ਪਰਚਿਆਂ ਤੇ ਦੂਰਦਰਸ਼ਨ 'ਚ ਉਹਦਾ ਚਰਚਾ ਵੀ ਹੁੰਦਾ ਰਹਿੰਦਾ ਸੀ। ਸਾਹਿਤਕਾਰ ਉਹਦੇ ਚਿਤਰਾਂ ਨੂੰ ਆਪਣੀਆਂ ਕਿਤਾਬਾਂ ਦੇ ਟਾਈਟਲਾਂ 'ਤੇ ਖੁਸ਼ੀ ਨਾਲ ਛਾਪਦੇ ਸਨ। ਉਹਨੇ ਦਿੱਲੀ ਤੇ ਬੰਬਈ ਜਾ ਕੇ ਕਲਾ ਪ੍ਰਦਰਸ਼ਨੀਆਂ ਵੀ ਲਾਈਆਂ ਸਨ। ਪਰ ਅਜੀਬ ਗੱਲ ਏ ਕਿ ਉਹਦੀਆਂ ਕਲਾ ਕਿਰਤਾਂ ਦਾ ਮਾਰਕੀਟ 'ਚ ਮੁੱਲ ਨਹੀਂ ਸੀ ਪੈਂਦਾ। ਹਾਲਾਂ ਕਿ ਉਹਦੇ ਚਿਤਰਾਂ ਦੀ ਦਿੱਖ 'ਚ ਆਕਰਸ਼ਣ ਏ। ਕਾਮ ਮੁਦਰਾਵਾਂ ਤੇ ਹਰਕਤਾਂ ਗੁਪਤ ਤੇ ਅਮੂਰਤ ਰੂਪ 'ਚ ਦਿੱਸਦੀਆਂ ਨੇ। ...ਸੁਰਜੀਤ ਕੌਰ ਜਿੰਨੀ ਖੂਬਸੂਰਤ ਏ, ਓਸ ਤੋਂ ਕਿਤੇ ਵੱਧ ਦਰਿਆ-ਦਿਲ ਏ। ਉਹਨੇ ਆਪਣੇ ਕਿੰਨੇ ਈ ਚਿਤਰ ਦੋਸਤਾਂ ਨੂੰ ਤੁਹਫੇ ਦੇ ਤੌਰ 'ਤੇ ਦੇ ਦਿੱਤੇ ਨੇ।

1987 ਤੋਂ 1998 ਤਕ ਸੁਰਜੀਤ ਕੌਰ ਦਾ ਘਰ ਦਾਨਿਸ਼ਵਰਾਂ ਤੇ ਕਲਾਕਾਰਾਂ ਦਾ



'ਚਾਹਖਾਨਾ' ਵੀ ਬਣਿਆ ਰਿਹਾ। ਮਹਿਮਾਨਾਂ ਦੇ ਬਹਿਣ ਦੀ ਥਾਂ ਹੇਠਾਂ ਡਰਾਇੰਗ ਰੂਮ 'ਚ ਸੀ ਤੇ ਕਲਾਕਾਰਾਂ ਲਈ ਛੱਤ ਉੱਤੇ ਬਣਿਆ ਉਹਦਾ ਆਰਟ ਸਟੂਡਿਓ। ਜਿਥੇ ਉਹਦੀਆਂ ਕੁਲੀਗ ਟੀਚਰਾਂ ਤੇ ਟੀਚਰ, ਮੈਂ, ਜਸਵੰਤ ਦੀਦ, ਕਾਨਾ ਸਿੰਘ, ਵੀਨਾ ਦਾਦਾ, ਪਾਲ ਕੌਰ, ਕੀਰਤੀ ਕੇਸਰ, ਦਲਜੀਤ ਮੋਖਾ, ਸੋਹਨ ਕਾਦਰੀ, ਮਲਕੀਅਤ ਸਿੰਘ, ਜਗਤਾਰਜੀਤ ਸਿੰਘ, ਪ੍ਰੇਮ ਸਿੰਘ ਚਿਤਰਕਾਰ, ਪ੍ਰੀਤੀ ਸਹੋਤਾ, ਅੰਬਰੀਸ਼, ਪ੍ਰੇਮ ਸਿੰਘ ਚੱਠਾ ਤੇ ਮਨਮੋਹਨ ਬਾਵਾ ਆਦਿ ਕੱਠੇ ਹੁੰਦੇ ਤੇ ਚਿਤਰਕਾਰੀ, ਕਵਿਤਾ, ਕਹਾਣੀ, ਸੰਗੀਤ, ਫਿਲਮਾਂ ਤੇ ਔਰਤ ਮਰਦ ਦੇ ਸੰਬੰਧਾਂ ਬਾਰੇ ਏਨੀਆਂ ਬਹਿਸਾਂ ਕਰਦੇ ਕਿ ਕਦੇ ਅਸ਼ਲੀਲ ਸ਼ਬਦ ਵੀ ਬੋਲ ਜਾਂਦੇ ਤੇ ਕਦੇ ਭੜਕ ਕੇ ਝਗੜ ਵੀ ਪੈਂਦੇ। ... ਔਰਤਾਂ ਦੀਆਂ ਲੁਕੀਆਂ ਹੋਈਆਂ ਸੂਖਮ ਭਾਵਨਾਵਾਂ ਤੇ ਕਾਮੁਕ ਵਿਹਾਰ ਦੀ ਮੁੱਢਲੀ ਸੋਝੀ ਮੈਨੂੰ ਉਹਨਾਂ ਬਹਿਸਾਂ ਤੋਂ ਈ ਮਿਲੀ ਸੀ।

ਉਹਨਾਂ ਦਿਨਾਂ 'ਚ ਮੈਂ ਜਦ ਵੀ ਨਵੀਂ ਕਹਾਣੀ ਲਿਖਦਾ ਸੀ, ਉਹ ਪਹਿਲਾਂ ਸੁਰਜੀਤ ਕੌਰ ਨੂੰ ਸੁਣਾਉਂਦਾ ਸੀ। ਉਹਦੀਆਂ ਦੱਸੀਆਂ ਕਮੀਆਂ ਨੂੰ ਠੀਕ ਕਰਦਾ ਸੀ ਤੇ ਸੁਝਾਵਾਂ ਬਾਰੇ ਸੋਚਦਾ ਸੀ। ਸੁਰਜੀਤ ਕੌਰ ਨੂੰ ਕਹਾਣੀ ਦੀ ਬਹੁਤ ਸਮਝ ਸੀ। ਕਵੀ ਦੋਸਤ ਵੀ ਆ ਕੇ ਆਪਣੀਆਂ ਕਵਿਤਾਵਾਂ ਸੁਣਾਉਂਦੇ ਸੀ।... ਮੇਰੀਆਂ ਕਹਾਣੀਆਂ, ਜਸਵੰਤ ਦੀਦ ਦੀ ਸ਼ਾਇਰੀ ਤੇ ਸੁਰਜੀਤ ਕੌਰ ਦੇ ਚਿਤਰਾਂ 'ਚ ਕਈ ਤੱਤ ਸਾਂਝੇ ਦਿਸਣ ਲੱਗ ਪਏ ਸਨ। ਸੁਰਜੀਤ ਕੌਰ ਦੇ ਚਿਤਰਾਂ ਵਿੱਚ ਮੈਨੂੰ ਆਪਣੇ ਪਾਤਰਾਂ ਦੇ ਚਿਹਰੇ ਦਿਸਦੇ ਸਨ। ਜਸਵੰਤ ਦੀਦ ਦੀ ਕਵਿਤਾ 'ਚ ਵੀ ਇਹ ਗੱਲਾਂ ਰਲਗੱਡ ਹੋਈਆਂ ਲੱਗਦੀਆਂ ਸਨ। ਸਾਡੀ ਏਸ ਮਹਿਫਲ 'ਚ ਕਦੇ ਸੁਰਜੀਤ ਹਾਂਸ ਵੀ ਆ ਜਾਂਦਾ ਹੁੰਦਾ ਸੀ। ਪਰ ਉਹ ਬਹਿਸ 'ਚ ਹਿੱਸਾ ਨਹੀਂ ਸੀ ਲੈਂਦਾ। ਉਂਜ ਤਾਂ ਜਲੰਧਰ ਦੇ ਬਹੁਤੇ ਕਲਾਕਾਰ ਏਸ ਘਰ ਦਾ ਪਤਾ ਜਾਣਦੇ ਸਨ। ਜਿਨ੍ਹਾਂ 'ਚ ਕਈ ਫਿਲਮਸਾਜ਼, ਨਾਟਕ ਨਿਰਦੇਸ਼ਕ, ਰੰਗਕਰਮੀ, ਨਾਇਕਾਵਾਂ ਤੇ ਨਾਇਕ, ਮੀਡੀਆ 'ਚ ਕੰਮ ਕਰਨ ਵਾਲੇ ਕਰਮਚਾਰੀ ਤੇ ਅਧਿਕਾਰੀ, ਪ੍ਰੋਫੈਸਰ ਤੇ ਵਾਈਸ ਚਾਂਸਲਰ ਵਗੈਰਾ ਸ਼ਾਮਲ ਹੁੰਦੇ ਸਨ।

ਕਈ ਵਾਰ ਮੈਨੂੰ ਹੈਰਾਨੀ ਹੁੰਦੀ ਕਿ ਜ਼ਿੰਦਗੀ ਨੂੰ ਏਨੀ ਅੱਗ ਦੀਆਂ ਲਾਟਾਂ ਵਾਂਗ ਜਿਊਣ ਵਾਲੀ ਕਲਾਕਾਰ ਦੇ ਚਿਤਰਾਂ ਦੀਆਂ ਤੀਵੀਂਆਂ ਦੇ ਚਿਹਰੇ ਏਨੇ ਠੰਢੇ, ਉਦਾਸ ਤੇ ਮਾਤਮੀ ਜਿਹੇ ਕਿਉਂ ਹੁੰਦੇ ਨੇ ? ਜਿਨ੍ਹਾਂ ਨੂੰ ਲਗਾਤਾਰ ਦੇਖਦਿਆਂ ਕਦੇ ਤਾਂ ਡਰ ਆਓਣ ਲੱਗ ਪੈਂਦਾ ਏ।... ਫੇਰ ਇਹ ਵਿਕਦੇ ਕਿਉਂ ਨਹੀਂ ? ਇਹ ਘਰ ਦੇ ਭਾਗ ਨੇ ਜਾਂ ਕਲਾਕਾਰ ਦੇ ? ਇਕ ਵਾਰ ਚੰਡੀਗੜ੍ਹ ਦੀ ਇਕ ਜ਼ਨਾਨੀ ਚਿਤਰਕਾਰ ਤੋਂ ਮੰਗ ਕੇ ਜਾਂ ਕੁਝ ਪੈਸੇ ਦੇ ਕੇ ਇਕ ਚਿਤਰ ਲੈ ਗਈ। ਕੁਝ ਸਾਲਾਂ ਬਾਅਦ ਉਹਨੂੰ ਕੰਧ 'ਤੇ ਲੱਗੇ ਓਸ ਚਿਤਰ ਤੋਂ ਡਰ ਲੱਗਣ ਲੱਗ ਪਿਆ। ਉਹਨੂੰ ਉਹ ਚਿਤਰ ਦੇਖਣਾ ਔਖਾ ਹੋ ਗਿਆ ਸੀ। ਇਹ ਗੱਲ ਹੋਰ ਵੀ ਇਕ ਦੋਸਤ ਨੇ ਆਖੀ। ਇਹ ਵੀ ਇਕ ਰਹੱਸ ਏ ਸੁਰਜੀਤ ਕੌਰ ਦੀ ਚਿਤਰਕਾਰੀ ਦਾ! ਉਹਦੇ ਘਰ ਵਿੱਚ ਵੀ ਕੋਈ ਮਾਰੂ ਕਿਸਮ ਦਾ ਆਕਰਸ਼ਣ ਸੀ। ਜਿਨ੍ਹਾਂ ਨੂੰ ਦੇਖਦਾ ਬੰਦਾ ਮਰਨਾ ਚਾਹੁਣ ਲੱਗ ਪੈਂਦਾ ਸੀ।

ਮੇਰੇ ਘਰ ਮੇਰੇ ਕਮਰੇ 'ਚ ਹੁਣ ਵੀ ਉਹਦੇ ਬਣਾਏ ਤਿੰਨ ਚਿਤਰ ਟੰਗੇ ਹੋਏ ਨੇ। ਇਕ ਉੱਕਾ ਅਮੂਰਤ ਏ। ਜੀਹਨੂੰ ਕਲਾ ਦੀ ਪਰਖ ਵਾਲੇ ਵੱਧ ਪਸੰਦ ਕਰਦੇ ਨੇ। ਦੂਜਾ ਗੂਹੜੇ ਤੇਲ ਰੰਗਾਂ 'ਚ ਬਣੀਆਂ ਰੋਡੀਆਂ ਪੰਜ ਜ਼ਨਾਨੀਆਂ ਦਾ ਏ। ਜਿਹੜਾ ਮੈਨੂੰ ਸੁਰਜੀਤ ਕੌਰ ਨੇ ਨਹੀਂ ਦਿੱਤਾ, ਦੀਦ ਤੋਂ ਮਿਲਿਆ ਏ। ਦੀਦ ਨੂੰ ਇਹ ਚਿਤਰ ਸੁਰਜੀਤ ਕੌਰ ਨੇ ਆਪਣੇ ਸਾਹਮਣੇ ਖਰੀਦੇ ਨਵੇਂ ਘਰ 'ਚ ਲਾਓਣ ਲਈ ਦਿੱਤਾ ਸੀ। ਜਦ ਦੀਦ ਚੰਡੀਗੜ੍ਹ ਗਿਆ ਤਾਂ ਉਹਨੇ ਕੰਧ 'ਤੇ ਸ਼ੌਕ ਨਾਲ

ਟੰਗਿਆ ਸੀ। ਸਾਲ ਕੁ ਬਾਅਦ ਉਹਨੂੰ ਏਸ ਚਿਤਰ ਤੋਂ ਡਰ ਆਓਣ ਲੱਗ ਪਿਆ ਸੀ। ਉਹਨੇ ਪਹਿਲਾਂ ਤਾਂ ਚਿਤਰ ਉਲਟਾ ਕਰ ਦਿੱਤਾ। ਫੇਰ ਲਾਹ ਕੇ ਬੰਦ ਪਏ ਕੂਲਰ ਦੇ ਵਿੱਚ ਰੱਖ ਦਿੱਤਾ। ਜਦ ਉਹਦੀ ਬਦਲੀ ਜਲੰਧਰ ਦੀ ਹੋਈ ਤੇ ਮੈਂ ਸਮਾਨ ਚੁਕਾਣ ਨਾਲ ਗਿਆ ਤਾਂ ਮੈਂ ਉਹ ਚਿਤਰ ਪੂੰਝ ਕੇ ਆਪਣੇ ਘਰ ਲੈ ਆਇਆ।.... ਤੀਜਾ ਚਿਤਰ ਪੋਰਟਰੇਟ ਏ। ਮੱਧਮ ਹਰੇ ਤੇਲ ਰੰਗ 'ਚ ਬਣਿਆ ਹੋਇਆ ਏ। ਜੀਹਨੂੰ ਦੇਖ ਕੇ ਕਈਆਂ ਨੂੰ ਭੁਲੇਖਾ ਪੈਂਦਾ ਏ ਕਿ ਇਹ ਮੇਰਾ ਏ। ਪਰ ਅਸਲ 'ਚ ਇਹ ਸੁਰਜੀਤ ਕੌਰ ਦੇ ਇਕ ਹੋਰ ਦੋਸਤ ਦਾ ਏ। ਇਹ ਕਿੰਨੇ ਈ ਸਾਲ ਪਹਿਲਾਂ ਮੈਂ ਉਹਦੀ ਅਲਮਾਰੀ 'ਚ ਪਿਆ ਦੇਖਿਆ ਸੀ। ਫੇਰ ਇਕ ਵਾਰੀ ਉਹਨੇ ਕੱਢ ਕੇ ਉਹਦੇ 'ਤੇ ਅਜਿਹੇ ਬੁਰਸ਼ ਲਾਏ ਕਿ ਉਹਦੇ 'ਚ ਮੇਰਾ ਚਿਹਰਾ ਵੀ ਦਿੱਸਣ ਲੱਗ ਪਿਆ। ਫੇਰ ਉਹਨੇ ਮੈਨੂੰ ਤੋਹਫੇ ਵਜੋਂ ਦੇ ਦਿੱਤਾ।

ਵਰ੍ਹਿਆਂ ਦੀਆਂ ਸੁਹਬਤਾਂ 'ਚ ਬੜੇ ਚੁਟਕਲੇ ਬਣੇ ਤੇ ਸਾਡੇ 'ਚ ਤੁਰਦੇ ਫਿਰਦੇ ਰਹੇ। ਜਿਨ੍ਹਾਂ 'ਚੋਂ ਕੁਝ ਨਮੂਨੇ ਵਜੋਂ ਹਾਜ਼ਰ ਨੇ।

o-ਇਸਤਰੀਆਂ ਦੇ ਹੱਕਾਂ ਬਾਰੇ ਬਹਿਸ ਬਹੁਤ ਗਰਮ ਹੋ ਗਈ ਸੀ। ਕਾਨਾ ਬਾਹਵਾਂ ਉਲਾਰ ਉਲਾਰ ਕੇ ਬੋਲ ਰਹੀ ਸੀ। ਮੈਂ ਕਹਿ ਦਿੱਤਾ, "ਇਹ ਜੋ ਔਰਤਾਂ ਏਨਾ ਮੇਕਅੱਪ ਕਰਦੀਆਂ ਨੇ। ਡੌਲੇ ਤੇ ਸੀਨਾ ਨੰਗਾ ਕਰ ਕੇ ਵਿਖਾਂਦੀਆਂ ਫਿਰਦੀਆਂ ਨੇ, ਇਹ ਵੀ ਆਪਣੀ ਮੁਕਤੀ ਲਈ ਸ਼ਕਤੀ ਦਿਖਾਉਂਦੀਆਂ ਨੇ ?"

ਕਾਨਾ ਓਸੇ ਲਹਿਜੇ 'ਚ ਕਹਿੰਦੀ, "ਇਹ ਸਾਰਾ ਸਿਆਪਾ ਅਸੀਂ ਤੁਹਾਡੇ ਲਈ ਕਰਦੀਆਂ, ਮਰਦਾਂ ਦਾ ਸਿਰ ਸਾੜਨ ਲਈ।"... ਹਾਸੇ ਨਾਲ ਬਹਿਸ ਰੁਕ ਗਈ।

o- ਸੁਰਜੀਤ ਕੌਰ ਦੇ ਘਰ ਦੇ ਪਿਛਲੇ ਵਿਹੜੇ 'ਚ ਨਿੰਬੂ ਦੇ ਬੂਟੇ ਨੂੰ ਬੜੇ ਨਿੰਬੂ ਲੱਗੇ। ਉਹਨੇ ਅਚਾਰ ਪਾਇਆ। ਜੀਹਨੂੰ ਦੇਖ ਕੇ ਦੀਦ ਨੇ ਵੀ ਮੰਗ ਪਾ ਦਿੱਤੀ। ਸੁਰਜੀਤ ਕੌਰ ਨੇ ਇਕ ਮਰਤਬਾਨ ਹੋਰ ਪਾ ਦਿੱਤਾ। ਮੈਂ ਦੇਖ ਕੇ ਪੁੱਛਿਆ, "ਇਹ ਅਚਾਰ ਹਾਲੇ ਤਕ ਬਣਿਆ ਨਹੀਂ ?"

ਕਹਿੰਦੀ, "ਨਹੀਂ, ਇਹ ਤਾਂ 'ਦੀਦ ਦਾ ਅਚਾਰ' ਐ।"

ਤੀਜੇ ਦਿਨ ਮੈਂ ਦੀਦ ਦੇ ਸਾਹਮਣੇ ਪੁੱਛਿਆ, "ਇਹ 'ਦੀਦ ਦਾ ਅਚਾਰ' ਹਾਲੇ ਖਾਣ ਵਾਲਾ ਨਹੀਂ ਹੋਇਆ ?"

ਹਫਤੇ ਕੁ ਬਾਅਦ ਇਹ ਗੱਲ ਫੇਰ ਛਿੜੀ ਤਾਂ ਦੀਦ ਨੇ ਦੱਸਿਆ ਕਿ ਉਹ ਜਦੋਂ ਘਰ ਖਾਣਾ ਖਾਣ ਲੱਗਦੇ ਨੇ ਤਾਂ ਉਹ ਆਪਣੀ ਪਤਨੀ ਇੰਦਰਜੀਤ ਨੂੰ ਕਹਿੰਦਾ ਏ, "ਲਿਆ ਤਾਂ ਖਾਈਏ, 'ਸੁਰਜੀਤ ਕੌਰ ਦਾ ਅਚਾਰ'।... ਕਦੇ ਇੰਦਰਜੀਤ ਕਹਿ ਦੇਂਦੀ ਏ, "ਤੁਸੀਂ ਅਚਾਰਾਂ ਦੇ ਬੜੇ ਸ਼ੁਕੀਨ ਹੋ ਗਏ। ਕਦੇ 'ਸੂਰ ਦਾ ਅਚਾਰ', ਕਦੇ 'ਸੁਰਜੀਤ ਕੌਰ ਦਾ ਅਚਾਰ'।"

o-ਮੈਂ ਅਕਸਰ ਸ਼ਾਮ ਨੂੰ ਸੁਰਜੀਤ ਕੌਰ ਦੇ ਘਰ ਆਪਣੇ ਮੋਪਡ 'ਤੇ ਜਾਂਦਾ ਸੀ। ਦੋਸਤ ਮਖੌਲ ਕਰਦੇ ਸੀ ਕਿ ਇਹ ਤਾਂ ਮੋਪਡ ਬਾਹਰ ਕੱਢ ਕੇ ਸਟਾਰਟ ਕਰਦਾ ਏ, ਬਸ। ਮੋਪਡ ਆਪਣੇ ਆਪ ਗੜ੍ਹਾ ਰੋਡ ਪੈ ਕੇ ਹਰਦਿਆਲ ਨਗਰ ਦੀ ਗਲੀ ਮੁੜ ਜਾਂਦਾ ਏ।

o- ਕਾਨਾ ਜਦ ਵੀ ਜਲੰਧਰ ਆਉਂਦੀ, ਉਹ ਬੱਸ ਸਟੈਂਡ ਤੋਂ ਮੇਰੇ ਘਰ ਆ ਜਾਂਦੀ। ਮੈਂ ਉਹਨੂੰ ਮੋਪਡ ਦੇ ਪਿੱਛੇ ਬਹਾ ਕੇ ਸੁਰਜੀਤ ਕੌਰ ਦੇ ਘਰ ਲੈ ਜਾਂਦਾ। ਇਕ ਵਾਰ ਮੈਂ ਸੁਰਜੀਤ ਕੌਰ ਦੇ ਘਰ ਗਿਆ ਤਾਂ ਪਾਲ ਕੌਰ ਬੈਠੀ ਸੀ। ਉਹ ਅੱਡੇ ਨੂੰ ਜਾਣ ਨੂੰ ਤਿਆਰ ਹੋ ਰਹੀ ਸੀ। ਮੈਨੂੰ ਕਹਿੰਦੀ, "ਤੁਸੀਂ ਮੈਨੂੰ ਅੱਡੇ ਤੱਕ ਲੈ ਜਾਉਂਗੇ ?"

ਮੈਂ ਕਿਹਾ, "ਮੈਂ ਆਪਣੇ ਮੋਪਡ ਨੂੰ ਪੁੱਛ ਕੇ ਦੇਖਾਂਗਾ।"... ਸੁਰਜੀਤ ਕੌਰ ਕਹਿੰਦੀ, "ਕਾਨਾ ਨੂੰ ਤਾਂ ਝੱਟ ਪਿੱਛੇ ਬਹਾ ਕੇ ਲੈ ਜਾਂਦੇ ਹੋਂ। ... ਨਾਲੇ ਇਹ ਉਹੀ ਪਾਲ ਕੌਰ ਐ, ਜੀਹਨੂੰ ਤੁਸੀਂ ਬਾਹਾਂ 'ਚ ਭਰ ਕੇ ਤੋਲ ਦਿੱਤਾ ਸੀ।"...

ਮੈਂ ਕਿਹਾ, "ਚੰਗਾ ਬਈ, ਚੱਲ, ਦੇਖਦੇ ਹਾਂ।"... ਮੈਂ ਮੋਪਡ ਸਟਾਰਟ ਕੀਤਾ। ਪਾਲ ਕੌਰ ਪਿੱਛੇ ਬਹਿ ਗਈ। ਮੇਰਾ ਦਿਲ ਡੁੱਬੇ ਕਿ ਕਿਤੇ ਪਹੀਆ ਨਾ ਬੈਠ ਜਾਵੇ। ਪਰ ਉਹ ਭੱਜ ਲਿਆ। ਮੈਂ ਪਾਲ ਕੌਰ ਨੂੰ ਕਿਹਾ, "ਇਹ ਜ਼ਨਾਨੀਆਂ ਨੂੰ ਬਹਾ ਕੇ ਭੱਜਦੈ, ਮਰਦ ਭਾਵੇਂ ਤੈਤੋਂ ਅੱਧਾ ਹੋਵੇ, ਇਹਦੀ ਜਾਨ ਨਿੱਕਲ ਜਾਂਦੀ ਐ।"

ਇਹ ਸੁਰਜੀਤ ਕੌਰ ਦੇ ਘਰ ਦੇ ਭਾਗ ਸਨ ਕਿ ਏਨੀਆਂ ਮਹਿਫਲਾਂ ਲੱਗਦੀਆਂ ਸਨ। ਨਹੀਂ ਤਾਂ ਸ਼ਾਮ ਨੂੰ ਹੀ ਕਿਤੇ ਅੱਤਵਾਦੀਆਂ ਵੱਲੋਂ ਤੇ ਕਿਤੇ ਸਿਕਿਓਰਿਟੀ ਫੋਰਸਿਜ਼ ਵੱਲੋਂ ਗੋਲੀਆਂ ਚੱਲਦੀਆਂ ਹੀ ਰਹਿੰਦੀਆਂ ਸਨ। ਮੈਂ ਹਨੇਰਾ ਪੈਣ 'ਤੇ ਉਹਦੇ ਘਰੋਂ ਜਾਇਆ ਕਰਦਾ ਸੀ। ਰਾਹ 'ਚ ਲੋਕੀਂ ਘੱਟ ਹੀ ਮਿਲਦੇ ਸਨ।

ਸ਼ਾਇਦ 1999 'ਚ ਦਾਨਿਸ਼ਵਰਾਂ ਤੇ ਕਲਾਕਾਰਾਂ ਦੇ ਏਸ ਟਿਕਾਣੇ ਨੂੰ ਕਿਸੇ ਸਾਹਮਣੇ ਵੱਸਦੇ ਦੀਦ ਵਰਗੇ ਦੀ ਅਜਿਹੀ ਨਜ਼ਰ ਲੱਗੀ ਕਿ ਕੁਝ ਸਾਲਾਂ 'ਚ ਹੀ ਇਹ ਸੁੰਨਾ ਹੋ ਗਿਆ।... ਇਕ ਤਾਂ ਸੁਰਜੀਤ ਕੌਰ ਕਾਲਜ ਤੋਂ ਰਿਟਾਇਰ ਹੋ ਗਈ ਸੀ। ਉਹਦੀ ਆਮਦਨੀ ਬੰਦ ਹੋ ਗਈ ਸੀ। ਦੂਜੇ ਉਹਦੀ ਸਿਹਤ ਤੇਜ਼ੀ ਨਾਲ ਵਿਗੜ ਗਈ ਸੀ। ਉਹਨੇ ਚਾਰ ਪੈਸੇ ਕਮਾਓਣ ਤੇ ਦਿਲ ਲਾਓਣ ਨੂੰ ਘਰ 'ਚ ਹੀ ਕਲਾ ਦੀਆਂ ਕਲਾਸਾਂ ਤਾਂ ਨਹੀਂ ਲਾਈਆਂ ਸਨ। ਆਪਣੇ ਘਰ ਦੇ ਮੱਥੇ 'ਤੇ ਉਭਰਵੇਂ ਅੱਖਰਾਂ 'ਚ ਲਿਖਵਾ ਲਿਆ ਸੀ 'ਕਲਾਮੰਡਪਮ'।

ਹੁਣ ਮੈਂ ਤੇ ਦੀਦ ਸੁਰਜੀਤ ਕੌਰ ਦੇ ਘਰ ਦੇ ਸਾਹਮਣੇ ਦੀਦ ਦੇ ਘਰ ਵਿੱਚ ਬੈਠੇ ਸੁਰਜੀਤ ਕੌਰ ਦੇ ਸਟੂਡਿਓ ਦੀਆਂ ਬੀਤੀਆਂ ਮਹਿਫਲਾਂ ਦੀਆਂ ਰੌਣਕਾਂ ਦੀਆਂ ਗੱਲਾਂ ਕਰਦੇ ਹਾਂ। ਫੇਰ ਹਾਲਾਤ ਦੇ ਬਦਲਣ ਦਾ ਜ਼ਿਕਰ ਕਰਦੇ ਹਾਂ ਤੇ ਆਪਣੇ ਆਪ 'ਤੇ ਏਸ ਗੱਲੋਂ ਹੱਸਦੇ ਹਾਂ ਕਿ ਜਦੋਂ ਬੰਦਾ ਬੀਤੇ ਪੁਰਾਣੇ ਸਮਿਆਂ ਦੀਆਂ ਗੱਲਾਂ ਕਰਨ ਲੱਗ ਪਵੇ ਤਾਂ ਸਮਝੋ ਕਿ ਬੁੱਢਾ ਹੋ ਗਿਆ ਏ। ਉਹ ਫੇਰ ਗ਼ਜ਼ਲਾਂ ਨਹੀਂ ਰਚਦਾ, ਮਰਸੀਏ ਲਿਖਦਾ ਏ, ਦੋਸਤਾਂ ਦੇ ਹੋਣ ਜਾਂ ਘਰਾਂ ਦੇ। ... ਮੈਨੂੰ ਓਸ ਘਰ ਦੇ ਮੱਥੇ 'ਤੇ ਉਰਦੂ ਦੇ ਸ਼ਾਇਰ ਦਾ ਇਹ ਬੋਲ ਲਿਖਿਆ ਦਿਸਦਾ ਏ-"ਪਾਗਲ ਕੌਏ, ਮਤ ਬੋਲ, ਹੈ ਕੌਣ ਯਹਾਂ ਆਨੇ ਵਾਲਾ!"

---


**ਪੰਜਾਬੀ ਰੇਖਾ-ਚਿੱਤਰ ਰੂਪ ਤੇ ਪ੍ਰਕਾਰਜ**
**ਡਾ. ਇੰਦਰਜੀਤ ਸਿੰਘ ਧਾਮੀ**
**ਰਵੀ ਸਾਹਿਤ ਪ੍ਰਕਾਸ਼ਨ**
**ਅੰਮ੍ਰਿਤਸਰ**

**ਇਹ ਅਜਬ ਬੰਦੇ**
**ਮੋਹਨ ਭੰਡਾਰੀ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

# ਗੁਜਰੀ ਦਾ ਇਕਬਾਲ
## -ਪ੍ਰਿੰ. ਸਰਵਣ ਸਿੰਘ

ਇਕਬਾਲ ਹਰਫ਼ਨਮੌਲਾ ਕਲਾਕਾਰ ਸੀ। ਇਲੈਵਨ ਇਨ ਵਨ। ਕਵੀ, ਕਵੀਸ਼ਰ, ਗਾਇਕ, ਸਾਜ਼ਿੰਦਾ, ਕਹਾਣੀਕਾਰ, ਨਾਵਲਕਾਰ, ਨਿਬੰਧਕਾਰ, ਮੀਡੀਆਕਾਰ, ਭਾਸ਼ਨਕਾਰ, ਅਧਿਆਪਕ ਤੇ ਸੰਪਾਦਕ। ਉਸ ਨੂੰ ਅਨੇਕਾਂ ਨਾਵਾਂ ਨਾਲ ਬੁਲਾਇਆ ਜਾਂਦਾ। ਕੋਈ ਢੋਲਾ ਕਹਿੰਦਾ, ਕੋਈ ਮੱਲਾ, ਕੋਈ ਕਵੀਸ਼ਰ ਕਾ ਅਕਬਾਲ, ਕੋਈ ਇਕਬਾਲ ਗਿੱਲ, ਕੋਈ ਬਾਲੀ ਗਿੱਲ ਤੇ ਕੋਈ ਇਕਬਾਲ ਰਾਮੂਵਾਲੀਆ। ਗੋਰੇ ਉਹਦਾ ਨਾਂ ਇੱਕਬੈਲ ਗਿੱਲ ਲੈਂਦੇ। ਕੁਝ ਕਵਿਤਾਵਾਂ ਉਸ ਨੇ ਐੱਸ. ਇਕਬਾਲ ਨਾਂ ਹੇਠ ਵੀ ਛਪਵਾਈਆਂ। ਉਸ ਦੇ ਅੱਧੀ ਦਰਜਨ ਤੋਂ ਵੱਧ ਨਾਵਾਂ 'ਚ ਇਕ ਨਾਂ 'ਗੁਜਰੀ-ਆਲਾ' ਵੀ ਬੋਲਦਾ ਸੀ। ਰਛਪਾਲ ਗਿੱਲ ਦਾ ਉਹ ਇਕਬਾਲ ਬਾਈ ਸੀ ਤੇ ਸੁਖਸਾਗਰ ਦਾ ਮੇਰਾ ਇਕਬਾਲ। ਬਾਪੂ ਕਰਨੈਲ ਸਿੰਘ ਪਾਰਸ ਦਾ ਢੋਲਾ ਤੇ ਬੇਬੇ ਦਲਜੀਤ ਕੌਰ ਦਾ ਅਕਬਾਲ ਸਿਓਂ। ਸਾਡਾ ਉਹ ਰੰਗੀਲਾ ਯਾਰ ਸੀ।

ਉਸ ਨੇ ਧਰਤੀ 'ਤੇ ਪਹਿਲਾ ਸਾਹ 22 ਫਰਵਰੀ, 1946 ਨੂੰ ਰਾਮੂਵਾਲੇ ਦੇ ਕੱਚੇ ਕੋਠੇ ਵਿਚ ਲਿਆ ਅਤੇ ਆਖ਼ਰੀ ਸਾਹ 17 ਜੂਨ, 2017 ਨੂੰ ਟੋਰਾਂਟੋ ਦੇ ਪ੍ਰਿੰਸਿਜ਼ ਮਾਰਗਰੇਟ ਕੈਂਸਰ ਹਸਪਤਾਲ ਦੀ 17ਵੀਂ ਮੰਜ਼ਲ ਦੇ ਰੂਮ ਨੰਬਰ 1712 ਵਿਚ ਲਿਆ। ਜੰਮਣ ਵੇਲੇ ਫੱਗਣ ਦੀ ਕੋਸੀ ਰੁੱਤ ਸੀ ਤੇ ਚਲਾਣੇ ਵਾਲੇ ਦਿਨ ਹਾੜ੍ਹ ਦੀ ਤਪਦੀ ਧੁੱਪ। ਉਹਦੇ ਜਨਮ ਸਮੇਂ ਉਹਦੀ ਮਾਂ ਨੂੰ ਦੁੱਧ ਨਹੀਂ ਸੀ ਉੱਤਰ ਰਿਹਾ। ਜਨਮ ਤੋਂ ਡੇਢ ਸਾਲ ਤਕ ਉਹ ਗੁਆਂਢੀ ਮੁਸਲਮਾਨ ਸਮਦੂ ਦੀ ਬੇਔਲਾਦ ਔਰਤ ਗੁਜਰੀ ਦੇ ਦੁੱਧ 'ਤੇ ਪਲਿਆ। ਇਸੇ ਕਰਕੇ ਆਂਢੀ-ਗੁਆਂਢੀ ਉਸ ਨੂੰ 'ਗੁਜਰੀ-ਆਲਾ' ਕਹਿੰਦੇ ਰਹੇ। ਉਸ ਨੇ ਸਵੈਜੀਵਨੀ 'ਸੜਦੇ ਸਾਜ਼ ਦੀ ਸਰਗਮ' ਦੇ ਪਹਿਲੇ ਕਾਂਡ ਦਾ ਨਾਂ ਵੀ 'ਗੁਜਰੀ ਮਰਦੀ ਨਹੀਂ' ਹੀ ਰੱਖਿਆ।

ਉਹਦੀ ਬੇਬੇ ਦਲਜੀਤ ਕੌਰ ਉਹਨੂੰ ਦੱਸਦੀ ਹੁੰਦੀ ਸੀ, "ਤੇਰਾ ਜਨਮ ਐ ਫੱਗਣ ਦੇ ਪਹਿਲੇ ਪੱਖ ਦਾ। ਮੈਂ, ਕਾਕਾ, ਤੇਰੇ ਜਨਮ ਤੋਂ ਪਹਿਲਾਂ ਬਹੁਤ 'ਬਮਾਰ' ਹੋ ਗੀ ਸੀ। ਉਲਟੀਆਂ ਮਰੋੜੇ ਬਸ ਸਾਰੀ ਦਿਆੜੀ ਜੀਅ ਕੱਚਾ ਹੋਈ ਜਾਇਆ ਕਰੇ। ਜਦੋਂ ਤੂੰ ਜਨਮਿਆਂ ਤਾਂ ਕਾਕਾ, ਮੇਰੇ ਦੁੱਧ ਈ ਨਾ ਉਤਰਿਆ। ਤੂੰ ਕੁਰਲਾਇਆ ਤੇ ਕੁਰਲਾਉਂਦਾ ਕੁਰਲਾਉਂਦਾ ਨੀਲਾ ਹੋਣ ਲੱਗਾ।"

ਇਕਬਾਲ ਲਿਖਦੈ, "ਗੁਜਰੀ ਨੇ ਮੈਨੂੰ ਬੇਬੇ ਦੀ ਗੋਦੀ 'ਚੋਂ ਚੁੱਕਿਆ ਤੇ ਆਪਣੀ ਛਾਤੀ ਨਾਲ ਲਾ ਲਿਆ। ਵਿਰਾਉਂਦੀ-ਵਿਰਾਉਂਦੀ ਨੂੰ ਪਤਾ ਨੀ ਕੀ ਸੁੱਝੀ, ਬਈ ਕੁੜਤੀ ਚੁੱਕ ਕੇ ਆਪਣੀ ਛਾਤੀ ਮੇਰੇ ਮੂੰਹ 'ਚ ਕਰ ਦਿੱਤੀ।"

ਬੇਬੇ ਦੱਸਦੀ ਸੀ, "ਭਾਣਾ ਰੱਬ ਦਾ ਉਹਦੀਆਂ ਤਾਂ ਭਾਈ, ਛਾਤੀਆਂ 'ਚ ਦੁੱਧ ਉੱਤਰ ਆਇਆ।"



ਉਹੀ ਗੁਜਰੀ, ਜਿਸ ਦਾ ਦੁੱਧ ਇਕਬਾਲ ਦੇ ਲਹੂ ਵਿਚ ਰਚ ਚੁੱਕਾ ਸੀ 'ਆਜ਼ਾਦੀ' ਦੀ 'ਬਰਬਾਦੀ' ਵਿਚ ਮਾਰੀ ਗਈ। ਪਾਰਸ ਪਰਿਵਾਰ ਨੇ ਉਸ ਨੂੰ ਬਚਾਉਣ ਦੀ ਪੂਰੀ ਵਾਹ ਲਾਈ ਪਰ ਉਹ ਗੁਜਰੀ ਨੂੰ ਬਚਾ ਨਾ ਸਕਿਆ। ਮੁਸਲਮਾਨੀ ਗੁਜਰੀ ਦਾ ਦੁੱਧ ਚੁੰਘ ਕੇ ਇਕਬਾਲ ਧਰਮਾਂ-ਜਾਤਾਂ ਦੀ ਜਕੜ ਤੋਂ ਆਜ਼ਾਦ ਸੈਕੂਲਰ ਇਨਸਾਨ ਤੇ ਤਰਕਸ਼ੀਲ ਵਿਦਵਾਨ ਬਣਿਆ। ਉਹ ਹੋਰ ਵੀ ਬਹੁਤ ਕੁਛ ਬਣਿਆ। ਉਹਦੀ ਬੇਬੇ ਇਕਬਾਲ ਨੂੰ ਦੱਸਦੀ ਸੀ, "ਪੁਲਸੀਆਂ ਦੀ ਧਾੜ ਜਦੋਂ ਤੂੜੀ ਵਾਲੇ ਕੋਠੇ 'ਚ ਵੜੀ, ਪਿੱਛੇ-ਪਿੱਛੇ ਮੈਂ ਤੇ ਤੇਰਾ ਬਾਪੂ ਸੀ। ਤੂੰ, ਕਾਕਾ, ਗੁਜਰੀ ਦੇ ਪੱਟਾਂ 'ਤੇ ਸੁੱਤਾ ਪਿਆ ਸੀ। ਸਿਪਾਹੀ, ਅਕਬਾਲ ਸਿਆਂ, ਗੁਜਰੀ ਨੂੰ ਤੇਰੇ ਸਮੇਤ ਈ ਧੂਹ ਕੇ ਜੀਪ ਕੋਲ ਲੈ ਗਏ। ਮੈਂ ਤੇ ਤੇਰਾ ਬਾਪੂ ਮਗਰ-ਮਗਰ। ਛੱਡ ਦਿਓ ਅਬਲਾ ਨੂੰ, ਜ਼ਾਲਮੋਂ!" ਇਕਬਾਲ ਨੇ ਲਿਖਿਆ, "ਮੈਨੂੰ ਮੇਰੀ ਮਾਂ ਦੀਆਂ ਕੂਕਾਂ ਸੁਣਾਈ ਦੇਣ ਲੱਗੀਆਂ। ਦੇਖਿਓ ਮੇਰਾ ਮੁੰਡਾ ਨਾ ਮਾਰ ਦਿਓ! ਦੋ-ਤਿੰਨ ਸਿਪਾਹੀਆਂ ਨੇ ਗੁਜਰੀ ਦੀਆਂ ਬਾਹਾਂ ਮਰੋੜ ਕੇ ਮੈਨੂੰ ਉਸ ਦੀ ਬੁਕਲ 'ਚੋਂ ਮੂਲੀ ਵਾਂਗ ਪੱਟ ਲਿਆ। ਜੀਪ ਦਾ ਪਿਛਲਾ ਹਿੱਸਾ ਹੇਠਾਂ ਨੂੰ ਡਿੱਗਿਆ ਤੇ ਜੀਪ 'ਚ ਸੁੱਟੀਆਂ ਪਾਕਿਸਤਾਨ ਦੀਆਂ ਦੋ ਫਾਕੜਾਂ ਭੀੜ ਦੀਆਂ ਨਜ਼ਰਾਂ ਤੋਂ ਉਹਲੇ ਹੋ ਗਈਆਂ। ਉਹ ਬੱਸ ਜੀਪ 'ਚ ਹੀ ਪੂਰੀ ਹੋ ਗਈ।"

'ਕੱਲੀ ਰਾਮੂਵਾਲੇ ਦੀ ਗੁਜਰੀ ਹੀ ਨਹੀਂ, ਪੰਜਾਬ ਦੀਆਂ ਲੱਖਾਂ ਗੁਜਰੀਆਂ ਅਜ਼ਾਦੀ ਦੇ ਨਾਂ ਉੱਤੇ ਪੰਜਾਬ-ਵੰਡ ਦੀ ਭੇਟਾ ਚਾੜ੍ਹ ਦਿੱਤੀਆਂ ਗਈਆਂ ਜਿਨ੍ਹਾਂ ਦੇ ਵੈਣ ਅੰਮ੍ਰਿਤਾ ਪ੍ਰੀਤਮ ਨੇ 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਲਿਖ ਕੇ ਪਾਏ। ਉਹ ਵੈਣ ਇਕਬਾਲ ਦੀ ਕਵਿਤਾ ਵਿਚ ਵੀ ਸੁਲਘਦੇ ਰਹੇ। ਉਸ ਨੇ ਆਪਣੇ ਪਹਿਲੇ ਕਾਵਿ-ਸੰਗ੍ਰਹਿ ਦਾ ਨਾਂ ਹੀ 'ਸੁਲਘਦੇ ਅਹਿਸਾਸ' ਰੱਖਿਆ। ਧਰਮ ਦੇ ਨਾਂ 'ਤੇ ਲੋਕਾਂ ਵਿਚ ਵੰਡੀਆਂ ਪਾਉਂਦੇ ਸਿਆਸਤਦਾਨਾਂ ਅਤੇ ਛੁਰੇ, ਤ੍ਰਿਸ਼ੂਲ ਤੇ ਕਿਰਪਾਨਾਂ ਚਲਾਉਂਦੇ ਜਨੂੰਨੀਆਂ ਤੋਂ ਦੁਖੀ ਹੋਏ ਇਕਬਾਲ ਨੇ ਮਰਗ ਦੇ ਬਿਸਤਰੇ 'ਤੇ ਪਿਆਂ ਪਰਿਵਾਰ ਨੂੰ ਕਹਿ ਦਿੱਤਾ ਸੀ ਕਿ ਮੇਰੇ ਮਰਨ 'ਤੇ ਕੋਈ ਧਾਰਮਿਕ ਰਸਮ ਰੀਤ ਨਾ ਕੀਤੀ ਜਾਵੇ। ਜੇ ਕੀਤੀ ਤਾਂ ਮੈਂ ਸਮਝਾਂਗਾ ਮੈਨੂੰ ਦੁਬਾਰਾ ਮਾਰਿਆ ਜਾ ਰਿਹੈ!

25 ਜੂਨ, 2017 ਨੂੰ ਬਰੈਂਪਟਨ ਦੇ ਕਰੇਟੋਰੀਅਮ ਵਿਚ ਉਹਦੇ ਫਿਊਨਰਲ ਸਮੇਂ ਕੋਈ ਧਾਰਮਿਕ ਰਸਮ ਨਹੀਂ ਕੀਤੀ ਗਈ। ਵੱਡੀ ਗਿਣਤੀ ਵਿਚ ਪਹੁੰਚੇ ਉਹਦੇ ਪਿਆਰਿਆਂ ਨੂੰ ਮਾਤਮੀ ਧੁਨ ਸੁਣਾਉਣ, ਇਕਬਾਲ-ਰਛਪਾਲ ਦੀ ਆਵਾਜ਼ ਵਿਚ ਰਿਕਾਰਡ ਕੀਤੀ ਕਵੀਸ਼ਰੀ ਜੱਗ ਜੰਕਸ਼ਨ ਰੇਲਾਂ ਦਾ ਤੇ ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ ਗਾਉਣ ਅਤੇ ਵਰਿਆਮ ਸੰਧੂ ਤੇ ਸੁਰਿੰਦਰ ਧੰਜਲ ਵੱਲੋਂ ਭਾਵਭਿੰਨੀ ਸ਼ਰਧਾਂਜਲੀ ਦੇਣ ਉਪਰੰਤ ਦੇਹ ਅਗਨੀ ਹਵਾਲੇ ਕਰ ਦਿੱਤੀ ਗਈ।

***

ਇਕਬਾਲ ਦਾ ਮੁੱਢਲਾ ਜੀਵਨ ਪਿੰਡ ਰਾਮੂਵਾਲੇ ਵਿਚ ਬੀਤਿਆ ਜਿਥੇ ਨਾ ਬਿਜਲੀ ਸੀ ਤੇ ਨਾ ਕਿਸੇ ਗਲੀ 'ਤੇ ਪੱਕੀ ਇੱਟ ਦਾ ਪਰਛਾਵਾਂ। ਕੱਚੀਆਂ ਕੰਧਾਂ ਵਿਚਕਾਰ ਉਘੜ-ਦੁਘੜੇ ਵਲ-ਵਲੇਵੇਂ ਖਾ ਕੇ ਇਕ ਦੂਜੀ ਨੂੰ ਕੱਟਦੀਆਂ ਕੱਚੀਆਂ ਗਲੀਆਂ ਸਨ ਤੇ ਹਰ ਗਲੀ ਦੇ ਵਿਚਾਲੇ ਕਾਲੇ ਰੰਗ ਦੇ ਚਿੱਕੜ ਦੀਆਂ ਬਿਆਈਆਂ! ਉਨ੍ਹਾਂ ਗਲੀਆਂ ਨੂੰ ਕੱਛਦਾ ਉਹ ਮੁੱਢਲੀਆਂ ਸਕੂਲੀ ਜਮਾਤਾਂ ਪੜ੍ਹਿਆ। ਘਰ ਦੀ ਤੰਗੀ ਜੁੱਤੀ ਜੋੜੇ ਲੈਣ ਤੋਂ ਵੀ ਵਰਜਦੀ ਸੀ। ਉਹ ਦੱਸਦਾ ਹੈ ਕਿ ਇਕ ਵਾਰ ਮੈਂ ਜੁੱਤੀ ਗੁਆ ਬੈਠਾ। ਜੇਠ ਹਾੜ੍ਹ ਦੀ ਤਪਦੀ ਦੁਪਹਿਰ ਸੀ। ਸਕੂਲੋਂ ਛੁੱਟੀ ਮਿਲਣ ਮਗਰੋਂ ਮੇਰੀਆਂ ਨੰਗੀਆਂ ਤਲੀਆਂ ਜਦੋਂ ਤਪਦੀ ਧਰਤੀ 'ਤੇ ਟਿਕੀਆਂ ਤਾਂ ਮੈਂ ਤੜਫ਼ ਉਠਿਆ। ਬਾਕੀ ਬੱਚਿਆਂ ਦੇ ਪੈਰਾਂ 'ਚ ਜੁੱਤੀਆਂ ਹੋਣ ਕਾਰਨ ਉਹ ਹੱਸਦੇ-ਖੇਡਦੇ ਘਰਾਂ ਨੂੰ ਜਾ ਰਹੇ ਸਨ ਪਰ

ਮੈਂ ਪੱਬਾਂ ਭਾਰ ਹੋ ਕੇ ਆਪਣੀਆਂ ਤਲੀਆਂ ਨੂੰ ਸੜਨ ਤੋਂ ਬਚਾਉਣ ਦੇ ਭਰਮ ਵਿਚ ਸਾਂ। ਦੁਪਹਿਰ ਦਾ ਸੂਰਜ ਰਤਾ ਕੁ ਢਲ ਗਿਆ ਹੋਣ ਕਾਰਨ, ਕੰਧਾਂ ਦੇ ਕਦਮਾਂ 'ਚੋਂ ਕਾਤਰ ਕੁ ਛਾਂ ਗਲੀ ਵੱਲ ਨੂੰ ਵਧ ਆਈ ਸੀ। ਮਨ ਨੂੰ ਬਚਾਓ ਦੀ ਝੂਠੀ ਤਸੱਲੀ ਦੇਣ ਲਈ ਮੈਂ ਕੰਧਾਂ ਦੀ ਨਹੁੰ ਕੁ ਭਰ ਛਾਂ 'ਤੇ ਤੁਰ ਕੇ ਰੋਂਦਾ-ਕਰਲਾਉਂਦਾ ਘਰ ਅਪੜਿਆ ਸਾਂ।

ਇਕਬਾਲ ਤੀਜੀ ਜਮਾਤ ਵਿਚ ਸੀ ਜਦ 1955 ਦੇ ਹੜ੍ਹ ਆਏ। ਹੜ੍ਹ ਲੱਥ ਜਾਣ ਪਿੱਛੋਂ ਉਨ੍ਹਾਂ ਦੇ ਕੱਚੇ ਕੋਠੇ 'ਚ ਅਚਾਨਕ ਹੀ ਤੁੰਗ-ਤੁੰਗ, ਤੁਣ ਤੁਣ ਹੋਣ ਲੱਗੀ। ਸਾਰੰਗੀ ਦੀ ਚੀਂ-ਚੀਂ ਸੁਣਦਿਆਂ ਉਹਦੀ ਮੁੱਠੀ 'ਚ ਘੁੱਟੇ ਬੰਟੇ ਖੁੱਤੀ ਉਦਾਲੇ ਖਿਲਰ ਗਏ। ਖੱਬੀ ਮੁੱਠੀ ਮੀਟੀ ਗਈ ਤੇ ਸੱਜੇ ਹੱਥ ਦੀਆਂ ਉਂਗਲਾਂ ਸਾਰੰਗੀ ਦੀ ਤਾਲ ਵਿਚ ਠੱਕ-ਠੱਕ ਕਰਨ ਲੱਗੀਆਂ। ਉਸ ਦੇ ਬਾਪ ਨੇ ਕਿੱਲੀ 'ਤੇ ਲਟਕਦੇ ਝੋਲੇ 'ਚੋਂ ਇਕ ਢੱਡ ਕੱਢੀ ਤੇ ਬਾਲਕ 'ਢੋਲ' ਦੇ ਹੱਥ ਫੜਾ ਦਿੱਤੀ। ਉਸ ਦਿਨ ਤੋਂ ਰੋਜ਼ ਬਾਪ ਦੀ ਸਾਰੰਗੀ ਕੂਕਦੀ ਤੇ ਢੋਲ ਦੀ ਢੱਡ ਖੜਕਦੀ।

ਗੀਤ-ਸੰਗੀਤ, ਸ਼ਾਇਰੀ, ਗਾਇਕੀ ਤੇ ਚਿਤਰਕਾਰੀ ਆਦਿ ਸੂਖਮ ਹੁਨਰ ਵਿਅਕਤੀ ਕੁਦਰਤ ਕੋਲੋਂ ਹੀ ਲੈ ਕੇ ਆਉਂਦਾ ਹੈ। ਇਕਬਾਲ ਕਿਹਾ ਕਰਦਾ ਸੀ ਕਿ ਮੈਂ ਪਿੰਗਲ/ਅਰੂਜ਼ ਕਿਸੇ ਉਸਤਾਦ ਤੋਂ ਨਹੀਂ ਸਿੱਖਿਆ, ਪਰ ਛੰਦਬੱਧ ਸ਼ਾਇਰੀ ਲਿਖਦੇ ਅਤੇ ਗ਼ਜ਼ਲ ਜਾਂ ਗੀਤ ਸਟੇਜ ਉੱਤੇ ਤਰੰਨਮ 'ਚ ਪੜ੍ਹਦੇ ਸਮੇਂ, ਬਾਪੂ ਦੀ ਹੜ੍ਹਾਂ ਪਿੱਛੋਂ ਵਜਾਈ ਉਹੀ ਸਾਰੰਗੀ ਮੇਰੀ ਆਤਮਾ 'ਚ ਹੂਕਦੀ। ਜਦੋਂ ਕਿਸੇ ਰੇਡੀਓ, ਟੇਪ ਜਾਂ ਟੀ. ਵੀ. 'ਚੋਂ ਉੱਠਦੀ ਸਾਰੰਗੀ ਦੀ ਹੂਕ ਮੇਰੇ ਕੰਨਾਂ 'ਤੇ ਦਸਤਕ ਦੇਂਦੀ ਤਾਂ ਮੇਰੀ ਆਤਮਾ 'ਚ ਢੱਡਾਂ ਦੀ ਡੁੱਗ-ਡੁੱਗ ਆਮੁਹਾਰੇ ਹੀ ਵੱਜਣ ਲੱਗ ਜਾਂਦੀ।

ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਘਰ ਚਾਰ ਪੁੱਤਾਂ ਤੇ ਦੋ ਧੀਆਂ ਨੇ ਜਨਮ ਲਿਆ ਸੀ। ਸਭ ਤੋਂ ਵੱਡਾ ਹਰਚਰਨ ਸਿੰਘ ਅਧਿਆਪਕ ਬਣ ਗਿਆ। ਉਸ ਤੋਂ ਛੋਟੇ ਬਲਵੰਤ ਸਿੰਘ ਨੇ ਦਸਵੀਂ ਪਾਸ ਕੀਤੀ ਤਾਂ ਬਾਪ ਨੇ ਘਰ ਦੀ ਆਮਦਨ 'ਚ ਵਾਧਾ ਕਰਨ ਲਈ ਉਸ ਨੂੰ ਫਿਰੋਜ਼ਪੁਰ ਟੀਨ ਦੇ ਟਰੰਕ-ਪੇਟੀਆਂ ਬਣਾਉਣ ਵਾਲੇ ਕਾਰਖਾਨੇ ਵਿਚ ਛੱਡ ਦਿੱਤਾ। ਪਰ ਉਹ ਹਫ਼ਤੇ ਬਾਅਦ ਹੀ ਦੌੜ ਆਇਆ। ਘਰ ਆ ਕੇ ਇਕ ਦਿਨ ਅਰਧ-ਜ਼ੰਗਾਲੀ ਟਰੰਕੀ 'ਚੋਂ ਬਾਪੂ ਦੇ ਲਿਖੇ ਕਾਗਜ਼ ਕੱਢ ਕੇ ਸਿਉਂ ਲਏ ਜੋ ਕੌਲਾਂ ਭਗਤਣੀ ਦਾ ਹੱਥਲਿਖਤ ਕਿੱਸਾ ਬਣ ਗਏ। ਫਿਰ ਉਸ ਨੇ ਪੰਜਵੀਂ 'ਚ ਪੜ੍ਹਦੇ ਇਕਬਾਲ ਤੇ ਤੀਜੀ 'ਚ ਪੜ੍ਹਦੇ ਰਛਪਾਲ ਨੂੰ ਨਾਲ ਲੈ ਕੇ ਕਵੀਸ਼ਰੀ ਜਥਾ ਬਣਾ ਲਿਆ। ਉਹ ਲੁਕ ਛਿਪ ਕੇ ਕਵੀਸ਼ਰੀ ਗਾਉਂਦੇ ਜਿਸ ਨੂੰ ਉਨ੍ਹਾਂ ਦੇ ਆੜੀ ਸੁਣਦੇ ਤੇ ਸਲਾਹੁੰਦੇ। ਇਕ ਵਾਰ ਪਾਰਸ, ਰਣਜੀਤ ਸਿੰਘ ਤੇ ਚੰਦ ਸਿੰਘ ਦਾ ਕਵੀਸ਼ਰੀ ਜਥਾ ਕਲਕੱਤੇ ਕਵੀਸ਼ਰੀ ਕਰਨ ਗਿਆ ਜਿਥੋਂ ਉਨ੍ਹਾਂ ਨੇ ਮਹੀਨੇ ਬਾਅਦ ਮੁੜਨਾ ਸੀ। ਪਿੱਛੇ ਪਿੰਡ ਵਿਚ ਬਲਵੰਤ ਹੋਰਾਂ ਦੇ ਇਕ ਆੜੀ ਦੀ ਭੈਣ ਦਾ ਵਿਆਹ ਆ ਗਿਆ। ਆੜੀਆਂ ਦੇ ਕਹਿਣ 'ਤੇ ਬਲਵੰਤ ਹੋਰਾਂ ਦੇ ਜਥੇ ਨੇ ਵਿਆਹ ਵਿਚ ਕੌਲਾਂ ਭਗਤਣੀ ਦਾ ਕਿੱਸਾ ਸੁਣਾ ਦਿੱਤਾ। ਉਨ੍ਹਾਂ ਮੂਹਰੇ ਰੁਪਈਆਂ ਦੀ ਢੇਰੀ ਲੱਗ ਗਈ। ਘਰ ਆ ਕੇ ਡੂਢ ਸੌ ਰੁਪਏ ਮਾਂ ਦੀ ਤਲੀ 'ਤੇ ਰੱਖੇ ਤਾਂ ਝਿੜਕਾਂ ਪਈਆਂ ਕਿ ਕਿਥੋਂ ਚੋਰੀ ਕੀਤੀ ? ਅਸਲੀਅਤ ਦੱਸੀ ਤਾਂ ਬੇਬੇ ਹੋਰ ਵੀ ਔਖੀ ਭਾਰੀ ਹੋਈ ਤੇ ਡਰਾਵਾ ਦਿੱਤਾ, ਆ ਲੈਣ ਦਿਓ ਥੋਡੇ ਪਤੰਦਰ ਨੂੰ...।

ਪਰ ਉਹ ਆਪਣੀ ਆਈ ਤੋਂ ਨਾ ਟਲੇ। ਪਾਰਸ ਹੋਰਾਂ ਦੇ ਪਰਤਣ ਤਕ ਉਨ੍ਹਾਂ ਦਾ ਜਥਾ ਵਾਹਵਾ ਰਵਾਂ ਹੋ ਗਿਆ। ਇਕ ਦਿਨ ਪਾਰਸ ਨੂੰ ਕੋਈ ਸੱਜਣ ਪੁੱਛਣ ਆਇਆ ਪਈ ਪ੍ਰੋਗਰਾਮ ਦੇ ਕਿੰਨੇ ਪੈਸੇ ਲਓਗੇ ? ਪਾਰਸ ਨੇ ਰੇਟ ਦੱਸ ਦਿੱਤਾ। ਉਨ੍ਹਾਂ ਦੇ ਜਥੇ ਦਾ ਰੇਟ ਪੁੱਛਣ ਪਿੱਛੋਂ ਉਹ ਮੁੰਡਿਆਂ ਦੇ ਜਥੇ ਦਾ ਰੇਟ ਪੁੱਛਣ ਲੱਗਾ। ਉਹ ਮੁੰਡਿਆਂ ਦਾ ਜਥਾ ਈ ਬੁੱਕ ਕਰਨ ਆਇਆ ਸੀ।



ਸੱਜਣ ਤਾਂ ਪਾਰਸ ਨੇ ਤੋਰ ਦਿੱਤਾ ਪਰ ਪੁੱਤਰ ਸੱਦ ਲਏ। ਨਾਲੇ ਅੱਖਾਂ 'ਚੋਂ ਹੰਝੂ ਵਹਾਈ ਜਾਵੇ ਨਾਲੇ ਆਖੀ ਜਾਵੇ, ਜੇ ਗਾਉਣਾ ਤਾਂ ਸੂਈ ਦੇ ਨੱਕੇ 'ਚੋਂ ਲੰਘਣਾ ਪਊ। ਮੇਰੀ ਤਸੱਲੀ ਤਦ ਹੋਊ ਜੇ ਕਰਨੈਲ ਦੇ ਪੁੱਤ ਉਹਤੋਂ ਦੋ ਰੱਤੀਆਂ ਉਤੋਂ ਦੀ ਹੋਣ।

ਦੋ ਰੱਤੀਆਂ ਉਤੋਂ ਦੀ ਕਰਨ ਲਈ ਫਿਰ ਪਿਉ ਨੇ ਪੁੱਤਾਂ ਦੀ ਕਰੜੀ ਮਸ਼ਕ ਕਰਵਾਈ। ਉਚਾਰਨ ਠੀਕ ਕੀਤਾ ਤੇ ਸ਼ੀਸ਼ੇ ਸਾਹਮਣੇ ਖੜ੍ਹਾਅ ਕੇ ਹੱਥ ਦੀ ਵਾੱਲੀ ਮਾਰਨੀ ਸਿਖਾਈ। ਉਸੇ ਅਭਿਆਸ ਦਾ ਨਤੀਜਾ ਸੀ ਕਿ 60ਵਿਆਂ ਵਿਚ ਰਾਮੂਵਾਲੀਏ ਭਰਾਵਾਂ ਦਾ ਜਥਾ ਪੰਜਾਬੀ ਗਾਇਕੀ ਦੇ ਗਗਨ ਉੱਤੇ ਉਡਾਰੀਆਂ ਭਰਨ ਲੱਗਾ। ਆਏ ਦਿਨ ਆਲ ਇੰਡੀਆ ਰੇਡੀਓ ਤੋਂ ਉਨ੍ਹਾਂ ਦੀ ਸਾਰੰਗੀ ਵੱਜਦੀ, ਢੱਡ ਖੜਕਦੀ ਤੇ ਕਵੀਸ਼ਰੀ ਗੂੰਜਦੀ। ਉਹ ਗਾਉਂਦੇ:

-ਗਈ ਥਲ ਵਿੱਚ ਭੁੜਥਾ ਹੋ, ਸੱਸੀ ਪੁੰਨਣਾ ਪੁੰਨਣਾ ਕਰਦੀ
-ਜੋਗੀ ਉਤਰ ਪਹਾੜੋਂ ਆਏ, ਭਿਛਿਆ ਤੂੰ ਪਾ ਦੇ ਸੁੰਦਰਾਂ
-ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇੱਕ ਆਵੇ ਇੱਕ ਜਾਵੇ
-ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ

ਉਨ੍ਹਾਂ ਦਾ ਢਾਡੀ ਜਥਾ ਬਣਨ ਦੀ ਦੇਰ ਸੀ ਕਿ ਰਾਮੂਵਾਲੇ ਦੇ ਤੂੰਬੀਏ ਪਿੱਲੂ ਨੇ ਇਕਬਾਲ ਨੂੰ ਤੂੰਬੀ ਵਜਾਉਣੀ ਸਿਖਾ ਦਿੱਤੀ। ਇਕਬਾਲ ਦੱਸਦਾ ਹੁੰਦਾ ਸੀ ਕਿ ਮੇਰੀ ਤੂੰਬੀ ਸੈਂਕੜਿਆਂ ਤੋਂ ਲੈ ਕੇ ਹਜ਼ਾਰਾਂ ਦੇ 'ਕੱਠਾਂ 'ਚ, ਪੰਜਾਬ ਤੋਂ ਲੈ ਕੇ ਦਿੱਲੀ, ਕਲਕੱਤੇ, ਕਸ਼ਮੀਰ, ਯੂ. ਪੀ. ਤੇ ਭਾਰਤ ਦੇ ਪਤਾ ਨਹੀਂ ਕਿੰਨੇ ਥਾਵਾਂ 'ਤੇ ਟੁਣਕੀ। ਉਹ ਤੂੰਬੀ ਸੈਂਕੜੇ ਵਾਰ ਰੇਡੀਓ ਜਲੰਧਰ 'ਤੇ ਟੁਣਕਾਈ ਗਈ। ਰਛਪਾਲ, ਮੈਂ ਤੇ ਬਲਵੰਤ, ਜਦੋਂ ਵੀ 'ਕੱਠੇ ਹੁੰਦੇ ਤਾਂ ਕਵੀਸ਼ਰੀ ਦੇ ਨਾਲ ਤੂੰਬੀ ਵੀ ਤੁਣਕਦੀ...।

ਉਨ੍ਹਾਂ ਦੇ ਜਥੇ ਦੀ ਸਵਾਰੀ ਹੁੰਦੀ ਸੀ ਸਾਈਕਲ। ਰਛਪਾਲ ਡੰਡੇ 'ਤੇ ਬਹਿ ਜਾਂਦਾ, ਬਲਵੰਤ ਪੈਡਲ ਮਾਰਦਾ ਤੇ ਇਕਬਾਲ ਦੌੜ ਕੇ ਕੈਰੀਅਰ ਦੀ ਸਵਾਰੀ ਕਰਦਾ। ਕਦੇ ਸਿਆਲ ਦਾ ਠੱਕਾ ਵਗਦਾ, ਕੋਰਾ ਪੈਂਦਾ, ਸੁੰਨ ਚੜ੍ਹਦੀ ਤਾਂ ਬਾਲ ਰਛਪਾਲ ਦੇ ਹੱਥ ਠਰਦੇ ਜੋ ਕਿਸੇ ਕਾਹ ਦੇ ਬੂਟੇ ਜਾਂ ਝਾੜੀ ਨੂੰ ਅੱਗ ਲਾ ਕੇ ਨਿੱਘੇ ਕੀਤੇ ਜਾਂਦੇ। ਕਦੇ ਰਾਹ ਭੁੱਲ ਜਾਂਦਾ, ਕਦੇ ਸਾਈਕਲ ਪੈਂਚਰ ਹੋ ਜਾਂਦਾ, ਕਦੇ ਚਿਮਟਾ ਹੀ ਟੁੱਟ ਜਾਂਦਾ ਤਾਂ ਸਾਈਕਲ ਮੋਢਿਆਂ 'ਤੇ ਚੁੱਕਣਾ ਪੈਂਦਾ। ਕਿਤੇ ਉਹ ਰਾਹ-ਖਹਿੜਿਆਂ ਦੇ ਹਨ੍ਹੇਰਿਆਂ 'ਚ ਗੁਆਚਦੇ ਤੇ ਕਿਤੇ ਭੂਤਾਂ ਦੇ ਵਾੜਿਆਂ ਵਰਗੀਆਂ ਕੋਠੜੀਆਂ 'ਚ ਰਾਤਾਂ ਕੱਟਦੇ। ਉਹ ਸੰਘਰਸ਼ ਦੀ ਭੱਠੀ ਵਿਚ ਤਪਦੇ ਗਏ ਤੇ ਗਾਇਕੀ ਦੇ ਨਾਲ ਜਮਾਤਾਂ ਵੀ ਚੜ੍ਹਦੇ ਗਏ। ਅੱਠਵੀਂ ਕਰਨ ਪਿੱਛੋਂ ਇਕਬਾਲ ਦੀ ਪੜ੍ਹਾਈ ਛੁੱਟ ਗਈ ਸੀ ਜਿਸ ਕਰਕੇ ਦਸਵੀਂ ਉਸ ਨੇ ਪ੍ਰਾਈਵੇਟ ਪਾਸ ਕੀਤੀ।

ਇਕਬਾਲ ਫਿਰ ਡੀ. ਐੱਮ. ਕਾਲਜ ਮੋਗੇ ਪੜ੍ਹਨ ਲੱਗਾ ਤੇ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਗਾਉਣ ਨਾਲ ਲਿਖਣ ਵੀ ਲੱਗ ਪਿਆ। ਉਹਦੀ ਪਹਿਲੀ ਕਹਾਣੀ 'ਲਾਲ ਮੌਜੇ' ਨਵਾਂ ਜ਼ਮਾਨਾ ਵਿਚ ਛਪੀ। ਫਿਰ ਕਵਿਤਾਵਾਂ ਵੀ ਛਪਣ ਲੱਗ ਪਈਆਂ। ਚੜ੍ਹਦੀ ਜੁਆਨੀ ਵਿਚ ਉਹ ਇਕ ਕੁੜੀ ਦੇ ਪ੍ਰੇਮ ਜਾਲ ਵਿਚ ਫਸਦਾ-ਫਸਦਾ ਬਚਿਆ। ਬੀ. ਏ. ਉਸ ਨੇ ਸੈਕੰਡ ਡਿਵੀਜ਼ਨ ਵਿਚ ਪਾਸ ਕੀਤੀ ਜਦ ਕਿ ਪੰਜਾਬੀ ਵਿਚ ਫਸਟ ਕਲਾਸ ਨੰਬਰ ਆਏ।

ਬਲਵੰਤ ਇਕਨੌਮਿਕਸ ਦੀ ਐੱਮ. ਕਰਦਾ ਲੁਧਿਆਣੇ ਰਹਿੰਦਾ ਸੀ। ਇਕਬਾਲ ਵੀ ਉਹਦੇ ਕੋਲ ਚਲਾ ਗਿਆ। ਉਹਦਾ ਇਰਾਦਾ ਪੰਜਾਬੀ ਦੀ ਐੱਮ. ਏ. ਕਰਨ ਦਾ ਸੀ ਪਰ ਬਲਵੰਤ ਨੇ

ਅੰਗਰੇਜ਼ੀ ਦੀ ਐੱਮ. ਏ. ਕਰਨ ਲਈ ਪ੍ਰੇਰ ਲਿਆ। ਅੰਗਰੇਜ਼ੀ ਵਿਚ ਨੰਬਰ ਘੱਟ ਹੋਣ ਕਰਕੇ ਦਾਖਲਾ ਮਿਲਣਾ ਮੁਸ਼ਕਲ ਸੀ। ਬਲਵੰਤ ਮੁੱਢ ਤੋਂ ਜੁਗਾੜੀ ਸੀ। ਉਸ ਨੇ ਕਲੱਰਕ ਨਾਲ ਅੱਟੀ-ਸੱਟੀ ਰਲਾਈ ਤੇ ਕਣਕ ਦੀ ਬੋਰੀ ਦੇ ਕੇ ਭਰਾ ਨੂੰ ਸਰਕਾਰੀ ਕਾਲਜ ਲੁਧਿਆਣੇ ਵਿਚ ਐੱਮ. ਏ. ਅੰਗਰੇਜ਼ੀ ਦਾ ਦਾਖਲਾ ਦੁਆ ਦਿੱਤਾ!

ਇਕਬਾਲ ਦਸਦਾ ਸੀ ਬਈ ਰਾਮੂਵਾਲੇ ਸਾਡੇ ਘਰ 'ਚ ਖਾਣ ਪੀਣ ਦੀਆਂ ਹੋਰ ਚੀਜ਼ਾਂ ਭਾਵੇਂ ਮੁੱਕ ਜਾਣ ਪਰ ਦਾਰੂ ਕਦੇ ਨਹੀਂ ਸੀ ਮੁੱਕੀ। ਉਨ੍ਹਾਂ ਦਾ ਸੀਰੀ ਘਰ ਦੀ ਕੱਢੀ ਜਮ੍ਹਾਂ ਰੱਖਦਾ ਤੇ ਦਾਰੂ ਦੀ ਕਦੇ ਟੋਟ ਨਾ ਆਉਣ ਦਿੰਦਾ।

ਲੁਧਿਆਣੇ ਪੜ੍ਹਦਿਆਂ ਉਹ ਇਕ ਹਮਜਮਾਤਣ ਵੱਲ ਖਿੱਚਿਆ ਗਿਆ। ਬਾਅਦ ਵਿਚ ਦੋਹਾਂ ਦਾ ਵਿਆਹ ਹੋ ਗਿਆ ਜਿਸ ਦਾ ਵੇਰਵਾ ਉਸ ਨੇ ਸਵੈਜੀਵਨੀ ਦੇ ਕਾਂਡ 'ਸੁਖਸਾਗਰ ਦੀਆਂ ਲਹਿਰਾਂ 'ਚ' ਦਿੱਤਾ ਹੈ। ਅੰਗਰੇਜ਼ੀ ਦੀ ਐੱਮ. ਏ. ਵੀ ਉਸ ਨੇ ਬੀ. ਏ. ਵਾਂਗ ਸੈਕੰਡ ਡਿਵੀਜ਼ਨ 'ਚ ਪਾਸ ਕੀਤੀ ਜਿਸ ਨਾਲ ਉਹ ਕਾਲਜ ਵਿਚ ਲੈਕਚਰਾਰ ਲੱਗਣ ਦੇ ਯੋਗ ਹੋ ਗਿਆ।

1970 ਦੇ ਦਿਨ ਸਨ। ਮੈਂ ਉਦੋਂ ਲਾਜਪਤ ਰਾਏ ਕਾਲਜ ਢੁੱਡੀਕੇ ਦਾ ਕਾਰਜਕਾਰੀ ਪ੍ਰਿੰਸੀਪਲ ਸਾਂ। ਇਕ ਸੁਣੱਖਾ ਨੌਜੁਆਨ ਦਫਤਰ ਵਿਚ ਮਿਲਣ ਆਇਆ। ਗੋਰਾ ਰੰਗ, ਸ਼ੌਕੀਨ ਪਹਿਰਾਵਾ। ਬੋਲਿਆ ਤਾਂ ਆਵਾਜ਼ ਪਹਿਲਾਂ ਸੁਣੀ ਹੋਈ ਲੱਗੀ। ਉਹ ਮੈਨੂੰ ਪਹਿਲੀ ਵਾਰ ਮਿਲ ਰਿਹਾ ਸੀ। ਉਸ ਨੇ ਆਪਣਾ ਨਾਂ ਇਕਬਾਲ ਰਾਮੂਵਾਲੀਆ ਦੱਸਿਆ। ਮੈਂ ਸਮਝ ਗਿਆ ਕਿ ਉਹ ਕਵੀਸ਼ਰ ਕਰਨੈਲ ਸਿੰਘ ਦਾ ਪੁੱਤਰ ਹੈ ਜਿਸ ਨੂੰ ਮੈਂ ਰੇਡੀਓ ਤੋਂ ਸੁਣਦਾ ਰਹਿੰਦਾ ਸਾਂ। ਗੱਲ ਬਾਤ ਹੋਈ ਤਾਂ ਪਤਾ ਲੱਗਾ ਕਿ ਉਹ ਅੰਗਰੇਜ਼ੀ ਦੀ ਐੱਮ. ਏ. ਹੈ। ਕਾਲਜ ਦੀ ਐਡ ਪੜ੍ਹ ਕੇ ਲੈਕਚਰਾਰ ਲੱਗਣ ਆਇਆ ਹੈ। ਮੈਂ ਉਸ ਨੂੰ ਦੱਸਿਆ ਕਿ ਹਾਲੇ ਕਾਲਜ ਨੂੰ ਪਾਰਟ ਟਾਈਮ ਲੈਕਚਰਾਰ ਦੀ ਲੋੜ ਹੈ। ਅਗਲੇ ਸਾਲ ਹੋ ਸਕਦੈ ਫੁੱਲ ਟਾਈਮ ਪੋਸਟ ਬਣ ਜਾਵੇ। ਜੇ ਪਾਰਟ ਟਾਈਮ ਲੱਗਣ ਲਈ ਤਿਆਰ ਹੈ ਤਾਂ ਅਸੀਂ ਹੁਣੇ ਰੱਖ ਸਕਦੇ ਹਾਂ। ਉਹ ਇਹ ਕਹਿ ਕੇ ਚਲਾ ਗਿਆ ਕਿ ਸੁਧਾਰ ਦੇ ਕਾਲਜ ਵਿਚ ਵੀ ਟਰਾਈ ਕਰਦਾਂ। ਉਥੇ ਜੇ ਗੱਲ ਨਾ ਬਣੀ ਤਾਂ ਤੁਹਾਡੇ ਕੋਲ ਆ ਜਾਵਾਂਗਾ।

ਜੁਗਾੜੀਏ ਬਲਵੰਤ ਨੇ ਫਿਰ ਜੁਗਾੜ ਕੀਤਾ ਜਿਸ ਨਾਲ ਇਕਬਾਲ ਗੁਰੂਸਰ ਕਾਲਜ ਸੁਧਾਰ ਵਿਚ ਲੈਕਚਰਾਰ ਲੱਗ ਗਿਆ। ਉਹਦੀ ਪਤਨੀ ਸੁਖਸਾਗਰ ਬੋਂਦਲੀ-ਸਮਰਾਲੇ ਕਾਲਜ ਵਿਚ ਲੈਕਚਰਾਰ ਲੱਗ ਗਈ। ਇਕਬਾਲ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੋ ਗਿਆ। ਉਹਦੀਆਂ ਕਵਿਤਾਵਾਂ ਦੀ ਸੁਰ ਵੀ ਗਰਮ ਹੋ ਗਈ। ਉਹ ਪਾਸ਼, ਦਿਲ, ਵਰਿਆਮ ਸੰਧੂ, ਸੁਰਿੰਦਰ ਧੰਜਲ ਤੇ ਅਮਰਜੀਤ ਚੰਦਨ ਹੋਰਾਂ ਨਾਲ ਬਰ ਮੇਚਣ ਲੱਗ ਪਿਆ। ਸੁਧਾਰ ਪੁਲ 'ਤੇ ਕਿਰਾਏ ਦੇ ਚੁਬਾਰੇ 'ਚੋਂ ਦਾਰੂ ਦੇ ਦੌਰ ਨਾਲ ਇਨਕਲਾਬ ਦੇ ਚੰਗਿਆੜੇ ਨਿਕਲਣ ਲੱਗ ਪਏ। ਮੋਗੇ ਦੇ ਸਿਨਮਾ ਕਾਂਡ ਤੋਂ ਕਾਲਜਾਂ ਵਿਚ ਹੜਤਾਲਾਂ ਹੋਣ ਲੱਗ ਪਈਆਂ। ਸੁਧਾਰ ਕਾਲਜ ਹੜਤਾਲੀਆਂ ਦਾ ਗੜ੍ਹ ਬਣ ਗਿਆ। ਝੂਠੇ ਪੁਲਿਸ ਮੁਕਾਬਲੇ ਹੋਣ ਲੱਗੇ। ਘਰਦਿਆਂ ਨੂੰ ਫਿਕਰ ਹੋਇਆ ਕਿ ਉਨ੍ਹਾਂ ਦਾ ਢੋਲਾ ਨਾ ਵਲ੍ਹੇਟਿਆ ਜਾਵੇ। ਇਨਕਲਾਬ ਆਉਂਦਾ-ਆਉਂਦਾ ਤਾਂ ਰਾਹਾਂ 'ਚ ਭਟਕ ਗਿਆ ਪਰ ਕਈ ਇਨਕਲਾਬੀ ਕਵੀ ਇਨਕਲਾਬ ਲਿਆਉਂਦੇ-ਲਿਆਉਂਦੇ ਇੰਗਲੈਂਡ, ਅਮਰੀਕਾ ਤੇ ਕੈਨੇਡਾ ਪਹੁੰਚ ਗਏ!

ਇਕਬਾਲ ਦਾ ਵੀ ਕੈਨੇਡਾ ਜਾਣ ਦਾ ਗੇੜ ਬਣ ਗਿਆ। ਛੋਟਾ ਭਰਾ ਰਛਪਾਲ ਪਹਿਲਾਂ ਹੀ ਕੈਨੇਡਾ ਪਹੁੰਚ ਗਿਆ ਸੀ ਜਿਸ ਕਰਕੇ ਠਾਹਰ ਬਣ ਗਈ ਸੀ। ਦੋਵੇਂ ਪਤੀ ਪਤਨੀ ਪ੍ਰੋਫ਼ੈਸਰੀਆਂ ਛੱਡ ਕੇ 1975 ਵਿਚ ਕੈਨੇਡਾ ਜਾ ਪੁੱਜੇ।



ਜਦ ਇਕਬਾਲ ਤੇ ਸੁਰਸਾਗਰ ਦਿੱਲੀ ਤੋਂ ਕੈਨੇਡਾ ਨੂੰ ਉਡਣ ਲੱਗੇ ਤਾਂ ਇਕਬਾਲ ਲਿਖਦਾ ਹੈ: ਸਾਗਰ ਦੇ ਫੁਟ-ਫੁਟ ਡਿਗਦੇ ਹਟਕੋਰੇ ਤੇ ਮੇਰੀਆਂ ਸਿੱਲ੍ਹੀਆਂ ਅੱਖਾਂ! ਆਪਣੇ ਮਨ 'ਚ 'ਚੰਗਾ ਬਈ ਪੰਜਾਬ' ਆਖ ਕੇ ਮੈਂ ਸਾਗਰ ਨੂੰ ਹਵਾਈ ਜਹਾਜ਼ ਦੇ ਡੀਪਾਰਚਰ ਗੇਟਾਂ ਵੱਲ ਨੂੰ ਤੋਰ ਲਿਆ।

ਇਓਂ ਪ੍ਰੋਫ਼ੈਸਰ ਇਕਬਾਲ ਰਾਮੂਵਾਲੀਆ, ਕੈਨੇਡਾ ਦਾ ਮਜ਼ਦੂਰ ਬਾਲੀ ਗਿੱਲ ਬਣ ਗਿਆ!

'ਬਰਫ਼ ਵਿਚ ਉਗਦਿਆਂ' ਦੇ ਕਾਂਡ 'ਗੁੰਗੀ ਪਤਝੜ' ਵਿਚ ਇਕਬਾਲ ਲਿਖਦੈ ਕਿ ਕੈਨੇਡਾ ਵਿਚ ਸਾਡੀਆਂ ਅੰਗਰੇਜ਼ੀ ਦੀਆਂ ਮਾਸਟਰ ਡਿਗਰੀਆਂ ਰੱਦੀ ਕਾਗਜ਼ ਸਨ। "ਹਰੇ-ਕਚੂਰ ਪੱਤੇ ਜਦੋਂ ਆਪਣੇ ਦਰੱਖਤ ਨਾਲੋਂ ਟੁੱਟ ਕੇ ਧਰਤੀ ਉਪਰ ਡਿੱਗ ਪੈਂਦੇ ਹਨ ਤਾਂ ਉਨ੍ਹਾਂ ਵਿਚ ਜਾਨ ਨਹੀਂ ਰਹਿੰਦੀ। ਹਲਕੀ ਜਿਹੀ ਹਵਾ ਹੀ ਉਡਾਅ ਕੇ ਲੈ ਜਾਂਦੀ ਹੈ ਦਰੱਖਤ ਤੋਂ ਟੁੱਟੇ ਪੱਤਿਆਂ ਨੂੰ! ਤੇਜ਼ ਰਫ਼ਤਾਰ ਕਾਰਾਂ ਮਿੱਧ ਸੁੱਟਦੀਆਂ ਨੇ; ਫਿਰ ਹੌਲੀ-ਹੌਲੀ ਇਹ ਮਿੱਟੀ ਬਣ ਜਾਂਦੇ ਨੇ! ਮੇਰੀਆਂ ਸੋਚਾਂ 'ਚ ਸਾਡੀਆਂ ਡਿਗਰੀਆਂ ਘੁੰਮ ਰਹੀਆਂ ਸਨ; ਆਪਣੀਆਂ ਜੜ੍ਹਾਂ ਤੋਂ ਬਹੁਤ ਦੂਰ ਆ ਡਿੱਗੀਆਂ ਡਿਗਰੀਆਂ, ਪੱਤਝੜ ਦੇ ਝੰਬੇ ਦਰੱਖਤਾਂ ਵਾਂਗ ਰੁੰਡ-ਮਰੁੰਡ, ਜਿਨ੍ਹਾਂ ਉਪਰਲੇ ਹਰਫ਼ ਪੱਤਝੜ ਦੇ ਪੱਤਿਆਂ ਵਾਂਗ ਕਿਰ ਗਏ ਸਨ ਤੇ ਹਵਾ ਨਾਲ ਧਰਤੀ ਉਤੇ ਐਧਰ-ਓਧਰ ਘੜੀਸੇ ਜਾ ਰਹੇ ਸਨ, ਝੜੇ ਹੋਏ ਪੱਤਿਆਂ ਦੇ ਨਾਲ-ਨਾਲ!"

ਇਕ ਰਾਤ ਵੈਨਕੂਵਰ ਤੋਂ ਸੁਰਿੰਦਰ ਧੰਜਲ ਦਾ ਫੋਨ ਆ ਗਿਆ। ਇਕਬਾਲ ਨੇ ਪਿਛਲੇ ਅੱਠ ਨੌਂ ਮਹੀਨਿਆਂ ਦੌਰਾਨ ਉਹਦੇ ਨਾਲ ਖਹਿਬੜੀਆਂ ਤੇ ਹੱਥੋਪਾਈ ਹੋਈਆਂ ਫੈਕਟਰੀਆਂ ਦੇ, ਦਰਬਾਨੀਆਂ ਦੇ ਤੇ ਆਰਿਆਂ ਦੇ ਕਿੱਸੇ ਧੰਜਲ ਦੇ ਸਾਹਮਣੇ ਵਿਛਾਅ ਦਿੱਤੇ: ਹੁਣ ਤਿੰਨ ਕੁ ਮਹੀਨਿਆਂ ਤੋਂ ਤਾਂ ਮੈਂ, ਸੁਰਿੰਦਰ ਸਿਆਂ, ਟੈਕਸੀ ਵਾਹੁਨਾਂ! ਬਾਰਾਂ-ਬਾਰਾਂ ਘੰਟੇ ਟਰਾਂਟੋ ਦੀਆਂ ਸੜਕਾਂ ਉਪਰ ਕੀੜੇ ਵਾਂਗ ਭਾਉਨਾਂ; ਸਟੀਅਰਿੰਗ, ਮੇਰੇ ਹੱਥਾਂ 'ਚ ਹੀ ਨਹੀਂ ਸਗੋਂ ਗਿੱਚੀ 'ਚ ਪੁੜਿਆ ਹੁੰਦੈ; ਪਤਾ ਨੀ ਲਗਦਾ ਪਈ ਮੈਂ ਟੈਕਸੀ ਨੂੰ ਚਲਾਉਨਾਂ ਜਾਂ ਟੈਕਸੀ ਮੈਨੂੰ!

ਇਕਬਾਲ ਨੇ ਕੈਨੇਡਾ 'ਚ ਸਥਾਪਿਤ ਹੋਣ ਲਈ ਅੰਗਰੇਜ਼ੀ ਦੀ ਐੱਮ. ਏ. ਦੁਬਾਰਾ ਕੀਤੀ। ਬੀ. ਐੱਡ ਤੇ ਹੋਰ ਕੋਰਸ ਕੀਤੇ। ਆਖ਼ਰ ਉਹ ਪ੍ਰਇਮਰੀ ਟੀਚਰ ਲੱਗਣ 'ਚ ਸਫਲ ਹੋ ਗਿਆ। ਇਕ ਸਕੂਲ ਦੇ ਪ੍ਰਿੰਸੀਪਲ ਜੋਰਜ ਨੇ ਇੰਟਰਵਿਊ ਕਰਦਿਆਂ ਕਿਹਾ, "ਬਹੁਤ ਧਿਆਨ ਨਾਲ ਪੜ੍ਹਿਐ ਮੈਂ ਤੇਰਾ ਰੈਜ਼ਮੇਅ, ਇੱਕਬੈਲ... ਵੌਟਰਲੂਅ ਤੇ ਡਲਹਾਊਜ਼ੀ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਤੇ ਫਿਰ ਯੌਰਕ ਯੂਨੀਵਰਸਿਟੀ ਤੋਂ ਕਿੰਨੇ ਈ ਪ੍ਰੋਫ਼ੈਸ਼ਨਲ ਕੋਰਸਿਜ਼! ਕੁਆਈਟ ਇਮਪ੍ਰੈੱਸਿਵ! ਮੈਂ ਜਾਨਣਾ ਚਾਹੁੰਨਾਂ ਕਿ ਰੋਜ਼ੀ-ਰੋਟੀ ਕਮਾਉਣ ਲਈ ਅੱਜ ਕੱਲ੍ਹ ਤੂੰ ਕੀ ਕਰ ਰਿਹੈਂ?"

ਇਕਬਾਲ ਬੋਲਿਆ, "ਕੀ ਦੱਸਾਂ ਜੋਰਜ! ਅਣਕਿਆਸੀਆਂ ਤੰਗੀਆਂ 'ਚੋਂ ਲੰਘ ਰਿਹਾਂ। ਟੈਕਸੀਕੈਬ ਚਲਾਉਨਾਂ, ਸੱਤੇ ਦਿਨ, ਬਾਰਾਂ-ਬਾਰਾਂ ਘੰਟਿਆਂ ਦੀ ਸ਼ਿਫਟ! ਜੂਨ 84 ਤੋਂ ਫਰਵਰੀ 85 ਤੀਕਰ ਨੋਰਦਰਨ ਕੈਨੇਡਾ ਦੇ ਦੂਰ ਦੁਰਾਡੇ ਇਲਾਕਿਆਂ 'ਚ ਟੀਚਿੰਗ ਜਾਬ ਲੱਭਣ ਲਈ ਮੈਂ ਸਸਕੈਚਵਾਨ ਤੇ ਮੈਨੀਟੋਬਾ 'ਚ ਭਟਕਦਾ ਰਿਹਾਂ!"

"ਤੇਰੀ ਫੈਮਿਲੀ?"

"ਮੇਰੀ ਪਤਨੀ ਵੀ ਭਾਰਤ ਵਿਚ ਅੰਗਰੇਜ਼ੀ ਦੀ ਲੈਕਚਰਰ ਸੀ। ਜਦੋਂ ਮੈਂ ਯੂਨੀਵਰਸਿਟੀਆਂ 'ਚ ਪੜ੍ਹ ਰਿਹਾ ਸਾਂ ਤਾਂ ਘਰ ਚਲਾਉਣ ਲਈ ਬਹੁਤ ਮਿਹਨਤ ਕੀਤੀ ਉਸ ਨੇ। ਫੈਕਟਰੀਆਂ 'ਚ ਕਈ ਵਾਰ ਦੋ-ਦੋ ਸ਼ਿਫਟਾਂ ਵੀ ਲਾਉਂਦੀ... ਦੋ ਜੌੜੀਆਂ ਧੀਆਂ ਹਨ ਨੌਂ-ਨੌਂ ਸਾਲ ਦੀਆਂ। ਅੱਜ-ਕੱਲ੍ਹ ਪਤਨੀ ਉਨ੍ਹਾਂ ਦੀ ਦੇਖ-ਭਾਲ ਕਰਦੀ ਹੈ ਤੇ ਇਕ ਫੈਕਟਰੀ ਵਿਚ ਕੰਮ ਵੀ।"

"ਤੇਰੇ ਰੈਅਜ਼ਮੇਅ 'ਚ ਲਿਖਿਐ ਪਈ ਤੂੰ 1975 'ਚ ਇੰਡੀਆ ਤੋਂ ਕੈਨੇਡਾ 'ਮੂਵ' ਹੋਇਆ ਸੀ। ਤੂੰ ਮਾਈਂਡ ਤਾਂ ਨੀ ਕਰਦਾ ਜੇ ਮੈਂ ਤੇਰੇ ਬਚਪਨ ਤੋਂ ਹੁਣ ਤੀਕ ਦਾ ਸਫ਼ਰ ਕੁਝ ਕੁ ਲਫ਼ਜ਼ਾਂ ਵਿਚ ਦੱਸਣ ਲਈ ਆਖਾਂ?"

ਇਕਬਾਲ ਨੇ ਦੱਸਿਆ ਸੀ, ਇਕ ਉਦਾਸ ਮੁਸਕ੍ਰਾਹਟ ਮੇਰੇ ਚਿਹਰੇ 'ਤੇ ਨਮੂਦਾਰ ਹੋਈ ਤੇ ਫਿਰ ਬਚਪਨ ਦੀਆਂ ਤੰਗੀਆਂ-ਤੁਰਛੀਆਂ, ਹਾੜ੍ਹੀਆਂ-ਚਰ੍ਹੀਆਂ ਦੀ ਵਾਢੀ, ਕਵੀਸ਼ਰੀ ਕਰਦਿਆਂ ਬੋਹਿਆਂ-ਬੁਲਾਢਿਆਂ ਤੀਕ ਬੱਸਾਂ-ਰੇਲਾਂ 'ਚ ਕੱਟੇ ਉਨੀਂਦਰੇ, ਤੇਰਾਂ-ਚੌਦਾਂ ਕਿਲੋਮੀਟਰ ਦੇ ਕੱਚੇ-ਰੇਤਲੇ ਰਸਤੇ ਉਪਰ ਹਰ ਰੋਜ਼ ਸਾਈਕਲ ਉੱਤੇ ਕਾਲਜ ਜਾਣਾ ਤੇ ਆਥਣ ਨੂੰ ਵਾਪਸ ਪਿੰਡ ਪਰਤਣਾ। ਸਭ ਕੁਝ ਦਾ ਸੰਖੇਪ ਵਿਸਥਾਰ ਮੇਰੇ ਬੁੱਲ੍ਹਾਂ 'ਚੋਂ ਜੋਰਜ ਦੇ ਡੈਸਕ ਉੱਤੇ ਢੇਰੀ ਹੋਣ ਲੱਗਾ। ਢੇਰੀ ਵਿਚ ਤੂੰਬੀ ਦੀ ਤੁਣ-ਤੁਣ ਵੀ ਖੜਕ ਗਈ।

ਜੋਰਜ ਨੇ ਉਸ ਨੂੰ ਸਕੂਲ ਵਿਚ ਅਧਿਆਪਕ ਭਰਤੀ ਕਰ ਲਿਆ। ਆਖ਼ਰ ਸੁਨਹਿਰੀ ਭਵਿੱਖ ਨੇ ਦਸਤਕ ਦੇ ਹੀ ਦਿੱਤੀ। ਉਹ ਸਕੂਲ ਵਿਚ ਪੜ੍ਹਾਉਣ ਲੱਗਾ ਤਾਂ ਕਿਸੇ ਆਪਣੇ ਹੀ ਦੋਖੀ ਨੇ ਚਿੱਠੀ ਪਾ ਕੇ ਉਹਦੀ ਸ਼ਿਕਾਇਤ ਕਰ ਦਿੱਤੀ ਕਿ ਇਹ ਬੰਦਾ ਮੁਜਰਮ ਬਿਰਤੀ ਵਾਲਾ ਹੈ। ਜੋਰਜ ਨੇ ਇਕਬਾਲ ਨੂੰ ਤੁਰਤ ਕਲਾਸ 'ਚੋਂ ਸੱਦਿਆ ਤੇ ਪੁੱਛਗਿੱਛ ਕੀਤੀ। ਅੰਗਰੇਜ਼ੀ 'ਚ ਲਿਖੀ ਉਹ ਚਿੱਠੀ ਉਹਦੇ ਅੱਗੇ ਰੱਖ ਦਿੱਤੀ ਜਿਸ ਵਿਚ ਹੱਥ ਨਾਲ ਲਿਖਿਆ ਸੀ, "ਤੁਸੀਂ ਆਪਣੇ ਸਕੂਲ ਵਿਚ ਇਕਬਾਲ ਗਿੱਲ ਨਾਮ ਦੇ ਟੀਚਰ ਨੂੰ ਭਰਤੀ ਕੀਤਾ ਹੈ। ਮੈਂ ਇਸ ਚਿੱਠੀ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਇਕਬਾਲ ਗਿੱਲ ਦੇ ਭਾਰਤ ਵਿਚਲੇ ਪਿਛੋਕੜ ਤੋਂ ਅਣਜਾਣ ਹੋ। ਇਹ ਇਕਬਾਲ ਗਿੱਲ ਮੁਜਰਮੀ ਬਿਰਤੀ ਵਾਲਾ ਵਿਅਕਤੀ ਹੈ ਅਤੇ ਕੈਨੇਡਾ ਆਉਣ ਤੋਂ ਪਹਿਲਾਂ ਭਾਰਤ ਵਿਚ ਅਤੰਕਵਾਦੀ ਕਾਰਵਾਈਆਂ 'ਚ ਗ਼ਲਤਾਨ ਰਹਿ ਚੁੱਕਾ ਹੈ। ਇਕਬਾਲ ਗਿੱਲ ਮਾਓਵਾਦੀ ਪਾਰਟੀ ਦਾ ਗੁਪਤਵਾਸ ਨੇਤਾ ਸੀ ਜਿਹੜੀ ਭਾਰਤ ਵਿਚ ਹਥਿਆਰਬੰਦ ਗੁਰੀਲਾ ਜੰਗ ਰਾਹੀਂ ਕਮਿਊਨਿਸਟ ਢੰਗ ਦਾ ਇਨਕਲਾਬ ਲਿਆਉਣ ਦੇ ਫ਼ਲਸਫ਼ੇ ਨੂੰ ਪਰਣਾਈ ਹੋਈ ਸੀ। ਇਕਬਾਲ ਨੇ ਬੰਬ ਬਣਾਉਣ ਦੀ ਟ੍ਰੇਨਿੰਗ ਦਿੱਤੀ, ਡਾਕੇ ਮਾਰੇ ਤੇ ਅਗਵਾ ਦੀਆਂ ਵਾਰਦਾਤਾਂ ਕੀਤੀਆਂ! -ਲੂਥਰਾ, ਨਵੰਬਰ 3, 1986"

ਚਿੱਠੀ ਪੜ੍ਹਵਾ ਕੇ ਪ੍ਰਿੰਸੀਪਲ ਜੋਰਜ ਨੇ ਪੁੱਛਿਆ,

-ਕੀ ਐ ਇਹ ਸਭ ਕੁਝ, ਮਿਸਟਰ ਗਿੱਲ?

-ਏਹ ਸਭ ਕੁਝ ਝੂਠ ਹੈ ਜੋਰਜ!

-ਝੂਠ?

-ਇਹ ਮੇਰੇ ਸਕੇ ਭਰਾ ਦੇ ਜ਼ਹਿਰੀਲੇ ਪੈੱਨ ਦੀ ਕਰਤੂਤ ਐ।

-ਚਿੱਠੀ ਲਿਖਣ ਵਾਲਾ 'ਲੂਥਰਾ' ਤੇਰਾ ਭਰਾ ਐ?

-'ਲੂਥਰਾ' ਤਾਂ ਉਸ ਨੇ ਆਪਣੀ ਪਹਿਚਾਣ ਛੁਪਾਉਣ ਲਈ ਵਰਤਿਐ, ਜੋਰਜ; ਉਹਦਾ ਅਸਲ ਨਾਮ ਤਾਂ...



-ਇਹ ਦੱਸ ਬਾਲੀ, ਅਗਰ ਇਹ ਸਭ ਕੁਝ ਝੂਠ ਐ ਤਾਂ ਉਹਨੂੰ ਆਹ ਚਿੱਠੀ ਲਿਖਣ ਦੀ ਲੋੜ ਕਿਉਂ ਪਈ?

-ਈਰਖਾ, ਜੋਰਜ, ਈਰਖਾ! ਨੱਥਿੰਗ ਐਲਸ ਬਟ ਜੈਲਸੀ! ਇਹ ਮੈਥੋਂ ਪੰਜ ਕੁ ਸਾਲ ਵੱਡਾ ਹੈ ਜੋਰਜ...

-ਦੇਖ ਬਾਲੀ; ਇੰਟਰਵਿਊ ਦੌਰਾਨ ਜਦੋਂ ਤੂੰ ਮੈਨੂੰ ਆਪਣੀ ਜ਼ਿੰਦਗੀ ਦੇ ਸੰਘਰਸ਼ ਦੀ ਤਫ਼ਸੀਲ ਦੱਸੀ ਸੀ ਤਾਂ ਮੈਨੂੰ ਤੇਰੇ ਨਾਲ ਡੂੰਘੀ ਹਮਦਰਦੀ ਹੋ ਗਈ ਸੀ। ਹੁਣ ਵੀ ਮੇਰੇ ਨਾਲ ਸਾਫ਼-ਸਾਫ਼ ਗੱਲ ਕਰ, ਬਾਲੀ! ਅਗਰ ਐਸ ਚਿੱਠੀ 'ਚ ਲਿਖੀਆਂ ਗੱਲਾਂ 'ਚ ਥੋੜ੍ਹੀ ਵੀ ਸਚਾਈ ਹੈ ਤਾਂ ਮੈਨੂੰ ਅੱਜ ਹੀ ਦੱਸ ਦੇ; ਮੈਂ ਤੇਰੀ ਫੇਰ ਵੀ ਮਦਦ ਕਰੂੰਗਾ। ਜਵਾਨੀ ਵਿਚ ਬੰਦਾ ਬਹੁਤ ਕੁਝ ਕਰ ਬੈਠਦਾ ਹੈ। ਪਰ ਜੇ ਬਾਅਦ ਵਿਚ ਇਹ ਸਭ ਕੁਝ ਸੱਚ ਨਿਕਲ ਆਇਆ ਤਾਂ...।

-ਸਾਡੇ ਦੇਸ਼ ਵਿਚ ਕੁਰੱਪਸ਼ਨ, ਗ਼ਰੀਬੀ, ਰਿਸ਼ਵਤਖੋਰੀ ਵਰਗੀਆਂ ਲਾਅਣਤਾਂ ਦਾ ਬੋਲਬਾਲਾ ਸੀ, ਜੋਰਜ। ਸਾਡੇ ਨੇਤਾ ਬੇਈਮਾਨ ਸਨ। ਚੋਣਾਂ ਵਿਚ ਝੂਠੇ ਵਾਅਦੇ ਕਰ ਲੈਂਦੇ, ਗ਼ਰੀਬ ਲੋਕਾਂ ਦੀਆਂ ਵੋਟਾਂ ਖ਼ਰੀਦ ਲੈਂਦੇ, ਲੋਕਾਂ ਨੂੰ ਧਰਮ ਦੇ ਨਾਂ 'ਤੇ ਭੜਕਾਅ ਕੇ ਵੋਟਾਂ ਬਟੋਰ ਲੈਂਦੇ। ਮੈਂ ਸਵੀਕਾਰ ਕਰਦਾਂ, ਜੋਰਜ, ਕਿ ਹੋਰ ਨੌਜਵਾਨਾਂ ਵਾਂਗ ਚੜ੍ਹਦੀ ਉਮਰੇ ਇਨਕਲਾਬੀ ਵਿਚਾਰਾਂ ਵੱਲ ਮੈਂ ਵੀ ਖਿੱਚਿਆ ਗਿਆ ਸਾਂ; ਇਸ ਲਈ ਮੈਂ ਵੀ ਇਸ ਵਿਚਾਰ ਵਿਚ ਯਕੀਨ ਕਰਨ ਲੱਗ ਪਿਆ ਸਾਂ ਕਿ ਲੋਕਰਾਜ ਭਾਰਤ ਵਿਚ ਸਿਰਫ਼ ਇਕ ਖੋਖਲਾ ਖਿਡਾਉਣਾ ਬਣ ਕੇ ਰਹਿ ਗਿਆ ਸੀ; ਇਸ ਲਈ ਇਸ ਨੂੰ ਸੁਧਾਰਨ ਲਈ ਕਿਸੇ ਇਨਕਲਾਬ ਦੀ ਜ਼ਰੂਰਤ ਸੀ।

-ਇਸ ਗੱਲ ਨਾਲ ਮੇਰਾ ਕੋਈ ਸਰੋਕਾਰ ਨਹੀਂ, ਬਾਲੀ। ਮੈਨੂੰ ਤਾਂ ਬਸ ਇੰਨੀ ਗੱਲ ਦੀ ਚਿੰਤਾ ਹੈ ਕਿ ਤੂੰ ਕਿਤੇ ਕਤਲਾਂ, ਡਾਕਿਆਂ, ਮਾਰਧਾੜ ਵਿਚ ਸ਼ਮੂਲੀਅਤ ਨਾ ਕੀਤੀ ਹੋਵੇ। ਕਿਤੇ ਤੂੰ ਕੋਈ 'ਟੈਰੋਰਿਸਟ' ਗਰੁੱਪ ਤਾਂ ਨਹੀਂ ਚਲਾ ਰਿਹਾ? ਤੈਨੂੰ ਪਤਾ ਹੋਣਾ ਚਾਹੀਦੈ ਕਿ ਐਸ ਚਿੱਠੀ ਦੀਆਂ ਕਾਪੀਆਂ ਆਰ. ਸੀ. ਐੱਮ. ਪੀ. (ਕੈਨੇਡਾ ਪੁਲਿਸ), ਟੋਰਾਂਟੋ ਪੁਲਿਸ, ਆਨਟੇਰੀਓ ਪੁਲਿਸ ਅਤੇ ਟੋਰਾਂਟੋ ਸਟਾਰ ਅਖ਼ਬਾਰ ਨੂੰ ਵੀ ਭੇਜੀਆਂ ਹਨ; ਇਹ ਬੜਾ ਸੰਗੀਨ ਮਾਮਲਾ ਹੈ...।

ਇਹ ਸਾਰਾ ਕੁਝ ਇਕਬਾਲ ਨੇ ਆਪਣੀ ਸਵੈਜੀਵਨੀ ਵਿਚ ਲਿਖਿਆ ਕਿ ਕਿਵੇਂ ਉਹਦੇ ਵੱਡੇ ਭਰਾ ਦੀ ਉਸ ਚਿੱਠੀ ਦੇ ਆਧਾਰ 'ਤੇ ਉਹਦੀ ਗੁਪਤ ਤਫ਼ਤੀਸ਼ ਹੋਈ ਜਿਸ ਵਿਚ ਉਹਦੇ ਵਿਰੁਧ ਲਾਏ ਸਾਰੇ ਇਲਜ਼ਾਮ ਝੂਠੇ ਨਿਕਲੇ ਤੇ ਉਹਦੀ ਨੌਕਰੀ ਬਚ ਗਈ। ਨਹੀਂ ਤਾਂ ਪਤਾ ਨਹੀਂ ਉਹਦੇ ਨਾਲ ਕਿਹੋ ਜਿਹੇ ਭਾਣੇ ਵਰਤਦੇ?

***

ਰਿਟਾਇਰ ਹੋ ਕੇ ਮੈਂ ਟੋਰਾਂਟੋ ਗਿਆ ਤਾਂ ਇਕਬਾਲ ਦੇ ਘਰ ਮਹਿਫ਼ਲ ਜੁੜੀ। ਸਬੱਬ ਨਾਲ ਹਰਭਜਨ ਹਲਵਾਰਵੀ ਤੇ ਹਰਭਜਨ ਮਾਨ ਵੀ ਆਇਆ ਹੋਇਆ ਸੀ। ਕਵੀਸ਼ਰੀ ਦੀ ਗੱਲ ਚੱਲੀ ਤਾਂ ਇਕਬਾਲ ਦਾ ਇਕ ਹੱਥ ਆਮੁਹਾਰੇ ਕੰਨ ਉੱਤੇ ਚਲਾ ਗਿਆ ਤੇ ਦੂਜਾ ਹਵਾ 'ਚ ਲਹਿਰਾਉਣ ਲੱਗਾ। ਹੇਕ ਉੱਚੀ ਹੋਈ ਤਾਂ ਨਾਲ ਉਹਦਾ ਭਰਾ ਰਛਪਾਲ ਵੀ ਰਲ ਗਿਆ ਤੇ ਹਰਭਜਨ ਮਾਨ ਵੀ ਪਿਛੇ ਨਾ ਰਿਹਾ। ਤਰਾਰੇ 'ਚ ਆਇਆਂ ਨੇ ਉਹ ਕਵੀਸ਼ਰੀ ਕੀਤੀ ਕਿ ਮਹਿਫ਼ਲ ਉੱਤੇ ਟੂਣਾ ਹੋ ਗਿਆ। ਉਸ ਤੋਂ ਬਾਅਦ ਜਦੋਂ ਕਦੇ ਵੀ 'ਕੱਠੇ ਹੋਣ ਦਾ ਗੇੜ ਬਣਦਾ, ਮਹਿਫ਼ਲ ਮੰਗ ਕਰਦੀ ਕਿ ਕਵੀਸ਼ਰੀ ਹੋ ਜਾਏ। ਕਈਆਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਕਬਾਲ ਦਾ ਅਖ਼ੀਰ ਤਕ ਕਵੀਸ਼ਰੀ ਦਾ ਮੱਚ ਨਹੀਂ ਸੀ ਮਰਿਆ।

ਦੇਖੋ ਬਾਕੀ ਪੰਨਾ ਨੰ.114

# ਹੁਣ ਦਾ ਮੋਹਨਜੀਤ
## -ਦੇਵਿੰਦਰ ਕੌਰ

ਮਈ ਦਾ ਮਹੀਨਾ, 2017 ਦਾ ਸਾਲ, ਮੈਂ ਅੱਜ ਕੱਲ੍ਹ ਦਿੱਲੀ ਵਿਚ ਛੁੱਟੀਆਂ ਕੱਟਣ ਆਈ ਹਾਂ। ਜਿੰਦਰ ਦਾ ਮੈਸੇਜ ਆਇਆ ਹੈ। ਹੁਕਮ ਹੋਇਆ ਹੈ ਕਿ ਮੈਂ ਮੋਹਨਜੀਤ ਉਪਰ ਰੇਖਾ-ਚਿੱਤਰ ਲਿਖਾਂ। ਮੈਂ ਹਾਂ ਕਰ ਦਿੱਤੀ ਹੈ। ਹਰਜੀਤ ਨਾਲ ਉਸ ਪਹਿਲਾਂ ਗੱਲ ਕਰ ਰੱਖੀ ਹੈ। ਮੈਨੂੰ ਦਿੱਲੀ ਆਇਆਂ ਤਕਰੀਬਨ ਤਿੰਨ ਮਹੀਨੇ ਹੋ ਗਏ ਹਨ। ਮੋਹਨਜੀਤ ਨਾਲ ਇਕ ਮੁਲਾਕਾਤ ਭਾਈ ਵੀਰ ਸਿੰਘ ਸਦਨ ਵਿਚ ਹੋਈ ਸੀ। ਫ਼ੋਨ ਤੇ ਕਈ ਵਾਰ ਗੱਲ ਹੋ ਚੁੱਕੀ ਹੈ। ਗਰਮੀ ਬਹੁਤ ਹੈ ਇਸ ਲਈ ਮਿਲਣ ਉਸਦੇ ਘਰ ਨਹੀਂ ਜਾ ਸੱਕੀ। ਮੈਂ ਹਰ ਸਾਲ ਹੀ ਉਸਦੇ ਘਰ ਮਿਲਣ ਜਾਂਦੀ ਹਾਂ। ਉਥੇ ਹੋਰ ਦੋਸਤਾਂ ਨੂੰ ਵੀ ਮਿਲਣ ਦਾ ਮੌਕਾ ਮਿਲ ਜਾਂਦਾ ਹੈ।

ਜਿੰਦਰ ਦਾ ਫੇਰ ਮੈਸੇਜ ਆਇਆ ਹੈ। ਮੋਹਨਜੀਤ ਨੂੰ ਮਿਲ ਕੇ ਜਾਣਾ ਹੈ। ਉਸ ਨਾਲ ਗੱਲਾਂ ਬਾਤਾਂ ਕਰਨੀਆਂ ਹਨ, ਨੋਟਸ ਲੈਣੇ ਹਨ। ਕਿਉਂਕਿ ਮੈਂ ਉਸ ਬਾਰੇ ਕੁਝ ਲਿਖਣਾ ਹੈ, ਜਿਸਨੂੰ ਜਿੰਦਰ ਰੇਖਾ-ਚਿੱਤਰ ਕਹਿੰਦਾ ਹੈ, ਮੈਂ ਉਸਨੂੰ ਸ਼ਬਦ-ਚਿੱਤਰ ਕਹਿੰਦੀ ਹਾਂ। ਮੈਨੂੰ ਜਾਪਦਾ ਹੈ, 'ਰੇਖਾ-ਚਿੱਤਰ' ਤਾਂ ਪੈਨਸਿਲ ਨਾਲ ਬਣਾਇਆ ਹੋਇਆ ਚਿੱਤਰ ਹੋ ਸਕਦਾ ਹੈ, ਲੇਕਿਨ ਜੋ ਸ਼ਬਦਾਂ ਵਿਚ ਲਿਖਿਆ ਜਾਂਦਾ ਹੈ ਉਹ ਸ਼ਬਦ-ਚਿੱਤਰ ਹੀ ਹੋ ਸਕਦਾ ਹੈ, ਭਾਵੇਂ ਉਹ ਵੀ ਲੇਖਕ ਦੀ ਕਲਪਨਾ, ਸੋਚ, ਵਿਚਾਰ ਅਤੇ ਅਨੁਭਵ ਉੱਪਰ ਅਧਾਰਿਤ ਹੀ ਹੁੰਦਾ ਹੈ। ਤੇ ਮੈਨੂੰ ਲਗਦਾ ਹੈ ਸ਼ਬਦ-ਚਿੱਤਰ ਜਿਥੇ ਕਿਸੇ ਮਨੁੱਖ ਦੀ ਸ਼ਖ਼ਸੀਅਤ ਨੂੰ ਪੇਸ਼ ਕਰਦਾ ਹੈ ਓਥੇ ਉਹ ਸ਼ਖ਼ਸੀਅਤ ਆਪ ਵੀ ਤੁਹਾਡੇ ਨਾਲ ਗੱਲਾਂ ਬਾਤਾਂ ਕਰਦੀ ਹੈ। ਸੋ ਸ਼ਬਦ-ਚਿੱਤਰ ਬੋਲਦਾ ਵੀ ਹੈ। ਖ਼ੈਰ! ਜੋ ਵੀ ਹੈ ਇੰਗਲੈਂਡ ਵਾਪਸ ਜਾਣ ਵਿਚ ਤਿੰਨ ਚਾਰ ਦਿਨ ਰਹਿ ਗਏ ਹਨ ਲੇਕਿਨ ਮੋਹਨਜੀਤ ਨੂੰ ਫ਼ੋਨ ਕੀਤਾ ਹੈ,ਜਿੰਦਰ ਦੇ ਮੈਸੇਜ ਬਾਰੇ ਉਸਨੂੰ ਦੱਸਿਆ ਹੈ ਤੇ ਉਸਨੇ ਇੱਕ ਦਿਨ ਆਪਣੇ ਘਰ ਵਿਚ ਸ਼ਾਮ ਨੂੰ ਮਹਿਫ਼ਿਲ ਰੱਖ ਲਈ ਹੈ। ਕਿਉਂਕਿ ਮੈਂ ਉਸ ਨਾਲ ਕੁਝ ਗੱਲਾਂ ਕਰਨੀਆਂ ਹਨ ਜਿਵੇਂ ਕਿ ਜਿੰਦਰ ਦਾ ਹੁਕਮ ਹੈ ਇਸ ਲਈ ਦਿਨ ਦੇ 11 ਵਜੇ ਉਸਦੇ ਘਰ ਪਹੁੰਚਣ ਦਾ ਵਾਅਦਾ ਕਰ ਲੈਂਦੀ ਹਾਂ।

ਟੈਕਸੀ ਵਿਚ ਬੈਠੀ ਹਾਂ। ਸਮਾਂ ਯੂ ਟਰਨ ਲੈਣ ਲੱਗਾ ਹੈ। ਅੱਜ ਤੋਂ 30 ਸਾਲ ਪਹਿਲਾਂ ਦਿੱਲੀ ਯੂਨੀਵਰਸਿਟੀ ਵਿਚ ਬਿਤਾਏ ਪਲ ਯਾਦ ਆ ਜਾਂਦੇ ਹਨ। ਮੋਹਨਜੀਤ ਉਦੋਂ ਨਵਾਂ ਨਵਾਂ ਦਿੱਲੀ ਆਇਆ ਸੀ। ਸ਼ਾਇਦ ਡਾਕਟਰ ਹਰਿਭਜਨ ਸਿੰਘ ਉਹਨੂੰ ਅੰਮ੍ਰਿਤਸਰ ਤੋਂ ਦਿੱਲੀ ਲੈ ਆਏ ਸਨ ਅਤੇ ਦੇਸ਼ ਬੰਧੂ ਕਾਲਜ ਵਿਚ ਉਹ ਲੈਕਚਰਾਰ ਦੀ ਨੌਕਰੀ ਕਰ ਰਿਹਾ ਸੀ। ਮੈਂ ਉਨ੍ਹਾਂ ਦਿਨ੍ਹਾਂ ਵਿਚ ਯੂਨੀਵਰਸਿਟੀ ਪੀ ਐਚ ਡੀ ਦੇ ਸਿਲਸਿਲੇ ਵਿਚ ਹਰ ਰੋਜ਼ ਜਾਂਦੀ ਸਾਂ। ਕਾਲਜ ਤੋਂ ਦੋ ਸਾਲ ਦੀ ਸਟੱਡੀ ਲੀਵ ਲਈ ਹੋਈ ਸੀ। ਹੋਰ ਵੀ ਕਈ ਜਣੇ ਪੀ ਐਚ ਡੀ ਕਰ ਰਹੇ ਸਨ ਜਿਨ੍ਹਾਂ ਵਿਚੋਂ ਮਨਜੀਤ ਸਿੰਘ, ਨਰਿੰਦਰ ਸਿੰਘ, ਕੁਲਜੀਤ ਸਿੰਘ ਆਦਿ ਸਨ। ਹਰ ਰੋਜ਼ ਅਸੀਂ ਯੂਨੀਵਰਸਿਟੀ ਦੇ ਰਿਸਰਚ ਫਲੋਰ ਤੇ ਆਪਣਾ ਆਪਣਾ ਕੰਮ ਕਰਨ ਲਈ ਜਾਂਦੇ। ਕਈ ਵਾਰੀ ਰੀਲੈੱਕਸ ਕਰਨ ਲਈ



ਇੱਕਠੇ ਬੈਠ ਚਾਹ ਪੀਂਦੇ। ਤਕਰੀਬਨ ਰੋਜ਼ ਹੀ ਅਸੀਂ ਇਕ ਵਾਰੀ ਜ਼ਰੂਰ ਲਾਇਬਰੇਰੀ ਤੋਂ ਬਾਹਰ ਆ ਯੂਨੀਵਰਸਿਟੀ ਦੇ ਗੇਟ ਕੋਲ ਚਾਹ ਦੀ ਦੁਕਾਨ ਤੋਂ ਚਾਹ ਪੀਣ ਲਈ ਕਿੰਨੀ ਕਿੰਨੀ ਦੇਰ ਯੂਨੀਵਰਸਿਟੀ ਦੀ ਬਿਲਡਿੰਗ ਦੀਆਂ ਪੌੜੀਆਂ ਵਿਚ ਬੈਠੇ ਗੱਲਾਂ ਕਰਦੇ ਰਹਿੰਦੇ। ਮੋਹਨਜੀਤ ਕਈ ਵਾਰੀ ਆਪਣੇ ਗੀਤ ਆਪਣੀ ਆਵਾਜ਼ ਵਿਚ ਸੁਣਾਉਂਦਾ। ਉਹਦੀ ਆਵਾਜ਼ ਵਿਚ ਲੋਕ ਗੀਤਾਂ ਵਾਲੀ ਹੂਕ ਹੁੰਦੀ। 'ਵਿੱਚ ਵਗਦਾ ਦਰਿਆ' ਵਾਲਾ ਗੀਤ ਅਸੀਂ ਬਾਰ ਬਾਰ ਸੁਣਦੇ। ਉਸਦੀ ਆਵਾਜ਼ ਵਿਚ ਮੌਲਿਕਤਾ ਦੀ ਝਲਕ ਦਿਖਾਈ ਦੇਂਦੀ। ਮੈਂ ਅੰਦਰੋਂ ਅੰਦਰੀ ਮੋਹਨਜੀਤ ਦੇ ਗੀਤਾਂ ਨੂੰ ਪਸੰਦ ਕਰਨ ਲੱਗੀ ਲੇਕਿਨ ਉਸ ਦਾ ਪਾਨ ਖਾਣਾ ਮੈਨੂੰ ਕਦੇ ਵੀ ਚੰਗਾ ਨਾ ਲਗਦਾ। ਘਰ ਜਾਂਦੀ ਸਭ ਭੁੱਲ ਜਾਂਦੀ ਤੇ ਬਾਦ 'ਚ ਯਾਦ ਰਹਿ ਜਾਂਦੇ ਉਸਦੇ ਗੀਤਾਂ ਦੇ ਬੋਲ ਤੇ ਮੋਹਨਜੀਤ ਦੇ ਗੀਤ ਗਾਉਣ ਦਾ ਵੱਖਰਾ ਅੰਦਾਜ਼। ਘਰ ਵਿਚ ਵੀ ਉਹਦੇ ਗੀਤ ਗੁਣਗੁਣਾਉਂਦੀ ਰਹਿੰਦੀ। 'ਕੋਈ ਨਜ਼ਰਾਂ 'ਚ ਡੋਲ੍ਹਿਆ, ਵਸਾਹ ਬਣ ਕੇ, ਸਿੱਲੀ ਰੁੱਤ 'ਚ ਉਨਾਬੀ ਜਿਹਾ ਸਾਹ ਬਣ ਕੇ'। ਮਨ ਖਿੜਣ ਲਗਦਾ। ਯੂਨੀਵਰਸਿਟੀ ਨਾਲ ਰਾਬਤਾ ਗੂਹੜਾ ਹੁੰਦਾ ਜਾਂਦਾ।

ਕਲਪਨਾ ਦੇ ਦੇਸ਼ 'ਚੋਂ ਵਾਪਸ ਮੁੜਦੀ ਹਾਂ। ਟੈਕਸੀ ਮਿਲੇਨੀਅਮ ਅਪਾਰਟਮੈਂਟਸ ਪਹੁੰਚ ਗਈ ਹੈ, ਜਿਥੇ ਮੋਹਨਜੀਤ ਦਾ ਘਰ ਹੈ। ਗੇਟ ਅੰਦਰ ਲੰਘ ਆਈ ਹਾਂ। ਮੋਹਨਜੀਤ ਨੂੰ ਫ਼ੋਨ ਕੀਤਾ ਹੈ। 5 ਕੁ ਮਿੰਟਾਂ ਵਿਚ ਉਹ ਮੇਰੇ ਸਾਹਮਣੇ ਖੜ੍ਹਾ ਹੈ। ਸਫ਼ੈਦ ਕੁੜਤੇ ਪਜਾਮੇ ਵਿਚ। ਸਿਰ ਤੇ ਸਫ਼ੈਦ ਪਟਕਾ ਹੈ, ਦਾੜ੍ਹੀ ਸਫ਼ੈਦ, ਖੁੱਲ੍ਹੀ ਹੋਈ। ਦਿੱਲੀ ਯੂਨੀਵਰਸਿਟੀ ਵਾਲਾ ਮੋਹਨਜੀਤ, ਹੁਣ ਮੋਹਨਜੀਤ ਬਾਬਾ ਜਾਪਦਾ ਹੈ। ਉਸਦੇ ਨਾਲ ਤੁਰ ਪੈਂਦੀ ਹਾਂ। ਪੌੜੀਆਂ ਚੜ੍ਹ ਰਹੀ ਹਾਂ ਹੌਲੀ ਹੌਲੀ, ਬੈਲ ਕੀਤੀ ਹੈ, ਅੰਦਰੋਂ ਮੋਹਨਜੀਤ ਦੀ ਨੂੰਹ ਕੁਲਜੀਤ, ਜੋ ਨੂੰਹ ਨਾਲੋਂ ਬੇਟੀ ਵੱਧ ਜਾਪਦੀ ਹੈ, ਨੇ ਦਰਵਾਜ਼ਾ ਖੋਲ੍ਹਿਆ ਹੈ, ਮੇਰੇ ਪੈਰਾਂ ਤੇ ਮੱਥਾ ਟੇਕਿਆ ਹੈ। ਜਾਪਦਾ ਹੈ, ਇਸ ਗਲੋਬਲ ਮੰਡੀ ਵਾਲੀ ਤਜਾਰਤੀ ਦੁਨੀਆ ਵਿਚ ਅਜੇ ਵੀ ਸੰਸਕਾਰ ਜੀਉਂਦੇ ਹਨ। ਮੈਂ ਸੋਫ਼ੇ ਉੱਤੇ ਬੈਠ ਗਈ ਹਾਂ। ਮੋਹਨਜੀਤ ਕੋਣੇ ਵਾਲੇ ਸੋਫ਼ੇ ਤੇ ਬੈਠ ਗਿਆ ਹੈ। ਸੋਫ਼ੇ ਤੇ ਕਿਤਾਬਾਂ ਹੀ ਕਿਤਾਬਾਂ, ਕਈ ਰਸਾਲੇ, 'ਵਾਹਗੇ' ਦੀਆਂ ਦੋ ਕਾਪੀਆਂ ਪਈਆਂ ਹਨ। ਇਕ ਮੈਨੂੰ ਫੜਾਉਂਦਾ ਹੋਇਆ ਕਹਿੰਦਾ ਹੈ, 'ਲੈ ਇਹ ਕਾਪੀ ਤੇਰੇ ਲਈ' ਤੇ ਇਕ ਹੋਰ ਪੁਸਤਕ ਹੱਥ ਵਿਚ ਫੜਾਉਂਦਾ ਹੈ। ਸੋਚਦੀ ਹਾਂ, ਮੋਹਨਜੀਤ ਨੇ 'ਕੋਣੇ ਦਾ ਸੂਰਜ' ਲਿਖਿਆ ਹੀ ਨਹੀਂ, ਉਸਦੇ ਘਰ ਦੇ ਇਕ ਕੋਣੇ ਵਿਚ ਇਹ ਹਮੇਸ਼ਾ ਮਘਦਾ ਰਹਿੰਦਾ ਹੈ। ਸ਼ਾਇਦ ਏਥੋਂ ਹੀ ਮੋਹਨਜੀਤ ਨੂੰ ਊਰਜਾ ਮਿਲਦੀ ਰਹਿੰਦੀ ਹੈ ਅਤੇ ਇਸ ਉਮਰ ਵਿਚ ਵੀ ਉਹ ਕਿਸੇ ਰਿਸ਼ੀ ਵਾਂਗ, ਬਾਬੇ ਵਾਂਗ ਕਿਤਾਬਾਂ, ਰਸਾਲੇ ਪੜ੍ਹਦਾ ਵੀ ਰਹਿੰਦਾ ਹੈ ਅਤੇ ਕਵਿਤਾ ਵਿਚ ਸ਼ਬਦਾਂ ਦੇ ਨਿੱਕੇ ਨਿੱਕੇ ਸੂਰਜ ਵੀ ਬਾਲਦਾ ਰਹਿੰਦਾ ਹੈ ਅਤੇ ਓਹਲੇ ਵਿਚ ਸ਼ਬਦਾਂ ਦਾ ਉਜਿਆਰਾ ਵੀ ਕਰਦਾ ਹੈ।'ਓਹਲੇ ਵਿਚ ਉਜਿਆਰਾ' ਮੋਹਨਜੀਤ ਦੀ ਕਵਿਤਾ ਦੀ ਕਿਤਾਬ ਹੈ ਜਿਸ ਵਿਚ ਸ਼ਬਦ ਸਿਰਫ਼ ਬੋਲਦੇ ਹੀ ਨਹੀਂ, ਚਾਨਣ ਵੀ ਕਰਦੇ ਹਨ, ਪਾਠਕ ਦੇ ਦਿਮਾਗ਼ ਨੂੰ ਵੀ ਰੌਸ਼ਣ ਕਰਦੇ ਹਨ।। ਏਥੇ ਹੀ ਮੈਨੂੰ ਸੰਤ ਰਾਮ ਉਦਾਸੀ ਦੀਆਂ ਇਹ ਸਤਰਾਂ, 'ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵਿਹੜੇ' ਤੇ ਜਦੋਂ ਮੈਂ ਮੋਹਨਜੀਤ ਵੱਲ ਵੇਖਦੀ ਹਾਂ ਉਹ ਮੈਨੂੰ ਸਿਰ ਤੋਂ ਪੈਰਾਂ ਤੱਕ, ਆਦਿ ਤੋਂ ਅੰਤ ਤੱਕ, ਉਹ ਮੈਨੂੰ ਰਿਸ਼ੀ ਕਵੀ ਵਾਂਗ ਸਾਹ ਲੈਂਦਾ ਜਾਪਦਾ ਹੈ।

ਸਾਡੀ ਗੱਲ ਅਮ੍ਰਿਤਾ ਤੋਂ ਸ਼ੁਰੂ ਹੁੰਦੀ ਹੈ, ਫੇਰ ਜਸਬੀਰ ਭੁੱਲਰ, ਫੇਰ ਕਜ਼ਾਕ ਦਾ ਜ਼ਿਕਰ ਛਿੜਦਾ ਹੈ, ਫੇਰ ਨਾਗਮਣੀ ਦਾ ਤੇ ਮੋਹਨਜੀਤ ਪੁਰਾਣੇ ਵਕਤ ਵਿਚ ਪਹੁੰਚ ਜਾਂਦਾ ਹੈ। ਉਸਦੇ ਬਹਿਣ ਵਾਲੇ ਕਮਰੇ ਦੀ ਸਾਹਮਣੀ ਕੰਧ ਤੇ ਅੰਮ੍ਰਿਤਾ ਦੀ ਤਸਵੀਰ ਟੰਗੀ ਹੋਈ ਹੈ, ਉਸ ਵੱਲ ਵੇਖਦਾ ਹੈ, ਚਿਹਰੇ ਦੇ ਹਾਵ-ਭਾਵ ਬਦਲ ਜਾਂਦੇ ਹਨ। ਜ਼ਿੰਦਗੀ ਬਾਰੇ ਗੱਲਾਂ ਸ਼ੁਰੂ ਕਰਦਾ ਹੋਇਆ ਕਹਿਣ ਲਗਦਾ ਹੈ, 'ਉਹ ਵੀ ਦਿਨ ਕਿਆ ਦਿਨ ਸਨ, ਨਿਰੇ ਪੁਰੇ ਮਲੰਗੀ ਦੇ, ਅੰਮ੍ਰਿਤਸਰ ਦੇ ਦਿਨਾਂ ਦੇ, ਬਈ ਸਾਰੀ ਸਾਰੀ ਰਾਤ ਪੜ੍ਹਦੇ ਜਾਣਾ, ਡਾਕਟਰ ਕਰਨੈਲ ਸ਼ੇਰਗਿਲ, ਡਾਕਟਰ ਰਵਿੰਦਰ ਡਾਕਟਰੀ

ਦੀ ਪੜ੍ਹਾਈ ਕਰਦੇ ਸੀ, ਹੋਸਟਲ ਵਿਚ ਰਹਿੰਦੇ ਸੀ,ਪਰਮਿੰਦਰਜੀਤ, ਮੁਖਤਾਰ ਗਿੱਲ, ਡਾਕਟਰ ਬਲਜੀਤ ਸਿੰਘ ਰੋਜ਼ ਮਿਲਦੇ ਸੀ। ਸਾਡੇ ਸ਼ੌਂਕ ਕਿੰਨੇ ਮਿਲਦੇ ਸੀ। ਜਿਹੜੀ ਗੱਲ ਮਹਿਸੂਸ ਹੋਣੀ ਸਾਫ਼ ਸਾਫ਼ ਕਹਿ ਦੇਣੀ। ਕੋਈ ਲੁਕਾ ਛਿਪਾ ਨਹੀਂ।' ਮੈਂ ਪੁੱਛਦੀ ਹਾਂ , ' ਲੁਕਾ ਛਿਪਾ ਤੋਂ ਮਤਲਬ ?', ਕਹਿੰਦਾ ਹੈ, 'ਉਹੀ ਬਈ ਅਸੀਂ ਪੁਰਾਣੇ ਬੰਦਿਆਂ ਨੂੰ ਪਸੰਦ ਨਹੀਂ ਸੀ ਕਰਦੇ, ਜਿਵੇਂ ਡਾਕਟਰ ਦੀਵਾਨ ਸਿੰਘ, ਡਾਕਟਰ ਪਿਆਰ ਸਿੰਘ ਵਗ਼ੈਰਾ ਵਗ਼ੈਰਾ। ਇਹ ਬੰਦੇ ਨਵਾਂ ਸਾਹਿਤ ਨਹੀਂ ਸੀ ਪੜ੍ਹਦੇ। ਸਾਡਾ ਨਵਾਂ ਪੜ੍ਹਣ ਵਾਲਿਆਂ ਦਾ ਇਕ ਵੱਖਰਾ ਗਰੁੱਪ ਸੀ। ਡਾਕਟਰ ਜਗਤਾਰ ਸਾਡਾ ਯਾਰ ਸੀ। ਹੋਰ ਵੀ ਕਈ ਗਰੁੱਪ ਸਨ। ਉਨ੍ਹਾਂ ਵਿਚੋਂ ਇਕ ਗਰੁੱਪ ਸੀ ਮਸਲਨ ਰਵੀ, ਹਸਰਤ, ਅਟਾਰੀ, ਸੇਠੀ ਆਦਿ। ਜਗਤਾਰ ਉਨ੍ਹਾਂ ਵਿਚੋਂ ਇਕ ਇਹੋ ਜਿਹਾ ਸੀ ਜੋ ਬਹਿਰ ਵਿਚ ਵਿਸ਼ਵਾਸ ਰੱਖਦਾ ਸੀ ਪਰ ਠੱਕ ਠੱਕ ਕਰਨ ਵਾਲਾ ਸ਼ਾਇਰ ਨਹੀਂ ਸੀ। ਸ਼ਾਇਰ ਵੀ ਉਹ ਜਿਹੜਾ ਤਕਨੀਕੀ ਤੌਰ ਤੇ ਨਵੀਆਂ ਗੱਲਾਂ ਕਰ ਰਿਹਾ ਸੀ। ਬਾਅਦ ਵਿਚ ਜਾ ਕੇ ਨਾਰਾਜ਼ ਹੋ ਗਿਆ, ਸੱਚੀ ਗੱਲ ਕੋਈ ਵੀ ਬਰਦਾਸ਼ਤ ਨਹੀਂ ਕਰਦਾ। ਮੈਂ ਕਿਹਾ, 'ਤੇਰੀ ਸ਼ਾਇਰੀ ਵਿਚ ਉਰਦੂ ਫਾਰਸੀ ਬਹੁਤ ਹੈ। ਬਸ ਨਾਰਾਜ਼ ਹੋ ਗਿਆ।ਪਰ ਪੁਰਾਣੇ ਬੰਦੇ ਸਾਨੂੰ ਨਫ਼ਰਤ ਕਰਦੇ ਸੀ। ਡਾਕਟਰ ਪਿਆਰ ਸਿੰਘ ਮੇਰੇ ਬਾਰੇ ਕਹਿੰਦੇ, ਇਹ ਸ਼ਾਇਰ ਲੋਕ ਪੜ੍ਹਾ ਨਹੀਂ ਸਕਦੇ। ਪਰ ਪਤਾ ਨਹੀਂ ਸੀ ਹੁੰਦਾ, ਕਿ ਸਾਨੂੰ ਇਨ੍ਹਾਂ ਬਾਰੇ ਇਹੋ ਜਿਹੀਆਂ ਗੱਲਾਂ ਨਹੀਂ ਸੀ ਕਰਨੀਆਂ ਚਾਹੀਦੀਆਂ, ਕਿਉਂਕਿ ਜਦ ਤੱਕ ਅੰਮ੍ਰਿਤਸਰ ਰਿਹਾ, ਇਨ੍ਹਾਂ ਲੋਕਾਂ ਪੰਜਾਬੀ ਵਿਭਾਗ ਦੇ ਨੇੜੇ ਨਹੀਂ ਲੱਗਣ ਦਿੱਤਾ। ਹਾਲਾਂ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਉਦੋਂ ਬਣੀ ਜਦੋਂ ਮੈਂ ਅੰਮ੍ਰਿਤਸਰ ਰਹਿੰਦਾ ਸੀ। ਮੈਂ ਪੰਜਾਬੀ ਦਾ ਪਹਿਲਾ ਗੋਲਡ ਮੈਡਲਿਸਟ ਸੀ ਪਰ ਜਿਸ ਵੇਲੇ ਵੀ ਨੌਕਰੀ ਲਈ ਜਾਈਦਾ ਸੀ, ਇਹ ਲੋਕ ਮੁਖ਼ਾਲਫਤ ਕਰਦੇ ਸੀ।'

ਜਗਤਾਰ ਦੀ ਗੱਲ ਚਲਦੀ ਹੈ ਤਾਂ ਕਾਮਰੇਡਾਂ ਬਾਰੇ ਜ਼ਿਕਰ ਸ਼ੁਰੂ ਹੁੰਦਾ ਹੈ। ਮੋਹਨਜੀਤ ਪੁਰਾਣਾ ਸਮਾਂ ਯਾਦ ਕਰਦਿਆਂ ਕਹਿੰਦਾ ਹੈ, 'ਜਦੋਂ ਛੋਟੇ ਹੁੰਦੇ ਸਾਂ, ਸੁਣਦੇ ਹੁੰਦੇ ਸਾਂ, ਕਾਮਰੇਡ ਸੋਹਣ ਸਿੰਘ ਜੋਸ਼, ਕਾਮਰੇਡ ਨਮੂਦਰੀ ਪਾਦ ਤਾਂ ਬਹੁਤ ਵਧੀਆ ਲਗਦਾ ਸੀ। ਇਨ੍ਹਾਂ ਵਿਚੋਂ ਕਈ ਐਸੇ ਬੰਦੇ ਸਨ ਜਿਹੜੇ ਜੇਲ੍ਹ ਵਿਚ ਹੁੰਦਿਆਂ ਵੀ ਇਲੈੱਕਸ਼ਨ ਜਿੱਤ ਜਾਂਦੇ ਸੀ ਜਿਵੇਂ ਅੱਛਰ ਸਿੰਘ ਛੀਨਾ । ਸੋਹਣ ਸਿੰਘ ਭਕਨਾ, ਸੋਹਣ ਸਿੰਘ ਜੋਸ਼ ਆਦਿ ਉਹ ਕਾਮਰੇਡ ਸਨ ਜਿਨ੍ਹਾਂ ਘਰ ਬਾਹਰ ਲੁਟਾ ਕੇ ਗਦਰੀਆਂ ਨਾਲ ਰਲ ਕੇ ਹੱਕ ਸੱਚ ਦੀ ਲੜਾਈ ਲੜੀ ਤੇ ਕਈ ਕੁਰਬਾਨੀਆਂ ਦਿੱਤੀਆਂ। ਬਾਅਦ ਵਿਚ ਜਾ ਕੇ ਪਤਾ ਲੱਗਾ ਕਾਮਰੇਡ ਵੀ ਦੋ ਤਰ੍ਹਾਂ ਦੇ ਨੇ। ਇਕ ਉਹ ਜੋ ਸੱਚ ਮੁੱਚ ਕਾਮਰੇਡ ਨੇ, ਤੇ ਦੂਜੇ ਉਹ ਜੋ ਆਪਣੇ ਆਪ ਨੂੰ ਕਾਮਰੇਡ ਕਹਿੰਦੇ ਨੇ ਪਰ ਦੂਹਰੀ ਸ਼ਖ਼ਸੀਅਤ ਦੇ ਮਾਲਕ ਨੇ। ਮੈਂ ਆਪਣੇ ਕਾਲਜ ਦੇ ਇਕ ਕਾਮਰੇਡ ਦੀ ਗੱਲ ਸੁਣਾਉਂਦਾ ਹਾਂ, ਇਕ ਵਾਰੀ ਅਸੀਂ ਦੋਵੇਂ ਸੀ ਪੀ ਐਮ ਦੇ ਦਫ਼ਤਰ ਗਏ - ਮੈਂ ਕੋਈ ਗੱਲ ਕੀਤੀ - ਕਹਿਣ ਲੱਗਾ, ਹੌਲੀ! ਨੇਤਾ ਜੀ ਬੈਠੇ ਨੇ। ਮੈਂ ਕਿਹਾ, 'ਮੈਂ ਕਿਹੜੀ ਨੇਤਾ ਜੀ ਨੂੰ ਗਾਲ੍ਹ ਕੱਢੀ ਏ ?' ਇਸੇ ਤਰ੍ਹਾਂ ਦਰਸ਼ਨ ਸਿੰਘ ਦਿੱਲੀ ਵਾਲਾ, ਜਗਜੀਤ ਸਿੰਘ ਆਨੰਦ, ਗੁਰਬਚਨ ਸਿੰਘ ਭੁੱਲਰ, ਕਰਨਜੀਤ ਸਿੰਘ ਆਦਿ - ਸਾਰਿਆਂ ਨੇ ਆਪਣੇ ਬੱਚੇ ਰੂਸ ਵਿਚ ਪੜ੍ਹਾਏ। ਜਦ ਕਿ ਹੋਣਾ ਇਹ ਚਾਹੀਦਾ ਸੀ ਕਿ ਲਾਇਕ ਬੱਚਿਆਂ ਨੂੰ ਭੇਜਿਆ ਜਾਏ। ਪਰ ਕਾਮਰੇਡਾਂ ਦੇ ਬੱਚਿਆਂ ਤੋਂ ਇਲਾਵਾ ਇਹਨਾਂ ਕਿਸੇ ਨੂੰ ਨਹੀਂ ਜਾਣ ਦਿੱਤਾ। ਉਂਝ ਇਨ੍ਹਾਂ ਨੂੰ ਕੋਈ ਕੰਮ ਕਹੋ ਤਾਂ ਆਖਣਗੇ, 'ਅਸੀਂ ਕਿਸੇ ਦੀ ਸਿਫ਼ਾਰਿਸ਼ ਨਹੀਂ ਕਰਦੇ' ਪਰ ਆਪਣਿਆਂ ਦੇ ਕੰਮ ਉਹ ਕਰਦੇ ਨੇ। ਇਸ ਦੋਹਰੇ ਪਨ ਨੂੰ ਸਹਾਰਨਾ ਮੇਰੇ ਲਈ ਬੜਾ ਔਖਾ ਹੈ।' ਮੈਂ ਆਖਿਆ 'ਮੋਹਨਜੀਤ, ਅੱਜ ਕੱਲ੍ਹ ਤਾਂ ਦੋਗਲਾਪਣ ਉਨ੍ਹਾਂ ਵਿਚ ਵੀ ਮਿਲਦਾ ਹੈ ਜੋ ਕਾਮਰੇਡ ਨਹੀਂ।' ਅੱਗੋਂ ਕਹਿੰਦਾ ਹੈ, 'ਪਰ ਉਹ ਲੋਕ ਆਦਰਸ਼ਵਾਦੀ ਹੋਣ ਦੀਆਂ ਡੀਂਗਾਂ ਵੀ ਤਾਂ ਨਹੀਂ



ਮਾਰਦੇ। ਇਹ ਲੋਕ ਤਾਂ ਕਹਿੰਦੇ ਕੁਝ ਹੋਰ ਹਨ ਤੇ ਕਰਦੇ ਕੁਝ ਹੋਰ।'

ਮੈਂ ਪੁੱਛਦੀ ਹਾਂ, ਅਸਾਂ ਸੁਣਿਆ ਸੀ ਕਿ ਅੰਮ੍ਰਿਤਸਰ ਤੋਂ ਦਿੱਲੀ ਲਿਆਉਣ ਵਾਲੇ ਡਾਕਟਰ ਸਾਹਿਬ ਹੀ ਸਨ ਜਿਨ੍ਹਾਂ ਤੁਹਾਨੂੰ ਦੇਸ਼ ਬੰਧੂ ਕਾਲਜ ਵਿਚ ਨੌਕਰੀ ਦਵਾਈ।'ਦਰ ਅਸਲ ਮੈਂ ਕਈ ਵਾਰੀ ਦਿੱਲੀ ਹਰਨਾਮ ਨੂੰ ਮਿਲਣ ਆਇਆ ਕਰਦਾ ਸੀ।ਹਰਨਾਮ ਮੇਰਾ ਯਾਰ ਸੀ।ਉਹ ਡਾਕਟਰ ਹਰਿਭਜਨ ਸਿੰਘ ਦੇ ਵੀ ਨੇੜੇ ਸੀ।' ਮੈਨੂੰ ਕਈ ਵਾਰ ਕਹਿੰਦਾ, 'ਯਾਰ ਅੰਮ੍ਰਿਤਸਰ ਵਿਚ ਹਾਲੇ ਤੱਕ ਤੈਨੂੰ ਕੋਈ ਪੱਕੀ ਨੌਕਰੀ ਨਹੀਂ ਮਿਲੀ, ਤੂੰ ਦਿੱਲੀ ਕਿਉਂ ਨਹੀਂ ਆ ਜਾਂਦਾ ?' ਮੇਰੇ ਕਹਿਣ ਤੇ ਕਿ ਦਿੱਲੀ ਮੈਨੂੰ ਕੌਣ ਲਾਏਗਾ, ਕਹਿਣ ਲੱਗਾ, 'ਹਰਿਭਜਨ ਸਿੰਘ ਨੂੰ ਕਹਾਂਗਾ, ਮੇਰੀ ਗੱਲ ਨਹੀਂ ਟਾਲੇਗਾ।' ਮੇਰੇ ਹਾਂ ਕਰਨ ਤੇ ਉਸ ਡਾਕਟਰ ਸਾਹਿਬ ਨੂੰ ਮਨਾ ਲਿਆ ਤੇ ਇਸ ਤਰ੍ਹਾਂ ਮੈਂ ਦਿੱਲੀ ਆ ਗਿਆ। ਦਿੱਲੀ ਆ ਕੇ ਮੈਂ ਅਮ੍ਰਿਤਾ ਦੇ ਹੋਰ ਨੇੜੇ ਹੋਇਆ। ਅੰਮ੍ਰਿਤਸਰ ਰਹਿੰਦਿਆਂ ਹੀ ਉਨ੍ਹਾਂ ਮੇਰੀ ਪਹਿਲੀ ਕਿਤਾਬ, 'ਸਹਿਕਦਾ ਸ਼ਹਿਰ' ਬਾਰੇ ਕੁਝ ਲਿਖਿਆ ਸੀ।' ਗੱਲ ਅੰਮ੍ਰਿਤਾ ਦੀ ਛਿੜਦੀ ਹੈ, ਮਨ ਹੀ ਮਨ ਮੈਂ ਉਨ੍ਹਾਂ ਦਿਨਾਂ ਨੂੰ ਯਾਦ ਕਰਦੀ ਹਾਂ ਜਦੋਂ ਮੈਂ 'ਅਕਸ' ਵਿੱਚ ਰੀਵਿਊ ਲਿਖਦੀ ਸਾਂ ਤੇ ਮੋਹਨਜੀਤ ਮੈਨੂੰ ਯੂਨੀਵਰਸਿਟੀ ਵਿਚ ਮਿਲਦਾ ਹੁੰਦਾ ਸੀ। ਅਸੀਂ ਸਾਰੇ ਪੀ.ਐਚ.ਡੀ ਕਰ ਰਹੇ ਵਿਦਿਆਰਥੀ ਆਪਸ ਵਿਚ ਗੱਲਾਂ ਬਾਤਾਂ ਕਰਦੇ ਰਹਿੰਦੇ, ਸਾਹਿਤ ਦੀਆਂ, ਕਵਿਤਾ ਦੀਆਂ, ਜ਼ਿੰਦਗੀ ਦੀਆਂ, ਵਗ਼ੈਰਾ ਵਗ਼ੈਰਾ।ਓਹਨੀ ਦਿਨੀਂ ਜਸਵੰਤ ਦੀਦ ਦੀ ਇਕ ਕਵਿਤਾ, 'ਪੁਰਖਿਆਂ ਨਾਲ ਗੱਲਾਂ' ਕਿਸੇ ਮੈਗਜ਼ੀਨ ਵਿਚ ਛਪੀ ਤੇ ਮੈਂ ਉਸ ਕਵਿਤਾ ਉਪਰ ਇਕ ਸਮੀਖਿਆਤਮਕ ਲੇਖ ਲਿਖਿਆ। ਮੋਹਨਜੀਤ ਨੇ ਦੇਖਿਆ, ਕਿਹਾ 'ਚੱਲ ਅਮ੍ਰਿਤਾ ਕੋਲ ਚਲਦੇ ਹਾਂ।' ਅੰਮ੍ਰਿਤਾ ਦੇ ਘਰ ਪਹੁੰਚਦੇ ਹਾਂ, ਮੋਹਨਜੀਤ ਉਹ ਲੇਖ ਦਿਖਾਉਂਦਾ ਹੈ, ਅੰਮ੍ਰਿਤਾ ਉਸਨੂੰ ਪੜ੍ਹਦੀ ਹੈ, ਕਹਿੰਦੀ ਹੈ, 'ਪ੍ਰੌਮਿਸਿੰਗ ਲੇਖ ਹੈ।ਨਾਗਮਣੀ ਵਿਚ ਇਕ ਕਾਲਮ ਸ਼ੁਰੂ ਕੀਤਾ ਜਾ ਸਕਦਾ ਹੈ, 'ਪੰਜਵਾਂ ਚਿਰਾਗ਼' ਤੇ ਮੈਂ ਚਾਹੁੰਦੀ ਹਾਂ ਦੇਵਿੰਦਰ ਉਸ ਵਿਚ ਲੜੀ ਵਾਰ ਹਰ ਮਹੀਨੇ ਇਕ ਕਵਿਤਾ ਲੈ ਕੇ ਉਸ ਉਪਰ ਇਕ ਲੇਖ ਲਿਖੇ।' ਮੈਂ ਹਾਂ ਕਰ ਦੇਂਦੀ ਹਾਂ, ਮੇਰੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਰਹਿੰਦਾ, ਜਿਸ ਅੰਮ੍ਰਿਤਾ ਨੂੰ ਅਸੀਂ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਆਏ ਸੀ ਅੱਜ ਮੈਂ ਉਸਨੂੰ ਸਾਖਸ਼ਾਤ ਆਪਣੇ ਸਾਹਵੇਂ ਦੇਖ ਰਹੀ ਹਾਂ। ਏਨਾ ਹੀ ਨਹੀਂ, ਉਸਦੀ ਮੈਗਜ਼ੀਨ ਵਿਚ ਵੀ ਛਪਾਂਗੀ, ਇਹ ਖ਼ਿਆਲ ਆਉਂਦਾ ਹੈ ਤੇ ਮੈਂ ਅੰਦਰੋਂ ਅੰਦਰੀਂ ਮੋਹਨਜੀਤ ਦਾ ਸ਼ੁਕਰੀਆ ਅਦਾ ਕਰਦੀ ਹਾਂ। ਇਸ ਤਰ੍ਹਾਂ ਮੋਹਨਜੀਤ ਨਾਲ ਸਾਹਿਤਕ ਦੋਸਤੀ ਵਾਲਾ ਰਿਸ਼ਤਾ ਕਾਇਮ ਹੋ ਜਾਂਦਾ ਹੈ, ਸਾਹਿਤ ਪੜ੍ਹਣ ਵਿਚ ਦਿਲਚਸਪੀ ਵਧਣ ਲਗਦੀ ਹੈ।

ਗੱਲਾਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ, ਜ਼ਿੰਦਗੀ ਬਾਰੇ ਗੱਲ ਤੁਰਦੀ ਹੈ, ਮੋਹਨਜੀਤ ਕਹਿਣ ਲਗਦਾ ਹੈ, 'ਬੜੇ ਆਦਰਸ਼ਵਾਦੀ ਰਹੇ ਸਾਰੀ ਉਮਰ, ਬਸ ਮਲੰਗੀ ਵਿਚ ਹੀ ਜ਼ਿੰਦਗੀ ਨਿਕਲ ਗਈ। ਥੋੜ੍ਹੇ ਕੀਤਿਆਂ ਗ਼ਲਤ ਕੰਮ ਘੱਟ ਹੀ ਕੀਤਾ, ਸੋਚਿਆ, ਕਿਸੇ ਨਾਲ ਸੰਬੰਧ ਬਣਾਉਣੇ ਹਨ ਬਣਾਏ, ਬਾਅਦ ਵਿਚ ਸਮਝ ਆਈ, ਇਹ ਨਿਭ ਨਹੀਂ ਸਕਣੇ, ਸਾਫ਼ ਹੀ ਕਹਿ ਦਿੱਤਾ, ਇਹ ਨਹੀਂ ਨਿਭਣੇ। ਆਦਰਸ਼ਵਾਦ ਏਨਾ ਕਿ ਕੁਲਜੀਤ ਸਿੰਘ ਨੂੰ ਕਾਲਜ ਵਿਚ ਲਗਵਾਉਣਾ ਸੀ, ਉਹ ਟੈਂਪਰੇਰੀ ਜੌਬ ਕਰਦਾ ਸੀ। ਉਸਨੂੰ ਪੱਕਾ ਕਰਵਾਇਆ। ਹਾਲਾਂਕਿ ਮੇਰੀ ਬੀਵੀ ਕੁਲਦੀਪ ਐਮ ਏ, ਐਮ-ਫਿਲ ਵਿਚ ਗੋਲਡ ਮੈਡਲਿਸਟ ਸੀ, ਜੇ ਚਾਹੁੰਦਾ ਤਾਂ ਉਸਨੂੰ ਵੀ ਲਗਵਾ ਸਕਦਾ ਸੀ। ਉਸ ਮੈਨੂੰ ਕਿਹਾ ਵੀ। ਮੈਂ ਆਖਿਆ, 'ਦੇਖ ਕੁਲਦੀਪ, ਆਪਾਂ ਤਾਂ ਮਾੜੀ ਮੋਟੀ ਕਰੀ ਜਾਨੇ ਆਂ, ਤੂੰ ਸਕੂਲ ਵਿਚ ਕੰਮ ਕਰ ਰਹੀ ਏਂ, ਜੇ ਮੈਂ ਕੁਲਜੀਤ ਦੀ ਥਾਂ ਤੈਨੂੰ ਲਗਵਾ ਦਿੱਤਾ ਤਾਂ ਇਕ ਤਾਂ ਉਹ ਬੇਰੋਜ਼ਗਾਰ ਹੋ ਜਾਏਗਾ ਦੂਜਾ ਸਾਰੀ ਉਮਰ ਮਨ ਵਿਚ ਗਿਲਟ ਰਹਿਣੈ।ਹੁਣ ਜਦੋਂ ਰਿਟਾਇਰ ਹੋ ਗਏ ਹਾਂ, ਪੈਨਸ਼ਨ ਵੀ ਮਿਲਦੀ ਹੈ, ਸਭ ਠੀਕ ਹੈ। ਉਹ ਵੀ ਵੇਲਾ ਸੀ ਜਦੋਂ ਮਕਾਨ ਲੈਣਾ ਸੀ, ਪੈਸੇ ਨਹੀਂ ਸਨ, ਸੋਚਿਆ ਕਿਸੇ ਕੋਲੋਂ ਨਹੀਂ ਲੈਣੇ। ਪਰਮਿੰਦਰ ਸੋਢੀ ਵਰਗਿਆਂ ਨੇ ਮੱਦਦ ਦੇਣ ਲਈ ਹੱਥ ਵੀ ਵਧਾਇਆ, ਪਰ ਸੋਚ ਰੱਖਿਆ ਸੀ ਕਿਸੇ ਕੋਲੋਂ ਮਦਦ ਨਹੀਂ ਲੈਣੀ। ਨਾ ਲੈਣ ਦਾ ਫ਼ਾਇਦਾ ਇਹ ਹੋਇਆ ਕਿ ਅੱਜ ਮਨ ਬੜਾ ਸ਼ਾਂਤ

ਹੈ। ਇਸੇ ਤਰ੍ਹਾਂ ਸਾਹਿਤ ਵਿਚ ਵੀ ਜੋ ਪਸੰਦ ਆਇਆ ਉਸ ਬਾਰੇ ਲਿਖਿਆ। ਜੋ ਨਹੀਂ ਪਸੰਦ ਆਇਆ, ਨਹੀਂ ਲਿਖਿਆ। ਹਾਂ ਕਈ ਵਾਰੀ ਹੁੰਦਾ ਹੈ ਕਿ ਦੁਨੀਆਦਾਰੀ ਨਿਭਾਉਣੀ ਪੈਂਦੀ ਹੈ। ਕਈ ਵਾਰੀ ਮਜਬੂਰੀ ਵੱਸ ਨਹੀਂ ਚਾਹੁੰਦੇ, ਪਰ ਲਿਖਣਾ ਪੈਂਦਾ ਹੈ, ਦੁਨੀਆਦਾਰੀ ਬਿਲਕੁਲ ਨਕਾਰ ਨਹੀਂ ਸਕਦੇ, ਪਰ ਇਸ ਤਰ੍ਹਾਂ ਦੇ ਮੌਕੇ ਬਹੁਤ ਘੱਟ ਆਏ।'

ਗੱਲਾਂ ਕਰਦਿਆਂ ਕਰਦਿਆਂ ਮੋਹਨਜੀਤ ਇਕ ਕਿਤਾਬ ਦਾ ਜ਼ਿਕਰ ਕਰਦਾ ਹੈ ਜੋ ਉਹ ਅੱਜ ਕੱਲ੍ਹ ਪੜ੍ਹ ਰਿਹਾ ਹੈ, ਕਿਤਾਬ ਦਿਖਾਉਂਦਾ ਹੋਇਆ ਕਹਿੰਦਾ ਹੈ, 'ਇਹ ਮਿਖਾਇਲ ਨਈਮੀ ਦੀ ਲਿਖੀ ਹੋਈ ਖਲੀਲ ਜਿਬਰਾਨ ਦੀ ਜੀਵਨੀ ਹੈ, ਜੰਗ ਬਹਾਦਰ ਗੋਇਲ ਨੇ ਪੰਜਾਬੀ ਵਿਚ ਇਸਦਾ ਅਨੁਵਾਦ ਕੀਤਾ ਹੈ। ਮੈਂ ਇਸ ਨੂੰ ਪੜ੍ਹਦਿਆਂ ਪੜ੍ਹਦਿਆਂ ਬਹੁਤ ਕੁਝ ਸਿੱਖਿਆ ਹੈ। ਸਭ ਤੋਂ ਅਹਿਮ ਗੱਲ ਇਹ ਸਿੱਖੀ ਕਿ ਜਾਂ ਤਾਂ ਦੋਸਤੀਆਂ ਕਰੋ ਨਾ, ਜੇ ਕਰ ਲਈਆਂ ਤਾਂ ਦੁਖੀ ਨਾ ਹੋਵੋ। ਹਾਲਾਂ ਕਿ ਇਹ ਪਤਾ ਨਹੀਂ ਹੁੰਦਾ ਕਿ ਦੁਖੀ ਹੋਵਾਂਗੇ, ਦੋਸਤੀ ਕਈ ਵਾਰੀ ਬੰਦੇ ਨੂੰ ਤੋੜ ਕੇ ਰੱਖ ਦੇਂਦੀ ਹੈ। ਕਈ ਵਾਰੀ ਦੋਸਤ ਵੀ ਤੁਹਾਡੇ ਕੋਲੋਂ ਉਹ ਚਾਹੁੰਦੇ ਨੇ ਜੋ ਦੂਸਰੇ ਚਾਹੁੰਦੇ ਨੇ। ਮੇਰੀ ਇਕ ਦੋਸਤੀ ਐਸੀ ਟੁੱਟੀ ਕਿ ਮੈਨੂੰ ਝੰਜੋੜ ਕੇ ਰੱਖ ਗਈ। ਕਈ ਵਾਰ ਕਿਸੇ ਦੋਸਤ ਦੀ ਮਾਇਕ ਮਦਦ ਤੁਹਾਡੇ ਕੰਮ ਆਉਂਦੀ ਹੈ। ਮੈਂ ਸਮਝਦਾ ਸੀ ਏਸ ਬੰਦੇ ਨਾਲ ਤੁਹਾਡੀ ਦੋਸਤੀ ਕਦੇ ਨਹੀਂ ਟੁੱਟ ਸਕਦੀ (ਮੈਂ ਨਾਂ ਨਹੀਂ ਲੈਣਾ ਚਾਹੁੰਦਾ) ਪਰ ਟੁੱਟੀ ਏਸ ਤਰ੍ਹਾਂ ਕਿ ਮੇਰਾ ਵਿਆਹ ਹੋਇਆ। ਅਸੀਂ ਦੋਵੇਂ ਉਹਨੂੰ ਮਿਲਣ ਗਏ। ਮੇਰੀ ਪਤਨੀ ਨੂੰ ਪੁੱਛਣ ਲੱਗਾ, 'ਤੁਹਾਨੂੰ ਇਹਨੇ ਪਹਿਲਾ ਤੋਹਫ਼ਾ ਕੀ ਦਿੱਤੈ ?' ਪਤਨੀ ਨੇ ਪੈਨ ਦਿਖਾਉਂਦਿਆਂ ਹੋਇਆ ਕਿਹਾ ਕਿ ਇਹ ਦਿੱਤਾ ਸੀ। ਕਹਿਣ ਲੱਗਾ, 'ਅੱਛਾ, ਇਹ ਮੈਂ ਹੀ ਉਸਨੂੰ ਦਿੱਤਾ ਸੀ।' ਮੈਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਸੋਚਿਆ ਕਿ ਇਸ ਤੋਂ ਪਹਿਲਾਂ ਕਿ ਕੋਈ ਹੋਰ ਵੱਡੀ ਘਟਨਾ ਹੋ ਜਾਏ, ਚੰਗਾ ਇਹ ਹੈ ਕਿ ਮੈਂ ਪਿੱਛੇ ਹਟ ਜਾਵਾਂ। ਹਾਲਾਂਕਿ ਦੁਨੀਆ ਵਿਚ ਬਹੁਤ ਲੋਕਾਂ ਨੇ ਕਿਹਾ, ਇਹ ਬੰਦਾ ਅਹਿਸਾਨ ਫ਼ਰਾਮੋਸ਼ ਹੈ। ਪਰ ਉਦੋਂ ਮੇਰੀ ਚੁੱਪ ਰਹਿਣ ਵਾਲੀ ਆਦਤ ਕੰਮ ਕਰ ਗਈ। ਹੁਣ ਮੇਰੀ ਉਮਰ 79 ਹੈ, ' ਮੈਂ ਤੈਨੂੰ ਇਹ ਗੱਲ ਦੱਸ ਰਿਹਾਂ, ਇਹ ਗੱਲ ਵਾਈਫ ਨੂੰ ਵੀ ਨਹੀਂ ਦੱਸੀ, ਮੈਂ ਆਪਣੀ ਕਿਤਾਬ 'ਕੋਣੇ ਦਾ ਸੂਰਜ' ਉਸਨੂੰ ਸਮਰਪਿਤ ਕੀਤੀ ਤਾਂ ਕਿ ਰਿਣਮੁਕਤ ਹੋ ਜਾਵਾਂ। ਪਰਮਿੰਦਰਜੀਤ ਮੇਰੇ ਬੜੇ ਤਰਲੇ ਕਰਦਾ ਰਿਹਾ ਇਹ ਗੱਲ ਪੁੱਛਣ ਵਾਸਤੇ ਪਰ ਨਹੀਂ ਦੱਸੀ। ਅੱਜ ਮੈਂ ਤੈਨੂੰ ਇਸ ਲਈ ਦਸ ਰਿਹਾਂ ਕਿ ਇਹ ਨਾ ਹੋਵੇ ਕਿ ਇਹ ਮੇਰੇ ਨਾਲ ਹੀ ਚਲੀ ਜਾਵੇ।' ਗੱਲ ਵਿੱਚੇ ਰੋਕ ਦੇਂਦਾ ਹੈ, ਆਪਣੀ ਨੂੰਹ ਨੂੰ ਚਾਹ ਬਣਾਉਣ ਲਈ ਆਵਾਜ਼ ਮਾਰਦਾ ਹੈ, ਆਪ ਦੀਵਾਨ ਤੇ ਲੱਕ ਸਿੱਧਾ ਕਰਨ ਲਈ ਲੇਟ ਜਾਂਦਾ ਹੈ। ਮੈਂ ਵੀ ਜਿਸ ਸੋਫ਼ੇ ਤੇ ਬੈਠੀ ਹਾਂ, ਓਥੇ ਲੇਟ ਕੇ ਆਰਾਮ ਕਰਨ ਲੱਗਦੀ ਹਾਂ। ਅੰਦਰੋਂ ਉਸਦਾ ਬੇਟਾ ਆਉਂਦਾ ਹੈ, ਮੈਨੂੰ ਸਿਰ੍ਹਾਣਾ ਦੇ ਜਾਂਦਾ ਹੈ। ਮੋਹਨਜੀਤ ਦਾ ਬੇਟਾ ਕਮਾਲ ਹੈ, ਸ਼ਾਇਦ ਉਸਦਾ ਸਾਰਾ ਧਿਆਨ ਸਾਡੀਆਂ ਗੱਲਾਂ ਵਿਚ ਹੈ। ਕਿਸੇ ਚੀਜ਼ ਦੀ ਜ਼ਰੂਰਤ ਹੋਵੇ, ਝੱਟ ਲਿਆ ਦੇਂਦਾ ਹੈ। ਮੈਂ ਇਨ੍ਹਾਂ ਬੱਚਿਆਂ ਨੂੰ ਬਚਪਨ ਤੋਂ ਜਾਣਦੀ ਹਾਂ। ਕਈ ਵਾਰੀ ਮੋਹਨਜੀਤ ਦੇ ਘਰ ਆਈ ਹਾਂ। ਜਦੋਂ ਵੀ ਆਈਂ ਹਾਂ , ਮੋਹਨਜੀਤ ਦੀ ਪਤਨੀ ਕੁਲਦੀਪ ਅਤੇ ਦੋਵੇਂ ਬੇਟੇ ਹਰ ਵਾਰੀ ਮੈਨੂੰ ਮਿਲੇ ਹਨ ਤੇ ਹਰ ਵਾਰੀ ਇਸ ਤਰ੍ਹਾਂ ਮਿਲੇ ਹਨ ਕਿ ਮੈਂ ਵੀ ਆਪਣੇ ਆਪ ਨੂੰ ਪਰਿਵਾਰ ਦਾ ਮੈਂਬਰ ਸਮਝਿਆ ਹੈ, ਜਾਂ ਉਨ੍ਹਾਂ ਮੈਨੂੰ ਪਰਿਵਾਰ ਦੇ ਮੈਂਬਰ ਵਾਂਗ ਹੀ ਸਮਝਿਆ ਤੇ ਵਿਹਾਰ ਕੀਤਾ ਹੈ ਏਨਾ ਹੀ ਨਹੀਂ ਮੈਂ ਜਦੋਂ ਵੀ ਮਿਲਣ ਗਈ ਹਾਂ, ਔਣ ਲੱਗਿਆਂ ਏਸ ਪਰਿਵਾਰ ਨੇ ਮੈਨੂੰ ਹਮੇਸ਼ਾ ਸੂਟ ਦਿੱਤਾ ਹੈ। ਕਈ ਵਾਰੀ ਸੋਚਦੀ ਹਾਂ ਕਿਹੋ ਜਿਹਾ ਰਿਸ਼ਤਾ ਹੈ ਮੇਰਾ ਮੋਹਨਜੀਤ ਅਤੇ ਉਸਦੇ ਪਰਿਵਾਰ ਨਾਲ। ਸ਼ਾਇਦ ਪਿਛਲੇ ਜਨਮ ਦਾ ਕੋਈ ਰਿਸ਼ਤਾ ਹੈ। ਸੋਚਦਿਆਂ ਸੋਚਦਿਆਂ ਹੀ ਮੋਹਨਜੀਤ ਦੀ ਨੂੰਹ ਕੁਲਜੀਤ ਚਾਹ ਬਣਾ ਕੇ ਲੈ



ਆਉਂਦੀ ਹੈ। ਅਸੀਂ ਦੋਵੇਂ ਚਾਹ ਪੀਂਦੇ ਹਾਂ, ਮੋਹਨਜੀਤ ਫੇਰ ਸੋਫ਼ੇ ਤੇ ਆ ਬੈਠਦਾ ਹੈ ਤੇ ਗੱਲਾਂ ਦਾ ਸਿਲਸਿਲਾ ਫੇਰ ਸ਼ੁਰੂ ਹੋ ਜਾਂਦਾ ਹੈ।

ਅਚਾਨਕ ਗੱਲ ਡਾਕਟਰ ਸੁਤਿੰਦਰ ਸਿੰਘ ਨੂਰ ਬਾਰੇ ਛਿੜ ਜਾਂਦੀ ਹੈ। ਮੋਹਨਜੀਤ ਹੱਸਣ ਲਗਦਾ ਹੈ, ਸ਼ਾਇਦ ਉਸਨੂੰ ਅੰਮ੍ਰਿਤਾ ਦੀ ਗੱਲ ਯਾਦ ਆਉਂਦੀ ਹੈ, 'ਕਹਿੰਦਾ ਹੈ,ਜਦੋਂ ਮੈਂ ਏਥੇ ਪੱਕਾ ਹੋ ਗਿਆ, ਅੰਮ੍ਰਿਤਾ ਨੂੰ ਦੱਸਣ ਗਿਆ ਕਿ ਮੈਂ ਰੈਗੂਲਰ ਹੋ ਗਿਆਂ। ਅੰਮ੍ਰਿਤਾ ਦੇ ਲਫ਼ਜ਼, 'ਫੇਰ ਨੂਰ ਨਾ ਬਣ ਜਾਈਂ' ਇਕ ਦਮ ਮੇਰੇ ਮੂੰਹੋਂ ਨਿਕਲਿਆ, 'ਜੇ ਨੂਰ ਬਣ ਗਿਆ ਤਾਂ ਉਸ ਤੋਂ ਪਹਿਲਾਂ ਅੰਮ੍ਰਿਤਸਰ ਵਾਪਸ ਚਲਾ ਜਾਵਾਂਗਾ।'

ਏਥੇ ਗੱਲ ਕਰਦਿਆਂ ਕਰਦਿਆਂ ਮੋਹਨਜੀਤ ਫੇਰ ਹਰਿਭਜਨ ਸਿੰਘ ਦਾ ਜ਼ਿਕਰ ਕਰਨ ਲਗਦਾ ਹੈ। ਕਹਿੰਦਾ ਹੈ, 'ਡਾਕਟਰ ਹਰਿਭਜਨ ਸਿੰਘ ਵੀ ਕਈ ਵਾਰੀ ਦੂਹਰੀ ਗੇਮ ਖੇਡ ਜਾਂਦੇ ਸਨ। ਤੁਹਾਡੇ ਮੂੰਹ ਤੇ ਹੋਰ ਤੇ ਪਿਛੋਂ ਹੋਰ, ਲੇਕਿਨ ਇੱਕ ਗੱਲ ਜ਼ਰੂਰ ਸੀ ਉਹ ਬੰਦਾ ਕਮਾਲ ਦਾ ਟੀਚਰ ਸੀ , ਅਲੋਚਨਾ ਦੇ ਖੇਤਰ ਵਿਚ ਉਸ ਮਾਅਰਕੇ ਦਾ ਕੰਮ ਕੀਤਾ। ਉਹ ਅਸਲੀ ਸਕਾਲਰ ਸੀ। ਉਸਦੇ ਬਾਅਦ ਨੂਰ ਆਇਆ ਤਾਂ ਪੰਜਾਬੀ ਵਿਚ ਗੈਂਗਸਟਰਇਜ਼ਮ ਸ਼ੁਰੂ ਹੋ ਗਿਆ। ਕਈ ਵਾਰੀ ਜੀ ਕੀਤਾ ਇਨ੍ਹਾਂ ਗੈਂਗਸਟਰਾਂ ਉੱਪਰ ਵੀ ਸਕੈੱਚ ਲਿਖਾਂ। ਇਨ੍ਹਾਂ ਬਾਰੇ ਇਕ ਗੱਲ ਕਹੀ ਜਾ ਸਕਦੀ ਹੈ, ਇਨ੍ਹਾਂ ਕੁਝ ਲਿਖਿਆ ਪੜ੍ਹਿਆ ਨਹੀਂ, ਪਰ ਹਮੇਸ਼ਾ ਹੀ ਇਹ ਵੱਡੀਆਂ ਵੱਡੀਆਂ ਪੋਸਟਾਂ ਤੇ ਰਹੇ। ਇਨ੍ਹਾਂ ਵਿਚ ਸਿਫ਼ਤ ਇਹ ਹੁੰਦੀ ਹੈ ਕਿ ਇਹ ਮੂੰਹ ਦੇ ਬੜੇ ਮਿੱਠੇ ਹੁੰਦੇ ਨੇ ਪਰ ਅੰਦਰੋਂ ਤੁਹਾਡੇ ਦੁਸ਼ਮਣ ਹੁੰਦੇ ਨੇ।'

ਮੈਂ ਗੱਲਾਂ ਦਾ ਰੁਖ ਮੋੜ ਕੇ ਮੋਹਨਜੀਤ ਨੂੰ ਫੇਰ ਉਸਦੀ ਜ਼ਿੰਦਗੀ ਬਾਰੇ ਪੁੱਛਣ ਲਗਦੀ ਹਾਂ। ਆਪਣੀ ਗੱਲ ਜ਼ਿੰਦਗੀ ਦੇ ਉਸ ਮੋੜ ਤੋਂ ਸ਼ੁਰੂ ਕਰਦਾ ਹੈ ਜਦੋਂ ਉਹ ਸੱਤਵੀਂ ਜਾਂ ਅੱਠਵੀਂ ਕਲਾਸ ਵਿਚ ਹੀ ਸਾਹਿਤ ਪੜ੍ਹਨ ਲੱਗ ਪਿਆ ਸੀ। ਫੇਰ ਦਸਵੀਂ ਵਿਚ ਪਹੁੰਚਦਿਆਂ ਉਸ ਹਰਦਿਆਲ ਐਮ ਏ, ਤੇਜਾ ਸਿੰਘ ਦੀ 'ਆਰਸੀ', ਜਸਵੰਤ ਕੰਵਲ ਦੇ ਨਾਵਲ, ਕਮਲਾ ਅਕਾਲੀ ਦਾ 'ਮੇਰਾ ਵਲਾਇਤੀ ਸਫ਼ਰਨਾਮਾ', ਆਦਿ ਦਾ ਪਾਠ ਕਰ ਲਿਆ ਸੀ। ਉਸਨੇ ਮੈਟ੍ਰਿਕ ਦੀ ਪੜ੍ਹਾਈ ਖ਼ਤਮ ਕਰਕੇ ਵਿਧਾਤਾ ਸਿੰਘ ਤੀਰ ਕੋਲੋਂ ਗਿਆਨੀ ਦੀ ਪੜ੍ਹਾਈ ਪੂਰੀ ਕੀਤੀ। ਮੈਂ ਆਖਿਆ, 'ਮੋਹਨਜੀਤ ਤੇਰਾ ਪਿਛੋਕੜ ਤਾਂ ਸਾਹਿਤਿਕ ਵਿਰਸੇ ਨਾਲ ਭਰਪੂਰ ਹੈ, ਤੂੰ ਕਮਾਲ ਦਾ ਬੰਦਾ ਹੈਂ।' ਕਹਿੰਦਾ ਹੈ, 'ਨਹੀਂ ਮੇਰੇ ਇਸ ਸ਼ੌਂਕ ਪਿੱਛੇ ਮੇਰੇ ਬਾਪ ਦਾ ਬੜਾ ਵੱਡਾ ਰੋਲ ਹੈ। ਮੇਰਾ ਬਾਪ ਗੁਣੀ ਗਿਆਨੀ ਸੀ। ਉਸ ਵੀ ਇਕ ਕਿੱਸਾ ਲਿਖਿਆ ਸੀ ਜਿਹੜਾ ਗੁਆਚ ਗਿਆ। ਫੇਰ ਕਈ ਸਾਲ ਉਹ ਦਿਮਾਗ਼ੀ ਤੌਰ ਤੇ ਪ੍ਰੇਸ਼ਾਨ ਰਿਹਾ। ਏਥੇ ਮੈਨੂੰ ਮੇਰੀ ਮਾਂ ਦੇ ਉਹ ਲਮ੍ਹੇ ਯਾਦ ਆਉਂਦੇ ਹਨ ਜਦੋਂ ਮੇਰੇ ਬਾਪ ਨੂੰ ਸ਼ਹਿਰੋਂ ਕੰਮ ਕਰ ਕੇ ਮੁੜਣ ਵਿਚ ਦੇਰ ਲੱਗ ਜਾਂਦੀ ਸੀ ਤਾਂ ਮੈਂ, ਮੇਰੀ ਭੈਣ ਤੇ ਮੇਰੀ ਮਾਂ ਉਹਦੀ ਰਾਹ ਉਡੀਕਦੇ ਰਹਿੰਦੇ, ਰਾਤ ਦੇ 11 ਵਜੇ ਮੇਰੀ ਭੈਣ ਕਿਤਾਬਾਂ ਪੜ੍ਹਦੀ, ਮੈਂ ਤੇ ਮੇਰੀ ਮਾਂ ਸੁਣਦੇ, ਅਜੇ ਵੀ ਯਾਦ ਹੈ ਜਿਹੜੀ ਕਿਤਾਬ ਉਹ ਪੜ੍ਹ ਕੇ ਸੁਣਾਉਂਦੀ, ਉਹ ਜਸਵੰਤ ਸਿੰਘ ਕੰਵਲ ਦਾ ਨਾਟਕ, 'ਹਨੂਮਾਨ' ਸੀ। ਮੇਰੀ ਮਾਂ ਸੁਣਦਿਆਂ ਸੁਣਦਿਆਂ ਰੋਣ ਲੱਗ ਪੈਂਦੀ। ਪੁੱਛਣ ਤੇ ਅੱਖਾਂ ਪੂੰਝਦੀ ਹੋਈ ਮੇਰੇ ਤੋਂ ਵੱਡੇ ਉਸ ਭਰਾ ਦੀ ਗੱਲ ਸੁਣਾਉਂਦੀ ਜਿਹੜਾ 20 ਵਰ੍ਹਿਆਂ ਦੀ ਉਮਰ ਵਿਚ ਘੋੜੀ ਚੜ੍ਹਣ ਵਾਲੇ ਦਿਨ ਇਸ ਦੁਨੀਆ ਤੋਂ ਹਮੇਸ਼ਾ ਲਈ ਵਿਦਾ ਹੋ ਗਿਆ। ਤੇ ਨਾਲ ਹੀ ਕਹਿੰਦੀ, 'ਮੈਨੂੰ ਤੇਰੇ ਤੋਂ ਵੱਡੀਆਂ ਆਸਾਂ ਨੇ।' ਮੋਹਨਜੀਤ ਆਪਣੀ ਮਾਂ ਦੇ ਇਕਲਾਪੇ ਦੇ ਪਲ੍ਹਾਂ ਵਿਚ ਪਹੁੰਚ ਜਾਂਦਾ ਹੈ ਤੇ ਮਾਂ ਕੋਲੋਂ ਸੁਣੀਆਂ ਇਹ ਸਤਰਾਂ, 'ਸੀਤਾ ਕਹਿੰਦੀ ਏ ਭੈਣ ਮੰਦੋਦਰੀ, ਮੈਂ ਤਾਂ ਕੱਲੀ ਵਣਾਂ ਵਿਚ ਓਦਰੀ' ਗਣਗੁਣ੍ਹਾਉਣ ਲਗਦਾ ਹੈ। ਫੇਰ ਉਜਾੜੇ ਦੇ ਉਨ੍ਹਾਂ ਦਿਨ੍ਹਾਂ ਨੂੰ ਯਾਦ ਕਰਦਾ ਹੈ ਜਦੋਂ

ਉਹ ਹਿੰਦੁਸਤਾਨ ਵਿਚ ਰਹਿੰਦਿਆਂ ਹੋਇਆਂ ਵੀ ਉੱਜੜ ਗਏ ਸੀ ਤੇ ਉਸ ਉਜਾੜੇ ਵੇਲੇ ਕਟੜਾ ਜੈਮਲ ਸਿੰਘ ਦੇ ਪਸ਼ਮ ਵਾਲੇ ਬਾਜ਼ਾਰ ਵਿਚ ਉਹਦੇ ਬਾਪ ਦੀ ਦੁਕਾਨ ਸੜ ਕੇ ਸੁਆਹ ਹੋ ਗਈ ਸੀ ਤੇ ਕਰਫਿਊ ਵਾਲੇ ਦਿਨ੍ਹਾਂ ਵਿਚ ਕਰਫਿਊ ਖੁੱਲ੍ਹਣ ਤੇ ਜਦੋਂ ਉਹ ਨਿੱਕੀ ਜਿਹੀ ਉਮਰ ਵਿਚ ਤੋਰੀਆਂ ਵੇਚਣ ਜਾਇਆ ਕਰਦਾ ਸੀ ਤਾਂ ਕਈ ਔਰਤਾਂ ਦੀ ਇਹ ਆਵਾਜ਼ ਉਸਦੇ ਕੰਨਾਂ ਵਿਚ ਸੁਣਾਈ ਪੈਂਦੀ ਕਿ 'ਇਹ ਸਬਜ਼ੀ ਵੇਚਣ ਵਾਲਾ ਮੁੰਡਾ ਨਹੀਂ ਲਗਦਾ, ਇਹਦੀ ਆਵਾਜ਼ ਵੇਚਣ ਵਾਲੇ ਵਰਗੀ ਨਹੀਂ।'

ਆਪਣੇ ਆਪ ਨੂੰ ਸੰਭਾਲਦਿਆਂ ਹੋਇਆਂ ਕਹਿੰਦਾ ਹੈ, 'ਵਿਧਾਤਾ ਸਿੰਘ ਤੀਰ ਮੇਰੇ ਅਧਿਆਪਕ ਵੀ ਰਹੇ ਅਤੇ ਦੋਸਤ ਵੀ। ਕਲਾਸ ਤੋਂ ਪਿਛੋਂ ਅਸੀਂ ਦੋਵੇਂ ਘਰ ਨੂੰ ਜਾਂਦੇ, ਰਸਤੇ ਵਿਚ ਉਹ ਨਾਲ਼ੇ ਮੱਛੀ ਖੁਆਂਦੇ ਅਤੇ ਨਾਲੇ ਜ਼ਿੰਦਗੀ ਦੀਆਂ ਗੱਲਾਂ ਕਰਦੇ। ਓਹਨਾ ਦੇ ਸਾਥ ਦਾ ਨਤੀਜਾ ਇਹ ਕਿ ਸਾਹਿਤ ਦਾ ਇਤਿਹਾਸ ਗਿਆਨੀ ਵਿਚ ਹੀ ਯਾਦ ਹੋ ਗਿਆ। ਸ਼ੁਰੂ ਤੋਂ ਹੀ ਮੈਨੂੰ ਪੜ੍ਹਣ ਦਾ ਸ਼ੌਕ ਸੀ, ਮੈਗਜ਼ੀਨ ਪੜ੍ਹਣੇ, ਫਰੋਲਣੇ, ਜ਼ਿੰਦਗੀ, ਕਵਿਤਾ ਆਦਿ ਬਾਰੇ ਮੈਗਜ਼ੀਨ ਪੜ੍ਹਣੇ, ਚਾਰਲੀ ਚੈਪਲਿਨ ਦੀ ਜ਼ਿੰਦਗੀ ਪੜ੍ਹੀ, ਪਿਕਾਸੋ ਪੜ੍ਹਿਆ। ਮੈਨੂੰ ਯਾਦ ਹੈ ਉਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਲੋਕਾਂ ਨੂੰ ਰੂਸੀ ਕਿਤਾਬਾਂ ਤੋਂ ਬੜੀ ਪ੍ਰੇਰਣਾ ਮਿਲਦੀ ਸੀ। ਮੈਂ ਗੋਰਕੀ ਦਾ ਉਰਦੂ ਵਿਚ ਅਨੁਵਾਦਿਤ ਸਾਹਿਤ ਪੜ੍ਹਿਆ। ਰੂਸੀ ਸਾਹਿਤ ਨੂੰ ਪੜ੍ਹਣ ਨਾਲ ਮੇਰੀ ਨੀਝ ਤੇਜ਼ ਹੋਈ। ਇਕ ਤਾਂ ਸਸਤੀਆਂ ਕਿਤਾਬਾਂ ਹੋਣ ਕਰਕੇ ਪੜ੍ਹਣ ਦਾ ਮੌਕਾ ਆਸਾਨ ਹੋ ਜਾਂਦਾ। ਗੋਰਕੀ ਦਾ ਸਾਰਾ ਸੈੱਟ 10 ਰੁਪਏ ਦਾ ਮਿਲ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਬਿਜਲੀ ਨਹੀਂ ਸੀ ਹੁੰਦੀ। ਖੰਭੇ ਦੀ ਰੌਸ਼ਨੀ ਥੱਲੇ ਮੈਂ ਉਹ ਕਿਤਾਬਾਂ ਪੜ੍ਹਦਾ।' ਗੱਲਾਂ ਕਰਦਿਆਂ ਕਰਦਿਆਂ ਉਹ ਦੇਵਿੰਦਰ ਸਤਿਆਰਥੀ ਨੂੰ ਯਾਦ ਕਰਦਾ ਹੈ। ਕਹਿੰਦਾ ਹੈ, 'ਸਤਿਆਰਥੀ ਕਹਿੰਦੇ ਹੁੰਦੇ ਸੀ ਇਨਸਾਨ ਨੂੰ 80% ਪੜ੍ਹਣਾ ਚਾਹੀਦਾ ਹੈ ਅਤੇ 20% ਲਿਖਣਾ, ਸਗੋਂ 90% ਪੜ੍ਹਣਾ ਚਾਹੀਦਾ ਹੈ ਅਤੇ 10% ਲਿਖਣਾ।' ਫੇਰ ਡਾਕਟਰ ਹਰਿਭਜਨ ਸਿੰਘ ਨੂੰ ਯਾਦ ਕਰਦਾ ਹੈ, ਪਰਮਿੰਦਰਜੀਤ ਨੂੰ ਯਾਦ ਕਰਦਾ ਹੈ। ਡਾਕਟਰ ਹਰਿਭਜਨ ਸਿੰਘ ਬਾਰੇ ਕਹਿੰਦਾ ਹੈ, 'ਡਾਕਟਰ ਸਾਹਿਬ ਅਸਲ ਅਰਥਾਂ ਵਿਚ ਸਕਾਲਰ ਸਨ। ਪੜ੍ਹਣ ਪੜ੍ਹਾਉਣ ਵਿਚ ਉਨ੍ਹਾਂ ਦਾ ਕੋਈ ਜਵਾਬ ਨਹੀਂ ਸੀ। ਪਰ ਉਸ ਤੋਂ ਬਾਅਦ ਸਾਹਿਤ ਦੇ ਖੋਜ ਕਾਰਜ ਵਿਚ ਪਤਨ ਆਉਣਾ ਸ਼ੁਰੂ ਹੋ ਗਿਆ। ਵਿਦਿਆਰਥੀਆਂ ਦੇ ਲਿਖੇ ਆਮ ਤਰ੍ਹਾਂ ਲੇਖਾਂ ਨੂੰ ਖੋਜ ਪੱਤਰ ਕਹਿਣ ਦਾ ਰਿਵਾਜ਼ ਉਦੋਂ ਹੀ ਸ਼ੁਰੂ ਹੋਇਆ। ਖੋਜ ਪੱਤਰ ਦਾ ਮਤਲਬ ਤਾਂ ਇਹ ਹੁੰਦਾ ਹੈ ਉਹ ਕੰਮ ਕੀਤਾ ਜਾਏ ਜਿਹੜਾ ਪਹਿਲੋਂ ਨਾ ਹੋਇਆ ਹੋਵੇ। ਪਰ ਏਥੇ ਇਸ ਤੋਂ ਗੱਲ ਉਲਟ ਹੋਈ ਸਾਹਿਤ ਵਿਚ ਲਿਹਾਜਦਾਰੀ ਦਾ ਦਖ਼ਲ ਸ਼ੁਰੂ ਹੋਇਆ। ਤੁਸੀਂ ਇਸ ਨੂੰ ਸਾਹਿਤ ਵਿਚ ਵਿਚ ਰਾਜਨੀਤੀ ਪ੍ਰਵੇਸ਼ ਵੀ ਕਹਿ ਸਕਦੇ ਹੋ।'

ਏਥੇ ਇਕ ਦਮ ਮੇਰੇ ਜ਼ਿਹਨ ਵਿਚ ਇਨਾਮਾਂ ਦੀ ਸਿਆਸਤ ਬਾਰੇ ਖ਼ਿਆਲ ਆਉਂਦਾ ਹੈ। ਮੈਂ ਮੋਹਨਜੀਤ ਨੂੰ ਇਹ ਸਵਾਲ ਕਰਦੀ ਹਾਂ। ਬੜੇ ਸਹਿਜ ਵਿਚ ਉਹ ਆਪਣੀ ਗੱਲ ਸ਼ੁਰੂ ਕਰਦਾ ਹੈ, 'ਪਹਿਲੀ ਗੱਲ ਤਾਂ ਇਹ ਕਿ ਦਵਿੰਦਰ! ਇਹ ਮਿੱਥ ਕੇ ਤੁਰੀਏ ਕਿ ਅਸੀਂ ਸਾਰੇ ਇਨਸਾਨ ਹਾਂ। ਕੋਈ ਬੰਦਾ ਐਸਾ ਨਹੀਂ ਜੋ ਪ੍ਰਸੰਸਾ ਨਾ ਚਾਹੁੰਦਾ ਹੋਵੇ, ਚਾਹੇ ਲਿਖਤ ਦੀ ਸ਼ਕਲ ਵਿਚ ਤੇ ਚਾਹੇ ਇਨਾਮ ਜਾਂ ਸਨਮਾਨ ਦੀ ਸ਼ਕਲ ਵਿਚ। ਹੁਣ ਤੂੰ ਫੇਸਬੁਕ ਨੂੰ ਹੀ ਦੇਖ, ਹਰ ਕੋਈ ਆਪਣੀ ਤਸਵੀਰ ਪਾ ਕੇ ਪ੍ਰਸੰਸਾ ਚਾਹੁੰਦਾ ਹੈ। ਪਰ ਜਦੋਂ ਕੋਈ ਗ਼ਲਤ ਕੰਮ ਹੁੰਦੈ, ਤਾਂ ਜਿਹੜਾ ਉਸਨੂੰ ਹੰਢਾ ਰਿਹਾ ਹੁੰਦੈ, ਉਸਨੂੰ ਨਿਰਾਸ਼ਾ ਜ਼ਰੂਰ ਹੁੰਦੀ ਹੈ। ਖ਼ਾਸ ਕਰਕੇ ਉਦੋਂ ਜਦੋਂ ਕਿਸੇ ਐਸੇ ਸ਼ਖ਼ਸ ਨੂੰ ਇਨਾਮ ਮਿਲ ਜਾਵੇ, ਜੋ ਉਸਦਾ ਹੱਕਦਾਰ ਨਾ ਹੋਵੇ। ਜਿਵੇਂ ਪਿੱਛੇ ਜਿਹੇ ਦਰਸ਼ਨ ਸਿੰਘ ਨੂੰ ਉਹਦੇ ਨਾਵਲ, 'ਲੋਟਾ' ਉੱਤੇ ਕੈਨੇਡਾ ਦਾ ਢਾਹਾਂ ਇਨਾਮ ਮਿਲਿਆ ਹੈ, ਮੈਨੂੰ ਸਮਝ ਨਹੀਂ ਆ ਰਹੀ ਕਿ ਡਾਕਟਰ ਰਘਬੀਰ ਸਿੰਘ ਜਿਹਾ ਬੰਦਾ ਵੀ ਇਸ ਪੱਧਰ ਤੇ ਸਮਝੌਤਾ ਕਰਦਾ ਹੋਵੇਗਾ। ਜਦੋਂ ਕੋਈ ਮਨੁੱਖ ਜਾਣ ਬੁਝ ਕੇ



ਮਿੱਟੀ ਨੂੰ ਗੁੜ ਮੰਨੀ ਜਾਵੇ ਤੇ ਗੁੜ ਨੂੰ ਮਿੱਟੀ ਕਹੀ ਜਾਵੇ ਤਾਂ ਮਨੁੱਖੀ ਕੀਮਤਾਂ ਕਿਥੇ ਰਹਿ ਗਈਆਂ? ਪਿਛਲੇ 10 ਸਾਲ ਦਾ ਇਨਾਮਾਂ ਦਾ ਇਤਿਹਾਸ ਕੱਢ ਕੇ ਵੇਖ ਲਵੋ, ਇਨ੍ਹਾਂ ਵਿਚੋਂ ਕੋਈ ਇੱਕ ਜਾਂ ਦੋ ਇਨਾਮ ਸਹੀ ਹੋਣਗੇ, ਬਾਕੀ ਸਾਰਾ ਇਨਾਮ- ਮਾਫ਼ੀਆ ਕੰਮ ਕਰਦਾ ਨਜ਼ਰ ਆਉਂਦਾ ਹੈ।' ਕੋਈ ਨਾਂ ਲੈਣਾ ਚਾਹੋਗੇ? ਕਹਿੰਦਾ ਹੈ, 'ਇਹੀ ਮਾਫ਼ੀਆ ਜਿਸਨੂੰ ਮੈਂ ਗੈਂਗਸਟਰਇਜ਼ਮ ਕਿਹਾ ਹੈ ਜਿਸਦਾ ਸਰਦਾਰ ਨੂਰ ਸੀ। ਏਸ ਮਾਫੀਏ ਵਿਚ ਕਈ ਉਨ੍ਹਾਂ ਲੋਕਾਂ ਨੂੰ ਬੜਾ ਵੱਡਾ ਮੰਨਿਆ ਜਾਂਦਾ ਹੈ ਜਿਹੜੇ ਅਸਲ ਵਿਚ ਹੁੰਦੇ ਨਹੀਂ। ਮਨ ਵਿਚ ਖ਼ਿਆਲ ਆਉਂਦਾ ਹੈ, ਜਿਹੜੇ ਲੋਕੀਂ ਇਨ੍ਹਾਂ ਨੂੰ ਵੱਡਾ ਮੰਨਦੇ ਨੇ ਉਹ ਆਪ ਅੰਦਰੋਂ ਕਿੰਨੇ ਖੋਖਲੇ ਹੋਣਗੇ?' ਮੈਂ ਕਹਿੰਦੀ ਹਾਂ, 'ਮੋਹਨਜੀਤ ਮੈਂ ਮੰਨਦੀ ਹਾਂ ਕਿ ਤੁਸੀਂ ਜਿਸ ਇਨਾਮ ਦੇ ਹੱਕਦਾਰ ਸੀ ਤੁਹਾਨੂੰ ਕਦੇ ਨਹੀਂ ਮਿਲਿਆ, ਇਸ ਬਾਰੇ ਤੁਸੀਂ ਕੀ ਸੋਚਦੇ ਹੋ?' ਕੁਝ ਚਿਰ ਸੋਚਣ ਤੋਂ ਬਾਅਦ ਕਹਿੰਦਾ ਹੈ, 'ਹੁਣ ਅੰਦਰਲੀ ਜਲਣ ਘੱਟ ਗਈ ਹੈ। ਜਦੋਂ ਦਾ ਯੋਗਾ ਕਰਨਾ ਸ਼ੁਰੂ ਕੀਤੈ, ਬਰਦਾਸ਼ਤ ਕਰਨ ਦੀ ਸ਼ਕਤੀ ਵਧੀ ਹੈ। ਮੇਰੀ ਬੀਵੀ ਹੈ, ਉਸਨੂੰ ਏਸ ਗੱਲ ਤੇ ਗ਼ੁੱਸਾ ਆ ਜਾਂਦੈ ਕਿ ਉਸਨੂੰ ਕਿਸੇ ਦਾ ਕੀਤਾ ਕੰਮ ਪਸੰਦ ਨਹੀਂ ਆਉਂਦਾ। ਮੈਂ ਕਈ ਵਾਰੀ ਕਹਿੰਦਾ ਹਾਂ, ਗ਼ੁੱਸਾ ਕੀਤਿਆਂ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਣਾ, ਉਮਰ ਦੇ ਜਿਸ ਪੜਾਅ 'ਚੋਂ ਆਪਾਂ ਗੁਜ਼ਰ ਰਹੇ ਹਾਂ, ਜਿੰਨੀ ਕੁ ਸਿਹਤ ਇਜਾਜ਼ਤ ਦੇਂਦੀ ਹੈ ਓਨਾ ਕੁ ਕਰ ਲਓ। ਮੇਰੇ ਲਈ ਹੁਣ ਕੁਝ ਹੋਣਾ ਜਾਂ ਨਾ ਹੋਣਾ ਕੋਈ ਫ਼ਰਕ ਨਹੀਂ ਲਗਦਾ। ਮੈਨੂੰ ਟੈਨਸ਼ਨ ਬਹੁਤ ਘੱਟ ਹੁੰਦੀ ਹੈ। ਵਕਤ ਵਕਤ ਦੀ ਗੱਲ ਹੈ। ਉਮਰ ਦੇ ਬੀਤਣ ਨਾਲ ਕਈ ਗੱਲਾਂ ਬੇਮਾਨੀ ਲੱਗਣ ਲੱਗ ਪੈਂਦੀਆਂ ਹਨ। ਕਿਸੇ ਨੂੰ ਇਨਾਮ ਮਿਲ ਜਾਵੇ ਜਾਂ ਨਾ ਮਿਲੇ ਕੋਈ ਫ਼ਰਕ ਨਹੀਂ ਪੈਂਦਾ। ਬਸ ਆਪਣਾ ਕੰਮ ਕਰਦੇ ਜਾਵੋ ਇਸ ਨਾਲ ਜ਼ਿੰਦਗੀ ਸੌਖੀ ਗੁਜ਼ਰ ਜਾਂਦੀ ਹੈ।' ਸੋਚਦੀ ਹਾਂ ਇਕ ਉਹ ਵੀ ਮੋਹਨਜੀਤ ਸੀ ਜਿਸਦੇ ਮੂੰਹ ਵਿਚ ਪਾਨ ਹੁੰਦਾ ਸੀ, ਹੋਠਾਂ ਤੇ ਗੀਤ ਹੁੰਦੇ ਸਨ। ਕਿਤਾਬਾਂ ਵਿਚ ਉਹ ਭਾਵੇਂ ਕਿਸੇ ਦਾ ਸ਼ਬਦ ਚਿੱਤਰ ਲਿਖ ਰਿਹਾ ਹੁੰਦਾ, ਭਾਵੇਂ 'ਤੁਰਦੇ ਫਿਰਦੇ ਮਸਖ਼ਰੇ' ਲਿਖ ਰਿਹਾ ਹੁੰਦਾ ਜਾਂ ਭਾਵੇਂ ਕਿਸੇ ਇਤਿਹਾਸ ਜਾਂ ਮਿਥਿਹਾਸ ਵਿਚੋਂ ਕਵਿਤਾ ਸਿਰਜ ਰਿਹਾ ਹੁੰਦਾ, ਕਵਿਤਾ ਨੇ ਉਸਦਾ ਕਦੇ ਸਾਥ ਨਹੀਂ ਛੱਡਿਆ ਤੇ ਉਸਦੀ ਦੋਸਤੀ ਵਿੱਚ ਸ਼ਿੱਦਤ ਸ਼ਾਇਦ ਇਸੇ ਕਰਕੇ ਆਈ ਹੈ ਕਿ ਉਸਨੇ ਕਵਿਤਾ ਦਾ ਕਦੇ ਸਾਥ ਨਹੀਂ ਛੱਡਿਆ। ਅੱਜ ਜ਼ਿੰਦਗੀ ਦੇ ਉਹ ਜਿਸ ਪੜਾਅ ਤੇ ਪੁੱਜਾ ਹੈ, ਨਿਰਾ ਪੁਰਾ ਕਵਿਤਾ ਹੈ। ਉਹ ਕਵਿਤਾ ਪੜ੍ਹਦਾ ਹੈ, ਕਵਿਤਾ ਲਿਖਦਾ ਹੈ, ਤੇ ਦੋਸਤਾਂ ਨੂੰ ਕਵਿਤਾ ਵਾਂਗ ਮਿਲਦਾ ਹੈ, ਸਪੱਸ਼ਟ ਅਤੇ ਬੇਬਾਕ। ਅਜੇ ਇਹ ਗੱਲਾਂ ਸੋਚ ਹੀ ਰਹੀ ਹਾਂ ਕਿ ਸ਼ਾਮ ਦੇ ਸੱਤ ਵੱਜ ਜਾਂਦੇ ਹਨ ਤੇ ਦੋਸਤਾਂ ਦਾ ਆਉਣਾ ਸ਼ੁਰੂ ਹੋ ਜਾਂਦਾ ਹੈ। ਮੈਂ ਆਪਣੇ ਪੇਪਰ ਫੋਲਡ ਕਰਕੇ ਪਰਸ ਵਿਚ ਪਾ ਲੈਂਦੀ ਹਾਂ ਤੇ ਸ਼ਾਮ ਦੀ ਮਹਿਫ਼ਿਲ ਦਾ ਅੰਗ ਬਣ ਜਾਂਦੀ ਹਾਂ।

ਏਸ ਗੱਲ ਨੂੰ ਤਕਰੀਬਨ ਡੇਢ ਮਹੀਨਾ ਹੋ ਗਿਆ ਹੈ। ਕਈ ਦਿਨਾਂ ਤੋਂ ਮੋਹਨਜੀਤ ਬਾਰੇ ਲਿਖਣਾ ਸ਼ੁਰੂ ਕੀਤਾ ਹੋਇਆ ਸੀ। ਅੱਜ ਮੈਂ ਇਹ ਲੇਖ ਖ਼ਤਮ ਕਰ ਲਿਆ ਹੈ ਤੇ ਮੇਰੇ ਜ਼ਿਹਨ ਵਿਚ ਮੋਹਨਜੀਤ ਦੀਆਂ ਇਹ ਸਤਰਾਂ ਉਹਦੀ ਹੀ ਆਵਾਜ਼ ਵਿਚ ਹੀ ਗੁਣਗੁਣਾ ਰਹੀਆਂ ਹਨ, 'ਅਸਾਂ ਕਿਸੇ ਦੇ ਸ਼ਿਲਾਲੇਖ ਤੋਂ ਕੀ ਲੈਣਾ, ਆਪਣਾ ਅਣਲਿਖਿਆ ਵੀ ਆਪਣਾ ਬੋਲ ਰਹੇ।' ਸੱਚਮੁੱਚ ਹੀ ਮੋਹਨਜੀਤ ਦੀ ਜ਼ਿੰਦਗੀ, ਉਸਦੀ ਸ਼ਾਇਰੀ ਕਿਤਾਬਾਂ ਵਿਚ ਲਿਖੀ ਜਾ ਕੇ ਵੀ ਉਸਦਾ ਅਣਲਿਖਿਆ ਬੋਲ ਹੀ ਰਹਿ ਗਈ ਹੈ।ਅਣਲਿਖਿਆ ਇਸ ਲਈ ਕਿ ਉਸਨੇ ਜ਼ਿੰਦਗੀ ਦਾ ਸਾਰਾ ਦਰਦ ਡੀਕ ਲਿਆ ਹੈ ਤੇ ਕਵਿਤਾ ਵਾਂਗ ਜੀਣਾ ਸਿੱਖ ਲਿਆ ਹੈ।

# ਮੇਜਰ ਮਾਂਗਟ ਨੂੰ ਜਾਣਦਿਆਂ-ਸਮਝਦਿਆਂ

**-ਬਲਬੀਰ ਸੰਘੇੜਾ**

ਗੱਲ 1991-92 ਦੀ ਹੈ। ਸੰਵਾਦ ਪਰਚੇ ਨੇ ਕਹਾਣੀ ਦੀ ਇਕ ਬੈਠਕ ਦਾ ਪ੍ਰਬੰਧ ਕੀਤਾ ਜੋ ਮਾਲਟਨ ਕਮਿਉਨਿਟੀ ਸੈਂਟਰ ਵਿਖੇ ਸੀ। ਇਸ ਬੈਠਕ ਵਿਚ ਮੇਰੀ ਵੀ ਕਹਾਣੀ ਪੜ੍ਹੀ ਜਾਣੀ ਸੀ ਅਤੇ ਦੋ ਹੋਰ ਲੇਖਕਾਂ ਦੀਆਂ ਕਹਾਣੀਆਂ ਵੀ ਸਨ। ਮੈਂ ਦੋਹਾਂ ਹੀ ਲੇਖਕਾਂ ਨੂੰ ਬਹੁਤਾ ਨਹੀਂ ਸਾਂ ਜਾਣਦੀ। ਮੈਨੂੰ ਦੱਸਿਆ ਗਿਆ ਸੀ ਕਿ ਮੇਜਰ ਮਾਂਗਟ ਨਵਾਂ-ਨਵਾਂ ਇੰਡੀਆ ਤੋਂ ਆਇਆ ਹੈ ਅਤੇ ਚੰਗਾ ਕਹਾਣੀਕਾਰ ਹੈ। ਉਸਦੀਆਂ ਇਕ ਦੋ ਕਹਾਣੀਆਂ ਮੈਂ ਸਥਾਈ ਅਖ਼ਬਾਰਾਂ ਵਿਚ ਪੜ੍ਹੀਆਂ ਵੀ ਸਨ।

ਕੈਨੇਡਾ ਵਿਚ ਕਹਾਣੀ ਪੜ੍ਹਨ ਦਾ ਮੇਰਾ ਇਹ ਤੀਜਾ ਮੌਕਾ ਸੀ। ਸੰਵਾਦ ਪਰਚੇ ਨੇ ਇਕ ਪ੍ਰੋਗਰਾਮ ਪਹਿਲਾਂ ਵੀ ਅਯੋਜਤ ਕੀਤਾ ਸੀ ਜੋ ਟੋਰਾਂਟੋ ਦੀ ਮੇਨ ਲਾਇਬ੍ਰੇਰੀ ਜੋ ਯੰਗ ਐਂਡ ਬਲੂਰ ਸਟਰੀਟ 'ਤੇ ਹੈ, ਵਿਖੇ ਕਰਵਾਇਆ ਸੀ। ਇਸ ਪ੍ਰੋਗਰਾਮ ਵਿਚ ਮੇਰੀ ਇਕ ਦੋ ਲੇਖਕਾਂ ਨਾਲ਼ ਜਾਣ ਪਛਾਣ ਵੀ ਹੋਈ। ਬਲਬੀਰ ਮੋਮੀ ਅਤੇ ਪ੍ਰੀਤਮ ਧੰਜਲ ਮੈਨੂੰ ਇੱਥੇ ਹੀ ਮਿਲੇ ਸਨ। ਦੂਜਾ ਮੌਕਾ ਓਪਾ ਵੱਲੋਂ ਵੀ ਤਿੰਨ-ਚਾਰ ਲੇਖਕਾਂ ਦੀਆਂ ਕਹਾਣੀਆਂ ਪੜ੍ਹਨ ਦਾ ਪ੍ਰੋਗਰਾਮ ਕਰਵਾਇਆ ਗਿਆ ਜੋ ਆਲਬੀਅਨ ਐਂਡ ਕਿਪਲਿੰਡ ਐਵਨਿਊ 'ਤੇ ਸਥਿਤ ਲਾਇਬ੍ਰੇਰੀ ਵਿਚ ਸੀ। ਇਹ ਪ੍ਰੋਗਰਾਮ ਡਾ: ਪ੍ਰੇਮ ਪਰਕਾਸ਼ ਜੀ ਦੀ ਪ੍ਰਧਾਨਗੀ ਹੇਠ ਹੋਇਆ। ਪਰ ਫੇਰ ਵੀ ਇਹ ਦੋਨੋਂ ਮਹੌਲ ਉਸ ਤਰ੍ਹਾਂ ਦੇ ਨਹੀਂ ਸਨ ਜਿਸ ਤਰ੍ਹਾਂ ਦਾ ਮਹੌਲ ਮੈਂ ਇੰਗਲੈਂਡ ਵਿਚ ਛੱਡ ਕੇ ਆਈ ਸਾਂ। ਤੇ ਹੁਣ ਫੇਰ ਇਕ ਮੌਕਾ ਸੀ ਜਦੋਂ ਮੈਂ ਟੋਰਾਂਟੋਂ ਦੇ ਪਾਠਕਾਂ ਦੇ ਰੂਬਰੂ ਹੋਣਾ ਸੀ ਅਤੇ ਹੋਰ ਲੇਖਕਾਂ/ਪਾਠਕਾਂ ਨੂੰ ਮਿਲਣਾ ਸੀ।

ਇਸ ਪ੍ਰੋਗਰਾਮ ਵਿਚ ਮੈਂ ਮੇਜਰ ਮਾਂਗਟ ਨੂੰ ਪਹਿਲੀ ਵੇਰ ਮਿਲੀ। ਮੈਂ ਪ੍ਰੋਗਰਾਮ ਤੇ ਵਕਤ ਸਿਰ ਪਹੁੰਚ ਚੁੱਕੀ ਸਾਂ। ਸਵਰਗਵਾਸੀ ਤ੍ਰਿਲੋਚਨ ਗਿੱਲ ਅਤੇ ਉਨ੍ਹਾਂ ਦੀ ਪਤਨੀ ਪ੍ਰੇਮਜੀਤ ਮੇਰੇ ਨਾਲ਼ ਬੈਠੇ ਗੱਲਾਂ ਕਰ ਰਹੇ ਸਨ। ਉਨ੍ਹਾਂ ਨੂੰ ਮੈਂ ਪਹਿਲਾਂ ਸਾਰੇ ਪ੍ਰੋਗਰਾਮਾਂ 'ਤੇ ਮਿਲ ਚੁੱਕੀ ਸਾਂ। ਜਦੋਂ ਨੂੰ ਦੇਖਿਆ, ਇਕ ਲੰਮਾ-ਝੰਮਾ ਆਦਮੀ ਹੱਥ ਵਿਚ ਕਾਪੀ ਅਤੇ ਦੋ ਕੁ ਕਿਤਾਬਾਂ ਲਈ ਸਹਿਜ-ਸਹਿਜ ਪੱਬ ਧਰਦਾ ਹੋਇਆ, ਕਮਰੇ ਅੰਦਰ ਦਾਖ਼ਲ ਹੋਇਆ। ਉਮਰ ਪੱਖੋਂ ਬਹੁਤਾ ਨਹੀਂ ਸੀ ਜਾਪਦਾ ਪਰ ਦਿੱਖ ਪੱਖੋਂ ਉਹ ਮੈਨੂੰ ਸਿਆਣਾ ਜਿਹਾ ਜਾਪਿਆ। ਮੈਂ ਦੇਖਿਆ, ਮਾਂਗਟ ਦੀ ਨਜ਼ਰ ਜਿਵੇਂ ਕਿਸੇ ਖਲਾਅ ਵਿਚ ਭਟਕਦੀ ਹੋਵੇ। ਉਹ ਆਉਂਦਾ ਹੋਇਆ ਸਿੱਧਾ ਸੰਵਾਦ ਦੇ ਸੰਪਾਦਕ ਨਾਲ ਜਾ ਕੇ ਹੱਥ ਮਿਲਾਉਣ ਲੱਗਾ ਅਤੇ ਆਲ਼ੇ ਦੁਆਲ਼ੇ ਇਕ ਦੋ ਹੋਰ ਬੰਦਿਆਂ ਨਾਲ਼ ਵੀ ਉਸਨੇ ਹੱਥ ਮਿਲਾਏ ਅਤੇ ਮੋਹਰਲੀ ਸੀਟ ਉੱਤੇ ਹੀ ਬੈਠ ਗਿਆ। ਕਿਸੇ ਦੀ ਆਵਾਜ਼ ਆਈ, "ਮੇਜਰ ਮਾਂਗਟ ਆ ਗਿਐ।" ਇਸੇ ਬੋਲ ਨੇ ਮੈਨੂੰ ਮਾਂਗਟ ਦੇ ਨਾਂ ਨਾਲ਼ ਰੂਬਰੂ ਕਰਾਇਆ।

ਮੈਨੂੰ ਪਹਿਲੀ ਤੱਕਣੀ ਤੋਂ ਜਾਪਿਆ ਜਿਵੇਂ ਇਹ ਬੰਦਾ ਕੁਝ ਘੁਮੰਡੀ ਹੋਵੇ। ਉਸਦੀ ਨਜ਼ਰ ਉੱਪਰ ਵੱਲ ਹੀ ਤੱਕਦੀ ਹੋਵੇ। ਉਹ ਕਿਸੇ ਨਾਲ਼ ਗੱਲ ਬਾਤ ਕਰਨ ਦਾ ਚਾਹਵਾਨ ਨਾ ਹੋਵੇ।



ਮੈਂ ਬੈਠੀ ਮਨ ਵਿਚ ਸੋਚੀ ਜਾ ਰਹੀ ਸਾਂ ਕਿ ਜ਼ਰੂਰ ਇਹ ਬੰਦਾ ਗਰੂਰ ਨਾਲ਼ ਭਰਿਆ ਹੋਇਐ ਲੱਗਦੈ ਜਾਂ ਹੋ ਸੱਕਦੈ ਵੈਸੇ ਹੀ ਸਧਾਰਨ ਤੌਰ ਤੇ ਇਸਦੀ ਇਹੋ ਆਦਤ ਹੋਵੇ। ਮੈਨੂੰ ਪਹਿਲੀ ਦਿੱਖ ਜਿਵੇਂ ਬਹੁਤੀ ਚੰਗੀ ਨਾ ਲੱਗੀ। ਵੈਸੇ ਵੀ ਕੈਨੇਡਾ ਆ ਕੇ ਮੈਂ ਬੰਦਿਆਂ ਵਿਚ ਬਹੁਤ ਵੱਡੀ ਤਬਦੀਲੀ ਦੇਖੀ ਸੀ। ਜਿਹੜੇ ਬੰਦੇ ਪਹਿਲਾਂ ਦੇ ਆਏ ਹੋਏ ਸਨ ਭਾਵ ਸੱਠਵਿਆਂ-ਸੱਤਰਵਿਆਂ ਦੇ, ਉਹ ਮੋਹ ਪਿਆਰ ਨਾਲ਼ ਮਿਲਦੇ-ਬੋਲਦੇ। ਤੇ ਜਿਹੜੇ ਨਵੇਂ ਪੰਜਾਬੋਂ ਆ ਰਹੇ ਸਨ ਉਹ ਕਾਫ਼ੀ ਰੁੱਖੇ ਜਿਹੇ ਜਾਪਦੇ। ਕੰਮ ਲਈ, ਪੈਸੇ ਲਈ, ਸੈੱਟ ਹੋਣ ਲਈ, ਹਾਬੜੇ ਜਿਹੇ ਮਹਿਸੂਸ ਹੁੰਦੇ। ਹੋ ਸਕਦੈ ਪੰਜਾਬ ਦੀ ਸਥਿਤੀ ਨੇ ਉਨ੍ਹਾਂ ਵਿਚ ਬਹੁਤ ਵੱਡਾ ਬਦਲਾਅ ਲਿਆ ਦਿੱਤਾ ਹੋਵੇ। ਬੇਭਰੋਸਗੀ ਉਨ੍ਹਾਂ ਅੰਦਰ ਬਹੁਤ ਭਰੀ ਹੋਈ ਮਿਲਦੀ। ਉਨ੍ਹਾਂ ਵਿਚ ਮੈਂ-ਮੈਂ ਵੀ ਬਹੁਤ ਹੁੰਦੀ।

ਮੈਂ ਸੋਚਦੀ ਸਾਂ ਕਿ ਬੰਦਾ ਆਲ਼ੇ ਦੁਆਲ਼ੇ ਹੈਲੋ-ਹਾਇ ਤਾਂ ਕਰਦਾ ਹੀ ਹੈ। ਪਰ ਨਹੀਂ। ਮਾਂਗਟ ਆਪਣੀ ਥਾਂ ਬੈਠਾ ਰਿਹਾ। ਇਹ ਮੈਨੂੰ ਬਹੁਤ ਦੇਰ ਬਾਅਦ ਪਤਾ ਲੱਗਾ ਕਿ ਮੇਜਰ ਮਾਂਗਟ ਸ਼ਰਮੀਲਾ ਵੀ ਬਹੁਤ ਹੈ। ਵੈਸੇ ਉਸ ਦੇ ਅੰਦਰ ਨਾ ਘੁਮੰਡ ਹੈ ਅਤੇ ਨਾ ਗਰੂਰ। ਸ਼ਾਇਦ ਆਪਣੇ ਸ਼ਰਮੀਲੇਪਨ ਕਾਰਨ ਹੀ ਉਹ ਚੁੱਪ ਕਰਕੇ ਬੈਠਾ ਰਹਿੰਦਾ ਹੈ। ਹੰਭੜ-ਝੰਬੜ ਕੇ ਕਿਸੇ ਕੋਲ ਜਾਂਦਾ ਹੀ ਨਹੀਂ। ਸਿਆਣੇ ਜਿਹੇ ਰੁਖ਼ ਰਹਿਣਾ ਉਸਦਾ ਸੁਭਾ ਹੈ।

ਮੈਂ ਉਸ ਪ੍ਰੋਗਰਾਮ ਵਿਚ ਖੰਭੇ ਕਹਾਣੀ ਪੜ੍ਹੀ ਅਤੇ ਮਾਂਗਟ ਨੇ ਸ਼ਾਮਲਾਟ ਕਹਾਣੀ ਪੜ੍ਹੀ। ਮਾਂਗਟ ਜਦੋਂ ਪੜ੍ਹਨ ਲੱਗਾ ਤਾਂ ਉਸਦੀ ਕਹਾਣੀ ਮੁੱਕਣ ਵਿਚ ਹੀ ਨਾ ਆਵੇ। ਅਸੀਂ ਇੰਗਲੈਂਡ ਵਿਚ ਮਨ ਦੀਆਂ ਖੁੰਦਰਾਂ ਫਰੋਲਦੀਆਂ ਕਹਾਣੀਆਂ ਲਿਖਦੇ-ਪੜ੍ਹਦੇ ਸਾਂ। ਤੇ ਮੈਨੂੰ ਜਿਵੇਂ ਮਾਂਗਟ ਦੀ ਕਹਾਣੀ ਸਮਝ ਜਿਹੀ ਨਾ ਆਵੇ। ਮੇਰੇ ਇੰਗਲੈਂਡ ਦੇ ਤਜ਼ਰਬੇ ਅਤੇ ਕੈਨੇਡਾ ਦਾ ਨਵਾਂਪਣ ਮੈਨੂੰ ਅੰਦਰੋਂ ਦੁਖੀ ਕਰ ਰਿਹਾ ਸੀ ਕਿ ਸ਼ਾਇਦ ਪਿੱਛਲੇ ਤਿੰਨ ਚਾਰ ਵਰ੍ਹਿਆਂ ਵਿਚ ਮੈਂ ਹੀ ਸਭ ਕੁਝ ਭੁੱਲ-ਭੁਲਾ ਤਾਂ ਨਹੀਂ ਗਈ। ਕਿੱਧਰੇ ਮੇਰੇ ਵਿਚ ਕਿਸੇ ਕਿਸਮ ਦੀ ਘਾਟ ਤਾਂ ਨਹੀਂ ਜਾਂ ਮੈਂ ਵਕਤ ਦੇ ਨਾਲ਼ ਨਹੀਂ ਤੁਰ ਰਹੀ ਹੋਵਾਂਗੀ। ਕੁਝ ਨਵਾਂ ਨਹੀਂ ਸਿੱਖ ਰਹੀ ਹੋਵਾਂਗੀ। ਹੋ ਸਕਦੈ ਇਹ ਨਵੇਂ ਟਰੈਂਡ ਹੋਣ। ਇਹ ਮੁੰਡਾ ਪੰਜਾਬੋਂ ਆਇਆ ਹੈ, ਤੇ ਇਸਨੂੰ ਨਵੇਂ ਟਰੈਂਡ ਦਾ ਵੱਧ ਪਤਾ ਹੋਵੇਗਾ।

ਪ੍ਰੋਗਰਾਮ ਵਿਚ ਚਾਹ ਦੀ ਬਰੇਕ ਹੋਈ, ਮਾਂਗਟ ਨੇ ਮੇਰੇ ਕੋਲ ਆ ਕੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ। ਇਸ ਤੋਂ ਮੈਨੂੰ ਪਤਾ ਲੱਗ ਗਿਆ ਕਿ ਮਾਂਗਟ ਨੂੰ ਮੇਰੇ ਨਾਂ ਬਾਰੇ ਪਹਿਲਾਂ ਹੀ ਜਾਣਕਾਰੀ ਸੀ ਪਰ ਉਸਨੇ ਮੈਨੂੰ ਪਛਾਣਿਆ ਨਹੀਂ ਸੀ। ਸ਼ਾਇਦ ਇਸੇ ਕਾਰਨ ਉਸਨੇ ਮੈਨੂੰ ਬੁਲਾਇਆ ਨਹੀਂ ਸੀ। ਉਸਨੇ ਮੈਨੂੰ ਦੱਸਿਆ ਕਿ, "ਮੈਂ ਤੁਹਾਡੀਆਂ ਕਹਾਣੀਆਂ ਪੜ੍ਹੀਆਂ ਹਨ ਅਤੇ ਦੋਨੋਂ ਨਾਵਲ ਵੀ ਪੜ੍ਹੇ ਹਨ। ਨਾਵਲ ਮੈਂ ਬੱਸ ਅੱਡੇ ਦੇ ਬੁੱਕ ਸਟਾਲ ਤੋਂ ਖਰੀਦੇ ਸਨ।"

ਜਿੱਥੇ ਮੈਨੂੰ ਮਾਂਗਟ ਦੇ ਪਾਠਕ ਹੋਣ ਵੱਜੋਂ ਖੁਸ਼ੀ ਹੋਈ ਉੱਥੇ ਮਨ ਵਿਚ ਇਕ ਤੌਖਲਾ ਵੀ ਪੈਦਾ ਹੋਇਆ ਕਿ ਮੈਂ ਇਸ ਲੇਖਕ ਬਾਰੇ ਬਹੁਤਾ ਕਿਉਂ ਨਹੀਂ ਜਾਣਦੀ ? ਬਲਤੇਜ ਪੰਨੂੰ ਨੇ ਮੈਨੂੰ ਦੱਸਿਆ ਸੀ ਕਿ ਮਾਂਗਟ ਨਵਾਂ-ਨਵਾਂ ਇੰਡੀਆ ਤੋਂ ਆਇਆ ਹੈ ਅਤੇ ਬਹੁਤ ਸਟਰਗਲ ਕਰ ਰਿਹਾ ਹੈ। ਉਸ ਵੇਲੇ ਸਟਰਗਲ ਮੈਂ ਵੀ ਕਰ ਰਹੀ ਸਾਂ। ਉਸੇ ਤਰ੍ਹਾਂ ਜਿਵੇਂ ਹਰ ਨਵਾਂ ਬੰਦਾ ਆਪਣਾ ਦੇਸ ਛੱਡ ਕੇ ਆਇਆ ਹੋਇਆ ਕਰਦਾ ਹੈ। ਮੈਂ ਵੀ ਆਪਣਾ ਨਵਾਂ ਗ੍ਰਹਿਣ ਕੀਤਾ ਦੇਸ 'ਇੰਗਲੈਂਡ' ਛੱਡ ਕੇ ਆਈ ਸਾਂ। ਪਰ ਫਰਕ ਐਨਾ ਕੁ ਸੀ ਕਿ ਮੈਂ ਇੰਗਲੈਂਡ ਤੋਂ ਆਉਣ ਕਾਰਨ ਛੇਤੀਂ ਸੈਟਲ ਹੋ ਗਈ ਸਾਂ। ਤੇ ਪੰਜਾਬੋਂ ਆਉਣ ਵਾਲਿਆਂ ਦੀ ਸਟਰਗਲ ਹੋਰ ਤਰ੍ਹਾਂ ਦੀ ਸੀ।

ਗੱਲ ਆਈ ਗਈ ਹੋ ਗਈ। ਅੱਗੋਂ ਇਸਤੋਂ ਵੱਧ ਸਾਡੀ ਕੋਈ ਗੱਲ-ਬਾਤ ਨਾ ਹੋਈ।

ਤਕਰੀਬਨ 1993 ਵਿਚ ਪੰਜਾਬੋਂ ਆਏ ਨਵੇਂ ਲੇਖਕਾਂ ਨੇ 'ਪੰਜਾਬੀ ਕਲਮਾਂ ਦਾ ਕਾਫ਼ਲਾ'

ਦੀ ਨੀਂਹ ਰੱਖੀ ਜਿਨ੍ਹਾਂ ਵਿਚ ਮੇਜਰ ਮਾਂਗਟ ਵੀ ਨੀਂਹ ਰੱਖਣ ਵਾਲਿਆਂ ਵਿਚ ਸੀ। ਮੈਂ ਅਖ਼ਬਾਰ ਵਿਚ ਇਹ ਖ਼ਬਰ ਪੜ੍ਹੀ। ਨਾ ਮੇਰੇ ਕੋਲ ਸੂਚਨਾ ਆਈ ਅਤੇ ਨਾ ਹੀ ਮੈਨੂੰ ਕਿਸੇ ਨੇ ਸੱਦਿਆ ਸੀ। ਇਸਤੋਂ ਬਾਅਦ ਦੂਜੇ ਜਾਂ ਤੀਜੇ ਮਹੀਨੇ ਦੀ ਗੱਲ ਹੈ, ਕਾਫ਼ਲੇ ਦੀ ਮੀਟਿੰਗ ਸੀ, ਉਨ੍ਹਾਂ ਦਿਨਾਂ ਵਿਚ ਕਹਾਣੀਕਾਰਾ ਬਚਿੰਤ ਕੌਰ ਇੰਡੀਆ ਤੋਂ ਆਈ ਹੋਈ ਸੀ। ਉਸਨੂੰ ਕਾਫ਼ਲੇ ਨੇ ਮੀਟਿੰਗ ਵਿਚ ਸੱਦਿਆ। ਮੇਰੇ ਕੋਲ ਫੇਰ ਵੀ ਕੋਈ ਖ਼ਬਰ ਸਾਰ ਨਾ। ਬਚਿੰਤ ਕੌਰ ਮੇਰੀ ਦੋਸਤ ਹੈ ਤੇ ਉਸਨੇ ਮੀਟਿੰਗ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਜੇ ਕਰ ਤੂੰ ਨਹੀਂ ਜਾਵੇਂਗੀ ਤਾਂ ਮੈਂ ਵੀ ਨਹੀਂ ਜਾਵਾਂਗੀ। ਵਿਚਾਰਾ ਬਲਤੇਜ ਪੰਨੂੰ ਫੇਰ ਸਾਨੂੰ ਦੋਹਾਂ ਨੂੰ ਵਾਰ-ਵਾਰ ਟੈਲੀਫੋਨ ਖੜਕਾਉਣ ਲੱਗਾ। ਕਾਫ਼ਲੇ ਦੀ ਇਸ ਮੀਟਿੰਗ ਵਿਚ ਮੈਂ ਬਚਿੰਤ ਕੌਰ ਨੂੰ ਆਪਣੇ ਨਾਲ਼ ਲੈ ਕੇ ਪਹਿਲੀ ਵੇਰ ਗਈ। ਉੱਥੇ ਸਾਡੇ ਜਾਂਦਿਆਂ ਨੂੰ ਮੇਜਰ ਮਾਂਗਟ ਸਾਮ੍ਹਣੇ ਬੈਠਾ ਦਿਖਾਈ ਦਿੱਤਾ। ਕੁਝ ਜਾਣੇ ਪਛਾਣੇ ਚਿਹਰਿਆਂ ਤੋਂ ਬਿਨਾਂ ਮੈਂ ਕਿਸੇ ਨੂੰ ਨਹੀਂ ਸਾਂ ਜਾਣਦੀ। ਉੱਥੇ ਹੀ ਮੈਂ ਕਹਾਣੀਕਾਰ ਜਰਨੈਲ ਸਿੰਘ, ਅਮਰਜੀਤ ਸਾਥੀ, ਕੁਲਵਿੰਦਰ ਖਹਿਰਾ, ਸੁਰਜੀਤ ਫਲੋਰਾ, ਨਵਤੇਜ ਭਾਰਤੀ ਨੂੰ ਪਹਿਲੀ ਵੇਰ ਮਿਲੀ। ਤੇ ਹੋਰ ਟੋਰਾਂਟੋ ਦੇ ਸਾਹਿਤਕਾਰ ਅਤੇ ਪਾਠਕ ਵੀ ਉੱਥੇ ਹਾਜ਼ਰ ਸਨ। ਮਾਂਗਟ ਫੇਰ ਉਸੇ ਤਰ੍ਹਾਂ ਨਾ ਚਿਹਰੇ ਉੱਤੇ ਮੁਸਕਾਨ, ਚਿਹਰਾ ਖਮੋਸ਼, ਅੱਖਾਂ ਉਹੀ ਖਲਾਅ ਵਿਚ ਤੱਕਦੀਆਂ ਹੋਈਆਂ, ਸ਼ਰਮਾਕੁਲ ਜਿਹਾ ਅੰਦਾਜ਼।

1993 ਵਿਚ ਹੀ ਮੈਂ ਆਰ ਪਾਰ ਪਰਚਾ ਸ਼ੁਰੂ ਕੀਤਾ ਸੀ ਪਰ ਇਸਦੀ ਕੋਈ ਖ਼ਬਰ ਕਿਸੇ ਤਕ ਨਾ ਪਹੁੰਚੀ। ਤੇ ਨਾ ਮੈਨੂੰ ਟੋਰਾਂਟੋ ਨਿਵਾਸੀ ਸਾਹਿਤਕਾਰਾਂ ਵੱਲੋਂ ਕੋਈ ਹੁੰਗਾਰਾ ਮਿਲਿਆ। ਜਨਵਰੀ 1994, ਮੈਂ ਆਰ ਪਾਰ ਨੂੰ ਸਭ ਲੇਖਕਾਂ ਕੋਲ ਲੈ ਕੇ ਜਾਣ ਦੀ ਹਿੰਮਤ ਕੀਤੀ ਅਤੇ ਸਾਰੇ ਕਾਫ਼ਲੇ ਦੇ ਮੈਂਬਰਾਂ ਨੂੰ ਆਪਣੇ ਘਰ ਸੱਦਿਆ ਜਿਨ੍ਹਾਂ ਵਿਚ ਮਾਂਗਟ ਵੀ ਸੀ। ਭਾਵੇਂ ਮਾਂਗਟ ਦੀ ਦਿੱਖ ਉਹੀ ਰਹੀ, ਪਰ ਉਸ ਮੀਟਿੰਗ ਵਿਚ ਮਹਿਸੂਸ ਹੋਇਆ ਕਿ ਮਾਂਗਟ ਗੱਲ ਕਰਦਾ ਝਿਜਕਦਾ ਜ਼ਰੂਰ ਹੈ ਪਰ ਉਸਦੇ ਅੰਦਰ ਬਹੁਤ ਕੁਝ ਹੈ। ਪਰਚੇ ਦੀ ਰੂਪ ਰੇਖਾ ਬਾਰੇ, ਉਸ ਵਿਚ ਛਪਣ ਜਾ ਰਹੇ ਮੈਟਰ ਬਾਰੇ, ਸੰਪਾਦਨਾ ਬਾਰੇ, ਪਰਚੇ ਦੇ ਰੂਲ ਐਂਡ ਰੈਗੂਲੇਸ਼ਨ ਬਾਰੇ ਉਸਨੇ ਖੁੱਲ੍ਹ ਕੇ ਆਪਣੇ ਵਿਚਾਰ ਦਿੱਤੇ ਅਤੇ ਆਪਣਾ ਸਾਥ ਦੇਣ ਦਾ ਵਾਅਦਾ ਵੀ ਕੀਤਾ। ਇਹੋ ਵਕਤ ਸੀ ਜਦੋਂ ਮੇਰੀ ਸਾਂਝ ਮੇਜਰ ਮਾਂਗਟ ਨਾਲ਼ ਪੈਣੀ ਸ਼ੁਰੂ ਹੋਈ। ਪਰਚਾ ਚਲਾਉਂਦਿਆਂ ਹੋਇਆਂ ਜਦੋਂ ਮੈਨੂੰ ਕਿਸੇ ਸਲਾਹ ਦੀ ਲੋੜ ਪੈਂਦੀ ਤਾਂ ਮੈਂ ਬੇਝਿਕ ਮਾਂਗਟ ਨੂੰ ਫੋਨ ਕਰ ਲੈਂਦੀ। ਭਾਵੇਂ ਮਾਂਗਟ ਦੀ ਕਮਜ਼ੋਰੀ ਸੀ ਕਿ ਉਹ ਕਈ ਵੇਰ ਟੈਲੀਫੋਨ ਨਹੀਂ ਸੀ ਚੁੱਕਦਾ। ਕਨੇਡੀਅਨ ਜ਼ਿੰਦਗੀ ਦੀ ਭੱਜ ਦੌੜ ਵਿਚ ਬੰਦਾ ਵਕਤ ਹੀ ਨਹੀਂ ਕੱਢ ਪਾਉਂਦਾ। ਗੱਲ ਕਰਨ ਵਾਸਤੇ ਵਕਤ ਵੀ ਚਾਹੀਦਾ ਹੈ। ਮੈਂ ਮਾਂਗਟ ਦੀ ਮਜਬੂਰੀ ਸਮਝ ਸਕਦੀ ਸਾਂ। ਉਸਦਾ ਘਰ ਪਰਿਵਾਰ ਸੀ, ਕੰਮ ਦੀਆਂ ਸਮੱਸਿਆਵਾਂ ਸਨ, ਰਿਸ਼ਤਿਆਂ ਨਾਲ਼ ਸਿੱਝਣ ਦੀਆਂ ਸਮੱਸਿਆਵਾਂ ਸਨ। ਰੋਟੀ ਕਮਾਉਣ ਦੀਆਂ ਸਮੱਸਿਆਵਾਂ ਸਨ। ਤੇ ਮੇਰਾ ਬੇਟਾ ਜੋ ਇੰਗਲੈਂਡ ਤੋਂ ਆਕੇ ਕੈਨੇਡਾ ਸੈੱਟ ਹੋਣ ਦੀ ਜੱਦੋਜਹਿਦ ਕਰ ਰਿਹਾ ਸੀ, ਉਹ ਵੀ ਮਾਂਗਟ ਦੀ ਉਮਰ ਦਾ ਹੀ ਸੀ। ਸ਼ਾਇਦ ਇਹੋ ਸੋਚਦਿਆਂ ਹੋਇਆਂ, ਮੈਂ ਮਾਂਗਟ ਦੀਆਂ ਸਮੱਸਿਆਵਾਂ ਨੂੰ ਸਮਝ ਸਕਦੀ ਸਾਂ। ਮੇਜਰ ਮਾਂਗਟ ਦੀ ਉਮਰ ਬਹੁਤੀ ਨਹੀਂ ਸੀ, ਪਰ ਉਸ ਦੀਆਂ ਜਿੰਮੇਵਾਰੀਆਂ ਬਹੁਤ ਸਨ। ਸਮੇਂ ਅਨੁਸਾਰ ਉਸਦੇ ਵਗਲ ਵਿਚ ਸਭ ਕੁਝ ਨਹੀਂ ਸੀ ਆ ਰਿਹਾ। ਕੈਨੇਡਾ ਆ ਕੇ ਅਕਸਰ ਲੋਕ ਬਦਲ ਜਾਂਦੇ ਹਨ। ਹੋ ਸਕਦੈ ਉਸ ਬਦਲਾਅ ਵਾਸਤੇ ਮਾਂਗਟ ਤਿਆਰ ਨਹੀਂ ਸੀ। ਉਸਦੇ ਅੰਦਰ ਖਿਚੋਤਾਣ ਸੀ, ਦੇਸ ਛੱਡਣ ਦੀ ਅਤੇ ਨਵਾਂ ਦੇਸ ਗ੍ਰਹਿਣ ਕਰਨ ਦੀ ਅਤੇ ਰੋਟੀ ਕਮਾਉਣ ਦੀ। ਜ਼ੀਰੋ ਤੋਂ ਸ਼ੁਰੂ ਕਰਕੇ ਜੀਵਨ ਤੋਰਨਾ ਸੌਖਾ ਕੰਮ ਨਹੀਂ ਹੁੰਦਾ। ਤੇ ਫੇਰ ਜੇ ਆਲ਼ੇ-ਦੁਆਲ਼ੇ ਦੇ ਲੋਕ ਇਸ ਤਰ੍ਹਾਂ ਦੇ ਮਿਲ



ਜਾਣ ਜੋ ਖਾ-ਪੀ ਕੇ ਪਿੱਠ ਵਿਚ ਛੁਰੇ ਵੀ ਖੋਭ ਜਾਣ, ਉਸ ਵੇਲੇ ਬੰਦਾ ਅੱਧਾ-ਅਧੂਰਾ ਜਿਹਾ ਹੋ ਜਾਂਦੈ। ਇਸ ਦੇ ਬਾਵਜੂਦ ਮਾਂਗਟ ਸਾਹਿਤ ਦੇ ਲੜ ਲੱਗਾ ਰਿਹਾ। ਪਰ ਆਪਣਾ ਆਪ ਸਾਂਭਣ ਲਈ ਉਸਨੂੰ ਬਹੁਤ ਮਿਹਨਤ ਕਰਨੀ ਪੈ ਰਹੀ ਸੀ।

ਮੈਨੂੰ ਮਾਂਗਟ ਦੀ ਪ੍ਰਤਿਭਾ ਦੇ ਕਈ ਗੁਣ ਉਸਦੇ ਅੰਦਰ ਮਹਿਸੂਸ ਹੋਏ। ਇਹ ਵੀ ਮਹਿਸੂਸ ਹੋਇਆ ਕਿ ਉਸ ਪ੍ਰਤਿਭਾ ਨੂੰ ਬਾਹਰ ਲਿਆਉਣ ਵਾਸਤੇ ਵਕਤ ਦੀ ਲੋੜ ਹੁੰਦੀ ਹੈ। ਤੇ ਦੂਜਾ ਹੱਲਾਸ਼ੇਰੀ ਦੀ ਲੋੜ ਹੁੰਦੀ ਹੈ। ਭਾਵੇਂ ਮਾਂਗਟ ਪੰਜਾਬ ਵਿਚ ਵੀ ਜਾਣਿਆ ਪਛਾਣਿਆ ਸੀ ਪਰ ਕੈਨੇਡਾ ਆ ਕੇ ਉਸਨੂੰ ਜੱਦੋਜਹਿਦ ਕਰਨੀ ਪੈ ਰਹੀ ਸੀ। ਜਿਸ ਹੱਲਾਸ਼ੇਰੀ ਦੀ ਉਸਨੂੰ ਲੋੜ ਸੀ ਉਹ, ਹੱਲਾਸ਼ੇਰੀ ਉਸਨੂੰ ਉਸਦੀ ਪਤਨੀ ਤੋਂ ਬਿਨਾਂ ਮਿਲ ਨਹੀਂ ਸੀ ਰਹੀ। ਕਾਫ਼ਲੇ ਦਾ ਮੋਢੀ ਮੈਂਬਰ ਅਤੇ ਵਾਈਸ ਪਰੈਜੀਡੈਂਟ ਹੋਣ ਦੇ ਬਾਵਜੂਦ, ਉਹ ਸਿਰਫ਼ ਕਾਮਾ ਹੀ ਸੀ ਪਰ ਉਸਦੀ ਪੁੱਛ-ਦੱਸ ਕੋਈ ਹੈ ਨਹੀਂ ਸੀ। ਬੰਦੇ ਨੂੰ ਸ਼ਾਬਾਸ਼ੀ ਦੀ ਲੋੜ ਵੀ ਪੈਂਦੀ ਹੈ ਕਿ ਵਾਹ ਤੂੰ ਵਧੀਆ ਕੰਮ ਕੀਤੈ। ਪਰ ਨਹੀਂ, ਇਸ ਤਰ੍ਹਾਂ ਦੀ ਸ਼ਾਬਾਸ਼ੀ ਕਿੱਧਰੇ ਨਹੀਂ ਸੀ। ਸਗੋਂ ਦੇਖਣ ਵਿਚ ਆਇਆ ਕਿ ਜੇ ਕਰ ਮਾਂਗਟ ਕੋਈ ਲੇਖ ਸਟੇਜ 'ਤੇ ਪੜ੍ਹ ਰਿਹੈ ਤਾਂ ਉਸਦੇ ਦੋਸਤ ਹੀ ਉਸਨੂੰ ਨੀਂਵਾਂ ਦਿਖਾ ਦਿੰਦੇ। ਮੈਨੂੰ ਯਾਦ ਹੈ ਮਾਂਗਟ ਨੇ ਸ਼ਾਇਦ ਮੇਰੀ ਕਿਤਾਬ 'ਖੰਭੇ' ਤੇ ਹੀ ਪਰਚਾ ਪੜ੍ਹਿਆ ਸੀ। ਇਕ ਮੈਂਬਰ ਰੋਣਹਾਕਾ ਹੋ ਕੇ ਸਟੇਜ ਉੱਤੇ ਜਾ ਕੇ ਮੇਜਰ ਮਾਂਗਟ ਨੂੰ ਬੁਰਾ ਭਲਾ ਆਖਣ ਲੱਗ ਪਿਆ ਸੀ ਕਿ ਮਾਂਗਟ ਨੂੰ ਤਾਂ ਲਿਖਣਾ ਹੀ ਨਹੀਂ ਆਉਂਦਾ। ਇਸ ਤਰ੍ਹਾਂ ਦੀ ਈਰਖਾ ਦਾ ਮੈਨੂੰ ਤਾਂ ਆਪਣੀ ਜ਼ਿੰਦਗੀ ਵਿਚ ਸਾਮ੍ਹਣਾ ਕਰਨਾ ਪੈਂਦਾ ਰਿਹਾ ਹੀ ਸੀ, ਪਰ ਮੈਂ ਦੇਖ ਰਹੀ ਸਾਂ ਕਿ ਮਾਂਗਟ ਨੂੰ ਵੀ ਕਈ ਵੇਰ ਸਾਮ੍ਹਣਾ ਕਰਨਾ ਪਿਆ। ਮੈਂ ਜਿਸ ਤਰ੍ਹਾਂ ਦੀਆਂ ਦੋਸਤੀਆਂ ਵਿੱਚੋਂ ਆਈ ਸਾਂ ਇੱਥੇ ਕੈਨੇਡਾ ਵਿਚ ਉਸ ਤਰ੍ਹਾਂ ਦੀਆਂ ਦੋਸਤੀਆਂ ਹੈ ਹੀ ਨਹੀਂ ਸਨ। ਇਉਂ ਜਾਪਦਾ ਜਿਵੇਂ ਹਰ ਕੋਈ ਦੂਜੇ ਨੂੰ ਨੀਂਵਾਂ ਦਿਖਾਉਣ ਦੀ ਕੋਸ਼ਿਸ਼ ਵਿਚ ਹੋਣ।

ਮਾਂਗਟ ਭਾਵੇਂ ਮਿਹਨਤ ਕਰਦਾ, ਪਰ ਆਲ਼ੇ-ਦੁਆਲ਼ੇ ਦੇ ਲੋਕ ਉਸਨੂੰ ਪਿੱਠ ਦਿਖਾ ਜਾਂਦੇ। ਮਾਂਗਟ ਅੰਦਰ ਵੀ ਜਾਪਦਾ ਸੀ ਜਿਵੇਂ ਕੋਈ ਡਰ ਬੈਠ ਗਿਆ ਹੋਵੇ। ਕਈ ਵੇਰ ਗੰਭੀਰਤਾ ਨਾਲ਼ ਸੋਚਦਿਆਂ ਮਹਿਸੂਸ ਹੁੰਦਾ ਜਿਵੇਂ ਸਕੂਲ-ਕਾਲਜਾਂ ਵਿਚ ਕਈ ਵਿਦਿਆਰਥੀਆਂ ਨੂੰ ਧੱਕੜ ਕਿਸਮ ਦੇ ਵਿਦਿਆਰਥੀ ਉਭਰਨ ਦਾ ਮੌਕਾ ਹੀ ਨਹੀਂ ਦਿੰਦੇ। ਸ਼ਾਇਦ ਮਾਂਗਟ ਨਾਲ਼ ਵੀ ਇਸੇ ਤਰ੍ਹਾਂ ਦਾ ਵਰਤਾ ਚਲ ਰਿਹਾ ਸੀ।

ਮਾਂਗਟ ਮਿਹਨਤ ਕਰਦਾ, ਆਪਣੇ ਟੱਬਰਾਂ ਨੂੰ ਇੰਡੀਆ ਤੋਂ ਮੰਗਾਉਂਦਾ, ਰੋਟੀ ਕਮਾਉਂਦਾ, ਗੁਜ਼ਾਰੇ ਲਈ ਦੌੜਿਆ ਫਿਰਦਾ। ਟੱਬਰਾਂ ਦੇ ਖਰਚੇ ਚੁੱਕਦਿਆਂ ਆਪ ਕਰਜ਼ਾਈ ਹੋਈ ਜਾਂਦਾ। ਪਰ ਉਹ ਫੇਰ ਵੀ ਇਸ ਛੋਟੀ ਉਮਰ ਵਿਚ ਸਭ ਕੁਝ ਸਾਂਭਣ-ਸੰਭਾਲਣ ਦੀ ਕੋਸ਼ਿਸ਼ ਵਿਚ ਜੁੱਟਿਆ ਰਹਿੰਦਾ। ਬਾਕੀ ਵਕਤ ਜੋ ਵੀ ਬਚਦਾ ਉਹ ਸਾਹਿਤ ਦੇ ਲੇਖੇ ਲਾ ਦਿੰਦਾ।

ਉਸਨੂੰ ਦੇਖਦਿਆਂ-ਪਰਖਦਿਆਂ ਹੋਇਆ, ਮੈਂ ਜਿਵੇਂ ਮਾਂਗਟ ਨੂੰ ਪਰਚੇ ਨਾਲ਼ ਬੰਨ ਲਿਆ। ਉਸਦਾ ਮੈਂ ਪਿੱਛਾ ਨਾ ਛੱਡਿਆ। ਸ਼ਾਇਦ ਮੇਰੀ ਆਪਣੀ ਕਮਜ਼ੋਰੀ ਹੈ ਕਿ ਮੈਂ ਦੋਸਤ ਬਹੁਤ ਘੱਟ ਬਣਾਉਂਦੀ ਹਾਂ ਤੇ ਜੇ ਕਰ ਬਣਾਉਂਦੀ ਹਾਂ ਤਾਂ ਸੁਹਿਰਦਤਾ ਨਾਲ਼ ਨਿਭਾਉਂਦੀ ਹਾਂ। ਮੈਨੂੰ ਮੇਜਰ ਮਾਂਗਟ ਅੰਦਰ ਇਕ ਨਿੱਘਾ ਅਤੇ ਸਿਆਣਾ ਦੋਸਤ ਨਜ਼ਰ ਆ ਰਿਹਾ ਸੀ। ਜਿਸਤੋਂ ਮੈਂ ਕੁਝ ਸਿੱਖ ਵੀ ਸਕਦੀ ਸਾਂ। ਉਸਤੋਂ ਮੈਂ ਮੈਗ਼ਜ਼ੀਨ ਵਾਸਤੇ ਕੰਮ ਕਰਵਾ ਸਕਦੀ ਸਾਂ। ਕਹਾਣੀ, ਆਰਟੀਕਲ, ਇੰਟਰਵਿਊਜ਼ ਦੀ ਮੈਂ ਉਸਦੀ ਡਿਊਟੀ ਲਾ ਦਿੰਦੀ। ਤੇ ਉਹ ਭਾਵੇਂ ਦੇਰ ਨਾਲ਼ ਕੰਮ ਕਰਦਾ ਪਰ ਕੰਮ ਕਰਦਾ ਜ਼ਰੂਰ। ਮੈਨੂੰ ਪੰਜ-ਚਾਰ ਫੋਨ ਕਰਨ ਦੀ ਲੋੜ ਪੈਂਦੀ। ਪਰ ਕੀਤਾ ਹੋਇਆ ਕੰਮ ਮੈਨੂੰ ਜ਼ਰੂਰ

ਮਿਲ ਜਾਂਦਾ। ਅਸੀਂ ਆਰ-ਪਾਰ ਦਾ ਇਕ ਕਹਾਣੀ ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਕੀਤਾ, ਜਿਸਦੀ ਡਿਊਟੀ ਵੀ ਮੈਂ ਮਾਂਗਟ ਦੀ ਲਾਈ। ਉਸਨੇ ਜਿੱਥੇ ਕਹਾਣੀਆਂ ਇਕੱਠੀਆਂ ਕੀਤੀਆਂ ਉੱਥੇ ਲੇਖਕਾਂ ਬਾਰੇ ਜਾਣਕਾਰੀ ਵੀ ਉਲੀਕ ਕੇ ਦਿੱਤੀ ਅਤੇ ਸੰਪਾਦਨਾ ਵਿਚ ਵੀ ਮੇਰਾ ਹੱਥ ਵਟਾਇਆ।

ਕਈ ਵੇਰ ਮਾਂਗਟ ਨੂੰ ਸਵਾਲ ਪੁੱਛਣ ਤੇ ਜਵਾਬ ਉਹ ਇਸ ਤਰ੍ਹਾਂ ਦਾ ਦੇ ਜਾਂਦਾ ਜਿਵੇਂ ਮੈਨੂੰ ਜਾਪਦਾ ਕਿ ਮੈਂ ਇਸ ਤਰ੍ਹਾਂ ਕਿਉਂ ਨਹੀਂ ਸੋਚ ਸਕੀ। ਉਸਦੀ ਚੁੱਪ ਦੇ ਪਿੱਛੇ ਇਕ ਸਿਆਣਾ ਬੰਦਾ ਬੈਠਾ ਜਾਪਦਾ ਜੋ ਸਾਹਿਤ ਪ੍ਰਤੀ ਸੁਹਿਰਦ ਸੀ। ਲੋਕਾਂ ਦੀਆਂ ਗੱਲਾਂ ਤੋਂ ਭਾਵੇਂ ਉਹ ਆਪਣੇ ਖੋਲ ਵਿਚ ਵੀ ਵੜ ਜਾਂਦਾ ਰਿਹਾ ਹੈ ਪਰ ਮੈਂ ਫੇਰ ਵੀ ਉਸਨੂੰ ਪਰਚੇ ਨਾਲ਼ ਬੰਨੀ ਰੱਖਿਆ। ਕਈ ਹੋਰ ਦੋਸਤ ਮੈਨੂੰ ਆਖਦੇ ਵੀ ਕਿ, "ਮਾਂਗਟ ਨਾਲ਼ ਤੁਸੀਂ ਕਿਵੇਂ ਸਿੱਝ ਲੈਂਦੇ ਹੋ? ਉਸਤੋਂ ਤਾਂ ਬੰਦਾ ਐਂਵੇਂ ਤੰਗ ਆ ਜਾਂਦੈ। ਫੋਨ ਕਰੋ ਤਾਂ ਉੱਤਰ ਹੀ ਨਹੀਂ ਦਿੰਦਾ। ਕੋਈ ਲੜ ਸਿਰਾ ਹੀ ਨਹੀਂ ਫੜਾਉਂਦਾ।" ਪਰ ਮੈਨੂੰ ਇਸਦੀ ਕਦੀ ਔਖ ਮਹਿਸੂਸ ਨਹੀਂ ਹੋਈ।

ਉਨ੍ਹਾਂ ਦਿਨਾਂ ਵਿਚ ਮਾਂਗਟ ਉੱਖੜਿਆ ਪਿਆ ਸੀ। ਪ੍ਰਦੇਸ ਵਿਚ ਰੋਟੀ ਕਮਾਉਣੀ ਸੌਖੀ ਨਹੀਂ ਹੁੰਦੀ। ਛੋਟੀ ਉਮਰੇ ਰਿਸ਼ਤੇ ਨਿਭਾਉਣ ਜਿਹਾ ਕਾਰਜ ਗਲ਼ ਪੈ ਜਾਵੇ ਤਾਂ ਬੰਦਾ ਬੌਂਦਲ ਜਾਂਦਾ ਹੈ। ਮਾਂਗਟ ਵੀ ਇਸ ਚੱਕਰਵਿਊ ਵਿਚ ਘਿਰਿਆ ਪ੍ਰਤੀਤ ਹੁੰਦਾ ਸੀ। ਉਸਦੇ ਆਲ਼ੇ-ਦੁਆਲ਼ੇ ਦੇ ਲੋਕ ਸ਼ਾਇਦ ਉਸਦੀਆਂ ਸਮੱਸਿਆਵਾਂ ਨਹੀਂ ਸਨ ਸਮਝ ਸਕਦੇ। ਉਹ ਉਸਤੋਂ ਖਾ-ਪੀ ਕੇ ਪਰ੍ਹੇ ਹੁੰਦੇ। ਤੇ ਬਾਅਦ ਵਿਚ ਉਹੀ ਲੋਕ ਉਸਦੀ ਖਿੱਲੀ ਵੀ ਉੜਾਉਂਦੇ।

ਜਦੋਂ ਉਸਦੇ ਆਲ਼ੇ-ਦੁਆਲ਼ੇ ਦੇ ਲੋਕ ਉਸਦੀ ਖਿੱਲੀ ਉੜਾਉਂਦੇ ਤਾਂ ਉਹ ਆਪਣੇ ਖੋਲ ਵਿਚ ਹੋਰ ਵੜ ਜਾਂਦਾ ਅਤੇ ਇਕ ਵਕਤ ਉਹ ਵੀ ਆਇਆ ਜਦੋਂ ਉਹ ਡਰਿੰਕ ਦੇ ਲੜ ਪੂਰਾ ਨਹੀਂ ਲੱਗਾ ਪਰ ਉਸਨੇ ਦਾਰੂ ਦਾ ਲੜ ਜ਼ਰੂਰ ਫੜ ਲਿਆ ਸੀ। ਛੋਟੀ ਉਮਰ ਸੀ, ਘਰ ਬਾਰ ਸਾਂਭਦਾ ਸੰਭਾਲਦਾ ਉਹ ਉੱਖੜ ਰਿਹਾ ਸੀ। ਇਸ ਸਭ ਦੇ ਬਾਵਜੂਦ ਉਸਨੇ ਸਾਹਿਤ ਦਾ ਲੜ ਫੇਰ ਵੀ ਨਾ ਛੱਡਿਆ। ਦੋਸਤਾਂ-ਮਿੱਤਰਾਂ ਤੇ ਭਰੋਸਾ ਜ਼ਰੂਰ ਗੁਆ ਹੋ ਗਿਆ। ਉਹ ਇਕੱਲਾ ਰਹਿਣ ਲੱਗ ਪਿਆ। ਉਸਦੀ ਪਤਨੀ ਰਸ਼ਪਿੰਦਰ ਉਸਨੂੰ ਸਾਂਭਦੀ ਸੰਭਾਲਦੀ ਰਹੀ। ਉਸਦਾ ਹਰ ਵੇਲੇ ਸਾਥ ਦਿੰਦੀ ਰਹੀ।

ਮੈਨੂੰ ਇਹ ਜ਼ਰੂਰ ਮਹਿਸੂਸ ਹੋਇਆ ਕਿ ਪਹਿਲਾਂ ਪਹਿਲ ਦੀ ਝਿਜਕ ਤੋਂ ਬਾਅਦ, ਮਾਂਗਟ ਸੁਹਿਰਦ ਦੋਸਤਾਂ ਨਾਲ਼ ਦੋਸਤੀ ਨਿਭਾਉਂਦਾ ਹੈ। ਉਸਦੀ ਸਹੀ ਮਾਅਨਿਆਂ ਵਿਚ ਦੋਸਤੀ ਦੀ ਲਿਸਟ 'ਚ ਭਾਵੇਂ ਬਹੁਤੇ ਬੰਦੇ ਨਾ ਹੋਣ ਪਰ ਉਸਦੀ ਜਿਸ ਨਾਲ਼ ਨਿਭਦੀ ਹੈ, ਬਹੁਤ ਖੂਬ ਨਿਭਦੀ ਹੈ। ਉਹ ਉਨ੍ਹਾਂ ਦੋਸਤਾਂ ਤੋਂ ਦੂਰ ਰਹਿੰਦਾ ਹੈ ਜੋ ਕਹਿੰਦੇ ਕੁਝ ਹਨ ਅਤੇ ਕਰਦੇ ਕੁਝ ਹਨ। ਉਹ ਕਿਸੇ ਨਾਲ਼ ਵਿਗਾੜਦਾ ਨਹੀਂ। ਸਭ ਨੂੰ ਖੁਸ਼ ਹੋ ਕੇ ਮਿਲੇਗਾ। ਕਾਫ਼ਲੇ ਨੂੰ ਸ਼ੁਰੂ ਕਰਨ ਵਾਲਿਆਂ ਵਿਚ ਹੋ ਕੇ, ਉਹ ਅੱਜ ਆਪ ਹੀ ਕਾਫ਼ਲੇ ਤੋਂ ਦੂਰ ਹੈ। ਜਿੱਥੇ ਜੁਗਾੜਬੰਦੀਆਂ ਚੱਲਣ ਲੱਗ ਪੈਣ ਉੱਥੇ ਸਾਡੇ ਵਰਗਿਆਂ ਦੀ ਕੀ ਪੁੱਛ-ਦੱਸ? ਅੱਜ ਵੇਲਾ ਉਹ ਹੈ ਜਦੋਂ ਨਕਲੀ ਫੁੱਲਾਂ ਦੀ ਚਮਕ ਵੱਧ ਨਜ਼ਰ ਆਉਂਦੀ ਹੈ। ਤੇ ਸਾਡੇ ਵਰਗੇ ਲੇਖਕ ਜਿਵੇਂ ਸਾਹਿਤਕ ਪੰਥ ਵਿੱਚੋਂ ਛੇਕ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਦੀਆਂ ਜੁਗਾੜਬੰਦੀਆਂ ਜਿਹੀਆਂ ਥਾਂਵਾਂ ਤੇ ਭਲਾ ਕੋਈ ਕੀ ਜਾਵੇ? ਜਿੱਥੇ ਸਿਆਸੀ ਚਾਲਾਂ ਚੱਲਦੀਆਂ ਹੋਣ।

ਮਾਂਗਟ ਬਹੁਤ ਪਰਾਈਵੇਟ ਕਿਸਮ ਦਾ ਇਨਸਾਨ ਹੈ। ਕੁਝ ਵਰ੍ਹੇ ਕੈਨੇਡਾ ਰਹਿ ਕੇ, ਦੋਸਤਾਂ ਮਿੱਤਰਾਂ ਵਿਚ ਵਿਚਰ ਕੇ, ਰਿਸ਼ਤਿਆਂ ਦੀਆਂ ਤੰਦਾਂ ਸੁਲਝਾ ਕੇ, ਉਸਨੇ ਇਹ ਸਿਖਿਆ ਹੈ ਕਿ ਕੋਈ ਕਿਸੇ ਦਾ ਸਕਾ ਨਹੀਂ ਹੈ। ਸ਼ਾਇਦ ਇਸੇ ਵਾਸਤੇ ਉਹ ਆਪਣਾ ਪਰਿਵਾਰਕ ਜੀਵਨ ਬਹੁਤ



ਸੰਭਾਲ ਕੇ ਰੱਖਦਾ ਹੈ। ਉਸਦੀ ਸਭ ਤੋਂ ਵੱਡੀ ਸਪੋਰਟਰ/ਪਾਠਕ ਉਸਦੀ ਪਤਨੀ ਰਸ਼ਪਿੰਦਰ (ਰਿੰਪਲ) ਹੈ। ਉਹ ਦੱਬ ਕੇ ਕੰਮ ਕਰਦਾ ਹੈ ਅਤੇ ਰੱਜ ਕੇ ਖਾਂਦਾ ਹੈ। ਬੋਤਲ ਦੇ ਨੇੜੇ ਅਵੱਲ ਤਾਂ ਜਾਂਦਾ ਨਹੀਂ। ਜੇ ਕਰ ਜਾਂਦਾ ਹੈ ਤਾਂ ਉਸਦੇ ਸਰੂਰ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦਿੰਦਾ। ਇਕੋ ਸਰੂਰ ਉਸਦੇ ਮਨ ਮਸਤਕ ਵਿਚ ਰਚਿਆ ਹੋਇਆ ਹੈ, ਉਹ ਹੈ ਸਾਹਿਤ। ਉਹ ਪੜ੍ਹਦਾ ਬਹੁਤ ਹੈ। ਲਿਖਦਾ ਵੀ ਬਹੁਤ ਹੈ ਪਰ ਕਾਂਟ-ਛਾਂਟ ਕਰਦਾ ਹੈ ਪਰ ਬਹੁਤੀ ਨਹੀਂ। ਉਸਦਾ ਕਹਿਣਾ ਹੈ ਕਿ ਕਾਂਟ-ਛਾਂਟ ਨਾਲ਼ ਲਿਖਤ ਦੀ ਮੌਲਿਕਤਾ ਨਹੀਂ ਰਹਿੰਦੀ।

ਮਾਂਗਟ ਨਾਲ਼ ਕੋਈ ਲੇਖਕ/ਪਾਠਕ ਸੁਹਿਰਦਤਾ ਨਾਲ਼ ਚੱਲੇ ਜਾਂ ਉਸ 'ਤੇ ਇਮਾਨਦਾਰੀ ਨਾਲ਼ ਭਰੋਸਾ ਕਰ ਲਵੇ ਤਾਂ ਉਹ ਵੀ ਪਿੱਛਾ ਨਹੀਂ ਛੱਡਦਾ। ਚੰਗੇ ਦੋਸਤਾਂ ਦੀ ਉਹ ਕਦਰ ਵੀ ਕਰਦਾ ਹੈ। ਕੋਈ ਮੋਹ ਪਿਆਰ ਨਾਲ਼ ਉਸਨੂੰ ਮਿਲਦਾ ਹੈ ਤਾਂ ਉਹ ਭੱਜ ਕੇ ਆਉਂਦਾ ਹੈ। ਜੇ ਕਰ ਉਸਨੂੰ ਜਾਪੇ ਕਿ ਕੋਈ ਉਸਨੂੰ ਵਰਤਣ ਦੀ ਕੋਸ਼ਿਸ਼ ਵਿਚ ਹੈ ਤਾਂ ਉਹ ਜ਼ਰੂਰ ਫੋਨ ਨਹੀਂ ਚੁੱਕਦਾ। ਜੇ ਉਸਨੂੰ ਇਹ ਜਾਪੇ ਕਿ ਕੋਈ ਉਸਦਾ ਵਕਤ ਖਰਾਬ ਕਰ ਰਿਹਾ ਹੈ, ਉਹ ਉਸਦੇ ਨੇੜੇ ਨਹੀਂ ਜਾਂਦਾ। ਚੰਗੇ ਮੰਦੇ ਵਕਤ ਵਿਚ ਵੀ ਮਾਂਗਟ ਨੇ ਆਦਰ ਸਤਿਕਾਰ ਸਹਿਤ ਮੇਰਾ ਸਾਥ ਨਿਭਾਇਆ ਹੈ। ਕਈ ਵੇਰ ਚੰਗੇ ਦੋਸਤਾਂ ਨੂੰ ਉਨ੍ਹਾਂ ਦੇ ਸਮੁੱਚ ਵਿਚ ਦੇਖਣ ਦੀ ਲੋੜ ਹੁੰਦੀ ਹੈ, ਤਾਂ ਹੀ ਰਿਸ਼ਤੇ ਨਿਭ ਸਕਦੇ ਹਨ। ਤੇ ਮਾਂਗਟ ਵੀ ਉਨ੍ਹਾਂ ਵਿਚੋਂ ਇਕ ਹੈ। ਅੱਜ ਦੇ ਸਮੇਂ ਦੋਸਤੀਆਂ, ਰਿਸ਼ਤੇ ਸਭ ਆਰਥਿਕਤਾ ਨਾਲ਼ ਜੁੜ ਗਏ ਹਨ। ਪਰ ਜੇ ਇਨ੍ਹਾਂ ਚੀਜ਼ਾਂ ਨੂੰ ਲਾਂਭੇ ਕਰਕੇ ਦੋਸਤੀ ਰੱਖਣੀ ਹੋਵੇ ਤਾਂ ਇਸੇ ਤਰ੍ਹਾਂ ਰੱਖੀ ਜਾ ਸਕਦੀ ਹੈ।

1994 ਵਿਚ ਅਸੀਂ ਤਿੰਨ ਲੇਖਕਾਂ ਭਾਵ, ਮੈਂ, ਜਰਨੈਲ ਸਿੰਘ ਕਹਾਣੀਕਾਰ, ਮੇਜਰ ਮਾਂਗਟ ਨੇ ਰਲ਼ ਕੇ ਕਹਾਣੀ ਵਿਚਾਰ ਮੰਚ ਦੀ ਸਿਰਜਣਾ ਵੀ ਕੀਤੀ ਅਤੇ ਅਨੇਕਾਂ ਕਹਾਣੀਕਾਰ ਇਸ ਮੰਚ ਨਾਲ਼ ਜੋੜੇ ਜਿਹੜੇ ਅੱਜ ਤਕ ਇਸ ਮੰਚ ਦੇ ਨਾਲ਼ ਤੁਰੇ ਆ ਰਹੇ ਹਨ ਤੇ ਇਸਦਾ ਹਿੱਸਾ ਹਨ। ਕੁਝ ਪੁਰਾਣੇ ਟੁੱਟੇ ਵੀ ਅਤੇ ਕੁਝ ਨਵੇਂ ਜੁੜੇ ਵੀ। ਮਾਂਗਟ ਅਕਸਰ ਹਰ ਵੇਰ ਦੀ ਮੀਟਿੰਗ ਵਿਚ ਕਹਾਣੀ ਪੜ੍ਹਦਾ। ਉਸਦੀ ਕਹਾਣੀ ਦੀ ਅਲੋਚਨਾ ਵੀ ਹੁੰਦੀ ਵਾਕ ਬਣਤਰ ਜਾਂ ਗਰੈਮਰ ਦੀ ਗੱਲ ਵੀ ਹੁੰਦੀ, ਪਾਤਰਾਂ ਦੇ ਵਿਵਹਾਰ ਦੀ ਗੱਲ ਵੀ ਹੁੰਦੀ। ਪਰ ਮਾਂਗਟ ਆਲੋਚਨਾ ਸੁਣ ਕੇ ਕਦੀ ਗੁੱਸੇ ਵਿਚ ਨਹੀਂ ਆਇਆ। ਉਸਦੇ ਅੰਦਰ ਭਾਵੇਂ ਗੁੱਸਾ ਰੀਂਘਦਾ ਹੋਵੇ ਪਰ ਉਸਦੇ ਚਿਹਰੇ ਦੇ ਹਾਵ-ਭਾਵ ਆਮ ਜਿਹੇ ਸਧਾਰਨ ਹੀ ਰਹੇ। ਉਹ ਅਖੀਰ ਤੇ ਆਪਣੀ ਗੱਲ ਕਰਦਿਆਂ ਹੋਇਆਂ ਬਸ ਐਨੀ ਗੱਲ ਆਖ ਦਿੰਦਾ ਹੈ ਕਿ, "ਮੈਂ ਸਭ ਦਾ ਧੰਨਵਾਦ ਕਰਦਾ ਹਾਂ ਜਿਹੜਾ ਤੁਸੀਂ ਮੇਰੀ ਕਹਾਣੀ ਐਨੇ ਧਿਆਨ ਨਾਲ਼ ਸੁਣੀ। ਮੈਂ ਇਸਨੂੰ ਫੇਰ ਪੜ੍ਹੂੰਗਾ। ਸੋਚੂੰਗਾ ਤੇ ਜੇ ਲੋੜ ਹੋਈ ਤਾਂ ਮੈਂ ਦਰੁਸਤ ਵੀ ਕਰੂੰਗਾ। ਅੱਗੇ ਤੋਂ ਮੈਂ ਖਿਆਲ ਰਖੂੰਗਾ।"

ਭਾਵੇਂ ਉਸਨੇ ਮਨ ਦੀ ਮਰਜੀ ਕਰਨੀ ਹੋਵੇ। ਪਰ ਉਹ ਕਿਸੇ ਨਾਲ਼ ਬਹਿਸ ਵਿਚ ਨਹੀਂ ਪੈਂਦਾ।

ਕੋਈ ਅੱਠ-ਨੌਂ ਸਾਲ ਮੈਂ ਅਤੇ ਮਾਂਗਟ ਸੁਰ ਸਾਗਰ ਰੇਡੀਓ 'ਤੇ ਦਰਪਣ ਪਰੋਗਰਾਮ ਅਤੇ ਟੀ.ਵੀ 'ਤੇ ਮਹਿਫਲ ਪ੍ਰੋਗਰਾਮ ਲਗਾਤਾਰ ਹੋਸਟ ਕਰਦੇ ਰਹੇ। ਇਨ੍ਹਾਂ ਪ੍ਰੋਗਰਾਮਾਂ ਤੋਂ ਪਹਿਲਾਂ ਇਕ ਘੰਟਾ ਸਾਡੀਆਂ ਚਾਹ ਕੌਫੀ ਦੀਆਂ ਮੀਟਿੰਗਾਂ ਵਿਚ ਅਸੀਂ ਕਹਾਣੀਆਂ 'ਤੇ ਵਿਚਾਰ ਕਰਦੇ, ਕੀ ਨਵਾਂ ਛਪਿਆ, ਕੀ ਨਵਾਂ ਪੜ੍ਹਿਆ, ਕੌਣ ਕੀ ਕਰ ਰਿਹੈ, ਕਿਹੜਾ ਜੁਗਾੜ ਕਰ ਰਿਹੈ ਆਦਿ ਬਾਰੇ ਗੱਲਾਂ ਕਰਦੇ। ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਕਿ ਮਾਂਗਟ ਆਪਣੇ ਅੰਦਰ ਬਹੁਤ ਕੁਝ ਸਮੇਟੀ ਬੈਠਾ ਹੈ। ਉਹ ਕਿਸੇ ਦਕੀਆਨੂਸੀ ਸੋਚ ਨਾਲ਼ ਨਹੀਂ ਬੱਝਾ ਹੋਇਆ। ਉਸਦੇ ਵਿਚਾਰ ਸਮਾਜ, ਰਾਜਨੀਤੀ,

ਧਰਮ ਲਈ ਬਹੁਤ ਕਲੀਅਰ ਹਨ। ਨਵੀਂ ਪੀੜ੍ਹੀ, ਕੁੜੀਆਂ, ਮੁੰਡਿਆਂ ਦੇ ਹੱਕਾਂ ਲਈ ਵੀ ਉਹ ਖੁੱਲ੍ਹ ਕੇ ਗੱਲ ਕਰਦਾ ਹੈ। ਜੇ ਉਹ ਧਰਮ ਦੀ ਗੱਲ ਕਰਦਾ ਹੈ ਤਾਂ ਬਹੁਤ ਕੁਝ ਐਸਾ ਆਖ ਜਾਂਦਾ ਹੈ ਜਿਸਨੂੰ ਸਾਡੇ ਸੋ ਕਾਲਡ ਧਰਮੀ ਬੰਦੇ ਪਰਵਾਨ ਨਹੀਂ ਕਰਨਗੇ। ਮਾਂਗਟ ਪੜ੍ਹਦਾ ਬਹੁਤ ਹੈ, ਕੰਮ ਵੀ ਉਨਾ ਹੀ ਦੱਬ ਕੇ ਕਰਦਾ ਹੈ। ਵਿਹਲਾ ਰਹਿਣਾ ਉਸਦੀ ਫਿਤਰਤ ਨਹੀਂ। ਜੇ ਕਰ ਵਿਹਲਾ ਹੈ ਤਾਂ ਸਾਹਿਤਕ ਗੱਪ-ਸ਼ੱਪ ਲਈ, ਕੌਫੀ ਪੀਣ ਲਈ ਕਿਸੇ ਨਾ ਕਿਸੇ ਸਾਹਿਤਕਾਰ ਨੂੰ ਲੈ ਬੈਠੇਗਾ। ਸਾਡੀਆਂ ਕੌਫੀ ਮੀਟਿੰਗਜ਼ ਵੀ ਹੁੰਦੀਆਂ ਰਹਿੰਦੀਆਂ ਹਨ ਜਿਸ ਵਿਚ ਕੁਲਜੀਤ ਮਾਨ ਅਤੇ ਮਿੰਨੀ ਗਰੇਵਾਲ ਵੀ ਸ਼ਾਮਿਲ ਹੁੰਦੇ ਹਨ। ਉੱਥੇ ਵੀ ਮਾਂਗਟ ਸੋਸ਼ਲ ਮੀਟਿੰਗ ਨਾਲੋਂ ਸਾਹਿਤਕ ਮੀਟਿੰਗ ਦੀ ਗੱਲ ਵੱਧ ਕਰੇਗਾ। ਕਹੇਗਾ, "ਮੇਰੇ ਕੋਲ ਵਿਹਲਾ ਸਮਾਂ ਨਹੀਂ ਹੈ ਫਜ਼ੂਲ ਦੀਆਂ ਗੱਲਾਂ ਲਈ।"

ਜੇ ਕਰ ਸਾਡੀਆਂ ਚੌਹਾਂ ਦੀਆਂ ਮੀਟਿੰਗਜ਼ ਨਾ ਹੋ ਸਕਣ ਅਤੇ ਮਾਂਗਟ ਨੂੰ ਛੁੱਟੀ ਹੋਵੇ, ਉਹ ਫੋਨ ਕਰਕੇ ਪੁੱਛੇਗਾ, "ਚਲੋ ਕੌਫੀ ਪੀ ਆਈਏ। ਕੋਈ ਸਾਹਿਤਕ ਗੱਪ-ਸ਼ੱਪ ਹੀ ਹੋ ਜਾਵੇ।"

ਜੇ ਕਰ ਉਸਦਾ ਫੋਨ ਨਹੀਂ ਆਵੇਗਾ ਤਾਂ ਮੈਂ ਪੁੱਛ ਲਵਾਂਗੀ ਕਿ, "ਅੱਜ ਘਰ ਹੀ ਆ ਜਾਵੋ। ਕਿਸੇ ਕਿਤਾਬ ਦੀ ਗੱਲ ਕਰਾਂਗੇ। ਸਾਹਿਤਕ ਚੁਗਲੀਆਂ ਹੀ ਕਰਾਂਗੇ।" ਅਸੀਂ ਤਿੰਨੋ, ਮੈਂ, ਸੰਘੇੜਾ ਜੀ ਅਤੇ ਮੇਜਰ ਮਾਂਗਟ ਨਿੱਠ ਕੇ ਗੱਲਾਂ ਕਰਦੇ ਹਾਂ। ਸਾਰੀ ਭੜਾਸ ਕੱਢ ਲਈਦੀ ਹੈ ਅਤੇ ਅਗਲੇ ਦਿਨ ਕਲਮ ਫੇਰ ਫੜਣ ਲਈ ਤਿਆਰ ਹੋ ਜਾਈਦਾ ਹੈ।

ਮਾਂਗਟ ਨੇ ਜਿਸ ਕਾਫ਼ਲੇ ਦੀ ਨੀਂਹ ਰੱਖੀ ਸੀ, ਉਸੇ ਕਾਫ਼ਲੇ ਤੋਂ ਅਜ ਉਹ ਦੂਰ ਹੈ। ਇਸੇ ਤਰ੍ਹਾਂ ਕਹਾਣੀ ਵਿਚਾਰ ਮੰਚ ਵਿਚ ਵੀ ਅਸੀਂ ਹਾਜ਼ਰ ਤਾਂ ਹਾਂ ਪਰ ਹੋਂਦ ਅਣਹੋਂਦ ਜਿਹੀ ਜਾਪਦੀ ਹੈ। ਸਾਹਿਤਕ ਹਲ-ਚਲ ਨੇ ਟੋਰਾਂਟੋ ਵਿਚ ਵੀ ਆਪਣੀ ਧੁਮ ਮਚਾਈ ਹੋਈ ਹੈ। ਜਿੱਥੇ ਪੰਜਾਬ ਤੋਂ ਖੁੱਲ੍ਹ ਦਿਲੀ ਨਾਲ਼ ਰਿਟਾਇਰਡ ਲੇਖਕ-ਪਾਠਕ ਆਏ, ਉੱਥੇ ਉਹ ਆਪਣੇ ਨਾਲ਼ ਪੰਜਾਬ ਦੀਆਂ ਜੁਗਾੜਬੰਦੀਆਂ ਵੀ ਨਾਲ਼ ਲਿਆਏ। ਇਹ ਵੀ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਸਾਹਿਤ ਵਿਚ ਵੀ ਸਾਹਿਤਕ ਮਾਫ਼ੀਏ ਨੇ ਆਪਣੇ ਪੈਰ ਧੁਮ ਧੜੱਕੇ ਨਾਲ਼ ਜਮਾਏ ਹੋਏ ਹਨ। ਟੋਰਾਂਟੋ ਵਿਚ ਅਨੇਕਾਂ ਸਾਹਿਤਕ/ਗੈਰ ਸਾਹਿਤਕ ਸੰਸਥਾਵਾਂ ਉੱਸਰ ਆਈਆਂ ਹਨ। ਹਰ ਇਕ ਦੀ ਮੈਂ-ਮੈਂ ਚੱਲ ਰਹੀ ਹੈ ਅਤੇ ਜਿੱਥੇ ਮਾਂਗਟ ਅਤੇ ਮੇਰੇ ਵਰਗਿਆਂ ਲਈ ਕੋਈ ਥਾਂ ਨਹੀਂ ਅਤੇ ਨਾ ਹੀ ਸਾਡੇ ਵਰਗਿਆਂ ਦੇ ਪੈਰ ਲੱਗ ਸਕਣਗੇ। ਵੈਸੇ ਵੀ ਅੱਜ ਉਹ ਸਮਾਂ ਹੈ ਜਿੱਥੇ ਲਿਖਿਆ ਪੜ੍ਹਿਆ ਘੱਟ ਜਾਂਦਾ ਹੈ ਅਤੇ ਰੌਲ਼ਾ ਵੱਧ ਪਾਇਆ ਜਾਂਦਾ ਹੈ। ਹਰ ਚੀਜ਼ ਨੁਮਾਇਸ਼ ਦੀ ਹੋ ਗਈ ਹੈ। ਅਜ ਸੈਲਫ ਪਰਮੋਸ਼ਨ ਦਾ ਸਮਾਂ ਹੈ। ਕੋਈ ਲਿਖੇ ਜਾਂ ਨਾ ਲਿਖੇ ਬਸ ਬੰਦੇ ਦੀ ਪ੍ਰਮੋਸ਼ਨ ਹੋਣੀ ਚਾਹੀਦੀ ਹੈ। ਪਰਧਾਨਗੀ ਦੀ ਕੁਰਸੀ ਮਿਲਣੀ ਚਾਹੀਦੀ ਹੈ। ਭਾਵੇਂ ਸਪੀਚ ਉਹੀ ਦੁਹਰਾ ਵਾਲੀ ਹੋਵੇ। ਬੰਦਾ ਕਿੱਥੋਂ ਕੋਈ ਨਵੀਂ ਗੱਲ ਲਿਆਊ। ਲਿਖਤ ਦਾ ਕੀ ਹੈ ? ਕੌਣ ਪੜ੍ਹਦਾ ਹੈ ਹੁਣ ? ਕਿਹਦੇ ਕੋਲ ਵਕਤ ਹੈ ਪੜ੍ਹਣ ਲਈ ?

ਪਿੱਛਲੇ ਪੰਝੀ ਵਰਿਆਂ ਤੋਂ ਮਾਂਗਟ ਨੂੰ ਜਾਣਦਿਆਂ ਮੈਂ ਇਹ ਆਖ ਸਕਦੀ ਹਾਂ ਕਿ ਮਾਂਗਟ ਨੇ ਕੰਮ, ਸਾਹਿਤ, ਘਰੇਲੂ ਜਿੰਮੇਵਾਰੀਆਂ ਦੀ ਦੱਬ ਕੇ ਮਿਹਨਤ ਕੀਤੀ ਹੈ। ਇਸ ਮਿਹਨਤ ਵਿਚ ਉਸਦੇ ਪਰਿਵਾਰ ਦਾ ਪੂਰਨ ਸਹਿਯੋਗ ਰਿਹਾ ਹੈ। ਮਾਂਗਟ ਸ਼ਾਇਦ ਐਨੀ ਮਿਹਨਤ ਨਾ ਕਰ ਸਕਦਾ ਜੇ ਕਰ ਰਸ਼ਪਿੰਦਰ ਦਾ ਸਾਥ ਨਾ ਹੁੰਦਾ ਜਾਂ ਉਸਦੇ ਬੱਚੇ ਉਸਦੇ ਕਹਿਣੇ ਵਿਚ ਨਾ ਹੁੰਦੇ। ਉਸਦੇ ਬੱਚੇ ਪੜ੍ਹਣ ਵਿਚ ਵਧੀਆ, ਸਪੋਰਟਸ ਵਿਚ ਅਵੱਲ ਅਤੇ ਯੂਨੀਵਰਸਿਟੀ ਤੋਂ ਬਾਅਦ ਹੁਣ ਉਹ ਆਪਣੀਆਂ ਅਗਲੀਆਂ ਪੁਲਾਂਗਾਂ ਪੁੱਟ ਰਹੇ ਹਨ। ਸਫ਼ਲ ਇਨਸਾਨ ਬਣ ਰਹੇ ਹਨ। ਇਉਂ ਮਹਿਸੂਸ ਹੁੰਦਾ ਹੈ ਜਿਵੇਂ ਮੇਜਰ ਮਾਂਗਟ ਅਤੇ ਰਸ਼ਪਿੰਦਰ ਬੱਚਿਆਂ ਲਈ ਰੋਲ ਮਾਡਲ ਹੋਣ। ਮੈਂ ਉਨ੍ਹਾਂ ਦੋਹਾਂ ਨੂੰ ਬੱਚਿਆਂ ਮਗਰ ਭੱਜਦੇ ਦੇਖਿਆ ਹੈ। ਕਿਸੇ ਨੂੰ ਸਕੂਲ-ਯੂਨੀਵਰਸਿਟੀ ਛੱਡ ਦਿਓ,



ਕਿਸੇ ਨੂੰ ਸੌਕਰ ਖੇਡਣ ਲੈ ਜਾਵੋ, ਕਿਸੇ ਦਾ ਮੈਚ ਹੈ ਉੱਥੇ ਚਲੇ ਜਾਵੋ। ਉਨ੍ਹਾਂ ਦੋਹਾਂ ਕੋਲ ਜਿਵੇਂ ਪੜ੍ਹਣ-ਲਿਖਣ-ਬੱਚਿਆਂ ਦੀ ਜ਼ਿੰਦਗੀ ਸੁਆਰਨ ਤੋਂ ਬਿਨਾਂ ਵਿਹਲਾ ਵਕਤ ਹੈ ਹੀ ਨਹੀਂ ਸੀ।

ਮੇਜਰ ਮਾਂਗਟ ਸਮੱਸਿਆਵਾਂ ਵਿੱਚੋਂ ਨਿਕਲਣ ਵਾਸਤੇ ਕਈ ਵੇਰ ਨਿੱਕੇ-ਨਿੱਕੇ ਝੂਠ ਜਿਨ੍ਹਾਂ ਨੂੰ ਗੋਰੇ ਲੋਕ 'ਵਾਈਟ ਲਾਈਜ਼' ਕਹਿੰਦੇ ਹਨ, ਜ਼ਰੂਰ ਬੋਲਦਾ ਹੈ। ਰੇਡੀਓ ਤੋਂ ਪ੍ਰੋਗਰਾਮ ਪ੍ਰਸਾਰਤ ਕਰਕੇ ਵਾਪਸ ਪਰਤਦਿਆਂ, ਰਸ਼ਪਿੰਦਰ ਦਾ ਟੈਲੀਫੋਨ ਆਵੇਗਾ ਕਿ ਕਦੋਂ ਕੁ ਘਰ ਪਹੁੰਚ ਰਹੇ ਹੋ ? ਕਿਉਂਕਿ ਬੱਚੇ ਮਾਂਗਟ ਦੇ ਘਰ ਪਹੁੰਚੇ ਬਿਨਾਂ ਖਾਣਾ ਨਹੀਂ ਖਾਣਗੇ। ਮਾਂਗਟ ਦਾ ਜਵਾਬ ਹੋਵੇਗਾ, "ਬਸ ਨੇੜੇ ਹੀ ਹਾਂ। ਪੰਜ-ਸੱਤ ਮਿੰਟ ਵਿਚ ਪਹੁੰਚ ਜਾਵਾਂਗਾ।" ਭਾਵੇਂ ਉਸ ਵੇਲੇ ਅਸੀਂ ਰੇਡੀਓ ਸਟੇਸ਼ਨ ਤੋਂ ਤੁਰਨ ਵੇਲੇ ਜੰਦਰਾ ਲਾ ਰਹੇ ਹੋਈਏ। ਤੇ ਪੂਰਾ ਰਸਤਾ ਅੱਧੇ-ਪੌਣੇ ਘੰਟੇ ਦਾ ਹੋਵੇ। ਇਸੇ ਤਰ੍ਹਾਂ ਜਦੋਂ ਅਸੀਂ ਪ੍ਰੋਗਰਾਮ ਪ੍ਰਸਾਰਤ ਕਰਨ ਜਾਂ ਰਿਕਾਰਡ ਕਰਾਉਣ ਜਾਂਦੇ, ਮਾਂਗਟ ਅਕਸਰ ਲੇਟ ਹੋ ਜਾਂਦਾ। ਉਸਦਾ ਡਰਾਈਇੰਗ ਟੈਸਟ ਹੁੰਦਾ ਜਾਂ ਲੈਸਨ ਹੁੰਦਾ। ਮੈਂ ਫੋਨ ਕਰਦੀ ਤਾਂ ਉਸਦਾ ਉੱਤਰ ਹੁੰਦਾ, "ਬਸ ਮੈਂ ਨੇੜੇ ਹੀ ਹਾਂ। ਪੰਜ ਮਿੰਟ ਹੋਰ ਲੱਗਣਗੇ।" ਕਦੀ ਆਖੇਗਾ, "ਮੈਂ ਲਾਈਟਾਂ ਤੇ ਹੀ ਖੜਾ ਹਾਂ। ਚਾਰ ਪੰਜ ਮਿੰਟ ਹੋਰ। ਤੁਸੀਂ ਕੈਮਰੇ ਸੈੱਟ ਕਰਵਾਓ। ਮੈਂ ਆਇਆ ਕੁ ਆਇਆ।" ਉਹ ਪੰਜ ਮਿੰਟ ਕਈ ਵੇਰ ਪੰਜਾਹ ਮਿੰਟ ਵਿਚ ਬਦਲ ਜਾਂਦੇ। ਉਸਨੂੰ ਹੌਲੀ-ਹੌਲੀ ਤੁਰਿਆ ਆਉਂਦਾ ਤੱਕ ਕੇ, ਅਸੀਂ ਸਾਰੇ ਹੱਸਦੇ, "ਲੈ ਹੋ ਗਏ ਮਾਂਗਟ ਦੇ ਪੰਜ ਮਿੰਟ।"

ਮਾਂਗਟ ਭੁਲੱਕੜ ਵੀ ਹੈ। ਉਹ ਆਪਣੀਆਂ ਹੀ ਸੋਚਾਂ ਵਿਚ ਦੂਜੇ ਦਾ ਚੇਤਾ ਭੁਲਾ ਦੇਵੇਗਾ ਜਾਂ ਆਪਣੇ ਹੀ ਘਰ ਦੇ ਮੋਹਰੇ ਰੁਕਣ ਦੀ ਬਜਾਏ ਅੱਗੇ ਨਿੱਕਲ ਜਾਵੇਗਾ। ਉਸ ਵੇਲੇ ਜ਼ਰੂਰ ਉਹ ਕੋਈ ਕਹਾਣੀ ਦੀ ਵਿਉਂਤ ਬਣਾ ਰਿਹਾ ਹੁੰਦਾ ਹੋਵੇਗਾ।

ਹੁਣ ਮਾਂਗਟ ਦਾ ਵਕਤ ਬਦਲ ਗਿਆ ਹੈ। ਹੁਣ ਉਹ ਉਨ੍ਹਾਂ ਦੋਸਤਾਂ ਦੀ ਪਰਵਾਹ ਨਹੀਂ ਕਰਦਾ ਜਿਹੜੇ ਉਸਦੀ ਪਰਵਾਹ ਨਹੀਂ ਕਰਦੇ। ਤੇ ਹੁਣ ਉਹ ਸ਼ਰਮੀਲਾ ਵੀ ਨਹੀਂ ਰਿਹਾ, ਹੱਸਣਾ ਵੀ ਉਸਦੇ ਹਿੱਸੇ ਆ ਗਿਆ ਹੈ ਅਤੇ ਕਲਮ ਦਾ ਸਾਥ ਵੀ ਉਹ ਨਿੱਠ ਕੇ ਨਿਭਾ ਰਿਹਾ ਹੈ। ਉਸਦੇ ਨਾਵਲ ਸਮੁੰਦਰ ਤੋਂ ਬਾਅਦ ਇਕ ਹੋਰ ਨਾਵਲ ਉਹ ਲਿਖੀ ਬੈਠਾ ਹੈ ਜੋ ਛੇਤੀਂ ਛਪ ਕੇ ਆ ਜਾਵੇਗਾ।

ਫੇਸ ਬੁੱਕ 'ਤੇ ਉਸਦੀਆਂ ਮੁਸਕਾਨ ਭਰੀਆਂ ਫੋਟੋਜ਼ ਦੇਖ ਕੇ ਖੁਸ਼ੀ ਹੁੰਦੀ ਹੈ ਕਿ ਉਹ ਪਰਿਵਾਰਕ ਤੌਰ ਤੇ, ਸਮਾਜਿਕ ਤੌਰ ਤੇ, ਸਾਹਿਤਕ ਤੌਰ ਤੇ ਸਫ਼ਲਤਾ ਵੱਲ ਵੱਧ ਰਿਹਾ ਹੈ। ਏਅਰ ਲਾਈਨ ਵਿਚ ਕੰਮ ਕਰਦਿਆਂ ਹੁਣ ਉਹ ਆਪ ਟਰੈਵਲ ਵੀ ਕਰਦਾ ਹੈ ਅਤੇ ਪਰਿਵਾਰ ਨੂੰ ਦੁਨੀਆਂ ਦੀ ਸੈਰ ਵੀ ਕਰਵਾਉਂਦਾ ਹੈ ਅਤੇ ਨਵੇਂ ਵਿਸ਼ੇ ਭਾਲ਼ ਕੇ ਵੀ ਲਿਆਉਂਦਾ ਹੈ।

# ਵੱਖਰਾ ਅਤੇ ਅੱਥਰਾ ਬਲਬੀਰ ਮੋਮੀ

**-ਪ੍ਰੇਮ ਮਾਨ**

"ਅੱਜ ਕੱਲ੍ਹ ਮੈਂ ਸਾੜ੍ਹ ਸਤੀ 'ਚੋਂ ਲੰਘ ਰਿਹਾਂ।" ਮਈ 2017 ਵਿਚ ਜਦੋਂ ਬਲਬੀਰ ਮੋਮੀ ਨਾਲ ਫ਼ੋਨ ਤੇ ਗੱਲ ਹੋਈ ਤਾਂ ਉਸ ਦਾ ਕਹਿਣਾ ਸੀ।

"ਐਨੀ ਕੀ ਗੱਲ ਹੋ ਗਈ ?" ਮੈਂ ਪੁੱਛਿਆ।

"ਪਹਿਲਾਂ ਤਾਂ ਮੇਰਾ ਮੋਬਾਈਲ ਮੇਰੇ ਵਰਕਿੰਗ ਟੇਬਲ ਲਾਗੇ ਡਰਾਈ ਵਾਲ ਵਿਚ ਰਹਿ ਗਏ ਇਕ ਖੱਪੇ ਵਿਚ ਡਿਗ ਪਿਆ। ਸਾਰੇ ਲੱਭਿਆ ਪਰ ਲੱਭੇ ਨਾ। ਜਦੋਂ ਕਿਸੇ ਦਾ ਫ਼ੋਨ ਆਇਆ ਤਾਂ ਘੈਂਟੀ ਕੰਧ ਵਿਚੋਂ ਬੋਲੇ ਜਿੱਥੇ ਫ਼ਰਸ਼ ਦੇ ਕੋਲ ਕੰਧ ਖ਼ਤਮ ਹੁੰਦੀ ਐ। ਅਸੀਂ ਕੰਧ ਦਾ ਇਕ ਹਿੱਸਾ ਪਾੜ ਦਿੱਤਾ ਫ਼ੋਨ ਕੱਢਣ ਲਈ ਪਰ ਫ਼ੋਨ ਫਿਰ ਵੀ ਨਾ ਕੱਢ ਸਕੇ। ਉੱਪਰੋਂ ਦਰਸ਼ਨ ਗ਼ੁੱਸੇ ਹੋਇਆ ਕਿ ਅਸੀਂ ਕੰਧ ਕਿਉਂ ਪਾੜੀ। ਕੰਧ ਠੀਕ ਕਰਾਉਣ ਤੇ ਫ਼ੋਨ ਨਵਾਂ ਲੈਣ ਨਾਲੋਂ ਵੱਧ ਪੈਸੇ ਲੱਗ ਜਾਣੇ ਆ।" ਦਰਸ਼ਨ ਬਲਬੀਰ ਮੋਮੀ ਦਾ ਜੁਆਈ ਹੈ, ਬਲਬੀਰ ਮੋਮੀ ਦੀ ਧੀ ਨਿਸ਼ੀ ਦਾ ਪਤੀ ਜਿਨ੍ਹਾਂ ਨਾਲ ਮੋਮੀ ਟਰੰਟੋ ਦੇ ਇਕ ਹਿੱਸੇ ਬਰੈਂਮਪਟਨ ਵਿਚ ਉਨ੍ਹਾਂ ਦੇ ਵੱਡੇ ਸਾਰੇ ਘਰ ਦੇ ਕਾਰ ਗਰਾਜ ਉੱਤੇ ਬਣੇ ਕਮਰੇ ਵਿਚ ਰਹਿੰਦਾ ਹੈ।

"ਹੋਰ ਕੀ ਕੀ ਹੋਇਆ ?" ਮੈਂ ਪੁੱਛਿਆ।

"ਫਿਰ ਮੇਰਾ ਕੰਪਿਊਟਰ ਕਰੈਸ਼ ਹੋ ਗਿਆ। ਮੈਂ ਅਖ਼ਬਾਰ ਤਿਆਰ ਕਰਨੀ ਸੀ, ਉਹ ਵੀ ਹਾਲੇ ਨਹੀਂ ਕਰ ਸਕਿਆ। ਇਕ ਕੰਪਿਊਟਰ ਮਕੈਨਿਕ ਨੇ ਆਉਣਾ ਠੀਕ ਕਰਨ ਲਈ।"

"ਮਾੜਾ ਹੋਇਆ।"

"ਇਕ ਪੰਡਤ ਨੇ ਦੱਸਿਆ ਮੇਰੇ ਤੇ ਸਾੜ੍ਹ ਸਤੀ ਚੱਲ ਰਹੀ ਐ। ਉਸ ਨੇ 90 ਦਿਨ ਇਕ ਪਾਠ ਕਰਨ ਤੇ ਪਾਣੀ ਵਿਚ ਲੋਹਾ ਸੁੱਟਣ ਲਈ ਕਿਹਾ। ਲੋਹਾ ਤਾਂ ਮੈਂ ਪਾਣੀ ਵਿਚ ਸੁੱਟ ਦਿੱਤਾ ਤੇ ਪਾਠ ਮੈਂ ਕਈ ਦਿਨਾਂ ਤੋਂ ਕਰ ਰਿਹਾਂ।"

"ਤੁਸੀਂ ਇਨ੍ਹਾਂ ਗੱਲਾਂ ਵਿਚ ਯਕੀਨ ਕਰਦੇ ਹੋ ?"

"ਕਰਦਾ ਤਾਂ ਨਹੀਂ ਪਰ ਵਿਖਾਵਾ ਕਰ ਕੇ ਮਨ ਨੂੰ ਤਸੱਲੀ ਹੋ ਜਾਂਦੀ ਐ।"

ਬਲਬੀਰ ਮੋਮੀ ਗੱਲਾਂ ਕਰਦਾ ਇਸ ਤਰ੍ਹਾਂ ਲਗਦਾ ਜਿਵੇਂ ਕੋਈ ਮਸ਼ੀਨ ਲਗਾਤਾਰ ਬੋਲ ਰਹੀ ਹੋਵੇ। ਉਸ ਦੀ ਬੋਲੀ ਬਹੁਤ ਹੀ ਮਿੱਠੀ ਅਤੇ ਠੇਠ ਪੰਜਾਬੀ ਹੁੰਦੀ ਹੈ ਜਿਸ ਵਿਚ ਬਾਰ, ਮਾਝੇ, ਦੁਆਬੇ, ਅਤੇ ਮਾਲਵੇ ਦੀ ਸ਼ਬਦਾਵਲੀ ਦੇ ਸ਼ਬਦਾਂ ਦੀ ਭਰਮਾਰ ਹੁੰਦੀ ਹੈ। ਜੀਅ ਕਰਦਾ ਉਹ ਲੰਬਾ ਸਮਾਂ ਗੱਲਾਂ ਕਰੀ ਜਾਵੇ ਅਤੇ ਅਸੀਂ ਸੁਣੀ ਜਾਈਏ। ਉਸ ਨੂੰ ਬੋਲਦਿਆਂ ਸੁਣ ਕੇ ਮੈਂ ਕਦੇ ਵੀ ਅੱਕਿਆ ਨਹੀਂ। ਬਲਵੰਤ ਗਾਰਗੀ ਆਪਣੀ ਖ਼ੂਬਸੂਰਤ ਅਤੇ ਦਿਲਾਂ ਨੂੰ ਮੋਹ ਲੈਣ ਵਾਲੀ ਸ਼ੈਲੀ ਲਈ ਮਸ਼ਹੂਰ ਸੀ। ਇਸ ਪੱਖ ਤੋਂ ਬਲਬੀਰ ਮੋਮੀ ਵੀ ਬਲਵੰਤ ਗਾਰਗੀ ਦੇ ਅੰਗ ਸੰਗ ਹੀ ਹੈ। ਬਲਬੀਰ ਮੋਮੀ ਦੀਆਂ ਲਿਖਤਾਂ ਪੜ੍ਹਦਿਆਂ ਉਸ ਦੀ ਸ਼ੈਲੀ ਦਿਲ ਨੂੰ ਇੰਨਾ ਕੀਲ ਲੈਂਦੀ ਹੈ ਕਿ



ਕਿਤਾਬ ਛੱਡਣ ਨੂੰ ਜੀਅ ਨਹੀਂ ਕਰਦਾ। ਲਿਖਤਾਂ ਵਾਂਗ ਹੀ ਆਮ ਬੋਲ-ਚਾਲ ਵਿਚ ਵੀ ਜਦੋਂ ਮੋਮੀ ਗੱਲਾਂ ਕਰਦਾ ਹੈ ਤਾਂ ਬਹੁਤ ਪਿਆਰਾ ਲਗਦਾ ਹੈ। ਆਮ ਗੱਲ-ਬਾਤ ਕਰਦਿਆਂ ਉਹ ਇੰਨੇ ਸੋਹਣੇ ਸੋਹਣੇ ਮੁਹਾਵਰੇ, ਸ਼ੇਅਰ, ਲੋਕ-ਕਥਾਵਾਂ ਵਗ਼ੈਰਾ ਵਗ਼ੈਰਾ ਵਰਤੇਗਾ ਕਿ ਉਸ ਦੀ ਯਾਦਦਾਸ਼ਤ ਅਤੇ ਬੋਲਣ-ਕਲਾ ਦੀ ਦਾਦ ਦਿੱਤਿਆਂ ਵਗ਼ੈਰ ਨਹੀਂ ਰਿਹਾ ਜਾ ਸਕਦਾ। ਉਹ ਲਗਾਤਾਰ ਬੋਲਦਾ ਜਾਂਦਾ ਹੈ ਅਤੇ ਉਸ ਨੂੰ ਖ਼ਿਆਲ ਵੀ ਨਹੀਂ ਰਹਿੰਦਾ ਕਿ ਤੁਸੀਂ ਵੀ ਕੁਝ ਕਹਿਣਾ ਹੋਵੇਗਾ। ਜੇ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਸ ਨੂੰ ਟੋਕਣਾ ਪਵੇਗਾ ਨਹੀਂ ਤਾਂ ਉਹ ਬੋਲਣਾ ਬੰਦ ਨਹੀਂ ਕਰੇਗਾ। ਉਸ ਨੂੰ ਆਪਣੀਆਂ ਗੱਲਾਂ ਸੁਣਾ ਕੇ ਸੁਆਦ ਆਉਂਦਾ ਹੈ। ਜਦੋਂ ਉਹ ਗੱਲਾਂ ਕਰਦਾ ਤਾਂ ਇੰਜ ਲਗਦਾ ਜਿਵੇਂ ਉਹ ਬਹੁਤ ਦਿਨਾਂ ਤੋਂ ਕਿਸੇ ਨਾਲ ਗੱਲਾਂ ਕਰਨ ਲਈ ਤਰਸ ਰਿਹਾ ਹੋਵੇ।

ਸਾਲ 1982 ਵਿਚ ਜਦੋਂ ਬਲਬੀਰ ਮੋਮੀ ਹੁਰਾਂ ਨੇ ਕੈਨੇਡਾ ਆਉਣਾ ਸੀ ਤਾਂ ਉਨ੍ਹਾਂ ਦੇ ਇਮੀਗਰੇਸ਼ਨ ਦੇ ਵੀਜ਼ੇ ਵਿਚ ਅੜਚਣ ਪੈ ਰਹੀ ਸੀ। ਕਿਸੇ ਵਾਕਫ਼ ਨੇ ਦੱਸਿਆ ਕਿ ਕਾਲਕਾ ਰੇਲਵੇ ਸਟੇਸ਼ਨ ਤੋਂ ਲਾਈਨਾਂ ਟੱਪ ਕੇ ਮੀਲ ਕੁ ਦੂਰ ਪਹਾੜੀ ਤੇ ਬਣੇ ਇਕ ਛੋਟੇ ਜਿਹੇ ਪਿੰਡ ਵਿਚ ਇਕ 90 ਸਾਲ ਦਾ ਪੰਡਤ ਰਹਿੰਦਾ ਹੈ। ਉਹ ਤੁਹਾਡਾ ਮੈਲਾ ਰੁਮਾਲ, ਮੈਲੀ ਬਨੈਣ ਜਾਂ ਕੱਛਾ ਸੁੰਘ ਕੇ ਦੱਸ ਦਿੰਦਾ ਹੈ ਕਿ ਤੁਸੀਂ ਕਿਉਂ ਆਏ ਹੋ, ਤੁਹਾਡੀ ਕੀ ਸਮੱਸਿਆ ਹੈ, ਅਤੇ ਇਸ ਦਾ ਕੀ ਹੱਲ ਹੈ। ਉਸ ਪੰਡਤ ਕੋਲ ਜਾਓ। ਬਲਬੀਰ ਮੋਮੀ, ਉਸ ਦੀ ਪਤਨੀ ਬਲਦੇਵ ਕੌਰ ਅਤੇ ਵੱਡੀ ਬੇਟੀ ਰਾਵੀ ਕਾਲਕਾ ਤੱਕ ਬੱਸ ਤੇ ਗਏ ਅਤੇ ਅੱਗੇ ਜੁਲਾਈ ਦੀ ਗਰਮੀ ਵਿਚ ਚੋਂਦੇ ਮੁੜ੍ਹਕੇ ਨਾਲ ਤੁਰ ਕੇ ਉਸ ਪੰਡਤ ਕੋਲ ਪਹੁੰਚੇ। ਅੱਗੇ ਬਹੁਤ ਸਾਰੇ ਲੋਕ ਆਪਣੇ ਕੱਛੇ ਬਨੈਣਾਂ ਲਫ਼ਾਫ਼ਿਆਂ ਵਿਚ ਪਾਈ ਇਕ ਵੱਡੇ ਸਾਰੇ ਜੇਲ੍ਹ ਨੁਮਾ ਕਮਰੇ ਵਿਚ ਮੁੜ੍ਹਕੇ ਨਾਲ ਭਿੱਜੇ ਤੜੇ ਬੈਠੇ ਸਨ। ਜਦੋਂ ਮੋਮੀ ਹੁਰਾਂ ਦੀ ਵਾਰੀ ਆਈ ਤਾਂ ਪੰਡਤ ਨੇ ਮੋਮੀ ਦਾ ਕੱਛਾ ਸੁੰਘ ਕੇ ਕਿਹਾ ਕਿ ਆਪ ਕੀ ਬਦੇਸ਼ ਜਾਣੇ ਕੀ ਸਮੱਸਿਆ ਮੇਂ ਰੁਕਾਵਟ ਹੈ। ਉਸ ਨੇ ਗੁੜ, ਤੇਲ, ਅਤੇ ਆਟੇ ਦੀਆਂ ਇਕ ਲੱਖ ਗੋਲੀਆਂ ਵੱਟ ਕੇ ਛੇ ਮਹੀਨੇ ਵਗਦੇ ਪਾਣੀ ਵਿਚ ਮੱਛੀਆਂ ਨੂੰ ਪਾਉਣ ਲਈ ਕਿਹਾ। ਮੋਮੀ ਹੁਰਾਂ ਨੇ ਹਾਲੇ ਇਕ ਹਜ਼ਾਰ ਗੋਲੀਆਂ ਹੀ ਪਾਈਆਂ ਸਨ ਕਿ ਉਨ੍ਹਾਂ ਦਾ ਕੈਨੇਡਾ ਦਾ ਵੀਜ਼ਾ ਆ ਗਿਆ। ਕਈ ਵਾਰੀ ਮੋਮੀ ਦੀਆਂ ਇਹੋ ਜਿਹੀਆਂ ਗੱਲਾਂ ਸੁਣ ਕੇ ਉਸ ਦੇ ਵੱਖਰੇ ਸੁਭਾ ਤੇ ਹਾਸਾ ਵੀ ਆਉਂਦਾ ਹੈ ਅਤੇ ਤਰਸ ਵੀ। ਇਸੇ ਕਰ ਕੇ ਹੀ ਉਸ ਦੀ ਪਤਨੀ ਉਸ ਨੂੰ ਵਹਿਮੀ ਸੁਭਾ ਦਾ ਕਹਿੰਦੀ ਸੀ। ਮੋਮੀ ਦੀ ਦਰਿਆ ਦਿਲੀ ਦੀ ਖ਼ੂਬੀ ਇਹ ਹੈ ਕਿ ਉਹ ਕੁਝ ਨਹੀਂ ਲੁਕਾਉਂਦਾ ਤੇ ਦੋਸਤਾਂ ਕੋਲ ਆਪਣੀਆਂ ਸਭ ਗੱਲਾਂ ਸੱਚ ਸੱਚ ਦੱਸ ਦਿੰਦਾ ਹੈ ਅਤੇ ਕਦੇ ਵੀ ਸੰਗਦਾ ਨਹੀਂ।

ਬਲਬੀਰ ਮੋਮੀ ਅਤੇ ਮੈਂ ਪਹਿਲੀ ਵਾਰੀ 1971 ਵਿਚ ਮਿਲੇ ਸੀ ਜਦੋਂ ਮੋਮੀ ਪੰਜਾਬ ਸਕੂਲ ਸਿੱਖਿਆ ਬੋਰਡ ਚੰਡੀਗੜ੍ਹ ਵਿਚ ਅਫ਼ਸਰ ਸੀ ਅਤੇ ਮੈਂ ਨਵਾਂ ਨਵਾਂ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਪੜ੍ਹਾਉਣ ਲੱਗਾ ਸੀ। ਪਤਾ ਨਹੀਂ ਕਿਵੇਂ ਅਸੀਂ ਬਹੁਤ ਛੇਤੀਂ ਹੀ ਇਕ ਦੂਜੇ ਦੇ ਬਹੁਤ ਗੂੜ੍ਹੇ ਦੋਸਤ ਬਣ ਗਏ ਭਾਵੇਂ ਮੋਮੀ ਮੇਰੇ ਤੋਂ 12-13 ਸਾਲ ਵੱਡਾ ਹੈ। ਚੰਡੀਗੜ੍ਹ ਰਹਿੰਦਿਆਂ ਮੇਰਾ ਉਸ ਦੇ ਘਰ ਆਉਣਾ-ਜਾਣਾ ਅਤੇ ਉਸ ਦਾ ਮੇਰੇ ਘਰ ਆਉਣਾ-ਜਾਣਾ ਇਕ ਰੋਜ਼ਾਨਾ ਜਿਹਾ ਸਿਲਸਿਲਾ ਬਣ ਗਿਆ ਸੀ। ਮੋਮੀ ਹੁਰਾਂ ਤੋਂ ਇਲਾਵਾ ਬਲਦੇਵ ਭੈਣ ਜੀ (ਮਿਸਿਜ਼ ਮੋਮੀ) ਅਤੇ ਉਨ੍ਹਾਂ ਦੀਆਂ ਚਾਰ ਧੀਆਂ (ਰਾਵੀ, ਨਿੱਕੀ, ਟਾਨੀਆਂ, ਅਤੇ ਨਿਸ਼ੀ) ਨਾਲ ਵੀ ਇੰਨੀ ਨੇੜਤਾ ਹੋ ਗਈ ਸੀ ਕਿ ਉਹ ਸਾਰੇ ਮੈਨੂੰ ਆਪਣਾ ਪਰਵਾਰ ਹੀ ਜਾਪਦੇ ਸਨ। ਚਾਰੇ ਧੀਆਂ ਜਦੋਂ ਜੀਅ ਕਰਦਾ ਤੁਰ ਕੇ ਹੀ ਆਪਣੇ ਘਰ ਤੋਂ ਮੇਰੇ ਘਰ ਨੂੰ ਆ ਜਾਂਦੀਆਂ ਸਨ। ਉਸ ਵੇਲੇ ਮੋਮੀ ਦੀ ਸਭ ਤੋਂ ਵੱਡੀ ਧੀ ਰਾਵੀ 16 ਕੁ ਸਾਲਾਂ ਦੀ ਸੀ ਅਤੇ ਸਭ ਤੋਂ ਛੋਟੀ ਧੀ ਨਿਸ਼ੀ ਅੱਠ ਕੁ ਸਾਲਾਂ ਦੀ। ਸਾਡੇ ਘਰਾਂ ਦਾ

ਫ਼ਾਸਲਾ ਕੋਈ ਮੀਲ-ਡੇਢ ਮੀਲ ਦਾ ਹੋਵੇਗਾ। ਉਸ ਵੇਲੇ ਮੋਮੀ ਹੁਰੀਂ ਅਠਾਰਾਂ ਸੈਕਟਰ ਦੀ ਇਕ ਨੁੱਕਰ ਵਾਲੀ ਕਨਾਲ ਦੀ ਖ਼ੂਬਸੂਰਤ ਕੋਠੀ ਵਿਚ ਬੜੇ ਠਾਠ ਨਾਲ ਰਹਿੰਦੇ ਸਨ ਅਤੇ ਮੈਂ ਛੜਾ-ਛੜਾਂਗ ਵੀਹ ਸੈਕਟਰ ਦੀ ਮਸੀਤ ਦੇ ਸਾਹਮਣੇ ਇਕ ਤਿੰਨ ਮੰਜ਼ਲੇ ਮਕਾਨ ਦੀ ਸਿਖਰਲੀ ਮੰਜ਼ਲ ਤੇ ਦੋ ਦੋਸਤਾਂ ਨਾਲ ਰਹਿੰਦਾ ਸੀ। ਬਲਬੀਰ ਮੋਮੀ ਅਤੇ ਮੇਰੇ ਸੁਭਾਵਾਂ ਵਿਚ ਬਹੁਤ ਜ਼ਿਆਦਾ ਵੱਖਰਤਾ ਹੋਣ ਦੇ ਬਾਵਜੂਦ ਵੀ ਸਾਡੀ ਦੋਸਤੀ ਵਿਚ ਇੰਨੇ ਲੰਬੇ ਸਮੇਂ ਤੋਂ ਫ਼ਰਕ ਨਹੀਂ ਪਿਆ। ਮੋਮੀ ਦਾ ਸੁਭਾਅ ਬਹੁਤ ਕਾਹਲਾ, ਅੱਥਰਾ, ਅਤੇ ਭਾਵੁਕਤਾ ਵਾਲਾ ਹੈ। ਮੇਰਾ ਸੁਭਾਅ ਬਹੁਤ ਸਹਿਜ ਅਤੇ ਸਹਿਣਸ਼ੀਲਤਾ ਵਾਲਾ ਹੈ। ਮੋਮੀ ਨੂੰ ਪੈਸੇ ਨਾਲ ਬਹੁਤ ਪਿਆਰ ਹੈ ਕਿਉਂਕਿ ਉਸ ਨੇ ਕਿਸੇ ਸਮੇਂ ਬਹੁਤ ਗ਼ਰੀਬੀ ਦੇਖੀ ਹੈ। ਮੈਂ ਕਦੇ ਵੀ ਪੈਸੇ ਨੂੰ ਪਿਆਰ ਨਹੀਂ ਕੀਤਾ ਭਾਵੇਂ ਮੈਂ ਵੀ ਜ਼ਿੰਦਗੀ ਵਿਚ ਕਈ ਵਾਰੀ ਤੰਗੀ ਦੇ ਸਮਿਆਂ ਵਿਚੋਂ ਲੰਘਿਆ ਹਾਂ। ਮੋਮੀ ਨੂੰ ਅਮੀਰ ਲੋਕਾਂ, ਵਜ਼ੀਰਾਂ, ਅਤੇ ਵੱਡੇ ਵੱਡੇ ਅਹੁਦਿਆਂ ਤੇ ਲੱਗੇ ਲੋਕਾਂ ਨਾਲ ਦੋਸਤੀ ਪਾ ਕੇ ਖ਼ੁਸ਼ੀ ਮਿਲਦੀ ਹੈ। ਮੈਂ ਇਹੋ ਜਿਹੇ ਲੋਕਾਂ ਤੋਂ ਕੋਹਾਂ ਦੂਰ ਰਹਿੰਦਾ ਹਾਂ। ਮੋਮੀ ਆਪਣੇ ਪਰਵਾਰ ਵਿਚਲੇ ਲੜਾਈਆਂ ਝਗੜਿਆਂ ਨੂੰ ਸ਼ਰ੍ਹੇਆਮ ਦੋਸਤਾਂ ਕੋਲ ਬਿਆਨ ਕਰਦਾ ਹੈ ਅਤੇ ਉਸ ਨੇ ਇਸ ਬਾਰੇ ਆਪਣੀ ਜੀਵਨੀ ਦੀਆਂ ਦੋ ਕਿਤਾਬਾਂ ਵਿਚ ਵੀ ਖੁੱਲ੍ਹ ਕੇ ਲਿਖਿਆ ਹੈ। ਮੇਰਾ ਵਿਚਾਰ ਹੈ ਕਿ ਪਰਵਾਰਕ ਲੜਾਈਆਂ ਝਗੜਿਆਂ ਨੂੰ ਪਰਵਾਰ ਵਿਚ ਹੀ ਰੱਖਣਾ ਚਾਹੀਦਾ ਹੈ। ਇਸ ਨਾਲ ਕਿਸੇ ਹੋਰ ਦਾ ਕੋਈ ਸੰਬੰਧ ਨਹੀਂ। ਮੈਂ ਅੰਗਰੇਜ਼ੀ ਦੇ ਇਸ ਅਖਾਣ ਵਿਚ ਵਿਸ਼ਵਾਸ ਰੱਖਦਾ ਹਾਂ ਕਿ "Never wash your laundry in public." ਭਾਵ ਕਿ ਆਪਣੇ ਗੰਦੇ ਕੱਪੜੇ ਸ਼ਰ੍ਹੇਆਮ ਲੋਕਾਂ ਦੇ ਸਾਹਮਣੇ ਨਾ ਧੋਵੋ। ਮੋਮੀ ਵਿਚ ਦੋਸਤਾਂ ਦੇ ਕੰਮ ਆਉਣ ਦੀ ਵਿਸ਼ੇਸ਼ਤਾਈ ਵੀ ਹੈ ਅਤੇ ਦੋਸਤਾਂ ਤੋਂ ਕੰਮ ਲੈਣ ਦੀ ਜਾਚ ਵੀ। ਇਸੇ ਕਾਰਨ ਜ਼ਿੰਦਗੀ ਵਿਚ ਉਸ ਦਾ ਕੋਈ ਵੀ ਕੰਮ ਹੋਣੋਂ ਕਦੇ ਰੁਕਿਆ ਨਹੀਂ। ਮੈਂ ਜ਼ਿੰਦਗੀ ਵਿਚ ਦੋਸਤਾਂ ਤੋਂ ਕੰਮ ਲੈਣ ਦਾ ਇਲਮ ਨਹੀਂ ਸਿੱਖ ਸਕਿਆ। ਬਲਬੀਰ ਮੋਮੀ ਅਤੇ ਮੇਰੀ ਦੋਸਤੀ ਦੇ ਇੰਨਾ ਚਿਰ ਜਿਉਂਦੇ ਰਹਿਣ ਦਾ ਇਕ ਕਾਰਨ ਇਹ ਵੀ ਹੈ ਕਿ 1971 ਤੋਂ ਹੀ ਮੇਰੀ ਮੋਮੀ ਦੇ ਸਾਰੇ ਪਰਵਾਰ ਨਾਲ ਹੀ ਬਹੁਤ ਨੇੜਤਾ ਬਣੀ ਰਹੀ ਹੈ। ਜੇ ਮੇਰੀ ਦੋਸਤੀ ਸਿਰਫ਼ ਬਲਬੀਰ ਮੋਮੀ ਨਾਲ ਹੀ ਹੁੰਦੀ ਤਾਂ ਸ਼ਾਇਦ ਸਾਡੇ ਸੁਭਾਵਾਂ ਵਿਚ ਇੰਨਾ ਫ਼ਰਕ ਹੋਣ ਦੇ ਕਾਰਨ ਇਹ ਦੋਸਤੀ ਇੰਨਾ ਲੰਬਾ ਸਮਾਂ ਨਾ ਜਿਉਂਦੀ ਰਹਿੰਦੀ।

ਉੱਨੀ ਸੌ ਸੱਠਵਿਆਂ ਅਤੇ ਸੱਤਰਵਿਆਂ ਵਿਚ ਬਲਬੀਰ ਮੋਮੀ ਦਾ ਪੰਜਾਬੀ ਸਾਹਿਤ ਵਿਚ ਕਾਫ਼ੀ ਵੱਡਾ ਨਾਂ ਸੀ। ਉਨ੍ਹਾਂ ਦਿਨਾਂ ਵਿਚ ਬਲਬੀਰ ਮੋਮੀ ਪੰਜਾਬੀ ਦੇ ਵਧੀਆ ਲੇਖਕਾਂ ਵਿਚ ਗਿਣਿਆ ਜਾਂਦਾ ਸੀ। ਉਸ ਨੇ ਕਹਾਣੀਆਂ, ਨਾਵਲ, ਨਾਟਕ, ਰੇਖਾ-ਚਿਤਰ, ਅਤੇ ਕੁਝ ਲੇਖ ਲਿਖਣ ਤੋਂ ਇਲਾਵਾ ਬਹੁਤ ਸਾਰਾ ਸਾਹਿਤ ਦੂਜੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਵਿਚ ਉਲਥਾਇਆ ਵੀ। ਉਸ ਦੇ ਕਹਾਣੀ ਸੰਗ੍ਰਹਿ ਹਨ: ਮਸਾਲੇ ਵਾਲਾ ਘੋੜਾ (1959 ਅਤੇ 1973), ਜੇ ਮੈਂ ਮਰ ਜਾਵਾਂ (1965), ਸ਼ੀਸ਼ੇ ਦਾ ਸਮੁੰਦਰ (1968), ਫੁੱਲ ਖਿੜੇ ਹਨ (ਸੰਪਾਦਨਾ, 1971), ਅਤੇ ਸਰ ਦਾ ਬੂਝਾ (1973)। ਉਸ ਦੇ ਨਾਵਲ ਹਨ: ਜੀਜਾ ਜੀ (1961), ਪੀਲਾ ਗੁਲਾਬ (1975), ਅਤੇ ਇਕ ਫੁੱਲ ਮੇਰਾ ਵੀ (1986)। ਉਸ ਦੇ ਦੋ ਨਾਟਕ ਛਪੇ: ਨੌਕਰੀਆਂ ਹੀ ਨੌਕਰੀਆਂ (1960), ਅਤੇ ਲੌਂਢਾ ਵੇਲਾ (1961)। ਉਸ ਦਾ ਨਾਵਲ 'ਜੀਜਾ ਜੀ' ਬਹੁਤ ਵਿਕਿਆ ਸੀ ਅਤੇ ਪੰਜਾਬੀ ਦੀ ਇਕ ਅਖ਼ਬਾਰ ਵਿਚ ਵੀ ਲੜੀਵਾਰ ਛਪਿਆ ਸੀ। ਇਸ ਨਾਵਲ ਦੇ ਹੁਣ ਤੱਕ ਕਈ ਐਡੀਸ਼ਨ ਛਪ ਚੁੱਕੇ ਹਨ। ਉਸ ਨੇ ਕੁਝ ਇਕਾਂਗੀ ਵੀ ਲਿਖੇ ਜੋ ਇੱਧਰ ਉੱਧਰ ਰਸਾਲਿਆਂ ਵਿਚ ਛਪੇ। ਲਗਭਗ ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਇਕੱਠਾ ਕਰ ਕੇ ਅਤੇ ਮੋਮੀ ਦੀਆਂ ਕੁਝ ਨਵੀਆਂ ਰਚਨਾਵਾਂ ਅਤੇ



ਉਸ ਬਾਰੇ ਕੁਝ ਲੇਖ ਪਾ ਕੇ 1999 ਵਿਚ ਡਾ. ਕਰਨੈਲ ਸਿੰਘ ਥਿੰਦ ਦੀ ਸੰਪਾਦਨਾ ਅਧੀਨ 700 ਸਫ਼ੇ ਦੀ "ਬਲਬੀਰ ਸਿੰਘ ਮੋਮੀ ਤੇ ਉਸ ਦਾ ਰਚਨਾ ਸੰਸਾਰ" ਕਿਤਾਬ ਛਪੀ ਸੀ। ਪਿਛਲੇ ਸਾਲਾਂ ਵਿਚ ਉਸ ਨੇ ਆਪਣੀ ਸਵੈ-ਜੀਵਨੀ "ਕਿਹੋ ਜਿਹਾ ਸੀ ਜੀਵਨ" ਦੇ ਦੋ ਭਾਗ ਛਪਵਾ ਲਏ ਹਨ ਅਤੇ ਤੀਜਾ ਭਾਗ ਲਿਖ ਰਿਹਾ ਹੈ। ਉਸ ਨੇ ਟਰੰਟੋ ਦੇ ਕੁਝ ਪਤਵੰਤੇ ਅਮੀਰ ਸੱਜਣਾਂ ਦੇ ਰੇਖਾ-ਚਿਤਰਾਂ ਦੀਆਂ ਦੋ ਕਿਤਾਬਾਂ "ਆਪੋ ਆਪਣੇ ਨਕਸ਼" ਅਤੇ "ਧਰਤ ਪਰਾਈ ਆਪਣੇ ਲੋਕ" ਛਪਵਾਈਆਂ ਹਨ ਜੋ ਮੈਨੂੰ ਬਿਲਕੁਲ ਪਸੰਦ ਨਹੀਂ ਆਈਆਂ। ਮੈਂ ਮੋਮੀ ਨੂੰ ਕਹਿ ਵੀ ਦਿੱਤਾ ਸੀ ਕਿ ਇਹੋ ਜਿਹੀਆਂ ਘਟੀਆ ਲਿਖਤਾਂ ਛਪਵਾਉਣ ਨਾਲੋਂ ਕਹਾਣੀਆਂ ਜਾਂ ਨਾਵਲ ਲਿਖ ਪਰ ਉਸ ਦਾ ਕਹਿਣਾ ਹੈ ਕਿ ਪੜ੍ਹਨ ਵਾਲਿਆਂ ਨੇ ਇਹ ਕਿਤਾਬਾਂ ਬਹੁਤ ਪਸੰਦ ਕੀਤੀਆਂ ਹਨ। ਮੈਨੂੰ ਨਹੀਂ ਪਤਾ ਕਿ ਮੋਮੀ ਨੂੰ ਇਨ੍ਹਾਂ ਕਿਤਾਬਾਂ 'ਚੋਂ ਕੁਝ ਡਾਲਰਾਂ ਦਾ ਫ਼ਾਇਦਾ ਹੋਇਆ ਹੈ ਕਿ ਨਹੀਂ ਅਤੇ ਨਾ ਹੀ ਮੈਂ ਮੋਮੀ ਨੂੰ ਇਸ ਬਾਰੇ ਪੁੱਛਿਆ ਹੈ। ਮੋਮੀ ਨੇ ਮੰਟੋ ਦੀਆਂ ਕਹਾਣੀਆਂ ਦਾ ਪੰਜਾਬੀ ਵਿਚ ਅਨੁਵਾਦ ਕਰ ਕੇ ਦੋ ਕਿਤਾਬਾਂ 1970 ਦੇ ਆਲ਼ੇ ਦੁਆਲੇ ਛਪਾਈਆਂ ਸਨ।

ਮੈਂ 1975 ਵਿਚ ਹਿੰਦੁਸਤਾਨ ਛੱਡ ਕੇ ਪਹਿਲਾਂ ਇੰਗਲੈਂਡ ਚਲੇ ਗਿਆ ਅਤੇ ਫਿਰ ਅਮਰੀਕਾ ਆ ਗਿਆ। ਇੱਥੇ ਪੀ.ਐਚ.ਡੀ. ਦੇ ਚੱਕਰ ਵਿਚ ਮੇਰਾ ਨਾਤਾ ਹਿੰਦੁਸਤਾਨ ਵਾਲੇ ਲਗਭਗ ਸਾਰੇ ਦੋਸਤਾਂ ਨਾਲੋਂ ਟੁੱਟ ਗਿਆ। ਮੋਮੀ ਦੀ ਬੇਟੀ ਨਿੱਕੀ ਦਾ ਵਿਆਹ 1974 ਵਿਚ ਕੈਨੇਡਾ ਰਹਿੰਦੇ ਇਕ ਲੜਕੇ ਨਾਲ ਹੋ ਗਿਆ ਸੀ ਅਤੇ ਉਹ 1975 ਵਿਚ ਕੈਨੇਡਾ ਆ ਗਈ ਸੀ। ਇਸ ਵਿਆਹ ਦਾ ਵਿਚੋਲਾ ਉਸ ਵੇਲੇ ਦਾ ਪੰਜਾਬ ਦਾ ਵਿੱਤ ਮੰਤਰੀ ਬਲਵੰਤ ਸਿੰਘ ਸੀ ਜੋ ਮੋਮੀ ਦਾ ਬਹੁਤ ਵਧੀਆ ਦੋਸਤ ਸੀ। ਮੋਮੀ ਦੀ ਹਮੇਸ਼ਾ ਇਹ ਇੱਛਾ ਸੀ ਕਿ ਉਹ ਕੈਨੇਡਾ ਜਾਂ ਅਮਰੀਕਾ ਜਾਵੇ। 1972 ਵਿਚ ਮੇਰਾ ਇਕ ਦੋਸਤ ਕੈਨੇਡਾ ਤੋਂ ਹਿੰਦੁਸਤਾਨ ਆਇਆ ਤਾਂ ਮੈਂ ਉਸ ਨੂੰ ਮੋਮੀ ਨਾਲ ਮਿਲਾਇਆ। ਮੋਮੀ ਉਸ ਨੂੰ ਕਹਿਣ ਲੱਗਾ, "ਮੈਨੂੰ ਕਿਸੇ ਤਰ੍ਹਾਂ ਕੈਨੇਡਾ ਲੈ ਚੱਲ। ਜੇ ਜਿਉਂਦੇ ਜੀਅ ਨਹੀਂ ਲਿਜਾ ਸਕਦਾ ਤਾਂ ਮੇਰੇ ਮਰੇ ਦੀਆਂ ਅਸਥੀਆਂ ਜ਼ਰੂਰ ਕੈਨੇਡਾ ਲਿਜਾ ਕੇ ਕਿਸੇ ਦਰਿਆ ਵਿਚ ਪਾ ਦੇਵੀਂ।" ਅਸੀਂ ਉਸ ਦੀ ਇਸ ਗੱਲ ਤੇ ਬਹੁਤ ਹੱਸੇ ਪਰ ਮੋਮੀ ਬਹੁਤ ਸੀਰੀਅਸ ਸੀ। ਫਿਰ ਆਪਣੀ ਬੇਟੀ ਨਿੱਕੀ ਦੀ ਮਦਦ ਨਾਲ 1982 ਵਿਚ ਵੱਡੀ ਧੀ ਰਾਵੀ ਤੋਂ ਇਲਾਵਾ ਮੋਮੀ ਦਾ ਸਾਰਾ ਪਰਿਵਾਰ ਕੈਨੇਡਾ ਆ ਗਿਆ। ਮੈਨੂੰ ਇਹ ਪਤਾ ਲੱਗ ਗਿਆ ਸੀ ਕਿ ਮੋਮੀ ਹੁਰੀਂ ਕੈਨੇਡਾ ਆ ਗਏ ਸਨ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਮੈਂ ਅਮਰੀਕਾ ਰਹਿੰਦਾ ਸੀ, ਪਰ ਅਸੀਂ ਦੋਵੇਂ ਇਕ ਦੂਜੇ ਨੂੰ ਲੱਭ ਨਾ ਸਕੇ। ਫਿਰ ਇਕ ਦਿਨ ਮੇਰੇ ਇਕ ਦੋਸਤ ਦਾ ਕੈਲੀਫ਼ੋਰਨੀਆਂ ਤੋਂ ਮੈਨੂੰ ਫ਼ੋਨ ਆਇਆ ਅਤੇ ਉਹ ਕਹਿਣ ਲੱਗਾ, "ਭਾਜੀ, ਤੁਹਾਨੂੰ ਕੋਈ ਟਰੰਟੋ ਰਹਿੰਦਾ ਬੰਦਾ ਲੱਭ ਰਿਹਾ।" ਮੈਂ ਪੁੱਛਿਆ, "ਤੈਨੂੰ ਕਿਵੇਂ ਪਤਾ?" ਉਹ ਕਹਿੰਦਾ, "ਵੈਨਕੂਵਰ ਤੋਂ ਛਪਦੇ ਇੰਡੋ-ਕਨੇਡੀਅਨ ਪੇਪਰ ਵਿਚ ਇਕ ਛੋਟੀ ਜਿਹੀ ਖ਼ਬਰ ਛਪੀ ਹੈ ਕਿਸੇ ਬਲਬੀਰ ਮੋਮੀ ਵੱਲੋਂ ਕਿ ਉਸ ਦਾ ਦੋਸਤ ਪ੍ਰੇਮ ਮਾਨ ਕਿਧਰੇ ਅਮਰੀਕਾ ਵਿਚ ਰਹਿੰਦਾ ਹੈ ਅਤੇ ਜੇ ਕਿਸੇ ਨੂੰ ਪਤਾ ਹੋਵੇ ਤਾਂ ਉਸ ਨੂੰ ਫ਼ੋਨ ਕਰੇ।" ਬਲਬੀਰ ਮੋਮੀ ਉਸ ਵੇਲੇ ਇੰਡੋ-ਕਨੇਡੀਅਨ ਅਖ਼ਬਾਰ ਲਈ ਖ਼ਬਰਾਂ ਲਿਖਦਾ ਹੁੰਦਾ ਸੀ। ਮੈਂ ਉਸੇ ਵੇਲੇ ਮੋਮੀ ਹੁਰਾਂ ਦਾ ਫ਼ੋਨ ਨੰਬਰ ਲੈ ਕੇ ਫ਼ੋਨ ਕਰ ਲਿਆ ਪਰ ਉਨ੍ਹਾਂ ਨੂੰ ਦੱਸਿਆ ਨਾ ਕਿ ਕੌਣ ਬੋਲਦਾ ਹਾਂ। ਮੈਂ ਮੋਮੀ ਨਾਲ 10-15 ਮਿੰਟ ਇਕ ਫ਼ਰਜ਼ੀ ਨਾਂ ਵਰਤ ਕੇ ਉਸ ਦੇ ਗੁਆਚੇ ਦੋਸਤ ਦੀਆਂ ਗੱਲਾਂ ਪੁੱਛਦਾ ਰਿਹਾ। ਅਖੀਰ ਮੇਰਾ ਹਾਸਾ ਨਿਕਲ ਗਿਆ ਅਤੇ ਮੋਮੀ ਨੇ ਮੈਨੂੰ ਪਛਾਣ ਲਿਆ। ਇਸ ਤਰ੍ਹਾਂ ਅਸੀਂ ਕਈ ਸਾਲਾਂ ਬਾਦ ਫਿਰ ਇਕ ਦੂਜੇ ਨਾਲ ਜੁੜ ਗਏ। ਉਸ ਤੋਂ ਬਾਦ ਅਸੀਂ ਕਈ ਵਾਰੀ ਟਰੰਟੋ ਮਿਲੇ ਹਾਂ ਅਤੇ ਉਹ ਵੀ ਇਕ ਵਾਰੀ ਅਮਰੀਕਾ ਆਏ ਮਿਲੇ ਸਨ। ਫ਼ੋਨ ਤੇ ਗੱਲ ਤਾਂ ਬਹੁਤ ਵਾਰੀ ਹੁੰਦੀ

ਰਹਿੰਦੀ ਹੈ। ਮੋਮੀ ਨੇ ਕੈਨੇਡਾ ਆਉਣ ਤੋਂ ਪਹਿਲਾਂ ਹੀ ਮੁਹਾਲੀ ਵਿਚ ਪਲਾਟ ਲੈ ਕੇ ਕੋਠੀ ਬਣਾ ਲਈ ਸੀ ਜਿਸ ਲਈ ਉਸ ਨੇ ਇਕ ਲੱਖ ਰੁਪਏ ਦੇ ਕਰੀਬ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਰਜ਼ਾ ਲਿਆ ਸੀ ਅਤੇ ਕੁਝ ਦੋਸਤਾਂ ਤੋਂ ਪੈਸਾ ਉਧਾਰਾ ਲਿਆ ਸੀ। ਕੈਨੇਡਾ ਆਉਣ ਵੇਲੇ ਉਸ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਧਾਰ ਲਿਆ ਪੈਸਾ ਮੋੜਨ ਅਤੇ ਜਹਾਜ਼ ਦੀਆਂ ਟਿਕਟਾਂ ਲੈਣ ਲਈ ਪੈਸਾ ਇਕੱਠਾ ਕਰਨ ਵਿਚ ਕਾਫ਼ੀ ਸਮੱਸਿਆ ਆਈ। ਕੈਨੇਡਾ ਪਹੁੰਚ ਕੇ ਉਸ ਨੇ ਕਈ ਛੋਟੀਆਂ ਛੋਟੀਆਂ ਨੌਕਰੀਆਂ ਕੀਤੀਆਂ। ਪਹਿਲਾਂ ਪਹਿਲਾਂ ਉਸ ਨੇ ਗੋਡਿਆਂ ਤੱਕ ਰਬੜ ਦੇ ਬੂਟ ਪਾ ਕੇ ਅਤੇ ਹੱਥਾਂ ਵਿਚ ਲੰਬੇ ਦਸਤਾਨੇ ਪਾ ਕੇ ਮੀਂਹ ਪੈਣ ਤੇ ਖੇਤਾਂ ਵਿਚੋਂ ਕਿਸੇ ਲਈ ਗੰਡੋਏ ਇਕੱਠੇ ਕਰਨ ਦਾ ਕੰਮ ਵੀ ਕੀਤਾ। ਹੌਲੀ ਹੌਲੀ ਉਸ ਨੂੰ ਪੰਜਾਬੀ ਵਿਚ ਉਲਥਾ ਕਰਨ ਦੀ ਨੌਕਰੀ ਮਿਲ ਗਈ। ਉਸ ਨੇ ਟਰੰਟੋ ਤੋਂ ਛਪਦੀਆਂ ਪੰਜਾਬੀ ਦੀਆਂ ਕਈ ਅਖ਼ਬਾਰਾਂ ਲਈ ਵੀ ਕੰਮ ਕੀਤਾ ਅਤੇ ਅਜੇ ਵੀ ਇਹ ਕੰਮ ਕਰ ਰਿਹਾ ਹੈ। ਦੋ-ਤਿੰਨ ਸਾਲ ਪਹਿਲਾਂ ਉਸ ਨੇ ਮੁਹਾਲੀ ਵਾਲੀ ਕੋਠੀ ਵੇਚ ਦਿੱਤੀ ਸੀ। ਕੁਝ ਮਹੀਨੇ ਪਹਿਲਾਂ ਮੋਮੀ ਸ਼ਿਕਾਇਤ ਕਰ ਰਿਹਾ ਸੀ ਕਿ ਉਹ ਸਾਰਾ ਪੈਸਾ ਉਸ ਦੀ ਇਕ ਬੇਟੀ ਨੇ ਆਪਣਾ ਬਿਜ਼ਨਸ ਵਧਾਉਣ ਲਈ ਲੈ ਲਿਆ ਸੀ ਅਤੇ ਹਾਲੇ ਮੋੜਨ ਦਾ ਨਾਂ ਵੀ ਨਹੀਂ ਲੈਂਦੀ। ਉਹ ਕਹਿ ਰਿਹਾ ਸੀ ਕਿ ਪਤਾ ਨਹੀਂ ਉਹ ਪੈਸਾ ਮੁੜੇ ਵੀ ਕਿ ਨਾ ਅਤੇ ਦੂਜੀਆਂ ਬੇਟੀਆਂ ਨੂੰ ਉਨ੍ਹਾਂ ਦਾ ਹਿੱਸਾ ਮਿਲੇ ਵੀ ਕਿ ਨਾ। ਇਹ ਦੱਸਦਾ ਹੋਇਆ ਉਹ ਕੁਝ ਚਿੰਤਾਤੁਰ ਅਤੇ ਉਦਾਸ ਲੱਗ ਰਿਹਾ ਸੀ। ਮੋਮੀ ਦੀਆਂ ਦੋ ਬੇਟੀਆਂ ਦੇ ਟਰੰਟੋ ਦੇ ਇਲਾਕੇ ਵਿਚ ਕਾਫ਼ੀ ਵੱਡੇ ਬਿਜ਼ਨਸ ਹਨ। ਉਸ ਦੀਆਂ ਤਿੰਨ ਬੇਟੀਆਂ ਟਰੰਟੋ ਦੇ ਇਲਾਕੇ ਵਿਚ ਰਹਿੰਦੀਆਂ ਹਨ ਅਤੇ ਇਕ ਬੇਟੀ ਕੈਲੀਫ਼ੋਰਨੀਆਂ ਰਹਿੰਦੀ ਹੈ।

ਮੋਮੀ ਦੇ ਸੁਭਾ ਦੀਆਂ ਕਈ ਅਜੀਬ ਵਿਸ਼ੇਸ਼ਤਾਈਆਂ ਹਨ - ਕੁਝ ਚੰਗੀਆਂ ਅਤੇ ਕੁਝ ਮਾੜੀਆਂ। ਇਹ ਕੋਈ 1994-95 ਦੀ ਗੱਲ ਹੈ, ਮੋਮੀ ਅਤੇ ਉਸ ਦੇ ਦੋ-ਤਿੰਨ ਦੋਸਤ ਕਾਰ ਰਾਹੀਂ ਟਰੰਟੋ ਤੋਂ ਵਾਸ਼ਿੰਗਟਨ ਨੂੰ ਇਕ ਪੰਜਾਬੀ ਕਾਨਫ਼ਰੰਸ ਵਿਚ ਸ਼ਾਮਲ ਹੋਣ ਲਈ ਗਏ। ਮੈਂ ਉਦੋਂ ਅਮਰੀਕਾ ਦੇ ਕਨੈਟੀਕਟ ਸੂਬੇ ਦੇ ਇਕ ਛੋਟੇ ਜਿਹੇ ਸ਼ਹਿਰ ਵਿਚ ਰਹਿੰਦਾ ਸੀ ਜਿੱਥੇ ਮੈਂ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਸੀ ਅਤੇ ਜੋ ਨਿਊ ਯਾਰਕ ਅਤੇ ਬਾਸਟਨ ਦੇ ਵਿਚਕਾਰ ਜਿਹੇ ਹੈ। ਵਾਸ਼ਿੰਗਟਨ ਤੋਂ ਟਰੰਟੋ ਨੂੰ ਵਾਪਸ ਜਾਂਦਿਆਂ ਮੋਮੀ ਦਾ ਇਕ ਦਮ ਮੈਨੂੰ ਮਿਲਣ ਦਾ ਵਿਚਾਰ ਬਣ ਗਿਆ। ਉਹ ਅਤੇ ਉਸ ਦੇ ਦੋਸਤ ਮੈਨੂੰ ਬਿਨਾਂ ਦੱਸੇ ਵਾਸ਼ਿੰਗਟਨ ਤੋਂ ਸਾਡੇ ਸ਼ਹਿਰ ਦੇ ਰਾਹੇ ਪੈ ਗਏ। ਉਨ੍ਹਾਂ ਨੇ ਮੈਨੂੰ ਫ਼ੋਨ ਕਰਨਾ ਵੀ ਮੁਨਾਸਬ ਨਾ ਸਮਝਿਆ। ਉਸ ਵੇਲੇ ਮੋਬਾਈਲ ਫ਼ੋਨ ਆਇਆਂ ਨੂੰ ਹਾਲੇ ਥੋੜ੍ਹੀ ਦੇਰ ਹੀ ਹੋਈ ਸੀ ਅਤੇ ਇਹ ਕਿਸੇ ਕਿਸੇ ਕੋਲ ਹੀ ਸੀ। ਮੋਮੀ ਹੁਰੀਂ ਰਾਤ ਨੂੰ ਗਿਆਰਾਂ-ਬਾਰਾਂ ਵਜੇ ਸਾਡੇ ਸ਼ਹਿਰ ਪਹੁੰਚੇ ਪਰ ਉਨ੍ਹਾਂ ਨੂੰ ਸਾਡਾ ਘਰ ਨਾ ਲੱਭੇ। ਉਨ੍ਹਾਂ ਨੇ ਕੁਝ ਘਰਾਂ ਦੇ ਦਰਵਾਜ਼ੇ ਵੀ ਖੜਕਾਏ ਪਤਾ ਕਰਨ ਲਈ ਪਰ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ। ਸ਼ੁਕਰ ਹੈ ਕਿ ਉਸ ਵੇਲੇ ਅੱਜ-ਕੱਲ੍ਹ ਵਾਂਗ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਅਜੇ ਸਿੱਖਾਂ ਵਿਰੁੱਧ ਇੰਨਾ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਰਾਤ ਦੇ ਬਾਰਾਂ ਵਜੇ ਪੱਗਾਂ ਅਤੇ ਲੰਬੀਆਂ ਦਾੜ੍ਹੀਆਂ ਵਾਲਿਆਂ ਨੂੰ ਮੁਸਲਮਾਨ ਸਮਝ ਕੇ ਕੋਈ ਵੀ ਗੋਲੀ ਮਾਰ ਸਕਦਾ ਸੀ। ਭੁੱਲਦੇ ਭੁਲਾਉਂਦੇ ਉਸ ਵੇਲੇ ਖੁੱਲ੍ਹੀਆਂ ਦੁਕਾਨਾਂ ਤੋਂ ਪੁੱਛਦੇ ਪੁਛਾਉਂਦੇ ਮੋਮੀ ਹੁਰੀਂ ਦੋ ਕੁ ਵਜੇ ਸਾਡੇ ਘਰ ਦਾ ਬੂਹਾ ਆ ਖੜਕਾਇਆ। ਮੈਂ ਉੱਠ ਕੇ ਦੇਖਿਆ ਤਾਂ ਬਾਹਰ ਮੋਮੀ ਅਤੇ ਉਸ ਦੇ ਦੋਸਤ ਖੜ੍ਹੇ ਸਨ।

ਬਹੁਤ ਸਾਰੇ ਮਰਦ ਪੰਜਾਬੀ ਲੇਖਕਾਂ ਨੂੰ ਸ਼ਰਾਬ ਅਤੇ ਔਰਤ ਦੇ ਇਸ਼ਕ ਨੇ ਤਬਾਹ ਕੀਤਾ ਹੈ। ਸਾਰੇ ਨਹੀਂ ਪਰ ਕਈ ਲੇਖਕ ਜਿਨ੍ਹਾਂ ਨੇ ਗ਼ਰੀਬੀ ਵਿਚ ਜ਼ਿੰਦਗੀ ਗੁਜ਼ਾਰੀ ਹੈ ਉਨ੍ਹਾਂ ਦੇ ਗ਼ਰੀਬ



ਹੋਣ ਦਾ ਕਾਰਨ ਸ਼ਰਾਬ ਦੀ ਭੈੜੀ ਆਦਤ ਵੀ ਹੁੰਦੀ ਹੈ ਅਤੇ ਕਈ ਵਾਰੀ ਮਾਸ਼ੂਕ ਦਾ ਖ਼ਰਚ ਵੀ ਇਸ ਗ਼ਰੀਬੀ ਦਾ ਕਾਰਨ ਬਣ ਜਾਂਦਾ ਹੈ। ਘਰ ਵਿਚ ਪਤਨੀ ਅਤੇ ਬੱਚਿਆਂ ਲਈ ਭਾਵੇਂ ਆਟਾ ਅਤੇ ਦਾਲ-ਸਬਜ਼ੀ ਹੋਵੇ ਜਾਂ ਨਾ ਪਰ ਉਨ੍ਹਾਂ ਨੂੰ ਸ਼ਰਾਬ ਜ਼ਰੂਰ ਚਾਹੀਦੀ ਹੁੰਦੀ ਹੈ। ਮਰਦਾਂ ਦੀ ਔਰਤਾਂ ਵਿਚ ਅਤੇ ਔਰਤਾਂ ਦੀ ਮਰਦਾਂ ਵਿਚ ਦਿਲਚਸਪੀ ਹੋਣੀ ਸੁਭਾਵਕ ਅਤੇ ਕੁਦਰਤੀ ਗੱਲ ਹੈ ਪਰ ਜੇ ਇਹ ਦਿਲਚਸਪੀ ਬਹੁਤ ਜ਼ਿਆਦਾ ਹੋ ਜਾਵੇ ਤਾਂ ਇਹ ਹਾਨੀਕਾਰਕ ਸਾਬਤ ਹੋ ਸਕਦੀ ਹੈ। ਬਲਬੀਰ ਮੋਮੀ ਵੀ ਸ਼ਰਾਬ ਦਾ ਬਹੁਤ ਸ਼ੌਕੀਨ ਰਿਹਾ ਹੈ। ਔਰਤਾਂ ਵਿਚ ਵੀ ਉਸ ਦੀ ਦਿਲਚਸਪੀ ਬਹੁਤ ਜ਼ਿਆਦਾ ਰਹੀ ਹੈ, ਕਮਜ਼ੋਰੀ ਦੀ ਹੱਦ ਤੱਕ। ਜਦੋਂ ਅਸੀਂ ਚੰਡੀਗੜ੍ਹ ਰਹਿੰਦੇ ਸੀ ਤਾਂ ਮੈਂ ਮੋਮੀ ਬਾਰੇ ਇਹ ਵੀ ਕਹਿੰਦਾ ਹੁੰਦਾ ਸੀ ਕਿ ਉਸ ਨੂੰ ਸ਼ਰਾਬ ਦੇ ਲਾਲਚ ਲਈ ਭਾਵੇਂ ਚੰਡੀਗੜ੍ਹ ਤੋਂ ਕਾਲਕਾ ਤੱਕ ਤੋਰ ਕੇ ਲੈ ਜਾਓ, ਉਹ ਬੜੀ ਖ਼ੁਸ਼ੀ ਨਾਲ ਤੁਰ ਕੇ ਚਲੇ ਜਾਵੇਗਾ। ਅਮਰੀਕਾ ਤੋਂ ਮੈਂ ਜਿੰਨੀ ਵਾਰੀ ਵੀ ਟਰੰਟੋ ਗਿਆਂ, ਮੈਂ ਉਸ ਨੂੰ ਹਰ ਵਾਰੀ ਪੁੱਛ ਲੈਂਦਾ ਹਾਂ ਜੇ ਕੋਈ ਚੀਜ਼ ਅਮਰੀਕਾ ਤੋਂ ਚਾਹੀਦੀ ਹੈ। ਹਮੇਸ਼ਾ ਉਸ ਦਾ ਇਕੋ ਜਵਾਬ ਹੁੰਦਾ ਹੈ, "ਵਿਸਕੀ ਦੇ ਜਿੰਨੇ ਵੀ ਘੜੇ ਲਿਆ ਸਕਦਾਂ ਲੈ ਆਵੀਂ।" ਜ਼ਿਆਦਾ ਬਲੱਡ ਪਰੈਸ਼ੱਰ ਹੋਣ ਕਾਰਨ ਡਾਕਟਰਾਂ ਨੇ ਉਸ ਨੂੰ ਸ਼ਰਾਬ ਪੀਣ ਤੋਂ ਬਹੁਤ ਦੇਰ ਤੋਂ ਮਨਾਂ ਕੀਤਾ ਹੋਇਆ ਹੈ ਪਰ ਉਹ ਫਿਰ ਵੀ ਇਸ ਨੂੰ ਤਿਆਗ ਨਹੀਂ ਸਕਿਆ। ਹੁਣ ਉਸ ਨੇ ਪੀਣੀ ਕੁਝ ਘਟਾ ਦਿੱਤੀ ਹੈ।

ਮੋਮੀ ਦੇ ਦੋਸਤ ਬਹੁਤ ਹਨ। ਇਨ੍ਹਾਂ ਦੀ ਕੋਈ ਵੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਦੋਸਤਾਂ ਵਿਚ ਮਸ਼ਹੂਰ ਲੇਖਕ ਵੀ ਹਨ, ਰਾਜਨੀਤਕ ਲੀਡਰ (ਮੁੱਖ ਮੰਤਰੀ, ਵਜ਼ੀਰ, ਐਮ.ਐਲ.ਏ., ਐਮ.ਪੀ,) ਵੀ, ਜੱਜ ਵੀ, ਅਤੇ ਆਈ.ਏ.ਐਸ. ਅਤੇ ਪੀ.ਸੀ.ਐਸ. ਅਫ਼ਸਰ ਵੀ ਹਨ। ਮੋਮੀ ਨੇ ਕੋਈ ਵੀ ਕੰਮ ਕਰਾਉਣਾ ਹੋਵੇ, ਉਸ ਨੂੰ ਇਨ੍ਹਾਂ ਦੋਸਤੀਆਂ ਕਾਰਨ ਕਦੇ ਅੜਚਣ ਨਹੀਂ ਆਈ। ਹਿੰਦੁਸਤਾਨ ਰਹਿੰਦਿਆਂ ਉਸ ਨੇ ਪਹਿਲਾਂ ਮਿਡਲ ਸਕੂਲ ਅਤੇ ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹਾਇਆ, ਫਿਰ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਅਫ਼ਸਰੀ ਕੀਤੀ, ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਖੋਜ-ਸਹਾਇਕ ਅਤੇ ਲੈਕਚਰਾਰ ਦੇ ਤੌਰ ਤੇ ਨੌਕਰੀ ਕੀਤੀ, ਅਖੀਰ ਵਿਚ ਫਿਰ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਅਫ਼ਸਰੀ ਕੀਤੀ। ਇਹ ਨੌਕਰੀਆਂ ਉਸ ਨੇ ਆਪਣੀ ਮੈਰਿਟ ਦੇ ਆਧਾਰ ਤੇ ਲਈਆਂ ਜਾਂ ਅਸਰ ਰਸੂਖ਼ ਨਾਲ, ਇਹ ਤਾਂ ਮੋਮੀ ਹੀ ਦੱਸ ਸਕਦਾ ਹੈ। ਵੈਸੇ ਉਹ ਫ਼ਾਰਸੀ ਦੀ ਬੀ.ਏ. ਹੈ ਅਤੇ ਪੰਜਾਬੀ ਦੀ ਐਮ.ਏ. ਹੈ। ਕੁਲਵੰਤ ਸਿੰਘ ਵਿਰਕ, ਬਲਵੰਤ ਗਾਰਗੀ, ਅਤੇ ਸ਼ਿਵ ਕੁਮਾਰ ਵਰਗੇ ਮਸ਼ਹੂਰ ਲੇਖਕ ਉਸ ਦੇ ਜਿਗਰੀ ਦੋਸਤ ਸਨ ਅਤੇ ਉਸ ਦੇ ਚੰਡੀਗੜ੍ਹ ਵਾਲੇ ਘਰ ਆਮ ਹੀ ਆਉਂਦੇ ਰਹਿੰਦੇ ਸਨ। ਭਾਵੇਂ ਮੈਂ ਸ਼ਿਵ ਕੁਮਾਰ ਨੂੰ ਇਕ ਵਾਰੀ ਪਹਿਲਾਂ ਮਿਲ ਚੁੱਕਾ ਸੀ ਪਰ ਚੰਡੀਗੜ੍ਹ ਆ ਕੇ ਮੈਂ ਸ਼ਿਵ ਨੂੰ ਕਈ ਵਾਰੀ ਬਲਬੀਰ ਮੋਮੀ ਨਾਲ ਮਿਲਿਆ - ਮੋਮੀ ਦੇ ਘਰ ਵੀ, ਮੇਰੇ ਘਰ ਵੀ, ਅਤੇ ਸ਼ਿਵ ਕੁਮਾਰ ਦੇ ਘਰ ਵੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰਹਿ ਚੁੱਕੇ ਪੰਜਾਬੀ ਦੇ ਪ੍ਰੋਫੈਸਰ ਡਾ. ਕਰਨੈਲ ਸਿੰਘ ਥਿੰਦ ਵੀ ਮੋਮੀ ਦੇ ਖ਼ਾਸ ਦੋਸਤ ਹਨ। ਉਨ੍ਹਾਂ ਦੀ ਮਿਹਰਬਾਨੀ ਨਾਲ ਹੀ ਮੋਮੀ ਦੋ ਸਾਲਾਂ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਖੋਜ-ਸਹਾਇਕ ਅਤੇ ਲੈਕਚਰਾਰ ਬਣ ਕੇ ਗਿਆ ਸੀ। ਪਰ ਮੋਮੀ ਦੀ ਉਸ ਵੇਲੇ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਪਿਆਰ ਸਿੰਘ ਨਾਲ ਨਾ ਬਣਨ ਕਰ ਕੇ ਉਹ ਦੋ ਸਾਲਾਂ ਬਾਦ ਹੀ ਵਾਪਸ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਫਿਰ ਆ ਲੱਗਾ। ਵੀਹ-ਪੱਚੀ ਕੁ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਮੋਮੀ ਟਰੰਟੋ ਤੋਂ ਹਿੰਦੁਸਤਾਨ ਗਿਆ ਹੋਇਆ ਸੀ, ਉਸ ਦਾ ਮੈਨੂੰ ਅਮਰੀਕਾ ਫ਼ੋਨ ਆਇਆ ਅਤੇ ਮੈਨੂੰ ਕਹਿਣ ਲੱਗਾ, "ਪ੍ਰੇਮ, ਮੁਹਾਲੀ ਵਿਚ ਨਵੇਂ ਪਲਾਟ ਅਲਾਟ ਹੋ ਰਹੇ ਹਨ। ਜਿਹੜਾ ਜੱਜ

ਇਹ ਪਲਾਟ ਅਲਾਟ ਕਰਦਾ, ਉਹ ਮੇਰਾ ਦੋਸਤ ਐ। ਜੇ ਪਲਾਟ ਚਾਹੀਦਾ ਤਾਂ ਗੱਲ ਕਰ। ਕੁਝ ਪੈਸੇ ਲੱਗਣਗੇ।" ਮੈ ਕਿਹਾ, "ਮੋਮੀ ਸਾਹਿਬ, ਪਹਿਲੀ ਗੱਲ ਤਾਂ ਇਹ ਕਿ ਮੈਂ ਪਲਾਟ ਲੈਣਾ ਹੀ ਨਹੀਂ। ਦੂਜੀ ਗੱਲ ਇਹ ਕਿ ਜੇ ਲੈਣਾ ਵੀ ਹੋਇਆ ਤਾਂ ਕਿਸੇ ਨੂੰ ਰਿਸ਼ਵਤ ਦੇ ਕੇ ਨਹੀਂ ਲੈਣਾ।" ਮੇਰੀ ਥਾਂ ਜੇ ਕੋਈ ਹੋਰ ਹੁੰਦਾ ਤਾਂ ਇਕ ਦੋ ਪਲਾਟ ਲੈ ਕੇ ਅੱਜ ਕਰੋੜ-ਪਤੀ ਬਣਿਆ ਹੁੰਦਾ।

ਬਲਬੀਰ ਮੋਮੀ ਬਹੁਤ ਜੀ ਭਾਵਕ ਅਤੇ ਜਜ਼ਬਾਤੀ ਇਨਸਾਨ ਹੈ। ਉਹ ਕਈ ਵਾਰੀ ਛੋਟੀ ਛੋਟੀ ਗੱਲ ਤੇ ਜੋਸ਼ ਵਿਚ ਆ ਜਾਂਦਾ। ਚੰਡੀਗੜ੍ਹ ਰਹਿੰਦਿਆਂ ਮੇਰੇ ਘਰ ਸ਼ੀਸ਼ੇ ਦਾ ਮੇਜ਼ ਸੀ। ਮੋਮੀ ਨੇ ਦੋ ਵਾਰੀ ਗੱਲਾਂ ਕਰਦੇ ਨੇ ਜੋਸ਼ ਵਿਚ ਆ ਕੇ ਮੇਜ਼ ਤੇ ਜ਼ੋਰ ਨਾਲ ਮੁੱਕਾ ਮਾਰ ਕੇ ਸ਼ੀਸ਼ਾ ਤੋੜ ਦਿੱਤਾ ਸੀ। ਸ਼ੁਕਰ ਇਹ ਕਿ ਮੋਮੀ ਦੇ ਕੋਈ ਸੱਟ ਚੋਟ ਨਹੀਂ ਸੀ ਲੱਗੀ। ਘਰ ਵਿਚ ਵੀ ਉਹ ਕਈ ਵਾਰੀ ਛੋਟੀ ਛੋਟੀ ਗੱਲ ਤੇ ਤਪਸ਼ ਵਿਚ ਆ ਕੇ ਆਪਣੀਆਂ ਬੇਟੀਆਂ ਨਾਲ ਲੜ ਪੈਂਦਾ। ਕਈ ਵਾਰੀ ਤਾਂ ਮਹੀਨਿਆਂ ਬੱਧੀ ਜਾਂ ਸਾਲਾਂ ਬੱਧੀ ਮੋਮੀ ਕਿਸੇ ਨਾ ਕਿਸੇ ਬੇਟੀ ਨਾਲ ਰੁੱਸਿਆ ਬੋਲਦਾ ਹੀ ਨਹੀਂ। ਖ਼ਾਸ ਕਰ ਕੇ ਆਪਣੀ ਬੇਟੀ ਨਿੱਕੀ ਨਾਲ ਤਾਂ ਮੋਮੀ ਦੀ ਲੜਾਈ ਆਮ ਹੀ ਹੁੰਦੀ ਰਹਿੰਦੀ ਹੈ। ਨਿੱਕੀ ਵੀ ਮੋਮੀ ਵਾਂਗ ਹੀ ਬਹੁਤ ਭਾਵਕ ਅਤੇ ਜਜ਼ਬਾਤੀ ਹੈ ਅਤੇ ਝੱਟ ਹੀ ਗ਼ੁੱਸੇ ਵਿਚ ਆ ਜਾਂਦੀ ਹੈ। ਮੋਮੀ ਦੀ ਅਤੇ ਉਸ ਦੀ ਪਤਨੀ ਦੀ ਸਾਰੀ ਉਮਰ ਹੀ ਨਹੀਂ ਬਣੀ। ਉਨ੍ਹਾਂ ਦੀ ਆਪੋ ਵਿਚ ਲੜਾਈ ਸਾਰੀ ਉਮਰ ਹੀ ਰਹੀ ਹੈ। ਮੋਮੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਤਨੀ ਥਾਣੇਦਾਰ ਦੀ ਧੀ ਹੋਣ ਕਰ ਕੇ ਰੋਹਬ ਬਹੁਤ ਪਾਉਂਦੀ ਰਹੀ ਹੈ ਅਤੇ ਮੋਮੀ ਰੋਹਬ ਝੱਲਦਾ ਨਹੀਂ। ਬਲਦੇਵ ਭੈਣ ਜੀ ਦਾ ਕਹਿਣਾ ਸੀ ਕਿ ਮੋਮੀ ਘਰ ਵੱਲ ਧਿਆਨ ਨਹੀਂ ਦਿੰਦਾ ਅਤੇ ਸ਼ਰਾਬ ਦੀ ਭੈੜੀ ਆਦਤ ਦਾ ਸ਼ਿਕਾਰ ਹੈ। ਕੈਨੇਡਾ ਆ ਕੇ ਬਲਬੀਰ ਮੋਮੀ ਤਾਂ ਸਦਾ ਹੀ ਆਪਣੀ ਬੇਟੀ ਨਿਸ਼ੀ ਅਤੇ ਜੁਆਈ ਦਰਸ਼ਨ ਨਾਲ ਹੀ ਰਿਹਾ ਹੈ। ਬਲਦੇਵ ਭੈਣ ਜੀ ਕਈ ਵਾਰੀ ਮੋਮੀ ਨਾਲ ਲੜ ਕੇ ਆਪਣੀ ਧੀ ਰਾਵੀ ਨਾਲ ਲੰਬਾ ਸਮਾਂ ਰਹੀ ਸੀ। ਬਲਦੇਵ ਭੈਣ ਜੀ 2016 ਵਿਚ ਰੱਬ ਨੂੰ ਪਿਆਰੇ ਹੋ ਗਏ। ਇਹ ਦੁਖਦਾਈ ਖ਼ਬਰ ਦੇਣ ਲਈ ਬਲਬੀਰ ਮੋਮੀ ਦਾ ਮੈਨੂੰ ਫੋਨ ਆਇਆ। ਗੱਲਾਂ ਕਰਦਿਆਂ ਉਸ ਨੇ ਦੱਸਿਆ, "ਸਾਰੀ ਉਮਰ ਸਾਡੀ ਲੜਾਈ ਹੁੰਦੀ ਰਹੀ। ਅਸੀਂ ਕਈ ਕਈ ਸਾਲ ਆਪਸ ਵਿਚ ਬੋਲੇ ਨਹੀਂ। ਪਰ ਮਿਸਿਜ਼ ਦੀ ਮੌਤ ਤੇ ਮੈਂ ਬਹੁਤ ਰੋਇਆ। ..." ਬਹੁਤ ਸਾਲ ਪਹਿਲਾਂ ਮਿਸਿਜ਼ ਮੋਮੀ ਨੇ ਆਪਣੇ ਪਤੀ ਬਾਰੇ ਇਕ ਲੇਖ ਲਿਖਿਆ ਸੀ ਜਿਸ ਦਾ ਸਿਰਲੇਖ ਸੀ "ਬਲਬੀਰ ਮੋਮੀ: ਆਪਣੀ ਪਤਨੀ ਦੀਆਂ ਨਜ਼ਰਾਂ ਵਿਚ।" ਇਹ ਲੇਖ ਉਦੋਂ "ਪੰਜ ਦਰਿਆ" ਮੈਗਜ਼ੀਨ ਵਿਚ ਵੀ ਛਪਿਆ ਸੀ ਅਤੇ ਇਸ ਦੀ ਕਾਫ਼ੀ ਚਰਚਾ ਹੋਈ ਸੀ। ਇਸ ਲੇਖ ਵਿਚ ਮਿਸਿਜ਼ ਮੋਮੀ ਨੇ ਬਲਬੀਰ ਮੋਮੀ ਵਿਰੁੱਧ ਆਪਣੀਆਂ ਕਈ ਸ਼ਿਕਾਇਤਾਂ ਦਾ ਜ਼ਿਕਰ ਕੀਤਾ ਸੀ। ਇਸ ਲੇਖ ਵਿਚ ਮਿਸਿਜ਼ ਮੋਮੀ ਨੇ ਇਹ ਵੀ ਜ਼ਿਕਰ ਕੀਤਾ ਸੀ ਕਿ ਬਲਬੀਰ ਮੋਮੀ ਦਾ ਸੁਭਾ ਬਹੁਤ ਵਹਿਮੀ ਹੈ, ਇਹ ਲਾਈਲੱਗ ਸੁਭਾ ਦਾ ਬੰਦਾ ਹੈ, ਇਸ ਨੂੰ ਕਈ ਪੁੱਠੇ ਕੰਮ ਕਰਨ ਦਾ ਵੀ ਸ਼ੌਕ ਹੈ, ਆਦਿ। ਮਿਸਿਜ਼ ਮੋਮੀ ਅਨੁਸਾਰ ਬਲਬੀਰ ਮੋਮੀ ਬਹੁਤ ਹੀ ਅੱਥਰੇ ਸੁਭਾ ਦਾ ਬੰਦਾ ਹੈ ਜੋ ਕਦੇ ਕਿਸੇ ਨੂੰ ਸੁਣਦਾ ਨਹੀਂ ਸਗੋਂ ਆਪਣੀਆਂ ਮਨਮਾਨੀਆਂ ਹੀ ਕਰਦਾ ਹੈ। ਮਿਸਿਜ਼ ਮੋਮੀ ਨੇ ਲਿਖਿਆ ਸੀ ਕਿ ਇਹ ਦੋਵੇਂ ਇਕ ਦੂਜੇ ਨੂੰ ਅੰਦਰੋਂ ਅੰਦਰੀਂ ਨਫ਼ਰਤ ਕਰਦੇ ਸਨ। ਬਲਬੀਰ ਮੋਮੀ ਨੇ ਵੀ ਆਪਣੀ ਕਿਤਾਬ "ਕਿਹੋ ਜਿਹਾ ਸੀ ਮੇਰਾ ਜੀਵਨ" ਵਿਚ ਖੁੱਲ੍ਹੇ ਤੌਰ ਤੇ ਆਪਣੇ ਅਤੇ ਮਿਸਿਜ਼ ਮੋਮੀ ਦੇ ਸੰਬੰਧਾਂ ਅਤੇ ਲੜਾਈਆਂ ਦਾ ਜ਼ਿਕਰ ਕੀਤਾ ਹੈ। ਇਸ ਜੀਵਨੀ ਦੇ ਦੋ ਹਿੱਸੇ ਛਪ ਚੁੱਕੇ ਹਨ ਅਤੇ ਤੀਜਾ ਹਿੱਸਾ ਛਪਣ ਅਧੀਨ ਹੈ। ਮੈਂ ਖੁਦ ਵੀ ਕਈ ਵਾਰੀ ਬਲਬੀਰ ਮੋਮੀ ਅਤੇ ਮਿਸਿਜ਼ ਮੋਮੀ ਦੀ ਸੁਲ੍ਹਾ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਕਦੇ ਵੀ ਸਫਲ ਨਹੀਂ ਹੋ ਸਕਿਆ। ਇਨ੍ਹਾਂ ਦੀ ਬੇਟੀ ਨਿੱਕੀ ਨੇ ਮੈਨੂੰ ਹਮੇਸ਼ਾ ਕਿਹਾ ਸੀ, "ਅੰਕਲ, ਇਨ੍ਹਾਂ ਦੀ ਸੁਲ੍ਹਾ ਨਹੀਂ



ਹੋਣੀ। ਇਨ੍ਹਾਂ ਦੀ ਲੜਾਈ ਤਾਂ ਇਵੇਂ ਹੀ ਰਹਿਣੀ ਹੈ। ਆਪਾਂ ਕੁਝ ਨਹੀਂ ਕਰ ਸਕਦੇ। ..." ਬਲਬੀਰ ਮੋਮੀ ਦਾ ਕਹਿਣਾ ਹੈ ਕਿ ਮਿਸਿਜ਼ ਮੋਮੀ ਚੋਰ ਅਤੇ ਲੜਾਕੀ ਸੀ। ਜੋ ਵੀ ਹੱਥ ਆਉਂਦਾ ਸੀ ਉਹ ਆਪਣੇ ਮਾਂ-ਪਿਉ ਅਤੇ ਭੈਣਾਂ-ਭਰਾਵਾਂ ਨੂੰ ਦੇ ਦਿੰਦੀ ਸੀ। ਮੋਮੀ ਉਨ੍ਹਾਂ ਸਾਰਿਆਂ ਨੂੰ ਬਹੁਤ ਨਫ਼ਰਤ ਕਰਦਾ ਰਿਹਾ। ਮੋਮੀ ਦੇ ਅਨੁਸਾਰ ਮਿਸਿਜ਼ ਮੋਮੀ ਬੇਵਕੂਫ਼ ਅਤੇ ਬੇਵਫ਼ਾ ਪਤਨੀ ਸੀ ਜਿਸ ਨੂੰ ਆਪਣੇ ਪਤੀ ਨਾਲ ਕੋਈ ਹਮਦਰਦੀ ਨਹੀਂ ਸੀ। ਇੱਥੇ ਬੇਵਫ਼ਾ ਤੋਂ ਭਾਵ ਹੈ ਕਿ ਮਿਸਿਜ਼ ਮੋਮੀ ਆਪਣੇ ਪਤੀ ਦਾ ਪੱਖ ਕਰਨ ਦੀ ਵਜਾਏ ਆਪਣੇ ਮਾਂ-ਪਿਉ ਅਤੇ ਭੈਣਾਂ-ਭਰਾਵਾਂ ਦਾ ਪੱਖ ਕਰਦੀ ਸੀ ਅਤੇ ਬਲਬੀਰ ਮੋਮੀ ਲਈ ਇਹ ਸਹਿਣਾ ਅਸੰਭਵ ਸੀ। ਕਈ ਸਾਲ ਬਲਬੀਰ ਮੋਮੀ ਇਸ ਗੱਲ ਤੇ ਵੀ ਕਾਫ਼ੀ ਗ਼ੁੱਸੇ ਵਿਚ ਰਿਹਾ ਕਿ ਮਿਸਿਜ਼ ਮੋਮੀ ਨੇ ਬਲਬੀਰ ਮੋਮੀ ਦੀ ਸਲਾਹ ਤੋਂ ਵਗ਼ੈਰ ਹੀ ਇਨ੍ਹਾਂ ਦੀ ਮੁਹਾਲੀ ਵਾਲੀ ਕੋਠੀ ਵਿਚ ਆਪਣੇ ਰਿਸ਼ਤੇਦਾਰ ਬਿਠਾ ਦਿੱਤੇ ਸਨ।

ਜਦੋਂ ਮੈਂ ਬਲਬੀਰ ਮੋਮੀ ਨੂੰ 1971 ਵਿਚ ਮਿਲਿਆਂ ਸੀ ਤਾਂ ਉਹ ਆਪਣੀ ਪਤਨੀ ਅਤੇ ਚਾਰ ਬੇਟੀਆਂ ਨਾਲ ਚੰਡੀਗੜ੍ਹ ਇਕ ਵਧੀਆਂ ਕੋਠੀ ਵਿਚ ਕਿਰਾਏ ਤੇ ਰਹਿ ਰਿਹਾ ਸੀ। ਉਸ ਦੇ ਰਹਿਣ ਦੇ ਢੰਗ ਤੋਂ ਲਗਦਾ ਸੀ ਕਿ ਉਹ ਕਾਫ਼ੀ ਅਮੀਰ ਹੋਵੇਗਾ। ਪਰ ਮਿਸਿਜ਼ ਮੋਮੀ ਅਨੁਸਾਰ ਉਨ੍ਹਾਂ ਦੀ ਆਮਦਨ ਬਹੁਤ ਥੋੜ੍ਹੀ ਸੀ। ਭਾਵੇਂ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਅਫ਼ਸਰ ਸੀ ਪਰ ਉਨ੍ਹਾਂ ਦਿਨਾਂ ਵਿਚ ਤਨਖ਼ਾਹਾਂ ਬਹੁਤ ਘੱਟ ਹੁੰਦੀਆਂ ਸਨ। ਮੈਨੂੰ ਕਦੇ ਸਮਝ ਨਹੀਂ ਆਈ ਕਿ ਇੰਨੀ ਘੱਟ ਆਮਦਨ ਨਾਲ ਮੋਮੀ ਪਰਿਵਾਰ ਇੰਨੀ ਸ਼ਾਨ ਨਾਲ ਕਿਵੇਂ ਰਹਿ ਰਿਹਾ ਸੀ।

ਬਲਬੀਰ ਮੋਮੀ ਦਾ ਕਹਿਣਾ ਹੈ ਕਿ ਘਰ ਵਿਚ ਪਤੀ-ਪਤਨੀ ਦੀ ਲੜਾਈ ਕਾਰਨ ਹੀ ਬਲਬੀਰ ਮੋਮੀ ਦੇ ਕਈ ਔਰਤਾਂ ਨਾਲ ਸੰਬੰਧ ਰਹੇ ਹਨ ਜਿਨ੍ਹਾਂ ਦਾ ਜ਼ਿਕਰ ਕਰਦਿਆਂ ਉਹ ਕਦੇ ਕੋਈ ਗੁਰੇਜ਼ ਨਹੀਂ ਕਰਦਾ। ਮੋਮੀ ਦਾ ਕਹਿਣਾ ਹੈ ਕਿ ਇਹ ਸਭ ਉਸ ਦੀ ਪਤਨੀ ਦੀ ਰਜ਼ਾਮੰਦੀ ਨਾਲ ਹੀ ਹੋਇਆ ਹੈ ਅਤੇ ਮਿਸਿਜ਼ ਮੋਮੀ ਨੂੰ ਇਸ ਬਾਰੇ ਸਭ ਕੁਝ ਪਤਾ ਸੀ। ਜਿਵੇਂ ਮੈਂ ਪਹਿਲਾਂ ਵੀ ਲਿਖਿਆ ਹੈ, ਮਰਦਾਂ ਦੀ ਔਰਤਾਂ ਪ੍ਰਤੀ ਅਤੇ ਔਰਤਾਂ ਦੀ ਮਰਦਾਂ ਪ੍ਰਤੀ ਖਿੱਚ ਸੁਭਾਵਿਕ ਹੈ, ਕਈ ਵਾਰੀ ਵਿਆਹ ਤੋਂ ਬਾਦ ਵੀ, ਪਰ ਕਈ ਵਾਰੀ ਇਹ ਖਿੱਚ ਬਹੁਤ ਵੱਡੀ ਕਮਜ਼ੋਰੀ ਬਣ ਜਾਂਦੀ ਹੈ। ਸਾਡੇ ਵਿਚੋਂ ਬਹੁਤ ਸਾਰੇ ਲੋਕ ਇਸ ਹਮਾਮ ਵਿਚ ਨੰਗੇ ਹਨ। ਮੇਰਾ ਵਿਚਾਰ ਹੈ ਕਿ ਜੇ ਘਰ ਵਿਚ ਪਤੀ-ਪਤਨੀ ਵਿਚ ਪਿਆਰ ਹੈ ਤਾਂ ਬਾਹਰਲੀ ਖਿੱਚ ਨਹੀਂ ਹੋਣੀ ਚਾਹੀਦੀ। ਪਰ ਜੇ ਘਰ ਵਿਚ ਪਤੀ-ਪਤਨੀ ਦਾ ਆਪਸ ਵਿਚ ਪਿਆਰ ਨਹੀਂ ਤਾਂ ਬਾਹਰਲੀ ਖਿੱਚ ਹੋਣੀ ਸੁਭਾਵਿਕ ਹੈ ਅਤੇ ਇਹ ਬਹੁਤੀ ਖ਼ਤਰਨਾਕ ਅਤੇ ਮਾੜੀ ਗੱਲ ਨਹੀਂ। ਜੇ ਘਰ ਵਿਚ ਰੋਟੀ ਨਾ ਮਿਲੇ ਤਾਂ ਰੋਟੀ ਜਿੱਥੋਂ ਵੀ ਮਿਲੇ ਖਾਣੀ ਹੀ ਪੈਂਦੀ ਹੈ। ਇਹ ਗੱਲ ਮਰਦਾਂ ਅਤੇ ਔਰਤਾਂ ਦੋਹਾਂ ਤੇ ਹੀ ਇਕੋ ਜਿਹੀ ਲਾਗੂ ਹੁੰਦੀ ਹੈ। ਪਰ ਇਹੋ ਜਿਹੇ ਸੰਬੰਧਾਂ ਬਾਰੇ ਜੇ ਸ਼ਰ੍ਹੇਆਮ ਬਿਆਨ ਨਾ ਕੀਤਾ ਜਾਵੇ ਤਾਂ ਚੰਗਾ ਹੈ। ਇਹੋ ਜਿਹੇ ਸੰਬੰਧਾਂ ਨੂੰ ਲੁਕੋ ਕੇ ਹੀ ਰੱਖਿਆ ਜਾਵੇ ਤਾਂ ਚੰਗਾ ਹੈ। ਵਾਰਿਸ ਸ਼ਾਹ ਨੇ ਵੀ ਕਿਹਾ ਸੀ, "ਵਾਰਿਸ ਸ਼ਾਹ ਲੁਕਾਈਏ ਜੱਗ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ।" ਮੈਂ ਕਿੱਸ ਐਂਡ ਟੈੱਲ (kiss and tell) ਦੇ ਵਿਚਾਰ ਨਾਲ ਸਹਿਮਤ ਨਹੀਂ। ਬਹੁਤ ਲੋਕ, ਖ਼ਾਸ ਕਰ ਕੇ ਪੰਜਾਬੀ ਮਰਦ, ਆਪਣੇ ਸੰਬੰਧਾਂ ਦਾ ਢੰਡੋਰਾ ਪੁੱਟਣਾ ਮਾਣ ਅਤੇ ਫ਼ਖ਼ਰ ਵਾਲੀ ਗੱਲ ਸਮਝਦੇ ਹਨ ਪਰ ਇਹ ਗ਼ਲਤ ਹੈ। ਮੋਮੀ ਵੀ ਔਰਤਾਂ ਨਾਲ ਆਪਣੇ ਸੰਬੰਧਾਂ ਬਾਰੇ ਗੱਲ ਕਰਨ ਤੋਂ ਪਰਹੇਜ਼ ਨਹੀਂ ਕਰਦਾ। ਪੰਦਰਾਂ ਕੁ ਸਾਲ ਪਹਿਲਾਂ ਮੋਮੀ ਹਿੰਦੁਸਤਾਨ ਗਿਆ ਸੀ। ਵਾਪਸ ਕੈਨੇਡਾ ਆ ਕੇ ਉਸ ਦਾ ਮੈਨੂੰ ਫ਼ੋਨ ਆਇਆ ਅਤੇ ਕਹਿੰਦਾ, "ਪ੍ਰੇਮ, ਇਸ ਵਾਰ ਚੰਡੀਗੜ੍ਹ ਦੀ ਇਕ ਉੱਚ ਵਿੱਦਿਆ ਪ੍ਰਾਪਤ ਅਧਿਆਪਕਾ ਨੂੰ ਮੇਰੇ ਨਾਲ ਇਸ਼ਕ ਹੋ ਗਿਆ ਸੀ। ਮੈਂ ਕੁਝ ਮਹੀਨੇ ਉਸ ਨਾਲ ਬਹੁਤ ਖ਼ੂਬਸੂਰਤੀ ਦੇ ਬਿਤਾਏ। ਪਰ ਵਾਪਸ

ਆਉਣ ਤੋਂ ਪਹਿਲਾਂ ਮੈਂ ਕੁਝ ਕਹਿ ਬੈਠਾ ਅਤੇ ਉਹ ਨਾਰਾਜ਼ ਹੋ ਗਈ।" ਫਿਰ ਮੁੜ ਕੇ ਉਨ੍ਹਾਂ ਦੀ ਕਦੇ ਨਹੀਂ ਬਣੀ। ਪਿੱਛੇ ਜਿਹੇ ਉਹ ਦੱਸ ਰਿਹਾ ਸੀ ਕਿ ਚੰਡੀਗੜ੍ਹ ਰਹਿੰਦੀ ਇਕ ਲੇਖਕਾ ਉਸ ਦੀ ਸਹੇਲੀ ਹੈ। ਉਸ ਨੇ ਮੈਨੂੰ ਉਸ ਦਾ ਨਾਂ ਵੀ ਦੱਸਿਆ ਸੀ ਪਰ ਮੈਂ ਉਹ ਨਾਂ ਇੱਥੇ ਲਿਖਣਾ ਮੁਨਾਸਬ ਨਹੀਂ ਸਮਝਦਾ। ਜੂਨ 2017 ਵਿਚ ਟਰੰਟੋ ਇਕ ਪੰਜਾਬੀ ਕਾਨਫ਼ਰੰਸ ਵਿਚ ਭਾਗ ਲੈਣ ਲਈ ਇਕ ਲੇਖਕਾ ਚੰਡੀਗੜ੍ਹ ਤੋਂ ਆਈ। ਬਾਦ ਵਿਚ ਮੈਂ ਉਸ ਨੂੰ ਪੁੱਛਿਆ ਕਿ ਟਰੰਟੋ ਬਲਬੀਰ ਮੋਮੀ ਵੀ ਮਿਲੇ ਸਨ ? ਉਸ ਦਾ ਜਵਾਬ ਸੀ, "ਮਿਲੇ ਸਨ ਪਰ ਮੈਂ ਸਤਿ ਸਿਰੀ ਅਕਾਲ ਤੱਕ ਹੀ ਗੱਲ ਰੱਖੀ। ਚੰਡੀਗੜ੍ਹ ਉਨ੍ਹਾਂ ਦੀ ਰੈਪੂਟੇਸ਼ਨ ਬਹੁਤੀ ਵਧੀਆ ਨਹੀਂ।" ਮੈਨੂੰ ਇਹ ਨਹੀਂ ਪਤਾ ਕਿ ਇਸ ਦਾ ਕੀ ਕਾਰਨ ਹੈ ਪਰ ਹੋ ਸਕਦਾ ਹੈ ਇਹ ਉਸ ਦੇ ਔਰਤਾਂ ਪ੍ਰਤੀ ਸੰਬੰਧਾਂ ਅਤੇ ਫਿਰ ਉਨ੍ਹਾਂ ਦੇ ਢੰਡੋਰਾ ਪਿੱਟਣ ਕਾਰਨ ਹੀ ਹੋਵੇ।

ਕਿੰਨਾ ਚੰਗਾ ਹੋਵੇ ਜੇ ਬਲਬੀਰ ਮੋਮੀ ਕੋਈ ਨਵੀਂ ਕਹਾਣੀਆਂ ਦੀ ਕਿਤਾਬ ਜਾਂ ਨਵਾਂ ਨਾਵਲ ਲਿਖ ਕੇ ਪੰਜਾਬੀ ਜਗਤ ਦੀ ਝੋਲੀ ਪਾਵੇ। ਉਸ ਕੋਲ ਕਹਾਣੀਆਂ ਅਤੇ ਨਾਵਲ ਲਿਖਣ ਦੀ ਬਹੁਤ ਕਲਾ ਹੈ ਪਰ ਉਸ ਨੇ ਕਾਫ਼ੀ ਦੇਰ ਤੋਂ ਇਸ ਪਾਸੇ ਧਿਆਨ ਨਹੀਂ ਦਿੱਤਾ।

**ਪੋਸਟ ਸਕਰਿਪਟ**: ਜਦੋਂ ਮੈਂ ਬਲਬੀਰ ਮੋਮੀ ਨੂੰ ਦੱਸਿਆ ਕਿ ਮੈਂ "ਸ਼ਬਦ" ਮੈਗਜ਼ੀਨ ਲਈ ਉਸ ਦਾ ਸ਼ਬਦ-ਚਿੱਤਰ ਲਿਖ ਰਿਹਾਂ ਤਾਂ ਉਹ ਕਹਿਣ ਲੱਗਾ, "ਜੋ ਰੇਖਾ ਚਿੱਤਰ ਬਲਵੰਤ ਗਾਰਗੀ ਲਿਖ ਗਿਆ, ਉਹੋ ਜਿਹੇ ਹੋਰ ਕੋਈ ਵੀ ਨਹੀਂ ਲਿਖ ਸਕਿਆ। ਉਸ ਨੇ ਇਨ੍ਹਾਂ ਰੇਖਾ ਚਿੱਤਰਾਂ ਵਿਚ ਆਪਣੇ ਕੋਲੋਂ ਬਣਾ ਕੇ ਗੱਲਾਂ ਲਿਖ ਲਈਆਂ ਸਨ ਇਨ੍ਹਾਂ ਨੂੰ ਦਿਲਚਸਪ ਬਣਾਉਣ ਲਈ। ਤੂੰ ਵੀ ਇਹੋ ਜਿਹਾ ਹੀ ਰੇਖਾ ਚਿੱਤਰ ਲਿਖੀਂ। ਕੁਝ ਗੱਲਾਂ ਆਪਣਾ ਇਮੈਜੀਨੇਸ਼ਨ ਵਰਤ ਕੇ ਲਿਖ ਲਵੀਂ। ..." ਮੈਂ ਕਿਹਾ, "ਮੋਮੀ ਸਾਹਿਬ, ਮੈਂ ਬਲਵੰਤ ਗਾਰਗੀ ਵਾਂਗ ਝੂਠ ਬੋਲ ਕੇ ਤੁਹਾਡੇ ਰੇਖਾ ਚਿੱਤਰ ਨੂੰ ਦਿਲਚਸਪ ਨਹੀਂ ਬਣਾਵਾਂਗਾ। ਮੈਂ ਤਾਂ ਉਹੋ ਲਿਖਾਂਗਾ ਜੋ ਮੈਂ ਤੁਹਾਡੇ ਬਾਰੇ ਜਾਣਦਾ ਹਾਂ ਅਤੇ ਜੋ ਸੱਚ ਹੈ। ..."

---


**ਚੋਣਵੇਂ ਪੰਜਾਬੀ ਰੇਖਾ-ਚਿੱਤਰ**
**ਸੰਪਾਦਕ : ਨਿੰਦਰ ਘੁਗਿਆਣਵੀ**
**ਨੈਸ਼ਨਲ ਬੁਕ ਸ਼ਾਪ, ਦਿੱਲੀ**

**ਪੰਜਾਬ ਦੇ ਕੋਹੇਨੂਰ**
**ਪ੍ਰਿ: ਸਰਵਨ ਸਿੰਘ**
**ਸੰਗਮ ਪ੍ਰਕਾਸ਼ਨ, ਸਮਾਨਾ**




## ਮੇਰਾ ਹੀਰੋ, ਮੇਰਾ ਮਿੱਤਰ: ਅਮਨਪਾਲ ਸਾਰਾ

**-ਹਰਜੀਤ ਅਟਵਾਲ**

ਜ਼ਿੰਦਗੀ ਅਜੀਬ ਚੀਜ਼ ਹੈ। ਅਚਾਨਕ ਕਿਸੇ ਮੋੜ 'ਤੇ ਕੋਈ ਮਿਲਦਾ ਹੈ ਤੇ ਉਮਰ ਭਰ ਦਾ ਰਿਸ਼ਤਾ ਬਣ ਜਾਂਦਾ ਹੈ ਜਾਂ ਪਲ ਭਰ ਲਈ ਗੂਹੜਾ ਰਿਸ਼ਤਾ ਬਣ ਕੇ ਅਗਲੇ ਪਲਾਂ ਵਿੱਚ ਸਭ ਭੁੱਲ ਜਾਂਦਾ ਹੈ। ਜਿਵੇਂ ਕਹਿੰਦੇ ਹਨ ਕਿ ਖੜੇ ਦਾ ਖਾਲਸਾ, ਇਵੇਂ ਹੀ ਮਿੱਤਰਤਾ ਵੀ ਤੁਸੀਂ ਹਾਜ਼ਰ ਹੋ ਤਾਂ ਹੈ, ਨਹੀਂ ਤਾਂ ਨਹੀਂ। ਮੇਰਾ ਇਹੋ ਤਜਰੁਬਾ ਹੈ, ਤੁਹਾਡਾ ਕੁਝ ਹੋਰ ਹੋ ਸਕਦਾ ਹੈ। ਮੈਨੂੰ ਮਿਲੇ ਮਿੱਤਰਾਂ ਵਿੱਚੋਂ ਇਕ ਨਾਂ ਅਮਨਪਾਲ ਸਾਰਾ ਹੈ। ਅੱਜਕੱਲ੍ਹ ਸਾਰਾ ਖਰਾਬ ਸਿਹਤ ਨਾਲ ਜੂਝ ਰਿਹਾ ਹੈ, ਜਿਵੇਂ ਕਿ ਅਸੀਂ ਸਦਾ ਇਕੋ ਜਿਹੇ ਨਹੀਂ ਰਹਿੰਦੇ, ਗਰਾਫ ਹੇਠਾਂ ਉਤੇ ਹੁੰਦਾ ਹੀ ਰਹਿੰਦਾ ਹੈ। ਅਮਨਪਾਲ ਦਾ ਗਰਾਫ ਕੁਝ ਹੇਠਾਂ ਚੱਲ ਰਿਹਾ ਹੈ, ਮੇਰੀ ਦੁਆ ਹੈ ਕਿ ਜਲਦੀ ਸਿਹਤਵੰਦ ਹੋ ਕੇ ਦੋਸਤਾਂ ਦੇ ਕਾਫਲੇ ਵਿੱਚ ਆ ਰਲ਼ੇ। ਉਹ ਇਕ ਅਜਿਹਾ ਵਿਅਕਤੀ ਹੈ ਜੋ ਮੈਨੂੰ ਮਿਲਿਆ ਤੇ ਉਮਰ ਭਰ ਦਾ ਰਿਸ਼ਤਾ ਬਣਾ ਗਿਆ। ਉਹ ਮੇਰੇ ਨਾਲ ਨਾ ਵੀ ਹੋਵੇ ਤਾਂ ਮੇਰੇ ਨਾਲ ਹੀ ਰਹਿੰਦਾ ਹੈ। ਉਸ ਦੀ ਹੋਂਦ ਨੂੰ ਮੈਂ ਸਦਾ ਆਪਣੇ ਨੇੜੇ ਤੇੜੇ ਮਹਿਸੂਸ ਕਰਦਾ ਰਹਿੰਦਾ ਹਾਂ। ਉਸ ਦਾ ਟੁਣਕਵਾਂ ਹਾਸਾ ਅਚਾਨਕ ਕੰਨਾਂ ਵਿੱਚ ਆ ਸੁਣਦਾ ਹੈ। ਕੋਈ ਫਿਲਮ ਦੇਖਦਿਆਂ ਹੀਰੋ ਵਿੱਚ ਅਮਨਪਾਲ ਦੇ ਝਲਕਾਰੇ ਪੈਣ ਲਗਦੇ ਹਨ। ਕੋਈ ਆਪਣੇ ਇਸ਼ਟ ਲਈ ਜ਼ਿੱਦੀ ਜਿਹਾ ਵਿਅਕਤੀ ਮਿਲਦਾ ਹੈ ਤਾਂ ਅਮਨਪਾਲ ਚੇਤੇ ਆ ਜਾਂਦਾ ਹੈ।

ਉਸ ਦੀ ਪਹਿਲੀ ਕਿਤਾਬ ਮੈਨੂੰ ਡਾਕ ਰਾਹੀਂ ਮਿਲੀ ਸੀ। ਕਹਾਣੀ ਸੰਗ੍ਰਹਿ। ਕਿਸੇ ਚਲਾਵੇਂ ਜਿਹੇ ਪ੍ਰਕਾਸ਼ਕ ਦੀ ਛਾਪੀ ਹੋਈ। ਨਾ ਤਾਂ ਕਿਤਾਬ ਕੋਈ ਪ੍ਰਭਾਵ ਛੱਡ ਸਕੀ ਤੇ ਨਾ ਹੀ ਕਹਾਣੀਆਂ ਪਰ ਅਮਨਪਾਲ ਸਾਰਾ ਨਾਂ ਮੈਨੂੰ ਬਹੁਤ ਚੰਗਾ ਲੱਗਾ। ਪਾਕਿਸਤਾਨੀ ਸ਼ਾਇਰਾ ਸਾਰਾ ਹੋਇਆ ਕਰਦੀ ਸੀ। ਸਾਰਾ ਸ਼ਗੁਫਤਾ। ਪਰ ਅਮਨਪਾਲ 'ਸਾਰਾ' ਕਿਵੇਂ ਬਣ ਗਿਆ ? ਸ਼ਾਇਦ ਸਾਰਾ ਸ਼ਗੁਫਤਾ ਦੀ ਸ਼ਾਇਰੀ ਤੋਂ ਪ੍ਰਭਾਵਿਤ ਹੋ ਕੇ ਆਪਣਾ ਨਾਂ ਉਹਦੇ ਵਾਲਾ ਰੱਖ ਲਿਆ ਹੋਵੇ। ਬਾਅਦ ਵਿੱਚ ਪਤਾ ਲੱਗਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਜੱਟਾਂ ਦੇ ਅਜਿਹੇ ਓਪਰੇ ਜਿਹੇ ਕੁਝ ਗੋਤ ਹਨ ਕਿ ਜਿਹਨਾਂ ਬਾਰੇ ਤੁਸੀਂ ਸਹਿਜੇ ਅੰਦਾਜ਼ਾ ਨਹੀਂ ਲਾ ਸਕਦੇ।

### ਸਾਰੇ ਨਾਲ ਪਹਿਲੀ ਅਣਹੋਈ ਮੁਲਾਕਾਤ

ਸ਼ਾਮ ਦਾ ਵਕਤ ਹੈ। ਮੈਂ ਕੰਮ ਤੋਂ ਮੁੜਿਆ ਹੀ ਹਾਂ ਕਿ ਸਵਰਨ ਚੰਦਨ ਦਾ ਫੋਨ ਆਉਂਦਾ ਹੈ। ਸਵਰਨ ਚੰਦਨ ਪਿੱਛੇ ਜਿਹੇ ਹੀ ਦਿੱਲੀ ਤੋਂ ਫੇਲ੍ਹ ਹੋ ਕੇ ਮੁੜਿਆ ਹੈ ਤੇ ਮੇਰੇ ਵੱਲ ਦੋਸਤੀ ਦਾ ਹੱਥ ਵਧਾਉਂਦਾ ਹੈ। ਪਹਿਲਾਂ ਮੈਂ ਉਸ ਦੀ ਦੋਸਤਾਂ ਦੀ ਫਰਿਹਸਤ ਵਿੱਚ ਨਹੀਂ ਸਾਂ। ਸਾਹਿਤ ਦਾ ਇਕ ਜ਼ਿਆਲਾ ਸਾਂ, ਇਕ ਸਧਾਰਨ ਜਿਹਾ ਲੇਖਕ। ਹੁਣ ਉਹ ਬਹੁਤ ਇਕੱਲਾ ਹੈ। ਇਕੱਲ ਵਿੱਚ ਹਾਜ਼ਮਾ ਮਜ਼ਬੂਤ ਹੋ ਜਾਂਦਾ ਹੈ। ਮੇਰੀ ਦੋਸਤੀ ਉਸ ਨੂੰ ਹਜ਼ਮ ਹੋ ਰਹੀ ਹੈ।

ਸਵਰਨ ਚੰਦਨ: ਕੀ ਹੋ ਰਿਹੈ ? (ਉਹ ਜ਼ਰਾ ਕੁ ਨਸ਼ੇ ਵਿੱਚ ਹੈ।)

ਮੈਂ: ਹੁਣੇ ਕੰਮ ਤੋਂ ਆਇਆਂ। ਸ਼ਾਵਰ ਲੈਣ ਲੱਗਾਂ।

ਸ. ਚੰ: ਮੇਰਾ ਭਤੀਜਾ ਇੰਡੀਆ ਤੋਂ ਆਇਆ। ਉਹ ਤੇਰੇ ਨਾਲ ਗੱਲ ਕਰਨੀ ਚਾਹੁੰਦਾ, ਤੇਰਾ ਪਾਠਕ ਐ ਉਹ।

ਮੈਂ ਸੋਚਣ ਲਗਦਾ ਹਾਂ ਕਿ ਕਿਹੜਾ ਹੋਇਆ ਉਸ ਦਾ ਭਤੀਜਾ। ਪਹਿਲਾਂ ਤਾਂ ਉਸ ਨੇ ਕਦੇ ਕੋਈ ਗੱਲ ਨਹੀਂ ਕੀਤੀ। ਉਸ ਦਾ ਭਤੀਜਾ ਫੋਨ 'ਤੇ ਆਉਂਦਾ ਹੈ,

ਭਤੀਜਾ: ਹੈਲੋ ਅਟਵਾਲ ਸਾਹਿਬ, ਮੈਂ ਤੁਹਾਡਾ ਬਹੁਤ ਵੱਡਾ ਪਾਠਕ ਆਂ। ਤੁਹਾਡੀ ਇਕ ਇਕ ਕਹਾਣੀ ਪੜ੍ਹੀ ਤੇ ਵਿਚਾਰੀ ਐ, ਇਕ ਇਕ ਡਾਇਲੌਗ ਮੈਨੂੰ ਯਾਦ ਐ।

ਉਹ ਮੇਰੀਆਂ ਦੋ ਕੁ ਕਹਾਣੀਆਂ ਦਾ ਜ਼ਿਕਰ ਕਰਦਾ ਹੈ। ਉਹ ਫਿਰ ਆਖਦਾ ਹੈ,

ਭਤੀਜਾ: ਮੇਰੀਆਂ ਕਹਾਣੀਆਂ ਦੀ ਕਿਤਾਬ ਤਾਂ ਮਿਲ ਗਈ ਹੋਵੇਗੀ, ਮੈਂ ਇੰਡੀਆ ਤੋਂ ਪੋਸਟ ਕਰਵਾਈ ਸੀ।

ਮੈਂ: ਉਹ! ਅਮਨਪਾਲ ਸਾਰਾ?

ਸਾਰਾ: ਹਾਂ, ਠੀਕ ਪੱਛਾਣਿਆਂ ਅਟਵਾਲ ਸਾਹਿਬ। ਮੈਂ ਤੁਹਾਨੂੰ ਮਿਲਣਾ ਚਾਹੁੰਦਾ ਸੀ ਪਰ ਮੇਰੀ ਵੈਨਕੋਵਰ ਦੀ ਫਲਾਈਟ ਐ ਤੇ ਮੈਂ ਏਅਰਪੋਰਟ ਨੂੰ ਜਾਣ ਵਾਲਾ ਹੀ ਆਂ, ਸਟੇਅ ਬਹੁਤ ਥੋੜ੍ਹੀ ਸੀ, ਸਮਾਂ ਇਜਾਜ਼ਤ ਨਹੀਂ ਦਿੰਦਾ।

ਮੈਂ: ਮਿਲਣਾ ਤਾਂ ਮੈਂ ਵੀ ਚਾਹੁੰਨਾ ਚਲੋ ਅਗਲੀ ਵਾਰ ਸਹੀ।

ਸਾਰਾ: ਮੇਰੀਆਂ ਕਹਾਣੀਆਂ ਪੜ੍ਹੀਆਂ?

ਮੈਂ: ਹਾਂ, ਪੜ੍ਹੀਆਂ ਸਾਰੀਆਂ ਪਰ ਕਿਤੇ ਬਹਿ ਕੇ ਗੱਲਾਂ ਕਰਾਂਗੇ। ਛਪਾਈ ਦੀਆਂ ਬਹੁਤ ਗਲਤੀਆਂ।

ਸਾਰਾ: ਦੁਬਾਰਾ ਛਪਵਾਵਾਂਗਾ। ਅਟਵਾਲ ਸਾਹਿਬ, ਹੁਣ ਤਾਂ ਮੈਂ ਚੱਲਿਆਂ ਪਰ ਮੈਂ ਤੁਹਾਨੂੰ ਤੇ ਚਾਚੇ ਚੰਦਨ ਨੂੰ ਵੈਨਕੋਵਰ ਆਉਣ ਦਾ ਸੱਦਾ ਦਿੰਨਾਂ, ਇਹਨਾਂ ਹੀ ਗਰਮੀਆਂ ਵਿੱਚ, ਵਾਅਦਾ ਕਰੋ। ਖ਼ੂਬ ਘੁੰਮਾਂਗੇ, ਫਿਰਾਂਗੇ। ਫੁੱਲ ਇੰਜੁਆਏਮਿੰਟ!

ਮੇਰੇ ਜਵਾਬ ਦੇਣ ਤੋਂ ਪਹਿਲਾਂ ਹੀ ਸਵਰਨ ਚੰਦਨ ਉਸ ਤੋਂ ਫੋਨ ਫੜ ਲੈਂਦਾ ਹੈ,

ਸ. ਚੰ: ਮੈਂ ਵਾਅਦਾ ਕਰ ਲਿਆ ਭਾਊ। ਆਪਾਂ ਜਾਣਾ ਹੀ ਜਾਣਾ। ਤੂੰ ਤਿਆਰ ਰਹਿ।

ਅਮਨਪਾਲ ਸਾਰਾ ਮੁੜ ਫੋਨ 'ਤੇ ਆਉਂਦਾ ਹੈ,

ਸਾਰਾ: ਅਟਵਾਲ ਸਾਹਿਬ, ਮੈਂ ਆਪਣੀ ਫਿਲਮ 'ਓਹਲਾ' ਦੀ ਇਕ ਵੀਡਿਓ ਕਾਪੀ ਚਾਚੇ ਕੋਲ ਤੁਹਾਡੇ ਲਈ ਛੱਡ ਚੱਲਿਆਂ।

ਮੈਨੂੰ ਯਾਦ ਆਉਂਦਾ ਹੈ ਕਿ ਇਸ ਫਿਲਮ ਦਾ ਰਿਵੀਊ ਪਿੱਛੇ ਜਿਹੇ ਮੈਂ ਕਿਧਰੇ ਪੜ੍ਹਿਆ ਸੀ। ਫਿਲਮ ਦੇਖਣ ਨੂੰ ਮੇਰਾ ਮਨ ਕਾਹਲਾ ਪੈਣ ਲਗਦਾ ਹੈ।

**ਓਹਲਾ**

ਮੈਂ ਉਸੇ ਸ਼ਾਮ ਹੀ ਅਮਨਪਾਲ ਦੀ ਫਿਲਮ 'ਓਹਲਾ' ਦੇਖ ਲਈ। ਇਹ ਇਕ ਆਰਟ ਫਿਲਮ ਸੀ। ਅਮਨਪਾਲ ਨੇ ਇਕ ਪਹਿਲਵਾਨ ਦਾ ਕਿਰਦਾਰ ਨਿਭਾਇਆ ਸੀ ਜਿਸ ਦਾ ਭਰਾ ਨਿਪੁੰਸਕ ਹੈ ਤੇ ਉਸ ਦੀ ਭਰਜਾਈ ਦੇਵਰ ਨਾਲ ਰਿਸ਼ਤਾ ਬਣਾ ਲੈਂਦੀ ਹੈ। ਪਹਿਲਵਾਨ ਦਾ ਵਿਆਹ ਹੋ ਜਾਂਦਾ ਹੈ। ਭਰਜਾਈ ਵਿਆਹ ਵਿੱਚ ਵੀ ਅੜਿੱਕੇ ਪਾਉਣ ਲਗਦੀ ਹੈ ਪਰ ਅਸਫਲ ਰਹਿੰਦੀ ਹੈ ਪਰ ਉਹ ਪਹਿਲਵਾਨ ਤੇ ਉਸ ਦੀ ਪਤਨੀ ਦੀ ਵਿਆਹੁਤਾ ਜ਼ਿੰਦਗੀ ਵਿੱਚ ਨਾਗਣ ਬਣ ਕੇ ਫਿਰਨ ਲਗਦੀ ਹੈ। ਫਿਲਮ ਦੇ ਬਾਕੀ ਸਾਰੇ ਕਲਾਕਾਰ ਤਾਂ ਨਵੇਂ ਜਿਹੇ ਹੀ ਸਨ ਪਰ ਅਮਨਪਾਲ ਦੀ ਪਤਨੀ ਦਾ ਰੋਲ ਉਸ ਵੇਲੇ ਦੀ ਮਸ਼ਹੂਰ ਹੀਰੋਇਨ ਰਮਾ ਵਿੱਜ ਨੇ ਨਿਭਾਇਆ ਸੀ। ਫਿਲਮ ਵਿੱਚ ਜੇ ਮੈਨੂੰ



ਕੋਈ ਭਾਇਆ ਤਾਂ ਉਹ ਸੀ ਅਮਨਪਾਲ ਸਾਰਾ। ਛੇ ਫੁੱਟਾ ਬਹੁਤ ਹੀ ਖ਼ੂਬਸੂਰਤ ਨੌਜਵਾਨ, ਬੌਲੀਵੁੱਡ ਦੇ ਕਿਸੇ ਵੀ ਹੀਰੋ ਤੋਂ ਘੱਟ ਨਹੀਂ ਸੀ। ਮੇਰਾ ਮਨ ਉਸ ਨੂੰ ਮਿਲਣ ਲਈ ਤਾਂਘਣ ਲਗਦਾ ਹੈ।

**ਵੈਨਕੋਵਰ**

ਇਸ ਤੋਂ ਅਗਲੀਆਂ ਗਰਮੀਆਂ। ਮੈਂ ਤੇ ਸਵਰਨ ਚੰਦਨ ਵੈਨਕੋਵਰ ਦੇ ਏਅਰਪੋਰਟ ਦੇ ਬਾਹਰ ਖੜੇ ਅਮਨਪਾਲ ਸਾਰਾ ਨੂੰ ਉਡੀਕ ਰਹੇ ਹਾਂ। ਮੈਂ ਇਵੇਂ ਉਡੀਕ ਰਿਹਾ ਹਾਂ ਜਿਵੇਂ ਕੋਈ ਫੈਨ ਆਪਣੇ ਹੀਰੋ ਨੂੰ ਉਡੀਕਦਾ ਹੈ। ਅਜਿਹੀ ਉਡੀਕ ਮੈਂ ਪਹਿਲਾਂ ਕਦੇ ਮਹਿਸੂਸ ਨਹੀਂ ਕੀਤੀ। ਲੋਕ ਆ ਜਾ ਰਹੇ ਹਨ। ਕਨੇਡਾ ਅਸੀਂ ਟਰੰਟੋ ਹੀ ਨਵਾਂ ਕਰ ਆਏ ਹਾਂ, ਬਲਰਾਜ ਚੀਮੇ ਕੋਲ ਹਫਤਾ ਕੁ ਰਹਿ ਕੇ। ਅਸੀਂ ਇਕ ਪਾਸੇ ਨੂੰ ਦੇਖਦੇ ਜਾਂਦੇ ਹਾਂ। ਅਚਾਨਕ ਸਵਰਨ ਚੰਦਨ ਆਪਣਾ ਬੈਗ ਸਾਂਭਦਾ ਕਹਿੰਦਾ ਹੈ,

–ਆ ਗਿਆ ਅਮਨਪਾਲ!

ਇਕ ਫਿਲਮੀ ਚਿਹਰਾ ਭੀੜ ਦੇ ਉਪਰੋਂ ਦੀ ਦਿਸ ਰਿਹਾ ਹੈ ਜੋ ਦੂਰੋਂ ਹੀ ਮੁਸਕਰਾਉਂਦਾ ਆ ਰਿਹਾ ਹੈ। ਮੈਂ ਉਸ ਵਲ ਹੱਥ ਵਧਾਉਂਦਾ ਹਾਂ ਪਰ ਉਹ ਮੈਨੂੰ ਬਾਹਾਂ ਵਿੱਚ ਲੈ ਲੈਂਦਾ ਹੈ ਤੇ ਆਖਦਾ ਹੈ,

–ਅਟਵਾਲ ਸਾਹਿਬ, ਬਹੁਤ ਦੇਰ ਦੀ ਤਮੰਨਾ ਸੀ ਤੁਹਾਨੂੰ ਮਿਲਣ ਦੀ। ਰੋਜ਼ ਗੱਲਾਂ ਹੁੰਦੀਆਂ ਤੁਹਾਡੀਆਂ।

ਫਿਰ ਉਹ ਸਵਰਨ ਚੰਦਨ ਨਾਲ ਜੱਫੀ ਪਾਉਂਦਾ ਹੈ ਤੇ ਕਹਿੰਦਾ ਹੈ,

–ਚਾਚਾ, ਪਹੁੰਚ ਹੀ ਗਿਆਂ। ਬਹੁਤ ਉਡੀਕ ਐ ਤੇਰੀ। ਇਥੇ ਦੇ ਸਾਰੇ ਲੇਖਕ ਹੀ ਚੇਤੇ ਕਰਦੇ ਆ।

ਅਸੀਂ ਸਾਰੇ ਅਮਨਪਾਲ ਦੀ ਕਾਰ ਵਿੱਚ ਬੈਠਦੇ ਹਾਂ। ਇਕ ਗੱਲ ਦਾ ਅਹਿਸਾਸ ਤਾ ਟਰੰਟੋ ਹੀ ਹੋ ਗਿਆ ਸੀ ਕਿ ਕਨੇਡਾ ਵਿੱਚ ਇੰਗਲੈਂਡ ਨਾਲੋਂ ਕਾਰਾਂ ਵੱਡੀਆਂ ਰੱਖੀਆਂ ਜਾਂਦੀਆਂ ਹਨ। ਘਰ ਵੀ ਵੱਡੇ ਹਨ। ਵੱਡਾ ਮੁਲਕ ਤੇ ਖੁੱਲ੍ਹੀਆਂ ਖੁੱਲ੍ਹੀਆਂ ਸੜਕਾਂ। ਅਮਨਪਾਲ ਦੀ ਕਾਰ ਸੜਕਾਂ 'ਤੇ ਭੱਜੀ ਜਾ ਰਹੀ ਹੈ। ਵੈਨਕੋਵਰ ਦੀ ਹਰਿਆਲੀ ਦੇਖ ਕੇ ਮਨ ਖੁਸ਼ ਹੋ ਰਿਹਾ ਹੈ। ਟਰੰਟੋ ਤਾਂ ਜਿਵੇਂ ਸੋਕੇ ਦਾ ਮਾਰਿਆ ਹੋਵੇ। ਅਮਨਪਾਲ ਦੇ ਘਰ ਪੁੱਜਦੇ ਹਾਂ। ਅਲਸੇਸ਼ਨ ਨਸਲ ਦਾ ਇਕ ਕੁੱਤਾ ਕੰਧ ਉਪਰ ਦੀ ਛਾਲਾਂ ਮਾਰਦਾ ਹੋਇਆ ਭੌਂਕ ਰਿਹਾ ਹੈ। ਅਮਨਪਾਲ ਕਹਿੰਦਾ ਹੈ,

–ਇਹ ਸ਼ੇਰੋ ਐ, ਮੇਰੀ ਧੀ, ਮੈਨੂੰ ਪਤਾ ਕਿ ਘਰ ਵਿੱਚ ਮੈਨੂੰ ਕੋਈ ਨਹੀਂ ਉਡੀਕ ਰਿਹਾ ਹੋਣਾ ਪਰ ਸ਼ੇਰੋ ਜ਼ਰੂਰ ਕੰਧ ਉਪਰ ਦੀ ਮੇਰਾ ਰਾਹ ਦੇਖਦੀ ਹੋਵੇਗੀ। ਇਹ ਐ ਨਿਰਛੱਲ ਪਿਆਰ!

ਅਸੀਂ ਘਰ ਅੰਦਰ ਜਾਂਦੇ ਹਾਂ। ਉਸ ਦੀ ਪਤਨੀ ਸੁਖਜਿੰਦਰ, ਬੇਟੇ ਆਜ਼ਾਦ ਤੇ ਸੂਰਜ ਤੇ ਉਸੇ ਦੇ ਡੈਡੀ ਤੇ ਮੰਮੀ, ਸਾਰੇ ਪਿਆਰ ਨਾਲ ਮਿਲਦੇ ਹਨ ਪਰ ਉਸ ਦਾ ਪਿਤਾ ਹੱਥ ਮਿਲਾਉਂਦਾ ਮੇਰਾ ਹੱਥ ਆਪਣੇ ਦੋਨਾਂ ਹੱਥਾਂ ਵਿੱਚ ਘੁੱਟ ਲੈਂਦਾ ਹੈ ਜਿਵੇਂ ਦੇਰ ਦਾ ਜਾਣਦਾ ਹੋਵੇ। ਮੈਂ ਕੁਝ ਕੁ ਹੈਰਾਨ ਹਾਂ। ਅਮਨਪਾਲ ਦੀ ਸ਼ੇਰੋ ਵੀ ਅੰਦਰ ਆ ਜਾਂਦੀ ਹੈ। ਕੁਝ ਦੇਰ ਅਮਨਪਾਲ ਨਾਲ ਲਾਡ ਕਰ ਕੇ ਬਾਕੀਆਂ ਨੂੰ ਸੁੰਘਣ ਲਗਦੀ ਹੈ। ਮੈਨੂੰ ਕੁੱਤਿਆਂ ਤੋਂ ਬਹੁਤ ਸੂੰਕ ਹੈ ਤੇ ਸਵਰਨ ਚੰਦਨ ਨੂੰ ਵੀ ਪਰ ਕੀ ਕੀਤਾ ਜਾ ਸਕਦਾ ਹੈ। ਅਮਨਪਾਲ ਦਾ ਪਿਤਾ ਮੇਰੇ ਕੋਲ ਬੈਠਦਾ ਕਹਿੰਦਾ ਹੈ,

–ਅਟਵਾਲ ਸਾਹਿਬ, ਮੈਨੂੰ ਪਤਾ ਲੱਗਾ ਕਿ ਤੁਸੀਂ ਆ ਰਹੇ ਹੋ, ਮੇਰਾ ਤਾਂ ਮਨ ਖੁਸ਼ੀ ਨਾਲ ਭਰ ਗਿਆ।

ਮੈਂ ਹਾਲੇ ਵੀ ਹੈਰਾਨ ਹਾਂ।

-ਮੇਰੀ ਤਾਂ ਅਟਵਾਲਾਂ ਨਾਲ ਬਹੁਤ ਬਣਦੀ ਐ, ਮੈਂ ਤੁਹਾਡੇ ਪਿੰਡ ਕਈ ਸਾਲ ਹੈੱਡਮਾਸਟਰ ਰਿਹਾਂ ਤੇ ਉਥੋਂ ਹੀ ਰਿਟਾਇਰ ਹੋਇਆਂ। ਬਹੁਤ ਵਧੀਆ ਦਿਨ ਨਿਕਲੇ ਤੁਹਾਡੇ ਪਿੰਡ, ਅਟਵਾਲਾਂ ਨੇ ਬਹੁਤ ਮਾਣ ਦਿੱਤਾ।

ਫਿਰ ਉਹ ਪਿੰਡ ਦੇ ਕੁਝ ਮੋਹਤਵਾਰ ਬੰਦਿਆਂ ਦੇ ਤੇ ਸਕੂਲ ਦੇ ਅਧਿਆਪਕਾਂ ਦੇ ਨਾਂ ਲੈਂਦਾ ਹੈ। ਬਹੁਤਿਆਂ ਨੂੰ ਮੈਂ ਜਾਣਦਾ ਹਾਂ। ਗੱਲਾਂ ਵਿਚਲੀ ਸਾਂਝ ਵਧਣ ਲਗਦੀ ਹੈ। ਅਮਨਪਾਲ ਆਖਦਾ ਹੈ,

-ਮੇਰੀ ਤਾਂ ਭੈਣ ਵੀ ਅਟਵਾਲਾਂ ਵਿੱਚ ਵਿਆਹੀ ਐ, ਤੁਹਾਡੇ ਪਿੰਡ, ਤੁਹਾਡੀ ਹੀ ਪੱਤੀ ਵਿੱਚ। ਸੋ ਸਾਨੂੰ ਤਾਂ ਅਟਵਾਲਾਂ ਦੀ ਇੱਜ਼ਤ ਕਰਨੀ ਹੀ ਪੈਂਦੀ ਐ।

ਫਿਰ ਅਜਿਹੀਆਂ ਰਿਸ਼ਤੇਦਾਰੀਆਂ ਦੀਆਂ ਗੱਲਾਂ ਹੋਣ ਲਗਦੀਆਂ ਹਨ। ਸਵਰਨ ਚੰਦਨ ਗੱਲਬਾਤ ਵਿੱਚੋਂ ਬਾਹਰ ਰਹਿ ਰਿਹਾ ਹੈ। ਮੈਂ ਸਮਝਦਾ ਹੋਇਆ ਕੋਈ ਸਾਂਝੀ ਗੱਲ ਤੋਰਦਾ ਹਾਂ। ਕੁਝ ਦੇਰ ਬਾਅਦ ਜਦ ਮੈਂ ਤੇ ਚੰਦਨ ਇਕੱਲੇ ਹੁੰਦੇ ਹਾਂ ਤਾਂ ਉਹ ਮੈਨੂੰ ਆਖਦਾ ਹੈ,

-ਤੇਰਾ ਬਹੁਤ ਅੱਘ ਹੋ ਰਿਹੈ, ਮੈਂ ਤਾਂ ਜਿਵੇਂ ਵਾਧੂ ਹੀ ਹੋਵਾਂ!

-ਰਿਸ਼ਤੇਦਾਰੀ ਕਰ ਕੇ।

ਮੈਂ ਸੰਖੇਪ ਜਿਹਾ ਜਵਾਬ ਦਿੰਦਾ ਹਾਂ।

ਅਮਨਪਾਲ ਸਾਨੂੰ ਆਖਦਾ ਹੈ,

-ਏਸ ਅਲਮਾਰੀ ਵਿੱਚ ਹਰ ਤਰ੍ਹਾਂ ਦੀ ਵਿਸਕੀ ਪਈ ਐ, ਜਿਹੜੀ ਮਰਜ਼ੀ ਤੇ ਜਦੋਂ ਮਰਜ਼ੀ ਪੀਓ।

-ਅਸੀਂ ਤਾਂ ਕਨੇਡੀਅਨ ਵਿਸਕੀਆਂ ਹੀ ਪੀਵਾਂਗੇ, ਸਕੌਚ ਤਾਂ ਰੋਜ਼ ਪੀਈਦੀ ਐ।

ਸਵਰਨ ਚੰਦਨ ਆਖਦਾ ਹੈ।

ਕੁਝ ਦੇਰ ਬਾਅਦ ਸ਼ੇਰੋ ਇਕ ਵਾਰ ਫਿਰ ਬੈਠਕ ਵਿੱਚ ਆ ਜਾਂਦੀ ਹੈ। ਉਹ ਘੁੰਮਦੀ ਹੋਈ ਟੁਆਇਲਟ ਵਿੱਚੋਂ ਪਾਣੀ ਪੀਣ ਲਗਦੀ ਹੈ। ਕੋਈ ਸ਼ੇਰੋ ਨੂੰ ਦਬਕਦਾ ਹੈ ਤਾਂ ਉਹ ਮੁੜ ਬੈਠਕ ਵਿੱਚ ਆ ਜਾਂਦੀ ਹੈ ਤੇ ਸਵਰਨ ਚੰਦਨ ਦਾ ਮੂੰਹ ਚੱਟਣ ਲਗਦੀ ਹੈ। ਸਵਰਨ ਚੰਦਨ ਉਸ ਨੂੰ ਪਰ੍ਹਾਂ ਕਰਦਾ ਬੋਲਦਾ ਹੈ,

-ਪਰ੍ਹਾਂ ਹੋ ਮਾਂ ਯਾਵੀ!

ਕੋਲ ਬੈਠੇ ਅਮਨਪਾਲ ਦਾ ਪਾਰਾ ਚੜ੍ਹ ਜਾਂਦਾ ਹੈ, ਆਖਦਾ ਹੈ,

-ਚਾਚਾ, ਤੂੰ ਮੇਰੀ ਧੀ ਨੂੰ ਗਾਲ਼ ਕੱਢਦਾਂ? ਧੀਆਂ ਵਾਂਗ ਪਾਲ਼ੀ ਐ ਇਹ ਮੈਂ।

ਸਵਰਨ ਚੰਦਨ ਕੁਝ ਨਹੀਂ ਬੋਲਦਾ। ਮੈਂ ਵੀ ਚੁੱਪ ਹਾਂ। ਅਮਨਪਾਲ ਵੀ ਚੁੱਪ ਕਰ ਜਾਂਦਾ ਹੈ। ਕੁਝ ਪਲ ਲਈ ਮਹੌਲ ਭਾਰੂ ਹੋ ਜਾਂਦਾ ਹੈ। ਮੈਂ ਵੈਨਕੋਵਰ ਦੇ ਮੌਸਮ ਬਾਰੇ ਕੋਈ ਗੱਲ ਤੋਰਦਾ ਹਾਂ। ਅਮਨਪਾਲ ਉੱਠ ਕੇ ਕਨੇਡੀਅਨ ਵਿਸਕੀ ਰਾਈ ਦੀ ਬੋਤਲ ਚੁੱਕ ਲਿਆਉਂਦਾ ਹੈ।

ਅਸੀਂ ਦੋ ਕੁ ਹਫਤੇ ਵੈਨਕੋਵਰ ਠਹਿਰੇ। ਸਾਰੇ ਲੇਖਕਾਂ ਨੂੰ ਮਿਲੇ। ਸਾਹਿਤਕ ਇਕੱਠਾਂ ਵਿੱਚ ਭਾਗ ਲਿਆ। ਸਾਹਿਤਕ ਬਹਿਸਾਂ ਹੋਈਆਂ। ਅਮਨਪਾਲ ਨੇ ਸਾਨੂੰ ਖ਼ੂਬ ਘੁੰਮਾਇਆ। ਵੈਨਕੋਵਰ ਤੋਂ ਕਲੋਨੇ ਤਕ ਦੇ ਇਲਾਕੇ ਦਿਖਾਏ। ਉਹ ਸਾਨੂੰ ਅਮਰੀਕਾ ਵੀ ਲੈ ਕੇ ਗਿਆ। ਉਥੇ ਵੀ ਦੋਸਤਾਂ ਨਾਲ ਮੁਲਾਕਾਤਾਂ ਹੋਈਆਂ। ਸਵਰਨ ਚੰਦਨ ਨੂੰ ਉਹ ਤੂੰ-ਤਾਂ ਕਰਕੇ ਹੀ ਬੋਲਦਾ ਤੇ ਮੈਨੂੰ ਅਟਵਾਲ ਸਾਹਿਬ ਆਖਦਾ। ਫਿਰ ਮੇਰੇ ਕਹਿਣ 'ਤੇ ਮੈਨੂੰ ਬੜੇ ਭਾਈ ਕਹਿਣ ਲੱਗਾ। ਉਸ ਦੇ ਫਿਲਮਾਂ ਦੇ ਸ਼ੌਂਕ ਬਾਰੇ ਵੀ ਰੱਜਵੀਆਂ ਗੱਲਾਂ ਕੀਤੀਆਂ। ਫਿਲਮ ਬਣਾਉਣ ਦਾ ਉਸ ਦਾ ਇਕੋ ਇਕ ਸੁਫਨਾ ਸੀ।



ਫਿਲਮਾਂ ਵਿੱਚ ਕੰਮ ਕਰਨ ਲਈ ਉਹ ਮੁੰਬਈ ਵੀ ਗਿਆ ਸੀ। ਵੈਨਕੋਵਰ ਆਏ ਫਿਲਮ ਮੇਕਰਾਂ ਨੂੰ ਵੀ ਮਿਲਦਾ। ਇਕ ਵਾਰ ਯਸ਼ ਚੋਪੜਾ ਨੇ ਉਸ ਨੂੰ ਕਿਹਾ ਸੀ ਕਿ ਜੇ ਹਿੰਦੀ ਫਿਲਮਾਂ ਵਿੱਚ ਕੰਮ ਕਰਨਾ ਤਾਂ ਮੁੰਬਈ ਆ ਕੇ ਬੈਠ, ਕਿਸੇ ਵੀ ਪਰੋਡਿਊਸਰ ਨੇ ਤੇਰੇ ਮਗਰ ਕਨੇਡਾ ਨਹੀਂ ਆਉਣਾ। ਮੁੰਬਈ ਉਹ ਪੱਕੇ ਤੌਰ 'ਤੇ ਜਾ ਨਾ ਸਕਿਆ। ਘਰ ਦੀਆਂ ਕਿਸ਼ਤਾਂ ਤੇ ਹੋਰ ਪਰਿਵਾਰ ਦੇ ਖਰਚੇ ਵੀ ਸਨ।

ਅਮਨਪਾਲ ਦੇ ਸੁਭਾਅ ਵਿੱਚ ਹੈ ਕਿ ਜਿਸ ਕੰਮ ਪਿੱਛੇ ਉਹ ਪੈਂਦਾ ਹੈ, ਪੂਰੀ ਸ਼ਿੱਦਤ ਨਾਲ ਪੈਂਦਾ ਹੈ। ਉਸ ਦੇ ਸੁਭਾਅ ਵਿੱਚ ਕੁਝ ਕਾਹਲ ਤੇ ਖ਼ਬਤ ਵੀ ਹੈ, ਜਿਸ ਨੂੰ ਮੈਂ ਹਲਕੀ ਜਿਹੀ ਅੱਤ ਆਖਦਾ ਹਾਂ।

**ਉਸ ਦੇ ਸੁਭਾਅ ਵਿਚਲੀ ਖ਼ਬਤ**

ਅਸੀਂ ਕਿਧਰੇ ਜਾ ਰਹੇ ਹਾਂ। ਅਮਨਪਾਲ ਕਾਰ ਬਹੁਤ ਤੇਜ਼ ਚਲਾ ਰਿਹਾ ਹੈ। ਕਾਰ ਉਹ ਸਦਾ ਤੇਜ਼ ਹੀ ਚਲਾਉਂਦਾ ਹੈ। ਆਪਣੀ ਕਾਰ ਦੀ ਤੇਜ਼ੀ ਬਾਰੇ ਗੱਲ ਕਰਦਾ ਦਸਦਾ ਹੈ,

-ਮੇਰੇ ਭਰਾ ਦਾ ਚੰਡੀਗੜ੍ਹ ਪੇਪਰ ਸੀ। ਬੱਸ ਆਈ ਨਾ ਤੇ ਭਰਾ ਰੋਵੇ। ਏਨਾ ਲੇਟ ਹੋ ਗਿਆ ਕਿ ਕਾਰ ਰਾਹੀਂ ਵੀ ਜਾਣ ਦਾ ਵਕਤ ਨਹੀਂ ਸੀ। ਮੈਂ ਉਹਨੂੰ ਕਿਹਾ ਕਿ ਬਹਿ ਕਾਰ ਵਿੱਚ। ਮੈਂ ਕਾਰ ਭਜਾ ਲਈ। ਉਹ ਡਰੇ ਤੇ ਚੀਕਾਂ ਮਾਰੇ। ਮੈਂ ਕਾਰ ਬਿਲਕੁਲ ਟਾਈਮ ਸਿਰ ਟਿਕਾਣੇ ਜਾ ਲਈ।

ਦੱਸਦਾ ਉਹ ਹੱਸਣ ਲਗਦਾ ਹੈ। ਉਸ ਦੀ ਤੇਜ਼ ਸਪੀਡ ਤੋਂ ਮੈਨੂੰ ਵੀ ਡਰ ਲੱਗ ਰਿਹਾ ਹੈ। ਮੈਂ ਸਵਰਨ ਚੰਦਨ ਵੱਲ ਦੇਖਦਾ ਹਾਂ। ਕਾਰ ਦੀ ਸਪੀਡ ਇਕ ਸੌ ਵੀਹ ਮੀਲ ਹੈ। ਸਵਰਨ ਚੰਦਨ ਆਖਦਾ ਹੈ,

-ਹੌਲੀ ਚੱਲ ਯਾਰ, ਕਿਤੇ ਮਰਵਾ ਹੀ ਨਾ ਦੇਵੀਂ!

-ਚਾਚਾ, ਮੈਨੂੰ ਮੇਰੀ ਡਰਾਈਵਿੰਗ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ। ਇਕ ਵਾਰੀ ਰਮਾ ਵਿੱਜ ਆਈ ਹੋਈ ਸੀ। ਉਹ ਕਹੇ ਕਿ ਹੌਲੀ ਚੱਲ। ਜਦ ਨਾ ਹਟੀ ਤਾਂ ਮੈਂ ਕਾਰ ਰੋਕ ਲਈ ਤੇ ਕਿਹਾ ਕਿ ਉਤਰ ਕਾਰ ਵਿੱਚੋਂ। ਫੇਰ ਮਰੂੰ ਮਰੂੰ ਕਰੇ!

ਸਵਰਨ ਚੰਦਨ ਆਪਣਾ ਮੂੰਹ ਜਿਹਾ ਲੈ ਕੇ ਰਹਿ ਗਿਆ।

ਸਾਡੇ ਪਹਿਲੇ ਦਿਨਾਂ ਵਿੱਚ, ਨਾਸ਼ਤੇ ਤੋਂ ਬਾਅਦ ਉਹ ਆਖਦਾ ਹੈ,

-ਚਲੋ ਬਈ, ਸੈਰ ਕਰ ਆਈਏ, ਸ਼ੇਰੋ ਨੂੰ ਲੈਜਾਣਾ ਪੈਂਦਾ ਨਾ। ਨਾਲੇ ਆਪਣੀ ਵਾਕ ਹੋ ਜਾਏਗੀ।

ਮੈਂ ਤੇ ਚੰਦਨ ਤਿਆਰ ਹੋ ਜਾਂਦੇ ਹਾਂ। ਮੈਂ ਸੋਚਦਾ ਹਾਂ ਕਿ ਕਿਸੇ ਪਾਰਕ ਦਾ ਇਕ ਚਕਰ ਜਿਹਾ ਹੀ ਹੋਵੇਗਾ ਪਰ ਉਹ ਇਕ ਖੱਡ ਜਿਹੀ ਦੇ ਨਾਲ ਨਾਲ ਤੁਰਿਆ ਜਾਂਦਾ ਹੈ। ਸ਼ੇਰੋ ਉਸ ਨੂੰ ਖਿੱਚਦੀ ਹੋਈ ਅੱਗੇ ਅੱਗੇ। ਅਸੀਂ ਉਸ ਨਾਲ ਰਲਣ ਦੀ ਕੋਸ਼ਿਸ਼ ਕਰਦੇ ਹਾਂ ਪਰ ਸਾਡਾ ਤੁਰਨ ਦਾ ਅਭਿਆਸ ਨਹੀਂ ਹੈ। ਅਮਨਪਾਲ ਰੁਕ ਰੁਕ ਕੇ ਸਾਨੂੰ ਨਾਲ ਰਲਾਉਂਦਾ ਹੈ। ਡੇਢ ਕੁ ਘੰਟਾ ਤੁਰ ਕੇ ਅਸੀਂ ਅੱਕ ਜਾਂਦੇ ਹਾਂ। ਮੈਂ ਆਖਦਾ ਹਾਂ,

-ਅਮਨਪਾਲ, ਚੱਲ ਯਾਰ ਵਾਪਸ ਚੱਲੀਏ।

ਉਹ ਮੇਰੇ ਵਲ ਦੇਖਦਾ ਹੈ ਤੇ ਹੱਸਣ ਲਗਦਾ ਹੈ,

-ਅਟਵਾਲ ਸਾਹਿਬ, ਮੇਰਾ ਤੇ ਸ਼ੇਰੋ ਦਾ ਘਰ ਹਾਲੇ ਪੂਰਾ ਨਹੀਂ ਹੋਇਆ। ਚਲੋ ਕੱਲ ਸਹੀ।

ਅਗਲੇ ਦਿਨ ਫਿਰ ਸਾਨੂੰ ਨਾਲ ਤੋਰ ਲੈਂਦਾ ਹੈ। ਉਹੀ ਡੇਢ-ਦੋ ਘੰਟੇ ਤੁਰਦੇ ਹਾਂ। ਅਸੀਂ

ਵਾਪਸ ਮੁੜਨ ਲਈ ਕਹਿ ਰਹੇ ਹਾਂ ਪਰ ਕੌਣ ਸੁਣਦਾ ਹੈ। ਮੇਰੀ ਤੇ ਚੰਦਨ ਦੀ ਬੁਰੀ ਹਾਲਤ ਹੋ ਜਾਂਦੀ ਹੈ। ਵਾਪਸੀ ਵੇਲੇ ਅਸੀਂ ਅਮਨਪਾਲ ਤੋਂ ਸੌ ਗਜ਼ ਪਿੱਛੇ ਤੁਰ ਰਹੇ ਹਾਂ। ਚੰਦਨ ਨੇ ਬਾਂਹ ਮਰੋੜ ਕੇ ਪਿੱਠ 'ਤੇ ਰੱਖੀ ਹੋਈ ਹੈ ਤੇ ਆਖਦਾ ਹੈ,

-ਪਾਗਲ ਸਾਲ਼ਾ!

ਉਸ ਤੋਂ ਅਗਲੇ ਦਿਨ ਫਿਰ ਉਹੋ ਗੱਲ। ਸਾਨੂੰ ਜ਼ਬਰਦਸਤੀ ਆਪਣੇ ਨਾਲ ਤੋਰ ਲੈਂਦਾ ਹੈ। ਅਸੀਂ ਡਿਗਦੇ ਢਹਿੰਦੇ ਵਾਪਸ ਪੁੱਜਦੇ ਹਾਂ। ਉਸ ਤੋਂ ਅਗਲੇ ਦਿਨ ਫਿਰ ਜਾਣ ਲਈ ਆਖਦਾ ਹੈ ਤਾਂ ਸਵਰਨ ਚੰਦਨ ਕਹਿੰਦਾ ਹੈ,

-ਯਾਰ, ਏਨਾ ਤਸ਼ੱਦਦ ਨਾ ਕਰ ਸਾਡੇ 'ਤੇ।

ਅਸੀਂ ਕਲੋਨੇ ਜਾ ਰਹੇ ਹਾਂ। ਅਮਨਪਾਲ ਦੇ ਦੋਵੇਂ ਮੁੰਡੇ ਆਜ਼ਾਦ ਤੇ ਸੂਰਜ ਵੀ ਸਾਡੇ ਨਾਲ ਹਨ। ਰਾਹ ਵਿੱਚ ਦੂਰੋਂ ਇਕ ਪਾਸੇ ਦੀ ਸੜਕ ਤੋਂ ਕੋਈ ਇਕ ਅਲਸ਼ੇਸ਼ਨ ਕੁੱਤੇ ਨੂੰ ਲਈ ਆ ਰਿਹਾ ਹੈ। ਅਮਨਪਾਲ ਆਪਣੇ ਮੁੰਡਿਆਂ ਨੂੰ ਕਹਿੰਦਾ ਹੈ,

-ਸ਼ੇਰੋ!

ਉਹ ਕਾਰ ਰੋਕ ਲੈਂਦਾ ਹੈ। ਦੋਵੇਂ ਪੁੱਤਰ ਤੇ ਅਮਨਪਾਲ ਉਸ ਕੁੱਤੇ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਦੇਖਣ ਲਗਦੇ ਹਨ। ਕੁੱਤਾ ਹੌਲੀ ਹੌਲੀ ਆਪਣੇ ਮਾਲਕ ਨਾਲ ਤੁਰਦਾ ਕਾਰ ਕੋਲ ਪੁੱਜਦਾ ਹੈ ਤੇ ਅੱਗੇ ਲੰਘ ਜਾਂਦਾ ਹੈ। ਅਮਨਪਾਲ ਤੇ ਉਸ ਦੇ ਮੁੰਡਿਆਂ ਨੂੰ ਢੇਰ ਤਸੱਲੀ ਹੁੰਦੀ ਹੈ।

ਕਲੋਨੇ ਹੀ ਜਾ ਰਹੇ ਹਾਂ। ਇਕ ਖੁੱਲ੍ਹੀ ਜਿਹੀ ਜਗਾਹ ਦੇਖ ਕੇ ਅਮਨਪਾਲ ਬੋਲਦਾ ਹੈ,

-ਆਓ, ਫੁੱਟਬਾਲ ਖੇਡੀਏ।

ਮੈਂ ਤੇ ਚੰਦਨ ਇਕ ਦੂਜੇ ਵੱਲ ਦੇਖਦੇ ਹਾਂ ਪਰ ਕੀ ਕਰ ਸਕਦੇ ਹਾਂ। ਅਸੀਂ ਤਾਂ ਫੁੱਟਬਾਲ ਖੇਡਣ ਬਾਰੇ ਸੁਫਨੇ ਵਿੱਚ ਵੀ ਨਹੀਂ ਸੋਚਿਆ ਹੋਣਾ। ਅਮਨਪਾਲ ਬੇਖ਼ਬਰ ਫੁੱਟਬਾਲ ਵਿੱਚ ਪੂਰੀ ਤਰ੍ਹਾਂ ਖੁਭਿਆ ਹੋਇਆ ਹੈ। ਇਕ ਇਕ ਨੂੰ ਹਾਕਾਂ ਮਾਰਦਾ ਭਜਾ ਰਿਹਾ ਹੈ। ਫੁੱਟਬਾਲ ਖੇਡਦਿਆਂ ਸਵਰਨ ਚੰਦਨ ਨੂੰ ਚੁੱਕ ਪੈ ਜਾਂਦੀ ਹੈ ਤੇ ਮੇਰੇ ਪੈਰ ਨੂੰ ਮਚਕੋੜ ਆ ਜਾਂਦੀ ਹੈ ਜਿਸ ਕਾਰਨ ਮੈਨੂੰ ਮਹੀਨਾ ਭਰ ਲੰਗੜਾ ਕੇ ਤੁਰਨਾ ਪਵੇਗਾ।

ਇਕ ਸ਼ਾਮ ਅਮਨਪਾਲ ਮੈਨੂੰ ਆਪਣੀ ਗੈਰਿਜ ਵਿੱਚ ਲੈ ਜਾਂਦਾ ਹੈ ਜਿਥੇ ਉਸ ਨੇ ਵਰਜਿਸ਼ ਦਾ ਸਮਾਨ ਰੱਖਿਆ ਹੋਇਆ ਹੈ। ਮੈਨੂੰ ਇਕ ਪਾਸੇ ਕੁਰਸੀ 'ਤੇ ਬੈਠਾ ਦਿੰਦਾ ਹੈ ਤੇ ਪੂਰੇ ਦੋ ਘੰਟੇ ਵਰਜਿਸ਼ ਕਰਦਾ ਰਹਿੰਦਾ ਹੈ।

ਇਕ ਵਾਰ ਅਮਨਪਾਲ ਦੇ ਮਨ ਵਿੱਚ ਆਉਂਦਾ ਹੈ ਕਿ ਘਰ ਬਦਲ ਲਵੇ। ਉਹ ਆਪਣੇ ਘਰ ਨੂੰ ਸੇਲ 'ਤੇ ਲਾ ਦਿੰਦਾ ਹੈ, ਘਰ ਵਿਕ ਜਾਂਦਾ ਹੈ। ਇਕ ਗੋਰਾ ਘਰ ਦਾ ਬਿਆਨਾ ਦੇ ਦਿੰਦਾ ਹੈ ਪਰ ਅਮਨਪਾਲ ਆਪਣਾ ਮਨ ਬਦਲ ਲੈਂਦਾ ਹੈ। ਹੁਣ ਉਹ ਘਰ ਵੇਚਣਾ ਨਹੀਂ ਚਾਹੁੰਦਾ ਪਰ ਗੋਰਾ ਘਰ ਖਰੀਦਣਾ ਚਾਹੁੰਦਾ ਹੈ। ਅਮਨਪਾਲ ਸੋਚਦਾ ਹੈ ਕਿ ਅਜਿਹਾ ਕੁਝ ਕਰੇ ਕਿ ਗੋਰਾ ਘਰ ਨਾ ਖਰੀਦੇ। ਉਹ ਸਵਿਮਿੰਗ ਪੂਲ ਵਿੱਚ ਡੈਬਰੀ ਸੁੱਟ ਕੇ ਪੂਰ ਦਿੰਦਾ ਹੈ ਤੇ ਘਰ ਨੂੰ ਹੋਰ ਨੁਕਸਾਨ ਵੀ ਪਹੁੰਚਾ ਦਿੰਦਾ ਹੈ ਤਾਂ ਜੋ ਗੋਰਾ ਘਰ ਖਰੀਦਣ ਤੋਂ ਮੁਕਰ ਜਾਵੇ ਪਰ ਗੋਰਾ ਅੜ ਜਾਂਦਾ ਹੈ। ਉਸ ਨੇ ਇਹੋ ਘਰ ਖਰੀਦਣਾ ਹੈ, ਖਰੀਦਣਾ ਵੀ ਉਸੇ ਸ਼ਕਲ ਵਿੱਚ ਜਿਵੇਂ ਉਸ ਨੇ ਪਹਿਲਾਂ ਦੇਖਿਆ ਸੀ। ਸੋ ਅਮਨਪਾਲ ਨੇ ਜਿੰਨਾ ਘਰ ਨੂੰ ਨੁਕਸਾਨ ਕੀਤਾ ਹੈ ਉਹ ਵੀ ਪੂਰਾ ਕਰਨਾ ਪੈਂਦਾ ਹੈ। ਆਪਣੇ ਖ਼ਬਤੀ ਸੁਭਾਅ ਕਾਰਨ ਉਸ ਨੂੰ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ।



ਅਮਨਪਾਲ ਇੰਡੀਆ ਜਾਂਦਾ ਹੈ। ਉਸ ਦੇ ਦੋਸਤਾਂ ਦੀ ਲੰਮੀ ਸੂਚੀ ਹੈ। ਇਕ ਦਿਨ ਇਕ ਦੋਸਤ ਨਾਲ ਕਿਧਰੇ ਜਾ ਰਿਹਾ ਹੈ ਕਿ ਕੁਝ ਲੋਕ ਉਸ ਦੇ ਦੋਸਤ ਨੂੰ ਕੁੱਟਣ ਆ ਪੈਂਦੇ ਹਨ। ਅਮਨਪਾਲ ਵੀ ਲੜਾਈ ਵਿੱਚ ਜਾ ਸ਼ਾਮਲ ਹੁੰਦਾ ਹੈ। ਏਨੀਆਂ ਸੱਟਾਂ ਲਗਦੀਆਂ ਹਨ ਕਿ ਉਸ ਨੂੰ ਹਸਪਤਾਲ ਭਰਤੀ ਹੋਣਾ ਪੈਂਦਾ ਹੈ। ਮੈਨੂੰ ਪਤਾ ਚਲਦਾ ਹੈ ਤਾਂ ਮੈਂ ਫੋਨ ਕਰਕੇ ਹਾਲ ਚਾਲ ਪੁੱਛਦਾ ਹਾਂ। ਉਹ ਦਸਦਾ ਹੈ,

-ਬੜੇ ਭਾਈ, ਉਹ ਬੰਦੇ ਬਹੁਤੇ ਸਨ ਤੇ ਮੇਰੇ ਦੋਸਤ ਨੇ ਬਹੁਤਾ ਕੁੱਟਿਆ ਜਾਣਾ ਸੀ, ਮੈਂ ਲੜਾਈ ਵਿੱਚ ਇਸ ਕਰਕੇ ਸ਼ਾਮਲ ਹੋ ਗਿਆ ਕਿ ਕੁੱਟ ਵੰਡੀ ਜਾਵੇ।

ਅਮਨਪਾਲ ਦਾ ਵੈਨਕੋਵਰ ਦੇ ਸਥਾਨਕ ਅਦਾਰਿਆਂ ਵਿੱਚ ਵਾਹਵਾ ਨਾਂ ਹੈ। ਵਿਸ਼ੇਸ਼ ਮੌਕਿਆਂ ਉਪਰ ਉਸ ਨੂੰ ਸੱਦਿਆ ਜਾਂਦਾ ਹੈ। ਰੇਡੀਓ ਟਾਕ ਵਿੱਚ ਤਾਂ ਉਹ ਅਕਸਰ ਸ਼ਾਮਲ ਹੁੰਦਾ ਰਹਿੰਦਾ ਹੈ। ਐਕਟਰ ਰਾਜ ਬੱਬਰ ਵੈਨਕੋਵਰ ਆਉਂਦਾ ਹੈ। ਇਕ ਰੇਡੀਓ ਸਟੇਸ਼ਨ ਵਾਲੇ ਰਾਜ ਬੱਬਰ ਦੀ ਇੰਟਰਵਿਊ ਕਰਨ ਲਈ ਅਮਨਪਾਲ ਨੂੰ ਬੁਲਾਉਂਦੇ ਹਨ। ਰੇਡੀਓ ਦੀ ਐਂਕਰ ਨੂੰ ਇਹ ਗੱਲ ਪਸੰਦ ਨਹੀਂ। ਉਹ ਆਪ ਇਕੱਲੀ ਹੀ ਰਾਜ ਬੱਬਰ ਨੂੰ ਸਵਾਲ ਕਰਨੇ ਚਾਹੁੰਦੀ ਹੈ। ਇਕ ਘੰਟੇ ਦਾ ਲਾਈਵ ਪਰੋਗਰਾਮ ਹੈ। ਪਰੋਗਰਾਮ ਤੋਂ ਬਾਅਦ ਐਂਕਰ ਗੁੱਸੇ ਵਿੱਚ ਅਮਨਪਾਲ ਨੂੰ ਆਖਦੀ ਹੈ,

-ਤੁਸੀਂ ਮੈਨੂੰ ਚੰਗੀ ਤਰ੍ਹਾਂ ਸਵਾਲ ਪੁੱਛਣ ਹੀ ਨਹੀਂ ਦਿੱਤੇ, ਵਿੱਚ ਆਪਣਾ ਹੀ ਦਖ਼ਲ ਦਿੰਦੇ ਰਹੇ।

ਅਮਨਪਾਲ ਓਨੇ ਹੀ ਗੁੱਸੇ ਵਿੱਚ ਬੋਲਦਾ ਹੈ,

-ਇਹੋ ਇਤਰਾਜ਼ ਮੈਨੂੰ ਤੁਹਾਡੇ ਨਾਲ ਐ।

**ਅਮਨਪਾਲ ਤੇ ਐਕਟਿੰਗ**

ਅਮਨਪਾਲ ਨੂੰ ਮੈਂ ਉਸ ਦੀ ਫਿਲਮ 'ਓਹਲਾ' ਵਿੱਚ ਹੀ ਐਕਟਿੰਗ ਕਰਦਿਆਂ ਦੇਖਿਆ ਸੀ। ਵੈਸੇ ਉਸ ਨੇ ਕਈ ਡਰਾਮਿਆਂ ਵਿੱਚ ਭਾਗ ਵੀ ਲਿਆ। ਉਸ ਨੇ ਵੈਨਕੋਵਰ ਆ ਕੇ ਐਕਟਿੰਗ ਦਾ ਕੋਰਸ ਵੀ ਕੀਤਾ ਸੀ। ਸ਼ਾਇਦ ਕਿਸੇ ਹਿੰਦੀ ਫਿਲਮ ਵਿੱਚ ਵੀ ਛੋਟਾ ਮੋਟਾ ਰੋਲ ਮਿਲਿਆ ਹੋਵੇ। ਸ਼ੂਟਿੰਗ ਲਈ ਇੰਡੀਆ ਤੋਂ ਪ੍ਰੋਡਿਊਸਰ ਆਉਂਦੇ ਰਹਿੰਦੇ ਸਨ। ਪ੍ਰੋਡਿਊਸਰ ਉਸ ਨੂੰ ਮੁੰਬਈ ਆਉਣ ਦਾ ਸੱਦਾ ਦਿੰਦੇ ਰਹਿੰਦੇ ਸਨ। ਐਕਟਰ ਰਾਜ ਬੱਬਰ ਕਿਸੇ ਫਿਲਮ ਦੇ ਸਿਲਸਿਲੇ ਵਿੱਚ ਕਨੇਡਾ ਆਇਆ ਤਾਂ ਉਸ ਦਾ ਵੈਨਕੋਵਰ ਏਅਰਪੋਰਟ ਤੇ ਸਵਾਗਤ ਕਰਨ ਵਾਲਿਆਂ ਵਿੱਚ ਅਮਨਪਾਲ ਸਾਰਾ ਤੇ ਮੈਂ ਵੀ ਸਾਂ। ਕਿਸੇ ਨੇ ਅਮਨਪਾਲ ਦਾ ਰਾਜ ਬੱਬਰ ਨਾਲ ਤੁਆਰਫ ਕਰਾਉਂਦਿਆਂ ਕਿਹਾ ਕਿ ਇਹ ਵੀ ਫਿਲਮਾਂ ਵਿੱਚ ਕੰਮ ਕਰਦਾ ਹੈ ਤਾਂ ਰਾਜ ਬੱਬਰ ਇਕ ਦਮ ਕਹਿ ਉਠਿਆ ਕਿ ਇਹ ਤਾਂ ਲਗਦਾ ਹੀ ਪੂਰੇ ਦਾ ਪੂਰਾ ਹੀਰੋ ਹੈ।

ਉਸ ਦਾ ਬਹੁਤ ਸ਼ੌਕ ਸੀ ਕਿ ਉਸ ਦੀ ਫਿਲਮ ਸਿਨਮਾ ਹਾਲ ਵਿੱਚ ਚੱਲੇ। ਉਸ ਦੇ ਵੱਡੇ ਵੱਡੇ ਪੋਸਟਰ ਸਿਨਮੇ ਦੇ ਬਾਹਰ ਲੱਗੇ ਹੋਏ ਹੋਣ। ਉਸ ਦੀ ਇਹ ਖੁਸ਼ੀ ਪੂਰੀ ਹੋਈ ਵੀ ਉਸ ਦੀ ਇਕ ਫਿਲਮ 'ਗੁਲਦਸਤਾ' ਸਿਨਮੇ ਵਿੱਚ ਚੱਲੀ ਵੀ। ਇਹ ਫਿਲਮ ਉਸ ਨੇ ਕਸ਼ਮੀਰ ਵਿੱਚ ਜਾ ਕੇ ਬਣਾਈ ਸੀ। ਉਸ ਨੇ ਸ਼ਾਇਦ ਮੇਜਰ ਦੀ ਭੂਮਿਕਾ ਨਿਭਾਈ ਸੀ। ਮੈਨੂੰ ਸ਼ੂਟਿੰਗ ਦੀਆਂ ਕੁਝ ਤਸਵੀਰਾਂ ਵੀ ਭੇਜੀਆਂ ਸਨ। ਫੋਨ ਉਪਰ ਗੱਲ ਕਰਦਿਆਂ ਦੱਸਿਆ ਸੀ,

-ਬੜੇ ਭਾਈ, ਮੇਰੀ ਐਕਟਿੰਗ ਦੇਖ ਕੇ ਤੂੰ ਸਨੀ ਦੇਓਲ ਨੂੰ ਭੁੱਲ ਜਾਏਂਗਾ।

ਫਿਲਮ ਬਣਾਉਂਦੇ ਸਮੇਂ ਉਸ ਦੀ ਬਿਮਾਰੀ ਸ਼ੁਰੂ ਹੋ ਗਈ ਸੀ ਪਰ ਦਵਾਈਆਂ ਨਾਲ ਬਿਮਾਰੀ ਉਪਰ ਕਾਬੂ ਪਾ ਲੈਂਦਾ ਸੀ ਤੇ ਕਿਸੇ ਨੂੰ ਪਤਾ ਨਹੀਂ ਸੀ ਚਲਦਾ। ਮੈਂ ਉਸ ਦੀ ਇਹ ਫਿਲਮ

ਦੇਖ ਨਹੀਂ ਸਾਂ ਸਕਿਆ ਪਰ ਜਦ ਕਨੇਡਾ ਰਹਿੰਦੇ ਮੇਰੇ ਇਕ ਰਿਸ਼ਤੇਦਾਰ ਨੇ ਦੱਸਿਆ ਕਿ ਅਮਨਪਾਲ ਦੀ ਫਿਲਮ ਥੀਏਟਰ ਵਿੱਚ ਲੱਗੀ ਸੀ ਪਰ ਚੱਲੀ ਨਹੀਂ। ਫਿਲਮ ਚੱਲਣ ਦੀ ਕਿਸ ਨੂੰ ਚਿੰਤਾ ਸੀ, ਸੁਫਨਾ ਤਾਂ ਇਕ ਵਾਰ ਫਿਲਮ ਲੱਗਣ ਦਾ ਸੀ।

ਅਮਨਪਾਲ ਆਪਣੇ ਮੁੰਡਿਆਂ ਤੇ ਭਾਣਜੇ ਨੂੰ ਲੈ ਕੇ ਕਈ ਸਕਿੱਟਾਂ ਵੀ ਤਿਆਰ ਕੀਤੀਆਂ ਜਿਹਨਾਂ ਨੂੰ ਉਹ ਸਕੂਲ ਵਿੱਚ ਜਾਂ ਵਿਆਹਾਂ ਵਿੱਚ ਖੇਡਿਆ ਕਰਦੇ ਸਨ। ਘਰ ਵਿੱਚ ਉਸ ਦੀ ਐਕਟਿੰਗ ਦੀ ਖ਼ਬਤ ਨਾਲ ਕਿਸੇ ਨੂੰ ਕੋਈ ਬਹੁਤਾ ਵਾਹ ਨਹੀਂ ਸੀ। ਉਸ ਦਾ ਪਿਤਾ ਤਾਂ ਉਸ ਦੇ ਇਸ ਸ਼ੌਂਕ ਨੂੰ ਪਸੰਦ ਹੀ ਨਹੀਂ ਸੀ ਕਰਦਾ। ਹਾਂ, ਉਸ ਦੀ ਮਾਂ ਜ਼ਰੂਰ ਲਾਡ ਵਿੱਚ ਆਈ 'ਮੇਰਾ ਹੀਰੋ ਪੁੱਤ' ਕਹਿ ਕੇ ਬੁਲਾਉਂਦੀ।

'ਗੁਲਦਸਤਾ' ਛੋਟੇ ਜਿਹੇ ਬੱਜਟ ਦੀ ਫਿਲਮ ਸੀ ਪਰ ਉਹ ਵੱਡੇ ਬੱਜਟ ਦੀ ਫਿਲਮ ਬਣਾਉਣ ਦਾ ਸੁਫਨਾ ਦੇਖਦਾ ਸੀ। ਇਸ ਲਈ ਉਸ ਕੋਲ ਫੰਡ ਨਹੀਂ ਸਨ। ਫੰਡ ਇਕੱਠੇ ਕਰਨ ਲਈ ਉਹ ਇੰਗਲੈਂਡ ਵੀ ਆਇਆ ਸੀ ਤੇ ਜਰਮਨੀ ਵੀ ਗਿਆ ਪਰ ਗੱਲ ਨਹੀਂ ਸੀ ਬਣੀ। ਫਿਲਮ ਦੀ ਕਹਾਣੀ, ਫਿਲਮ ਦੇ ਕਲਾਕਾਰ, ਡਾਇਰੈਕਟਰ ਕਿਹਨੂੰ ਲੈਣਾ ਹੈ ਆਦਿ ਬਾਰੇ ਉਹ ਹਰ ਵੇਲੇ ਗੱਲਾਂ ਕਰਦਾ ਰਹਿੰਦਾ ਸੀ। ਇਕ ਵਾਰ ਮੈਂ ਉਸ ਨੂੰ ਕਿਹਾ,

-ਅਮਨਪਾਲ, ਯਾਰ ਫਿਲਮ ਬਣਾਉਣ ਦਾ ਸੁਫਨਾ ਤੇਰਾ ਬਹੁਤ ਮਹਿੰਗਾ ਨਹੀਂ ?

-ਬੜੇ ਭਾਈ, ਫਿਲਮ ਤਾਂ ਮੈਂ ਇਕ ਵਾਰ ਬਣਾਉਣੀ ਹੀ ਬਣਾਉਣੀ ਐ।

-ਮਸਲਾ ਤਾਂ ਪੈਸੇ ਦਾ।

-ਏਨੀ ਜ਼ਮੀਨ ਐ ਮੇਰੇ ਹਿੱਸੇ ਦੀ, ਇਕ ਦਿਨ...।

ਉਸ ਨੇ ਨਾਲ ਦੇ ਕਮਰੇ ਵਿੱਚ ਬੈਠੇ ਪਿਤਾ ਵਲ ਇਸ਼ਾਰਾ ਕੀਤਾ ਤੇ ਕਿਹਾ,

-ਕੁਝ ਦੇਰ ਰੁਕਣਾ ਹੋਵੇਗਾ।

ਉਸ ਦਾ ਇਸ਼ਾਰਾ ਸੀ ਕਿ ਪਿਤਾ ਤੋਂ ਬਾਅਦ ਫਿਲਮ ਬਣਾ ਸਕੇਗਾ। ਉਹ ਕਈ ਵਾਰ ਪਿਤਾ ਨੂੰ ਜ਼ਮੀਨ ਵੇਚਣ ਲਈ ਕਹਿ ਚੁੱਕਾ ਸੀ। ਉਸ ਦੀ ਬਿਮਾਰੀ ਨੇ ਉਸ ਦਾ ਵੱਡੇ ਬੱਜਟ ਦੀ ਫਿਲਮ ਬਣਾਉਣ ਦਾ ਸੁਫਨਾ ਪੂਰਾ ਨਾ ਹੋਣ ਦਿੱਤਾ।

**ਅਮਨਪਾਲ ਇੰਗਲੈਂਡ ਵਿੱਚ**

ਮੈਂ ਤੇ ਸਵਰਨ ਚੰਦਨ ਕਨੇਡਾ ਦੇ ਟੂਰ ਤੋਂ ਅੱਕ ਗਏ ਸਾਂ। ਚਾਰ ਹਫਤੇ ਬਹੁਤੇ ਸਨ। ਸਾਨੂੰ ਸਿਰਫ ਦੋ ਹਫਤੇ ਲਈ ਹੀ ਜਾਣਾ ਚਾਹੀਦਾ ਸੀ। ਵਾਪਸ ਇੰਗਲੈਂਡ ਪੁੱਜ ਕੇ ਅਸੀਂ ਖੁਸ਼ ਸਾਂ। ਇਸ ਟੂਰ ਤੋਂ ਚੰਦਨ ਕੁਝ ਨਿਰਾਸ਼ ਸੀ। ਸ਼ਾਇਦ ਉਸ ਦਾ ਬਣਦਾ ਮਾਣ-ਤਾਣ ਨਹੀਂ ਸੀ ਹੋਇਆ ਤੇ ਉਪਰੋਂ ਅਮਨਪਾਲ ਵੱਲੋਂ ਕੀਤੇ ਤੂੰ-ਤਾਂ ਕਾਰਨ ਵੀ ਦੁਖੀ ਸੀ। ਉਹ ਇਹ ਵੀ ਸਮਝ ਗਿਆ ਸੀ ਕਿ ਅਮਨਪਾਲ ਉਸ ਦੀ ਕਿਸੇ ਕਹਾਣੀ-ਨਾਵਲ ਉਪਰ ਫਿਲਮ ਨਹੀਂ ਬਣਾ ਸਕੇਗਾ।

ਆਉਂਦੇ ਹੋਏ ਅਸੀਂ ਉਥੋਂ ਦੇ ਦੋਸਤਾਂ ਮਿੱਤਰਾਂ ਨੂੰ ਇੰਗਲੈਂਡ ਆਉਣ ਦਾ ਸੱਦਾ ਦੇ ਆਏ ਸਾਂ। ਬਲਰਾਜ ਚੀਮਾ ਤੇ ਅਮਨਪਾਲ ਸਾਰਾ ਆਏ ਵੀ। ਅਸੀਂ ਕਾਫੀ ਵੱਡਾ ਫੰਕਸ਼ਨ ਕੀਤਾ। ਸਾਰੇ ਖੁਸ਼ ਸਨ। ਫੰਕਸ਼ਨ ਤੋਂ ਬਾਅਦ ਕੁਝ ਦੋਸਤ ਮੇਰੇ ਘਰ ਆ ਗਏ। ਅਮਨਪਾਲ ਫਿਰ ਸਵਰਨ ਚੰਦਨ ਨੂੰ ਚਾਚਾ ਕਹਿਣ ਦੀ ਗਲਤੀ ਕਰ ਬੈਠਾ। ਚੰਦਨ ਦਾ ਗੁੱਸਾ ਸਤਵੇਂ ਅਸਮਾਨ 'ਤੇ ਜਾ ਚੜ੍ਹਿਆ,

-ਕਮਾਲ ਐ ਯਾਰ! ਲੋਕ ਮੈਨੂੰ ਡਾਕਟਰ ਸਾਬ ਤੋਂ ਬਿਨਾਂ ਨਹੀਂ ਬੁਲਾਉਂਦੇ ਤੇ ਤੂੰ ਮੈਨੂੰ ਕਿਤੇ ਹੋਰ ਹੀ ਲਈ ਫਿਰਦਾਂ। ਤੈਨੂੰ ਪਤਾ ਨਹੀਂ ਮੈਂ ਕੌਣ ਆਂ? ਮੈਂ ਆਲੋਚਕ ਆਂ, ਤੈਨੂੰ ਰੋਲ਼ ਕੇ ਰੱਖ



ਦੇਊਂ! ਤੇਰੀ ਹਿੰਮਤ ਕਿਵੇਂ ਪਈ ਮੇਰੇ ਨਾਲ ਬਦਕਲਾਮੀ ਕਰਨ ਦੀ ?

ਉਹ ਅਜਿਹਾ ਸ਼ੁਰੂ ਹੋਇਆ ਕਿ ਹਟਣ ਦਾ ਨਾਂ ਹੀ ਨਾ ਲਵੇ। ਆਖ਼ਰ ਮੈਨੂੰ ਕਹਿਣਾ ਪਿਆ,

-ਡਾਕਟਰ ਸਾਹਿਬ, ਸਾਰਾ ਮੇਰਾ ਗੈਸਟ ਐ ਤੇ ਤੁਸੀਂ ਮੇਰੇ ਗੈਸਟ ਦੀ ਬੇਇੱਜ਼ਤੀ ਨਹੀਂ ਕਰ ਸਕਦੇ।

ਪਰ ਚੰਦਨ ਨੇ ਮੇਰੀ ਗੱਲ ਅਣਸੁਣੀ ਕਰ ਦਿੱਤੀ ਤੇ ਲੱਗਾ ਰਿਹਾ। ਅਮਨਪਾਲ ਚੁੱਪ ਸੀ। ਉਹ ਏਨੀ ਗੱਲ ਕਹਿ ਹੀ ਨਾ ਸਕਿਆ ਕਿ ਮੈਂ ਤਾਂ ਇਹ ਮੋਹ ਵਿੱਚ ਹੀ ਕਹਿ ਰਿਹਾ ਸਾਂ।

ਅਗਲੇ ਦਿਨ ਸਭ ਠੀਕ ਹੋ ਗਿਆ ਜਾਂ ਬਾਹਰੋਂ ਬਾਹਰੋਂ ਠੀਕ ਦਿਸ ਰਿਹਾ ਸੀ। ਇਸ ਘਟਨਾ ਤੋਂ ਬਾਅਦ ਚੰਦਨ ਨੇ ਅਮਨਪਾਲ ਦੀ ਇਕ ਕਿਤਾਬ ਉਪਰ ਪਰਚਾ ਵੀ ਲਿਖਿਆ ਸੀ ਪਰ ਮੇਰੇ ਕਹਿਣ 'ਤੇ।

ਅਮਨਪਾਲ ਇੰਗਲੈਂਡ ਵਿੱਚ ਕਈ ਵਾਕਫਾਂ ਤੇ ਰਿਸ਼ਤੇਦਾਰਾਂ ਨੂੰ ਮਿਲਿਆ। ਸ਼ਾਇਦ ਫਿਲਮ ਲਈ ਫੰਡ ਇਕੱਠਾ ਕਰਨ ਦਾ ਇਰਾਦਾ ਸੀ ਉਸ ਦਾ। ਇਸੇ ਇਰਾਦੇ ਨਾਲ ਉਹ ਜਰਮਨੀ ਵੀ ਜਾਣਾ ਚਾਹੁੰਦਾ ਸੀ। ਅਸੀਂ ਜਰਮਨੀ ਜਾਣ ਦੀ ਤਿਆਰੀ ਕਰਨ ਲੱਗੇ। ਬਲਰਾਜ ਚੀਮਾ, ਅਮਨਪਾਲ ਤੇ ਮੈਂ। ਪਰ ਮੇਰੀ ਮਜਬੂਰੀ ਇਹ ਕਿ ਉਹਨਾਂ ਦਿਨਾਂ ਵਿੱਚ ਮੈਂ ਕਿਸੇ ਕਾਰਨ ਕਾਰ ਨਹੀਂ ਸਾਂ ਚਲਾ ਸਕਦਾ। ਲਾਇਸੰਸ ਉਪਰ ਜ਼ਿਆਦਾ ਪੁਆਇੰਟ ਲੱਗ ਜਾਣ ਕਾਰਨ ਮੇਰੇ ਉਪਰ ਕੁਝ ਦੇਰ ਕਾਰ ਚਲਾਉਣ ਦਾ ਬੈਨ ਲਗਾ ਹੋਇਆ ਸੀ। ਮੈਂ ਅਮਨਪਾਲ ਨੂੰ ਦਸਿਆ ਤਾਂ ਉਸ ਨੇ ਕਿਹਾ ਕਿ ਕਾਰ ਉਹ ਚਲਾਏਗਾ। ਅਸੀਂ ਜਰਮਨੀ ਲਈ ਚੱਲ ਪਏ। ਉਸ ਸ਼ਹਿਰ ਦਾ ਨਾਂ ਹੈਨੀਕੇਨ ਸੀ ਜਿਥੇ ਅਸੀਂ ਗਏ। ਦੋ ਭਰਾ ਰਹਿੰਦੇ ਸਨ ਉਥੇ। ਅਮਨਪਾਲ ਦੇ ਕਿਸੇ ਤਰ੍ਹਾਂ ਵਾਕਫ ਸਨ। ਮੈਨੂੰ ਨਹੀਂ ਪਤਾ ਕਿ ਉਸ ਦੀ ਉਹਨਾਂ ਨਾਲ ਕੀ ਗੱਲ ਹੋਈ ਪਰ ਅਮਨਪਾਲ ਖੁਸ਼ ਦਿਸਦਾ ਸੀ।

ਵਾਪਸ ਆਉਂਦੇ ਹੋਏ ਵੀ ਅਮਨਪਾਲ ਹੀ ਕਾਰ ਚਲਾ ਰਿਹਾ ਸੀ। ਮੈਂ ਤਾਂ ਚਲਾ ਹੀ ਨਹੀਂ ਸਾਂ ਸਕਦਾ। ਬਲਰਾਜ ਚੀਮੇ ਦੀ ਸਿਹਤ ਵੀ ਲੰਮੇ ਸਫਰ ਲਈ ਕਾਰ ਚਲਾਉਣ ਦੀ ਇਜਾਜ਼ਤ ਨਹੀਂ ਸੀ ਦਿੰਦੀ। ਅਮਨਪਾਲ ਡਰਾਈਵਿੰਗ ਕਰਦਾ ਰਿਹਾ ਤੇ ਮੈਂ ਤੇ ਚੀਮਾ ਦਾਰੂ ਪੀਂਦੇ ਰਹੇ। ਫਰਾਂਸ ਵਿੱਚ ਇਕ ਥਾਂ ਅਸੀਂ ਰੁਕੇ। ਅਚਾਨਕ ਅਮਨਪਾਲ ਨੇ ਵਿਸਕੀ ਦੀ ਬੋਤਲ ਚੁੱਕੀ ਤੇ ਮੂੰਹ ਨੂੰ ਲਾ ਲਈ ਤੇ ਛੇਤੀ ਹੀ ਢੇਰੀ ਹੋ ਗਿਆ। ਚੀਮਾ ਤੇ ਮੈਂ ਇਕ ਦੂਜੇ ਦੇ ਮੂੰਹ ਵੱਲ ਦੇਖੀਏ। ਇਕ ਤਾਂ ਮੈਂ ਸ਼ਰਾਬ ਦੇ ਨਸ਼ੇ ਅਧੀਨ ਸਾਂ ਤੇ ਦੂਜੇ ਮੇਰੇ ਕੋਲ ਲਾਇਸੰਸ ਵੀ ਨਹੀਂ ਸੀ ਤੇ ਤੀਜੇ ਯੌਰਪ ਦੀ ਡਰਾਈਵਿੰਗ ਵੀ ਉਲਟੇ ਹੱਥ ਦੀ ਸੀ, ਮੈਂ ਸਹਿਜੇ ਹੀ ਗਲਤੀ ਕਰ ਸਕਦਾ ਸਾਂ। ਜੇ ਕਿਤੇ ਫੜਿਆ ਗਿਆ ਤਾਂ ਸਿੱਧੀ ਜੇਲ੍ਹ ਹੋਣੀ ਸੀ ਪਰ ਮਰਦਾ ਕੀ ਨਾ ਕਰਦਾ। ਉਥੇ ਤਾਂ ਬੈਠੇ ਨਹੀਂ ਸਾਂ ਰਹਿ ਸਕਦੇ। ਮੈਂ ਮੂੰਹ ਧੋਤਾ, ਸਿਰ ਵਿੱਚ ਪਾਣੀ ਪਾਇਆ ਤੇ ਸਟੇਅਰਿੰਗ 'ਤੇ ਬਹਿ ਗਿਆ। ਮੈਂ ਕਈ ਸੌ ਮੀਲ ਕਾਰ ਚਲਾਈ ਪਰ ਇਕ ਵਿਸ਼ੇਸ਼ ਡਰ ਅਧੀਨ। ਅਮਨਪਾਲ ਸਾਰੇ ਸਫਰ ਦੌਰਾਨ ਸੁੱਤਾ ਰਿਹਾ।

ਬਿਮਾਰੀ ਵੱਲੋਂ ਢਾਹੇ ਜਾਣ ਤਕ ਅਮਨਪਾਲ ਨੇ ਇੰਗਲੈਂਡ ਦੇ ਕਈ ਚੱਕਰ ਲਾਏ। ਇੰਡੀਆ ਜਾਂਦਾ ਰੁਕ ਹੀ ਜਾਇਆ ਕਰਦਾ। ਇਕ ਵਾਰ ਉਸ ਦਾ ਸਾਰਾ ਪਰਿਵਾਰ ਵੀ ਸਾਡੇ ਕੋਲ ਰਹਿ ਕੇ ਗਿਆ। ਹਰ ਵਾਰ ਸਾਡੀਆਂ ਵਾਹਵਾ ਮਹਿਫਲਾਂ ਲਗਦੀਆਂ। ਖੂਬ ਗੱਲਾਂ ਹੁੰਦੀਆਂ। ਬਿਮਾਰ ਹੋਣ ਤੋਂ ਬਾਅਦ ਵੀ ਉਸ ਦਾ ਕਦੇ ਕਦੇ ਫੋਨ ਆਉਂਦਾ ਕਿ ਉਸ ਦਾ ਦਿਲ ਇੰਗਲੈਂਡ ਆਉਣ ਨੂੰ ਕਰਦਾ ਹੈ ਪਰ ਉਹ ਆ ਨਾ ਸਕਿਆ।

**ਅਮਨਪਾਲ ਤੇ ਬਿਮਾਰੀ**

ਫਿਰ ਮੇਰਾ ਮਿੱਤਰ, ਮੇਰਾ ਹੀਰੋ ਇਕ ਅਜਿਹੀ ਬਿਮਾਰੀ ਨਾਲ ਘਿਰ ਗਿਆ ਜਿਸ ਦਾ ਕੋਈ ਇਲਾਜ ਨਹੀਂ। ਅਜਿਹੀ ਬਿਮਾਰੀ ਜੋ ਨਾ ਮਰਨ ਦਿੰਦੀ ਹੈ ਤੇ ਨਾ ਹੀ ਜੀਉਣ ਦਿੰਦੀ ਹੈ। ਇਸ ਬਿਮਾਰੀ ਨੂੰ ਝੋਲਾ ਆਖਦੇ ਹਨ, ਪਾਰਕਿਨਸਨ ਡਿਜੀਜ਼। ਸਾਰਾ ਸਰੀਰ ਹਿੱਲਣ ਲਗਦਾ ਹੈ, ਸਰੀਰ ਉਪਰ ਤੁਹਾਡਾ ਕੋਈ ਕਾਬੂ ਨਹੀਂ ਹੁੰਦਾ। ਜਦ ਕਿ ਤੁਹਾਡਾ ਦਿਮਾਗ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੁੰਦਾ ਹੈ। ਮੈਂ ਉਸ ਦੀ ਬਿਮਾਰੀ ਦਾ ਨੋਟਿਸ ਉਦੋਂ ਲਿਆ ਜਦ ਮੈਂ ਦੂਜੀ ਵਾਰ ਕਨੇਡਾ ਗਿਆ ਸਾਂ। ਉਹ ਬੱਸ ਚਲਾਇਆ ਕਰਦਾ ਸੀ। ਇਕ ਦਿਨ ਮੈਂ ਉਸ ਦੇ ਨਾਲ ਚਲੇ ਗਿਆ। ਮੈਂ ਅਚਾਨਕ ਕੀ ਦੇਖਿਆ ਕਿ ਉਸ ਦੇ ਹੱਥ ਹਿੱਲ ਰਹੇ ਸਨ। ਪਹਿਲਾਂ ਤਾਂ ਮੈਂ ਸੋਚਿਆ ਕਿ ਸ਼ਾਇਦ ਜ਼ਿਆਦਾ ਸ਼ਰਾਬ ਪੀਣ ਕਰਕੇ ਹੋਣਗੇ ਪਰ ਇਹ ਕੁਝ ਹੋਰ ਸੀ। ਮੈਂ ਪੁੱਛਿਆ ਤਾਂ ਉਸ ਨੇ ਉਦਾਸ ਹੁੰਦਿਆਂ ਆਪਣੀ ਬਿਮਾਰੀ ਬਾਰੇ ਦੱਸ ਦਿੱਤਾ। ਉਹ ਆਪਣੀ ਬਿਮਾਰੀ ਨੂੰ ਛੁਪਾ ਕੇ ਰੱਖ ਰਿਹਾ ਸੀ। ਬਿਮਾਰੀ ਨੇ ਉਸ ਨੂੰ ਹੌਲੀ ਹੌਲੀ ਢਾਉਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਨੌਕਰੀ ਤੋਂ ਵਾਂਝਾ ਕਰ ਦਿੱਤਾ ਗਿਆ।

ਬਿਮਾਰੀ ਨੇ ਉਸ ਦੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ, ਉਸ ਦੇ ਲਿਖਣ-ਪੜ੍ਹਨ ਨੂੰ, ਉਸ ਦੀ ਐਕਟਿੰਗ ਨੂੰ, ਉਸ ਦੀ ਪਰਿਵਾਰਿਕ ਜ਼ਿੰਦਗੀ ਨੂੰ। ਜਿਹੜੀਆਂ ਦਵਾਈਆਂ ਉਹ ਖਾਂਦਾ ਸੀ ਉਸ ਦੇ ਸਾਈਡ ਅਫੈਕਟਸ ਤੇ ਆਫਟਰ ਅਫੈਕਟਸ ਬਹੁਤ ਗੰਭੀਰ ਸਨ। ਦਵਾਈਆਂ ਉਸ ਨੂੰ ਬਹੁਤ ਹਾਈਪਰ ਕਰਦੀਆਂ ਸਨ, ਕਾਮੁਕ ਤੌਰ 'ਤੇ ਵੀ ਬਹੁਤਾ ਐਕਟਿਵ ਕਰ ਰਹੀਆਂ ਸਨ, ਜਿਹਨਾਂ ਦੇ ਨਤੀਜੇ ਗਲਤ ਵੀ ਨਿਕਲ ਰਹੇ ਸਨ। ਉਸ ਨੂੰ ਬਦਨਾਮੀਆਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਸੀ। ਕਨੇਡਾ ਦਾ ਕੋਈ ਦੋਸਤ ਮਿਲਦਾ ਤਾਂ ਮੈਂ ਉਸ ਤੋਂ ਅਮਨਪਾਲ ਬਾਰੇ ਪੁੱਛਦਾ, ਕੋਈ ਵਧੀਆ ਖ਼ਬਰ ਨਾ ਮਿਲਦੀ। ਉਸ ਦਾ ਦਿਮਾਗ ਪੂਰੀ ਤਰ੍ਹਾਂ ਕੰਮ ਕਰਦਾ ਹੋਣ ਕਰਕੇ ਉਸ ਦਾ ਦੁਖਾਂਤ ਹੋਰ ਵੀ ਵੱਡਾ ਹੋ ਜਾਂਦਾ। ਵੈਨਕੋਵਰ ਵਿੱਚ ਇਕ ਸਾਹਿਤਕ ਸਮਾਗਮ ਹੋ ਰਿਹਾ ਸੀ। ਅਮਨਪਾਲ ਆਪਣੇ ਵਿਚਾਰ ਰੱਖਣ ਲਈ ਸਟੇਜ ਉਪਰ ਚੜ੍ਹ ਗਿਆ। ਉਸ ਦਾ ਸਾਰਾ ਸਰੀਰ ਹਿੱਲ ਰਿਹਾ ਸੀ। ਜ਼ਬਾਨ ਵੀ ਲੜਖੜਾ ਰਹੀ ਸੀ। ਦੇਖਣ ਵਾਲੇ ਦੋਸਤ ਦਸਦੇ ਹਨ ਕਿ ਬਹੁਤ ਤਕਲੀਫ-ਦੇਹ ਦਰਿਸ਼ ਸੀ।

ਮੁੜ ਕੇ ਮੈਂ ਤਾਂ ਕਦੇ ਵੈਨਕੋਵਰ ਨਹੀਂ ਜਾ ਸਕਿਆ ਪਰ ਅਮਨਪਾਲ ਨਾਲ ਫੋਨ ਉਪਰ ਗੱਲ ਹੁੰਦੀ ਰਹਿੰਦੀ ਸੀ। ਉਹ ਆਪਣੀ ਸਿਹਤ ਬਾਰੇ ਦਸਦਾ ਰਹਿੰਦਾ ਸੀ। ਉਹ ਆਪਣੀ ਬਿਮਾਰੀ ਬਾਰੇ ਖੋਜ ਵੀ ਕਰਦਾ ਰਹਿੰਦਾ ਸੀ। ਕਦੇ ਕਦੇ ਉਸ ਨੂੰ ਉਮੀਦਾਂ ਵੀ ਬੱਝਦੀਆਂ ਕਿ ਇਲਾਜ ਨਿਕਲ ਆਵੇਗਾ ਤੇ ਉਹ ਠੀਕ ਹੋ ਜਾਵੇਗਾ।

ਇਕ ਵਾਰ ਉਸ ਦਾ ਫੋਨ ਆਇਆ,

-ਬੜੇ ਭਾਈ, ਨਵੰਬਰ ਵਿੱਚ ਵੱਡੇ ਮੁੰਡੇ ਦਾ ਵਿਆਹ ਐ, ਤਿਆਰ ਹੋ ਜਾਹ। ਚੰਡੀਗੜ੍ਹ ਕਰਨਾ, ਹੋਟਲ ਬੁੱਕ ਕਰਾ ਦੇਣੇ ਆਂ।

ਮੈਂ ਆਪਣੇ ਵੱਲੋਂ ਤਿਆਰ ਹੋ ਗਿਆ। ਉਹਨਾਂ ਦਿਨਾਂ ਵਿੱਚ ਮੇਰਾ ਸਟੋਰ ਹੁੰਦਾ ਸੀ। ਮੈਂ ਪੂਰਾ ਨਵੰਬਰ ਕਿਸੇ ਦੋਸਤ ਨੂੰ ਮੱਦਦ ਲਈ ਕਹਿ ਦਿੱਤਾ ਕਿ ਮੈਂ ਇੰਡੀਆ ਜਾ ਰਿਹਾਂ। ਮੈਂ ਅਮਨਪਾਲ ਦਾ ਅਗਲਾ ਫੋਨ ਉਡੀਕਣ ਲਗਾ ਪਰ ਉਸ ਦਾ ਫੋਨ ਨਾ ਆਇਆ। ਕਈ ਮਹੀਨੇ ਲੰਘ ਗਏ। ਸੋਚਿਆ ਕਿ ਸ਼ਾਇਦ ਵਿਆਹ ਅੱਗੇ ਪਾ ਦਿੱਤਾ ਗਿਆ ਹੋਵੇ। ਕਈ ਮਹੀਨਿਆਂ ਬਾਅਦ ਉਸ ਦਾ ਫੋਨ ਆਇਆ। ਫਰਵਰੀ ਜਾਂ ਮਾਰਚ ਮਹੀਨਾ ਸੀ। ਮੈਂ ਪੈਂਦੀ ਸੱਟੇ ਹੀ ਮੁੰਡੇ ਦੇ ਵਿਆਹ ਬਾਰੇ ਪੁੱਛਿਆ ਤਾਂ ਉਹ ਹੈਰਾਨ ਹੁੰਦਾ ਬੋਲਿਆ,

-ਬੜੇ ਭਾਈ, ਤੈਨੂੰ ਵਿਆਹ ਬਾਰੇ ਕਿੱਦਾਂ ਪਤਾ?

-ਤੂੰ ਹੀ ਤਾਂ ਫੋਨ ਕਰ ਕੇ ਦਸਿਆ ਸੀ।



-ਹਾਂ ਯਾਰ, ਸੁਖਜਿੰਦਰ ਮੈਨੂੰ ਅੰਦਰ ਕਰਵਾ ਗਈ ਸੀ, ਮੁੜ ਕੇ ਆ ਕੇ ਛੁਡਵਾਇਆ। ਪਿਛਲੇ ਹਫਤੇ ਹੀ ਬਾਹਰ ਆਇਆਂ।

-ਰੀਅਲੀ!

-ਹਾਂ ਬੜੇ ਭਾਈ, ਤੂੰ ਕਦੇ ਫੋਨ ਕਰਕੇ ਸੁਖਜਿੰਦਰ ਨੂੰ ਪੁੱਛੀਂ ਤਾਂ ਸਹੀ ਕਿ ਏਦਾਂ ਕਿਉਂ ਕੀਤਾ।

ਇਸ ਫੋਨ ਤੋਂ ਬਾਅਦ ਅਮਨਪਾਲ ਦਾ ਮੈਨੂੰ ਕਦੇ ਫੋਨ ਨਹੀਂ ਆਇਆ। ਉਸ ਦੀ ਕੋਈ ਖ਼ਬਰ ਵੀ ਨਹੀਂ ਮਿਲੀ। ਸ਼ਾਇਦ ਉਸ ਨੂੰ ਘਰੋਂ ਕੱਢ ਦਿੱਤਾ ਗਿਆ ਸੀ। ਇਕ ਵਾਰ ਕਿਸੇ ਦੋਸਤ ਕੋਲੋਂ ਪਤਾ ਚਲਿਆ ਕਿ ਉਹ ਪੈਸੇ ਵੱਲੋਂ ਹਰ ਵੇਲੇ ਟੁੱਟਿਆ ਰਹਿੰਦਾ ਹੈ। ਜਿੰਨੇ ਕੁ ਪੈਸੇ ਗੌਰਮਿੰਟ ਵੱਲੋਂ ਮਿਲਦੇ ਸਨ ਉਹਨਾਂ ਨੂੰ ਉਹ ਗਲਤ ਪਾਸੇ ਖਰਚ ਦਿੰਦਾ ਸੀ।

ਅਮਨਪਾਲ ਦੇ ਪਰਿਵਾਰ ਦਾ ਪਿਛੋਕੜ ਬਹੁਤ ਅਮੀਰ ਸੀ। ਉਸ ਦਾ ਬਾਬਾ ਹੁਸ਼ਿਆਰਪੁਰ ਦਾ ਸੈਸ਼ਨ ਜੱਜ ਸੀ। ਉਹ ਘਰੋਂ ਹੀ ਕਚਹਿਰੀ ਲਾਇਆ ਕਰਦਾ ਸੀ। ਉਹਨਾਂ ਦਾ ਘਰ ਸ਼ਹਿਰ ਦੇ ਐਨ ਵਿਚਕਾਰ ਹੈ ਜਿਹੜਾ ਕਿ ਕਚਹਿਰੀਆਂ ਦੀ ਸ਼ਕਲ ਵਿੱਚ ਬਣਾਇਆ ਹੋਇਆ ਹੈ। ਮੈਨੂੰ ਉਸ ਘਰ ਵਿੱਚ ਸੌਣ ਦਾ ਸੁਭਾਗ ਹਾਸਲ ਹੈ। ਇਕ ਵਾਰ ਅਸੀਂ ਇਕੱਠੇ ਇੰਡੀਆ ਗਏ ਸਾਂ ਤੇ ਵਾਹਵਾ ਅਨੰਦਮਈ ਵਕਤ ਗੁਜ਼ਾਰਿਆ ਸੀ।

ਕਨੇਡਾ ਵਿੱਚ ਸੈਟਲ ਹੋਣ ਤੋਂ ਪਹਿਲਾਂ ਉਹ ਕੁਝ ਦੇਰ ਇੰਗਲੈਂਡ ਵੀ ਰਿਹਾ। ਪਹਿਲਾਂ ਇਥੇ ਸੈਟਲ ਹੋਣਾ ਚਾਹੁੰਦਾ ਸੀ ਪਰ ਫਿਰ ਉਹ ਕਨੇਡਾ ਲਈ ਚੜ੍ਹ ਗਿਆ।

ਅਮਨਪਾਲ ਅੱਜ ਵੀ ਬਿਮਾਰ ਹੈ। ਉਸ ਦੀ ਸਿਹਤ ਵਿੱਚ ਕਿਸੇ ਵੀ ਤਰ੍ਹਾਂ ਦਾ ਸੁਧਾਰ ਨਹੀਂ ਹੋਇਆ ਤੇ ਨਾ ਹੀ ਆਸ ਹੈ। ਮੈਂ ਉਸ ਨੂੰ ਬਿਮਾਰੀ ਦੀ ਹਾਲਤ ਵਿੱਚ ਕਦੇ ਵੀ ਨਹੀਂ ਦੇਖਿਆ। ਦੇਖਣਾ ਵੀ ਨਹੀਂ ਚਾਹੁੰਦਾ, ਹਿੰਮਤ ਹੀ ਨਹੀਂ ਹੈ। ਹਾਂ, ਮੈਂ ਉਸ ਦੀ ਸਿਹਤ ਬਾਰੇ ਜਾਂ ਉਸ ਬਾਰੇ ਹਰ ਵੇਲੇ ਵੈਨਕੋਵਰ ਦੇ ਦੋਸਤਾਂ ਨੂੰ ਪੁੱਛਦਾ ਰਹਿੰਦਾ ਹਾਂ। ਇਹ ਤਾਂ ਪਤਾ ਹੀ ਸੀ ਕਿ ਘਰੋਂ ਉਸ ਨੂੰ ਕੱਢ ਦਿੱਤਾ ਗਿਆ ਸੀ ਪਰ ਉਹ ਕਿੱਥੇ ਰਹਿੰਦਾ ਹੈ ਇਸ ਬਾਰੇ ਕੁਝ ਨਹੀਂ ਪਤਾ। ਇਕ ਵਾਰ ਪਤਾ ਚਲਿਆ ਕਿ ਉਹ ਕਿਸੇ ਨਰਸਿੰਗ ਹੋਮ ਵਿੱਚ ਹੈ। ਨਵਦੀਪ ਸਿੱਧੂ ਤੇ ਹਰਪ੍ਰੀਤ ਸੇਖਾ ਉਸ ਨੂੰ ਮਿਲਣ ਗਏ। ਉਹਨਾਂ ਨੇ ਫੋਨ ਉਪਰ ਅਮਨਪਾਲ ਨਾਲ ਮੇਰੀ ਗੱਲ ਕਰਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਮੇਰਾ ਫੋਨ ਕਿਤੇ ਔਫ ਸੀ। ਉਹਨਾਂ ਨੇ ਮੈਨੂੰ ਅਮਨਪਾਲ ਦੀਆਂ ਤਾਜ਼ੀਆਂ ਤਸਵੀਰਾਂ ਭੇਜੀਆਂ। ਅਮਨਪਾਲ ਦੇ ਚਿਹਰੇ ਉਪਰ ਪਹਿਲਾਂ ਵਾਲੀ ਹੀ ਟਹਿਕ ਸੀ ਪਰ ਵਾਲ ਸਫੇਦ ਹੋ ਚੁੱਕੇ ਸਨ। ਉਸ ਦੀ ਯਾਦ-ਦਾਸ਼ਤ ਪੂਰੀ ਤਰ੍ਹਾਂ ਕਾਇਮ ਸੀ। ਉਸ ਦੇ ਮੁੰਡੇ ਜਾਂ ਪਤਨੀ ਉਸ ਦਾ ਬਹੁਤਾ ਸਾਥ ਨਹੀਂ ਦੇ ਰਹੇ। ਉਸ ਦੇ ਮਾਂਪਿਓ ਤਾਂ ਬਹੁਤ ਬੁੱਢੇ ਹੋ ਚੁੱਕੇ ਹੋਣਗੇ। ਅਮਨਪਾਲ ਦੀ ਜੀਵਨ-ਗਾਥਾ ਗਰੀਕ ਟਰੈਜਿਡੀ ਵਰਗੀ ਹੈ।

ਪਿਛਲੇ ਸਾਲਾਂ ਵਿੱਚ ਮੈਨੂੰ ਵੈਨਕੋਵਰ ਜਾਣ ਦੇ ਕਈ ਮੌਕੇ ਮਿਲੇ ਪਰ ਮੈਂ ਨਹੀਂ ਗਿਆ। ਜਾਵਾਂ ਵੀ ਕਿਵੇਂ? ਅਮਨਪਾਲ ਨਰਸਿੰਗ ਹੋਮ ਵਿੱਚ ਹੈ, ਮੈਂ ਜਾਵਾਂ ਕਿਹਦੇ ਕੋਲ?

# ਬੇਬੇ

## -ਹਰਮਹਿੰਦਰ ਚਹਿਲ

ਬਚਪਨ ਵੱਲ ਧਿਆਨ ਮਾਰਾਂ ਤਾਂ ਬਹੁਤ ਛੋਟੀ ਉਮਰ ਦੀਆਂ ਧੁੰਦਲੀਆਂ ਜਿਹੀਆਂ ਯਾਦਾਂ ਮਨ ਤੇ ਚਿਤਰਪਟ 'ਤੇ ਉੱਭਰਦੀਆਂ ਹਨ। ਉਸ ਵੇਲੇ ਮੈਂ ਪੰਜ ਚਾਰ ਸਾਲ ਦਾ ਹੋਵਾਂਗਾ ਕਿ ਬੇਬੇ ਮਸ਼ੀਨ ਉੱਪਰ ਕੋਈ ਕੱਪੜਾ ਸਿਉਂ ਰਹੀ ਸੀ। ਮੈਂ ਕੋਲ ਬੈਠਾ ਕੋਈ ਨਾ ਕੋਈ ਸ਼ਰਾਰਤ ਕਰ ਰਿਹਾ ਸੀ। ਬੇਬੇ ਵਾਰ ਵਾਰ ਮੇਰਾ ਹੱਥ ਝਟਕ ਕੇ ਪਰ੍ਹੇ ਕਰ ਦਿੰਦੀ ਪਰ ਮੈਂ ਫਿਰ ਤੋਂ ਸ਼ਰਾਰਤ ਕਰਨ ਲੱਗ ਪੈਂਦਾ। ਅਖੀਰ ਮੈਂ ਧਾਗਾ ਜ਼ੋਰ ਦੀ ਖਿੱਚ ਲਿਆ ਤੇ ਇਸਦੇ ਨਾਲ ਹੀ ਸੂਈ ਟੁੱਟ ਗਈ। ਬੇਬੇ ਨੇ ਮੇਰੇ ਕਸ ਕੇ ਥੱਪੜ ਮਾਰਿਆ ਤੇ ਬਾਂਹ ਫੜ੍ਹ ਕੇ ਖੁਰਲੀ ਕੋਲ ਲੈ ਗਈ। ਫਿਰ ਮੈਨੂੰ ਕਿਹਾ ਕਿ ਮੈਂ ਖੁਰਲੀ ਵਿਚ ਮੁਰਗਾ ਬਣ ਕੇ ਖੜੋ ਜਾਵਾਂ। ਰੋਂਦਾ ਹੋਇਆ ਮੈਂ ਕੰਨ ਫੜ੍ਹ ਖੁਰਲੀ 'ਚ ਬੈਠ ਗਿਆ। ਬੇਬੇ ਕੋਈ ਡੰਡਾ ਭਾਲਣ ਲੱਗੀ। ਸ਼ਾਇਦ ਜੇਠ ਹਾੜ ਦਾ ਮਹੀਨਾ ਸੀ ਤੇ ਮੇਰਾ ਥੋੜ੍ਹੀ ਦੇਰ 'ਚ ਹੀ ਮੁੜਕਾ ਚਿਉਣ ਲੱਗ ਪਿਆ। ਇੰਨੇ ਨੂੰ ਬੇਬੇ ਛਟੀ ਲੈ ਕੇ ਆ ਗਈ। ਪਰ ਇਸ ਤੋਂ ਪਹਿਲਾਂ ਕਿ ਉਹ ਮੇਰੇ ਛਟੀ ਮਾਰਦੀ, ਉਹ ਮੈਨੂੰ ਨੀਝ ਲਾ ਕੇ ਵੇਖਣ ਲੱਗੀ। ਫਿਰ ਉਸਨੇ ਛਟੀ ਸੁੱਟ ਦਿੱਤੀ ਤੇ ਮੈਨੂੰ ਖੜ੍ਹਾ ਹੋਣ ਨੂੰ ਕਿਹਾ। ਮੈਂ ਰੋਂਦਾ ਹੋਇਆ ਖੜ੍ਹਾ ਹੋ ਗਿਆ। ਇਕਦਮ ਉਸਦੇ ਚਿਹਰੇ ਦੇ ਹਾਵ ਭਾਵ ਬਦਲ ਗਏ ਤੇ ਉਸਨੇ ਮੈਨੂੰ ਚੁੱਕ ਕੇ ਸੀਨੇ ਨਾਲ ਲਾ ਲਿਆ ਤੇ ਪੁਚਕਾਰਦਿਆਂ ਹੋਇਆਂ ਕਹਿਣ ਲੱਗੀ, 'ਨਾ ਮੇਰਾ ਪੁੱਤ, ਬਸ ਚੁੱਪ ਕਰਜਾ'। ਬਸ ਇੰਨਾ ਕੁ ਹੀ ਹੁੰਦਾ ਹੈ ਮਾਵਾਂ ਦਾ ਗੁੱਸਾ।

ਉਸ ਵੇਲੇ ਅਸੀਂ ਸਾਂਝੇ ਭਰੇ ਪੂਰੇ ਪਰਿਵਾਰ 'ਚ ਰਹਿ ਰਹੇ ਸਾਂ। ਵੱਡਾ ਸਾਰਾ ਘਰ ਸੀ ਜਿਸ ਵਿਚ ਤਿੰਨ ਟੱਬਰ ਰਹਿੰਦੇ ਸਨ। ਇਕ ਸਾਡਾ ਅਤੇ ਦੋ ਪਰਿਵਾਰ ਮੇਰੇ ਚਾਚਿਆਂ ਦੇ। ਘਰ ਦੇ ਪਿਛਲੇ ਪਾਸੇ ਤਿੰਨ ਵੱਡੀਆਂ ਸਬਾਤਾਂ ਸਨ। ਜੋ ਕਿ ਹਰੇਕ ਘਰ ਦੀ ਇਕ ਇਕ ਸੀ। ਇਸ ਤੋਂ ਇਲਾਵਾ ਤਿੰਨ ਬੈਠਕਾਂ ਸਨ ਉਹ ਵੀ ਹਰ ਇਕ ਘਰ ਕੋਲ ਇਕ ਇਕ ਸੀ। ਅੱਗੇ ਵੱਡਾ ਵਿਹੜਾ ਸੀ। ਅਗਾਂਹ ਘਰ ਦਾ ਵੱਡਾ ਦਰਵਾਜ਼ਾ ਵੀ ਇਵੇਂ ਹੀ ਸਾਂਝਾ ਸੀ। ਗਰਮੀਆਂ ਦੀ ਰਾਤ ਨੂੰ ਵਿਹੜਾ ਮੰਜਿਆਂ ਨਾਲ ਭਰਿਆ ਹੁੰਦਾ ਸੀ। ਅੱਧੀ ਅੱਧੀ ਰਾਤ ਤੱਕ ਅਸੀਂ ਜੁਆਕ ਬਾਤਾਂ ਸੁਣਦੇ। ਜਾਂ ਫਿਰ ਦੂਰ ਦੂਰ ਮੰਜਿਆਂ 'ਤੇ ਪਏ ਵਡੇਰੇ ਗੱਲਾਂਬਾਤਾਂ ਕਰਦੇ। ਦਿਨ ਵੇਲੇ ਬੇਬੇ ਹੋਰੀਂ ਸਾਰਾ ਦਿਨ ਰਲ ਕੇ ਕੰਮ ਧੰਦੇ ਕਰਦੀਆਂ। ਰੋਟੀ ਟੁੱਕ ਸਭ ਦਾ ਅੱਡ ਵਿੱਢ ਸੀ। ਪਰ ਉਹ ਫਿਰ ਵੀ ਮਿਲ ਗਿਲ ਕੇ ਹੀ ਰੋਟੀ ਟੁੱਕ ਕਰਦੀਆਂ। ਮੇਰੀਆਂ ਦੋਨੋਂ ਚਾਚੀਆਂ ਬੇਬੇ ਨੂੰ ਬੇਬੇ ਜੀ ਕਹਿ ਕੇ ਬੁਲਾਉਂਦੀਆਂ ਸਨ। ਕਿਉਂਕਿ ਮੇਰੇ ਬਾਪੂ ਜੀ ਸਾਰਿਆਂ ਤੋਂ ਵੱਡੇ ਸਨ ਤੇ ਮੇਰੀ ਬੇਬੇ ਘਰ ਦੇ ਬਾਕੀ ਜੁਆਕਾਂ ਦੀ ਤਾਈ ਲੱਗਦੀ ਸੀ। ਸਿਆਲ ਦੀਆਂ ਰਾਤਾਂ ਨੂੰ ਕਿਸੇ ਇਕ ਦੀ ਸਬਾਤ 'ਚ ਜੁਆਕ ਇਕੱਠੇ ਹੋ ਕੇ ਬਾਤਾਂ ਸੁਣਦੇ। ਜ਼ਿਆਦਾਤਰ ਬਾਤਾਂ ਬਾਪੂ ਜੀ, ਚਾਚਾ ਨਿਰੰਝਣ ਸਿਉਂ ਜਾਂ ਮੇਰੀ ਵੱਡੀ ਚਾਚੀ ਸੁਣਾਉਂਦੀ ਹੁੰਦੀ ਸੀ। ਬੇਬੇ ਅਖਾਣ ਅਤੇ ਮੁਹਾਵਰੇ ਬਹੁਤ ਵਰਤਦੀ ਹੁੰਦੀ ਸੀ। ਉਸਨੂੰ ਗੱਲ ਸੁਣਾਉਣ ਦਾ ਢੰਗ ਬੜਾ ਦਿਲਚਸਪ ਹੁੰਦਾ। ਉਹ ਸਾਧਰਾਣ ਗੱਲ ਨੂੰ ਵੀ ਆਪਣੇ ਕਹਿਣ ਦੇ ਢੰਗ ਨਾਲ ਵਿਸ਼ੇਸ਼ ਬਣਾ ਦਿੰਦੀ। ਜਦੋਂ ਕੋਈ ਸਾਂਝੀ ਗੱਲ ਹੁੰਦੀ ਤਾਂ ਦੋਨੋਂ ਚਾਚੀਆਂ ਮੇਰੀ ਬੇਬੇ ਤੋਂ ਸੇਧ ਲੈਂਦੀਆਂ। ਬੇਬੇ ਦੀ



ਦੂਰ ਅੰਦੇਸ਼ੀ ਆਖਰ ਤੱਕ ਬੜੀ ਸਾਫ ਰਹੀ। ਉਹ ਬਾਣੀ ਤੋਂ ਬਿਨਾਂ ਕਿਸੇ ਹੋਰ ਕਰਮਕਾਂਡ ਨੂੰ ਨਹੀਂ ਮੰਨਦੀ ਸੀ। ਸਾਧਾਂ ਸੰਤਾਂ, ਕਰਾਮਾਤਾਂ ਜਾਂ ਟੂਣੇ ਟਾਮਣ ਦੀਆਂ ਗੱਲਾਂ ਤਾਂ ਉਹ ਕਰਨ ਵੀ ਨਹੀਂ ਸੀ ਦਿੰਦੀ। ਭਾਵੇਂ ਉਹ ਬਿਲਕੁਲ ਅਨਪੜ੍ਹ ਸੀ। ਪਰ ਉਸਦੀ ਇਹ ਸੋਚ ਸ਼ਾਇਦ ਮੇਰੇ ਬਾਪੂ ਜੀ ਵੱਲੋਂ ਮਿਲੀ ਹੋਈ ਸੇਧ ਸੀ।

ਬੇਬੇ ਦੀ ਬੋਲਬਾਣੀ ਕਦੇ ਕਦੇ ਥੋੜ੍ਹੀ ਸਖਤ ਹੁੰਦੀ ਸੀ। ਪਰ ਉਹ ਗੱਲ ਨੂੰ ਜ਼ਿਆਦਾ ਦੇਰ ਦਿਲ ਨਾਲ ਨਹੀਂ ਸੀ ਲਾਈ ਰੱਖਦੀ। ਪਰ ਮੈਂ ਜਦੋਂ ਪਿੱਛੇ ਵੱਲ ਝਾਤੀ ਮਾਰਦਾ ਹਾਂ ਤਾਂ ਮੈਨੂੰ ਕਦੇ ਵੀ ਕੋਈ ਅਜਿਹਾ ਵੇਲਾ ਨਹੀਂ ਲੱਭਦਾ ਜਦੋਂ ਮੈਂ ਬੇਬੇ ਅਤੇ ਬਾਪੂ ਜੀ ਨੂੰ ਲੜਦਿਆਂ ਵੇਖਿਆ ਹੋਵੇ। ਇਸਦਾ ਇਕ ਕਾਰਨ ਤਾਂ ਇਹ ਸੀ ਕਿ ਬਾਪੂ ਜੀ ਬਹੁਤ ਹੀ ਸਾਊ ਅਤੇ ਸਾਧੂ ਸੁਭਾਅ ਆਦਮੀ ਸਨ। ਪਰ ਜੋ ਮੈਂ ਸਾਰੀ ਉਮਰ ਵੇਖਿਆ ਤੇ ਮਹਿਸੂਸ ਕੀਤਾ ਉਹ ਇਹ ਸੀ ਕਿ ਬੇਬੇ ਅਤੇ ਬਾਪੂ ਜੀ ਆਪਸ ਵਿਚ ਬਹੁਤ ਨੇੜੇ ਸਨ। ਛੋਟੇ ਤੋਂ ਲੈ ਕੇ ਵੱਡੇ ਤੱਕ ਕੋਈ ਵੀ ਘਰੇਲੂ ਕੰਮ ਹੁੰਦਾ ਉਹ ਦੋਨੋਂ ਬਹਿ ਕੇ ਸਲਾਹ ਕਰਦੇ ਸਨ। ਬਾਪੂ ਜੀ ਆਪਦੀ ਮਰਜ਼ੀ ਨਾਲ ਕੋਈ ਕੰਮ ਕਰਦੇ, ਇਹ ਤਾਂ ਹੁੰਦਾ ਹੀ ਨਹੀਂ ਸੀ। ਇਉਂ ਵੀ ਕਹਿ ਸਕਦਾ ਹਾਂ ਕਿ ਬਾਪੂ ਜੀ ਬੇਬੇ ਦੀ ਹਰ ਗੱਲ ਮੰਨਦੇ ਸਨ। ਬੇਬੇ ਥੋੜ੍ਹਾ ਜਿਹਾ ਬਾਪੂ ਜੀ ਦੇ ਉੱਪਰ ਦੀ ਰਹਿੰਦੀ ਸੀ। ਆਪਣਾ ਹੁਕਮ ਚਲਾਉਣ ਲਈ ਨਹੀਂ, ਬਲਕਿ ਇਹ ਹਾਲਾਤ ਬਾਪੂ ਜੀ ਨੇ ਹੀ ਪੈਦਾ ਕੀਤੇ ਹੋਏ ਸਨ। ਉਹ ਜੋ ਬੇਬੇ ਦੀ ਹਰ ਸਲਾਹ ਨੂੰ ਪਹਿਲ ਦਿੰਦੇ ਸਨ।

ਮੇਰਾ ਨਾਨਕਾ ਪਿੰਡ ਦਾਨੇਵਾਲਾ ਹੈ। ਦਾਨੇਵਾਲਾ ਸਾਡੇ ਪਿੰਡੋਂ ਬਸ ਕੋਈ ਚਾਰ ਪੰਜ ਕਿਲੋਮੀਟਰ ਹੋਵੇਗਾ। ਸਾਡੇ ਪਿੰਡ ਕੋਲ ਦੀ ਨਹਿਰ ਲੰਘਦੀ ਹੈ ਅਤੇ ਦਾਨੇਵਾਲਾ ਵੀ ਇਸੇ ਨਹਿਰ ਦੇ ਕੰਢੇ 'ਤੇ ਪੈਂਦਾ ਹੈ। ਉੱਥੇ ਹਮੇਸ਼ਾ ਨਹਿਰ ਦੀ ਪਟੜੀ ਸਾਈਕਲ 'ਤੇ ਜਾਂਦੇ ਅਤੇ ਅੱਧੇ ਕੁ ਘੰਟੇ 'ਚ ਜਾ ਪਹੁੰਚਦੇ। ਜਿਸ ਪਰਿਵਾਰ 'ਚ ਬੇਬੇ ਦਾ ਜਨਮ ਹੋਇਆ ਉਹ ਕਾਫੀ ਵੱਡਾ ਲਾਣਾ ਸੀ ਅਤੇ ਸਾਰਾ ਲਾਣਾ ਦੁੱਖ ਸੁੱਖ ਵੇਲੇ ਇਕੱਠਾ ਹੋ ਜਾਂਦਾ। ਦਾਨੇਵਾਲਾ, ਵੈਲੀ ਪਿੰਡ ਸੀ। ਉੱਥੇ ਲੜਾਈਆਂ ਬਹੁਤ ਹੁੰਦੀਆਂ ਸਨ। ਸਾਲ ਵਿਚ ਪੰਜ ਚਾਰ ਕਤਲ ਹੋਣੇ ਉੱਥੇ ਦਾ ਆਮ ਜਿਹਾ ਵਰਤਾਰਾ ਸੀ। ਪਰ ਬੇਬੇ ਦੱਸਦੀ ਹੁੰਦੀ ਕਿ ਉਨ੍ਹਾਂ ਦਾ ਲਾਣਾ ਪਿੰਡ 'ਚੋਂ ਸਾਰਿਆਂ 'ਚੋਂ ਵੱਡਾ ਸੀ ਇਸ ਕਰਕੇ ਜੇ ਕਦੇ ਲੜਾਈ ਝਗੜਾ ਹੋ ਜਾਂਦਾ ਤਾਂ ਸਾਰਾ ਲਾਣਾ ਇਕੱਠਾ ਹੋ ਜਾਂਦਾ। ਜਦੋਂ ਉਹ ਬਚਪਨ ਦੀਆਂ ਗੱਲਾਂ ਸੁਣਾਉਂਦੀ ਤਾਂ ਲੱਗਦਾ ਜਿਵੇਂ ਪਿਛਲੀ ਸਦੀ ਦੀ ਗੱਲ ਕਰ ਰਹੀ ਹੋਵੇ ਕਿਉਂਕਿ ਦਾਨੇਵਾਲਾ ਬਹੁਤ ਪਛੜਿਆ ਪਿੰਡ ਸੀ। ਮੇਰੇ ਬਚਪਨ ਵੇਲੇ ਤੱਕ ਤਾਂ ਉੱਥੇ ਸਕੂਲ ਵੀ ਨਹੀਂ ਸੀ। ਬੇਬੇ ਹੋਰੀਂ ਤਿੰਨ ਭੈਣਾਂ ਅਤੇ ਚਾਰ ਭਰਾ ਸਨ। ਭਰਾ ਸਾਰੇ ਵੱਡੇ ਸਨ ਤੇ ਬੇਬੇ ਪੰਜਵੇ ਨੰਬਰ 'ਤੇ ਆਉਂਦੀ ਸੀ।

ਮੇਰਾ ਵੱਡਾ ਮਾਮਾ ਹਰਨੇਕ ਸਿਉਂ ਅਤੇ ਮੇਰੀ ਸਾਰਿਆਂ ਤੋਂ ਛੋਟੀ ਮਾਸੀ ਪਿੰਡ ਦੇ ਡੇਰੇ 'ਚੋਂ ਪੜ੍ਹਨਾ ਲਿਖਣਾ ਸਿਖ ਗਏ ਸਨ ਪਰ ਬੇਬੇ ਡੇਰੇ ਨਾ ਗਈ। ਇਸਦਾ ਖਮਿਆਜਾ ਉਸਨੇ ਆਪਣੀ ਆਖਰੀ ਉਮਰ 'ਚ ਭੋਗਿਆ ਤੇ ਉਦੋਂ ਪਛਤਾਵਾ ਵੀ ਬਹੁਤ ਕੀਤਾ। ਬਸ ਹਾਲਾਤ ਹੀ ਕੁਝ ਅਜਿਹੇ ਬਣ ਗਏ ਸਨ ਕਿ ਉਹ ਬੈਠੀ ਝੋਰਾ ਕਰਦੀ ਰਹਿੰਦੀ।

ਖੈਰ! ਉਨ੍ਹਾਂ ਦੇ ਪਿੰਡ ਵਿਚਕਾਰ ਬਹੁਤ ਵੱਡੇ ਘਰ ਵਿਚ ਚਾਰ ਪਰਿਵਾਰ ਵੱਸਦੇ ਸਨ। ਇਕ ਇਨ੍ਹਾਂ ਦਾ ਆਪਣਾ ਤੇ ਤਿੰਨ ਚਾਚਿਆਂ ਦੇ। ਬੇਬੇ ਦੀਆਂ ਬਹੁਤੀਆਂ ਗੱਲਾਂ ਰੌਲਿਆਂ ਵੇਲੇ ਦੀਆਂ ਹੁੰਦੀਆਂ ਸਨ। ਉਸ ਮੁਤਾਬਕ ਰੌਲਿਆਂ ਵੇਲੇ ਉਹ ਅਠਾਰਾਂ ਵੀਹ ਸਾਲ ਦੀ ਸੀ। ਉਨ੍ਹਾਂ ਦੇ ਪਿੰਡ ਵਿਚ ਮੁਸਲਮਾਨਾਂ ਦੇ ਕਾਫੀ ਸਾਰੇ ਘਰ ਸਨ। ਇਨ੍ਹਾਂ ਨੂੰ ਬਚਾਉਣ ਲਈ ਸਾਰਾ ਪਿੰਡ ਇਕੱਠਾ ਹੋ ਗਿਆ ਸੀ। ਬਾਹਰਲੀ ਧਾੜ ਨੇ ਇਕਦਮ ਹਮਲਾ ਕੀਤਾ ਤਾਂ ਸਾਰਾ ਪਿੰਡ ਸਿਰ ਬੰਨ ਕੇ ਲੜਿਆ। ਪਿੰਡ ਦੇ ਦੋ ਬੰਦੇ, ਧਾੜ ਨਾਲ ਲੜਦਿਆਂ ਹੋਇਆਂ ਮਾਰੇ ਵੀ ਗਏ ਸਨ। ਪਰ ਧਾੜ ਬਹੁਤ ਵੱਡੀ ਸੀ

ਤੇ ਉਨ੍ਹਾਂ ਕੋਲ ਅਸਲਾ ਵੀ ਸੀ। ਇਸ ਕਰਕੇ ਪਿੰਡ ਵਾਸੀਆਂ ਦੀ ਕੋਈ ਵਾਹ ਨਾ ਚੱਲੀ। ਬਹੁਤੇ ਮੁਸਲਮਾਨ ਮਾਰ ਦਿੱਤੇ ਗਏ ਅਤੇ ਜੁਆਨ ਕੁੜੀਆਂ ਨੂੰ ਧਾੜਵੀ ਚੁੱਕ ਕੇ ਲੈ ਗਏ। ਬੇਬੇ ਜਦੋਂ ਵੀ ਗੱਲ ਸੁਣਾਉਂਦੀ ਤਾਂ ਸਲਮਾ ਦੀ ਗੱਲ ਜ਼ਰੂਰ ਕਰਦੀ। ਕਿਉਂਕਿ ਸਲਮਾ ਉਨ੍ਹਾਂ ਦੇ ਗੁਆਂਢ ਰਹਿੰਦੇ ਮੀਦੇ ਦੀ ਧੀ ਸੀ ਜੋ ਕਿ ਛੋਟਾ ਜਿਹਾ ਜਿਮੀਦਾਰ ਪਰਿਵਾਰ ਸੀ। ਸਲਮਾ ਬੇਬੇ ਦੀ ਪੱਕੀ ਸਹੇਲੀ ਸੀ। ਬੇਬੇ ਦਾ ਉਸ ਨਾਲ ਬੜਾ ਗੂਹੜਾ ਮੋਹ ਸੀ। ਸ਼ਾਇਦ ਇਸੇ ਕਰਕੇ ਸਲਮਾ ਦੀ ਜ਼ਿੰਦਗੀ ਬਚ ਰਹੀ ਸੀ।

ਮੇਰੇ ਨਾਨਕੀਂ ਹਰ ਸਾਲ ਕੋਈ ਨਾ ਕੋਈ ਵਿਆਹ ਆਇਆ ਰਹਿੰਦਾ। ਕਿਉਂਕਿ ਉਨ੍ਹਾਂ ਦਾ ਵੱਡਾ ਲਾਣਾ, ਆਪਸ 'ਚ ਵਰਤਦਾ ਸੀ। ਕਿਸੇ ਇੱਕ ਦੇ ਘਰ ਵਿਆਹ ਸਾਹਾ ਹੁੰਦਾ ਤਾਂ ਸਾਰੇ ਲਾਣੇ ਦੀਆਂ ਕੁੜੀਆਂ ਬੁਲਾਈਆਂ ਜਾਂਦੀਆਂ। ਅਜਿਹੇ ਵੇਲੇ, ਬੇਬੇ ਬੜੀ ਰੀਝ ਨਾਲ ਤਿਆਰ ਹੁੰਦੀ। ਨੈਣ ਨੂੰ ਬੁਲਾ ਕੇ ਸੱਗੀ-ਫੁੱਲ ਗੁੰਦਵਾਉਂਦੀ। ਫਿਰ ਬਾਪੂ ਜੀ ਸਾਈਕਲ 'ਤੇ ਲੈ ਕੇ ਚੱਲ ਪੈਂਦੇ ਸੌਹਰੇ ਘਰ ਵਿਆਹ। ਜਾਂ ਕਈ ਵਾਰੀ ਮੇਰਾ ਕੋਈ ਮਾਮਾ ਬੋਤੇ 'ਤੇ ਸਾਨੂੰ ਲੈ ਕੇ ਜਾਂਦਾ। ਅਗਾਂਹ ਵਿਆਹ ਦੇ ਵਿਚ ਬੜਾ ਇਕੱਠ ਹੁੰਦਾ। ਬੇਬੇ ਦੇ ਚਾਚੇ ਤਾਇਆਂ ਦੀਆਂ ਕੁੜੀਆਂ ਦੀ ਆਪਸ 'ਚ ਬੜੀ ਬਣਦੀ ਸੀ। ਜਦੋਂ ਹੀ ਬੇਬੇ ਪੇਕੇ ਘਰ ਪੈਰ ਪਾਉਂਦੀ ਤਾਂ ਉਦੋਂ ਹੀ ਸਾਰੀਆਂ ਇਕੱਠੀਆਂ ਹੋ ਜਾਂਦੀਆਂ। ਫਿਰ ਹਫਤਾ ਹਫਤਾ ਵਿਆਹ ਚੱਲਦਾ ਤੇ ਸਾਰੀਆਂ ਕੁੜੀਆਂ ਮਿਲ ਕੇ ਮੇਲਾ ਲਾਈ ਰੱਖਦੀਆਂ ਦਿੰਦੀਆਂ।

ਬੇਬੇ ਦੇ ਪੇਕਿਆਂ ਤੋਂ ਸਾਡੇ ਪਿੰਡ ਇਕ ਹੋਰ ਬੇਬੇ ਦੀ ਹਾਣ ਦੀ ਬਾਣੀਆਂ ਦੀ ਕੁੜੀ ਵਿਆਹੀ ਹੋਈ ਸੀ। ਉਸ ਨਾਲ ਬੇਬੇ ਦਾ ਬੜਾ ਮਿਲਾਪ ਸੀ। ਹਰ ਹਫਤੇ ਦੋਨੋਂ ਆਪਸ 'ਚ ਮਿਲਦੀਆਂ। ਇਸੇ ਤਰ੍ਹਾਂ ਬੇਬੇ ਦੀ ਕਿਸੇ ਹੋਰ ਰਿਸ਼ਤੇਦਾਰੀ ਵਾਲੇ ਪਿੰਡੋਂ, ਮਿਸਤਰੀਆਂ ਦੇ ਘਰ ਵਿਆਹੀ ਬੇਬੇ ਦੀ ਹਮਉਮਰ ਕੁੜੀ ਪੁੰਨਿਆਂ ਸੀ। ਮੇਰੀ ਉਹ ਤਾਈ ਲੱਗਦੀ ਸੀ। ਉਸ ਨਾਲ ਬੇਬੇ ਦਾ ਬੜਾ ਸਨੇਹ ਸੀ। ਉਹ ਪੈਂਤੀਆਂ ਕੁ ਦੀ ਹੋ ਕੇ ਗੁਜ਼ਰ ਗਈ ਸੀ ਤਾਂ ਬੇਬੇ ਬਹੁਤ ਰੋਂਦੀ ਹੁੰਦੀ ਸੀ।

ਮੇਰੇ ਅਮਰੀਕਾ 'ਚ ਸੈੱਟ ਹੋਣ ਨਾਲ ਬੇਬੇ ਦੇ ਸਭ ਫਿਕਰ ਮੁੱਕ ਗਏ ਸਨ। ਉਸਦੇ ਪੁੱਤਰ ਸੈੱਟ ਸਨ। ਸ਼ਰੀਕੇ 'ਚ ਉਸਦੀ ਟੌਅਰ ਸੀ। ਪਰ ਉਸਨੇ ਹਲੀਮੀ ਨਾ ਛੱਡੀ। ਸਾਡੇ ਵਿਚੋਂ ਹਰ ਸਾਲ ਕੋਈ ਨਾ ਕੋਈ ਜਾਂਦਾ ਰਹਿੰਦਾ ਸੀ। ਅਗਾਂਹ ਬੇਬੇ ਨੇ ਲੋੜਵੰਦਾਂ ਦੀ ਲਿਸਟ ਬਣਾਈ ਹੁੰਦੀ ਸੀ। ਜ਼ਿਆਦਾਤਰ ਵਿਹੜੇ ਵਾਲੇ ਪਾਸਿਉਂ ਹੀ ਹੁੰਦੇ ਸਨ। ਜੋ ਕੋਈ ਵੀ ਬੇਬੇ ਕੋਲ ਮੱਦਦ ਲਈ ਆਉਂਦਾ ਉਹ ਨਾਂਹ ਨਹੀਂ ਸੀ ਕਰਦੀ। ਕਿਸੇ ਦਾ ਕੋਈ ਬਿਮਾਰ ਹੁੰਦਾ ਤਾਂ ਉਹ ਘਰ ਜਾ ਕੇ ਮਾਇਕ ਸਹਾਇਤਾ ਦੇ ਕੇ ਆਉਂਦੀ। ਜਦੋਂ ਹੀ ਉਸਨੂੰ ਪਤਾ ਲੱਗਦਾ ਕਿ ਫਲਾਣੇ ਦੀ ਕਿਸੇ ਪਰਿਵਾਰਕ ਮੈਂਬਰ ਦੀਆਂ ਅੱਖਾਂ ਸਮਰਾਉਣ ਵਾਲੀਆਂ ਹਨ ਤਾਂ ਉਹ ਆਪ ਉਤਸ਼ਾਹਤ ਕਰਕੇ ਅਗਲੇ ਨੂੰ ਹਸਪਤਾਲ ਭੇਜਦੀ ਤੇ ਨਾਲ ਹੀ ਕੁਝ ਪੈਸੇ ਦਿੰਦੀ। ਸਾਡੇ ਨੇੜੇ ਭੀਖੀ ਕਸਬੇ ਵਿਚ ਅੱਖਾਂ ਦਾ ਪੁਰਾਣਾ ਡਾਕਟਰ ਹੈ। ਤਕਰਬੀਨ ਗਰੀਬ ਲੋਕ ਸਾਰੇ ਉਸੇ ਤੋਂ ਅੱਖਾਂ ਦਾ ਇਲਾਜ ਕਰਵਾਉਂਦੇ ਹਨ। ਬੇਬੇ ਨੇ ਇਹ ਵੀ ਕਿਹਾ ਹੋਇਆ ਸੀ ਕਿ ਜੇਕਰ ਕੋਈ ਸਿੱਧਾ ਜਾ ਕੇ ਇਲਾਜ ਕਰਵਾਉਣਾ ਚਾਹੁੰਦਾ ਹੈ ਤਾਂ ਉਸ ਡਾਕਟਰ ਤੋਂ ਰਸੀਦ ਬਣਵਾ ਲਿਆਵੇ ਕਿ ਕਿੰਨਾ ਕੁ ਖਰਚ ਹੋਊਗਾ। ਰਸੀਦ ਵੇਖਣ ਸਾਰ ਬੇਬੇ ਅਗਲੇ ਨੂੰ ਪੈਸੇ ਦੇ ਦਿੰਦੀ। ਮੈਂ ਸੋਚਦਾ ਹਾਂ ਕਿ ਉਸਦੇ ਅੰਦਰ ਇਹ ਸੇਵਾ ਭਾਵਨਾ ਵਾਲਾ ਜਜ਼ਬਾ ਕਿੱਥੋਂ ਪੈਦਾ ਹੋਇਆ। ਫਿਰ ਖਿਆਲ ਆਉਂਦਾ ਹੈ ਕਿ ਬੇਬੇ ਨੂੰ ਇਹ ਗਰੀਬ ਗੁਰਬੇ ਦੀ ਸੇਵਾ ਜਜ਼ਬਾ, ਬਾਪੂ ਜੀ ਤੋਂ ਮਿਲਿਆ ਹੈ। ਫਿਰ 1999 'ਚ ਬਾਪੂ ਦੀ ਸਦਾ ਲਈ ਅਲਵਿਦਾ ਕਹਿ ਗਏ। ਕੁਝ ਦੇਰ ਬੇਬੇ ਉਦਾਸੀ ਦੇ ਆਲਮ 'ਚ ਰਹੀ ਪਰ ਫਿਰ ਛੇਤੀ ਹੀ ਇਸ 'ਚੋਂ ਉੱਭਰ ਆਈ ਤੇ ਮੈਨੂੰ



ਸੁਨੇਹਾ ਭੇਜਿਆ ਕਿ ਮੈਂ ਅਮਰੀਕਾ ਵੇਖਣਾ ਚਾਹੁੰਦੀ ਹਾਂ। ਮੈਂ ਸਮਝ ਗਿਆ ਕਿ ਉਹ ਬਦਲਾਅ ਵਾਲੀ ਥਾਂ ਆਉਣਾ ਚਾਹੁੰਦੀ ਹੈ ਤਾਂ ਕਿ ਬਾਪੂ ਜੀ ਦੇ ਵਿਛੋੜੇ ਦਾ ਦਰਦ ਹੌਲਾ ਹੋ ਸਕੇ। ਮੈਂ ਪੇਪਰ ਭੇਜ ਦਿੱਤੇ ਤੇ ਬੇਬੇ ਅਮਰੀਕਾ ਆ ਗਈ। ਇੱਥੇ ਉਹ ਤਿੰਨ ਕੁ ਮਹੀਨੇ ਰਹੀ ਪਰ ਉਸਦਾ ਦਿਲ ਨਾ ਲੱਗਿਆ ਤੇ ਉਹ ਵਾਪਸ ਚਲੀ ਗਈ। ਇਸਦੇ ਦੋ ਕੁ ਸਾਲ ਬਾਅਦ 2002 ਵਿਚ ਫਿਰ ਅਸੀਂ ਮਨਾ ਕੇ ਉਸਨੂੰ ਇੱਥੇ ਲਿਆਏ ਪਰ ਉਸਨੇ ਹੁਣ ਵੀ ਦਿਲ ਨਾ ਲਾਇਆ। ਇਸ ਵਾਰ ਜਦੋਂ ਉਹ ਵਾਪਸ ਮੁੜੀ ਤਾਂ ਕਹਿ ਗਈ ਕਿ ਇਸ ਪਿਛੋਂ ਉਹ ਅਮਰੀਕਾ ਨਹੀਂ ਆਵੇਗੀ। ਦੋ ਹਜਾਰ ਤਿੰਨ ਤੋਂ ਲੈ ਕੇ ਆਖਰ ਤੱਕ ਫਿਰ ਉਹ ਪਿੰਡ ਹੀ ਰਹੀ। ਇਕ ਵਾਰ ਉਹ 2008 ਵਿਚ ਬਿਮਾਰ ਹੋ ਗਈ। ਮੈਂ ਉਦੋਂ ਇੰਡੀਆ ਗਿਆ ਹੋਇਆ ਸੀ। ਆਮ ਪੇਂਡੂ ਭਾਸ਼ਾ 'ਚ ਇਸ ਬਿਮਾਰੀ ਨੂੰ ਜਨੇਊ ਕਹਿੰਦੇ ਹਨ। ਉਸੇ ਵੇਲੇ ਮੇਰੇ ਮਾਮਾ ਜੀ ਹਰਨੇਕ ਸਿੰਘ ਬਿਮਾਰ ਹੋ ਗਏ। ਬੇਬੇ ਜ਼ਿਆਦਾ ਨਿਢਾਲ ਹੋ ਗਈ ਤਾਂ ਕਹਿਣ ਲੱਗੀ ਕਿ ਭਾਈ ਐਤਕੀ ਸਾਡੇ ਦੋਨਾਂ ਭੈਣ ਭਰਾਵਾਂ 'ਚੋਂ ਇਕ ਵਿਛੜੂਗਾ। ਵੇਖੋ ਕਿਹੜਾ ਤੁਰਦਾ ਹੈ। ਆਖਰ ਮਾਮਾ ਜੀ ਦੀ ਜੀਵਨ ਡੋਰ ਟੁੱਟ ਗਈ ਤੇ ਉਹ ਵਿਛੋੜਾ ਦੇ ਗਏ। ਬੇਬੇ ਹੌਲੀ ਹੌਲੀ ਠੀਕ ਹੋ ਗਈ। ਜਦੋਂ ਨੂੰ ਮੈਂ ਵਾਪਸ ਅਮਰੀਕਾ ਮੁੜਿਆ ਤਾਂ ਜਾਪਦਾ ਸੀ ਜਿਵੇਂ ਉਸਨੂੰ ਕੁਝ ਹੋਇਆ ਹੀ ਨਾ ਹੋਵੇ।

ਬੇਬੇ ਨੂੰ ਗੱਲਾਂ ਕਰਨ ਦਾ ਬਹੁਤ ਸ਼ੌਕ ਸੀ। ਵੈਸੇ ਤਾਂ ਪੇਂਡੂ ਔਰਤਾਂ ਹੀ ਸਾਰਾ ਦਿਨ ਯੱਕੜ ਮਾਰਦੀਆਂ ਹਨ। ਪਰ ਬੇਬੇ ਨੂੰ ਤਾਂ ਮੈਂ ਸ਼ੁਰੂ ਤੋਂ ਵੇਖਦਾ ਆਇਆ ਸੀ। ਛੋਟੇ ਹੁੰਦਿਆਂ ਜਦੋਂ ਕੋਈ ਭੂਆ ਜਾਂ ਹੋਰ ਰਿਸ਼ਤੇਦਾਰ ਆ ਜਾਂਦਾ ਤਾਂ ਬੇਬੇ ਅੱਧੀ ਰਾਤ ਤੱਕ ਗੱਲਾਂ ਮਾਰੀ ਜਾਂਦੀ। ਕਈ ਵਾਰੀ ਤਾਂ ਸਿਆਲਾਂ ਦੀਆਂ ਵੱਡੀਆਂ ਰਾਤਾਂ ਨੂੰ ਅੱਧੀ ਰਾਤ ਪਿਛੋਂ ਅਚਾਨਕ ਅੱਖ ਖੁੱਲ੍ਹਦੀ ਤਾਂ ਵੇਖੀਦਾ ਕਿ ਬੇਬੇ ਹੋਰੀਂ ਇਕ ਵਾਰੀ ਸੌਂ ਕੇ ਦੁਬਾਰਾ ਉੱਠ ਕੇ ਗੱਲਾਂ ਕਰ ਰਹੀਆਂ ਹਨ। ਹੁਣ ਜਦੋਂ ਅਮਰੀਕਾ ਤੋਂ ਜਾਣਾ ਤਾਂ ਜਦੋਂ ਹੀ ਕਿਧਰੇ ਤੁਰਨ ਲੱਗਣਾ ਤਾਂ ਉਸਨੇ ਕਹਿਣਾ ਕਿ ਭਾਈ ਛੇਤੀ ਆ ਜਾਇਉ ਆਥਣੇ ਗੱਲਾਂ ਕਰਾਂਗੇ। ਫਿਰ ਰੋਟੀ ਟੁੱਕ ਪਿਛੋਂ ਦੇਰ ਤੱਕ ਗੱਲਾਂ ਚੱਲਦੀਆਂ। ਇਸ ਤੋਂ ਇਲਾਵਾ ਨਾਲ ਲੱਗਦੇ ਘਰਾਂ ਦੀਆਂ ਸੁਆਣੀਆਂ ਵੀ ਅੱਧੀ ਅੱਧੀ ਰਾਤ ਤੱਕ ਬੇਬੇ ਕੋਲ ਬੈਠੀਆਂ ਗੱਲਾਂ ਕਰਦੀਆਂ ਰਹਿੰਦੀਆਂ। ਜੇ ਕਦੇ ਉਸ ਨਾਲ ਦੋ ਤਿੰਨ ਦਿਨ ਖੁੱਲ੍ਹੇ ਵਕਤ 'ਚ ਗੱਲ ਨਾ ਹੁੰਦੀ ਤਾਂ ਉਹ ਕਹਿੰਦੀ ਅੱਜ ਕਿਧਰੇ ਨਹੀਂ ਜਾਣਾ ਘਰੇ ਰਹੋ। ਫਿਰ ਉਹ ਸਾਰਾ ਦਿਨ ਕੋਲ ਬੈਠੀ ਨਵੀਆਂ ਪੁਰਾਣੀਆਂ, ਪਿੰਡ ਦੇ ਹਾਲਾਤ ਅਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਮਸਲੇ, ਬਸ ਗੱਲ ਦੀ ਲੜੀ ਨਾ ਟੁੱਟਣ ਦਿੰਦੀ। ਉਹ ਜਦੋਂ ਵੀ ਅਮਰੀਕਾ ਫੋਨ ਕਰਦੀ ਤਾਂ ਘੱਟੋ ਘੱਟ, ਘੰਟਾ ਤਾਂ ਗੱਲ ਚਲਦੀ ਹੀ ਰਹਿੰਦੀ। ਮੇਰੀ ਮਾਸੀ ਅਤੇ ਬੇਬੇ ਦੀ ਬੜੀ ਨੇੜਤਾ ਸੀ। ਮਾਸੀ ਹਰ ਦੂਜੇ ਤੀਜੇ ਹਫਤੇ ਆਪਣੇ ਪਿੰਡ ਮਾਈਸਰਖਾਨੇ ਤੋਂ ਉਚੇਚਾ ਬੇਬੇ ਨੂੰ ਮਿਲਣ ਆਉਂਦੀ। ਜਦੋਂ ਉਹ ਦੋਨੋਂ ਹੁੰਦੀਆਂ ਤਾਂ ਜਾਪਦਾ ਕਿ ਉਹ ਰਾਤ ਨੂੰ ਸੌਂਦੀਆਂ ਵੀ ਨਹੀਂ ਸਨ। ਉਨ੍ਹਾਂ ਦੀਆਂ ਗੱਲਾਂ ਦਾ ਵਿਸ਼ਾ ਪੁਰਾਣੇ ਵੇਲੇ ਜਾਂ ਮੌਜੂਦਾ ਉਨ੍ਹਾਂ ਦੇ ਪੇਕੇ ਪਿੰਡ ਕੀ ਹੋ ਰਿਹਾ ਹੈ, ਇਹ ਹੁੰਦਾ।

ਅਖੀਰ ਤੱਕ ਬੇਬੇ ਦੇ ਦੰਦ ਠੀਕ ਰਹੇ। ਉਸਨੂੰ ਬਨਾਉਟੀ ਦੰਦ 2010 ਦੇ ਲੱਗਭੱਗ ਜਾ ਕੇ ਲਗਵਾਉਣੇ ਪਏ। ਪਰ ਉਹ ਇਨ੍ਹਾਂ ਦੀ ਅਲਕਤ ਬਹੁਤ ਮੰਨਦੀ। ਇਕ ਪਤਾ ਨ੍ਹੀਂ ਉਸਦੇ ਦੰਦ ਠੀਕ ਵੀ ਨਹੀਂ ਆਉਂਦੇ ਸਨ। ਉਹ ਰੋਟੀ ਖਾ ਪੀ ਕੇ ਦੰਦ ਲਾਹ ਕੇ ਰੱਖ ਦਿੰਦੀ। ਅੱਖਾਂ ਬਾਰੇ ਤਾਂ ਪਹਿਲਾਂ ਜਿਕਰ ਆ ਹੀ ਚੁੱਕਾ ਹੈ। ਪਰ ਉਦੋਂ ਦੀਆਂ ਐਨਕਾਂ ਲੱਗੀਆਂ, ਮੁੜ ਕੇ ਉਸਨੂੰ ਕਦੇ ਵੀ ਸਮੱਸਿਆ ਨਾ ਆਈ। ਐਨਕਾਂ ਦਾ ਉਹੀ ਨੰਬਰ ਆਖਰ ਤੱਕ ਚੱਲਿਆ।

ਇਹ ਗੱਲ ਦੋ ਹਜ਼ਾਰ ਬਾਰਾਂ ਦੀ ਹੈ। ਮੈਂ ਨੋਟ ਕੀਤਾ ਕਿ ਸ਼ਾਮ ਵੇਲੇ ਬੇਬੇ ਗੱਲ ਕਰਦਿਆਂ

ਕਈ ਲਫਜ਼ ਥਥਲਾ ਕੇ ਬੋਲਦੀ। ਮੈਂ ਸੋਚਿਆ ਕਿ ਸ਼ਾਇਦ ਇਹ ਉਮਰ ਦਾ ਤਕਾਜ਼ਾ ਹੈ। ਪਰ ਉਸਦੀ ਇਹ ਸਮੱਸਿਆ ਦਿਨੋਂ ਦਿਨ ਵਧਦੀ ਗਈ। ਅਗਲੇ ਸਾਲ ਜਾਣੀ ਕਿ 2013 ਦੇ ਅਕਤੂਬਰ ਮਹੀਨੇ ਮੈਂ ਆ ਕੇ ਵੇਖਿਆ ਕਿ ਬੇਬੇ ਬਹੁਤ ਸਾਰੇ ਲਫਜ਼ ਥਥਲਾਉਣ ਲੱਗ ਪਈ ਸੀ। ਸਵੇਰ ਵੇਲੇ ਤਾਂ ਠੀਕ ਰਹਿੰਦਾ ਪਰ ਸ਼ਾਮ ਤੱਕ ਉਹ ਬੋਲਦੀ ਥੱਕ ਜਾਂਦੀ ਤੇ ਕਈ ਵਾਰੀ ਪੂਰੀ ਗੱਲ ਸਮਝ ਨਾ ਪੈਂਦੀ। ਕਈ ਵਾਰੀ ਉਸਤੋਂ ਕੋਈ ਲਫਜ਼ ਬੋਲਿਆ ਨਾ ਜਾਂਦਾ ਤੇ ਉਹ ਗੱਲ ਵਿਚਕਾਰ ਹੀ ਛੱਡ ਦਿੰਦੀ। ਇਕ ਦਿਨ ਉਹ ਗੱਲਾਂ ਕਰਦਿਆਂ ਕਰਦਿਆਂ ਰੋਣ ਲੱਗ ਪਈ। ਥੋੜ੍ਹਾ ਸੰਭਲਣ ’ਤੇ ਕਹਿਣ ਲੱਗੀ ਕਿ ਉਸਨੂੰ ਜਾਪਦਾ ਹੈ ਕਿ ਉਸਦੀ ਕਿਧਰੇ ਆਵਾਜ਼ ਬਿਲੁਕਲ ਹੀ ਬੰਦ ਨਾ ਹੋ ਜਾਵੇ। ਅਸੀਂ ਕਈ ਡਾਕਟਰਾਂ ਦੇ ਲੈ ਕੇ ਗਏ ਪਰ ਹਰ ਇਕ ਨੇ ਇਹੀ ਕਿਹਾ ਕਿ ਇਹ ਵਡੇਰੀ ਉਮਰ ’ਚ ਹੋ ਜਾਂਦਾ ਹੈ। ਆਵਾਜ਼ ਬੰਦ ਹੋਣ ਵਾਲੀ ਕੋਈ ਗੱਲ ਨਹੀਂ ਹੈ। ਪਰ ਅਸੀਂ ਵੇਖ ਰਹੇ ਸਾਂ ਕਿ ਆਵਾਜ਼ ਤਾਂ ਦਿਨੋ ਦਿਨ ਘੱਟਦੀ ਜਾ ਰਹੀ ਸੀ। ਕਈ ਗੱਲਾਂ ਦੀ ਸਮਝ ਨਾ ਆਉਂਦੀ ਤਾਂ ਘਰ ਕੰਮ ਕਰਦੀ ਕੁੜੀ, ਕੋਮਲ ਨੂੰ ਪੁੱਛਣਾ ਪੈਂਦਾ ਕਿ ਬੇਬੇ ਨੇ ਕੀ ਕਿਹਾ ਹੈ। ਉਹ ਸਾਰਾ ਦਿਨ ਬੇਬੇ ਦੇ ਕੋਲ ਰਹਿੰਦੀ ਸੀ, ਇਸ ਕਰਕੇ ਬੇਬੇ ਦਾ ਥਥਲਾ ਕੇ ਬੋਲਿਆ ਵੀ ਸਮਝ ਲੈਂਦੀ ਸੀ। ਪਰ ਬੇਬੇ ਤੋਰਾ ਫੇਰਾ ਪਹਿਲਾਂ ਦੀ ਤਰਾਂ ਹੀ ਕਰਦੀ ਸੀ। ਇਹ ਉਸਦੀ ਆਦਤ ਸ਼ੁਰੂ ਦੀ ਹੀ ਸੀ ਕਿ ਕਿਸੇ ਵੇਲੇ ਵੀ ਟਿਕ ਕੇ ਨਹੀਂ ਸੀ ਬੈਠਦੀ। ਸ਼ਾਇਦ ਜ਼ਿਆਦਾ ਤੋਰਾ ਫੇਰਾ ਹੋਣ ਕਾਰਨ ਹੀ ਕਦੇ ਕੋਈ ਗੰਭੀਰ ਬਿਮਾਰੀ ਨਹੀਂ ਸੀ ਲੱਗੀ। ਬਾਕੀ ਇਕ ਉਸਦੀ ਆਦਤ ਵਾਰ ਵਾਰ ਚਾਹ ਪੀਣ ਦੀ ਸੀ। ਉਹ ਹਰ ਘੰਟੇ ਬਾਅਦ ਚਾਹ ਪੀਂਣ ਦੀ ਆਦੀ ਸੀ। ਜ਼ਿਆਦਾ ਪੱਤੀ ਵਾਲੀ ਚਾਹ ਪੀਣੀ ਉਸਦਾ ਸ਼ੌਂਕ ਸੀ। ਬਸ ਪਤਾ ਉਦੋਂ ਹੀ ਲੱਗਦਾ ਜਦੋਂ ਬੇਬੇ ਚਾਹ ਵਾਲੀ ਪਤੀਲੀ ਚੜ੍ਹਾ ਲੈਂਦੀ। ਇਕ ਇਹ ਵੀ ਕਿ ਉਹ ਆਪਣੀ ਚਾਹ ’ਚੋਂ ਕਦੇ ਕਿਸੇ ਹੋਰ ਨੂੰ ਚਾਹ ਨਹੀਂ ਸੀ ਦਿੰਦੀ ਹੁੰਦੀ। ਵੱਖਰੀ ਭਾਵੇਂ ਬਣਾ ਕੇ ਦੇ ਦਿੰਦੀ ਪਰ ਆਪਣੇ ਆਪਦੇ ਲਈ ਬਣਾਈ ਹੋਈ ’ਚੋਂ ਨਹੀਂ ਸੀ ਕਿਸੇ ਨੂੰ ਦਿੰਦੀ। ਮੈਂ ਕਈ ਵਾਰ ਜ਼ਿੱਦ ਕਰਦਾ ਤਾਂ ਵੀ ਉਹ ਨਹੀਂ ਸੀ ਪੀਣ ਦਿੰਦੀ। ਹਾਂ ਮੈਨੂੰ ਵੱਖਰੀ ਬਣਾ ਦਿੰਦੀ।

ਖੈਰ! ਪਹਿਲਾਂ ਮੋਹਣ ਪਿੰਡ ਗਿਆ ਤਾਂ ਉਹ ਲੁਧਿਆਣੇ ਚੰਡੀਗੜ੍ਹ ਸਾਰੇ ਪਾਸੇ ਬੇਬੇ ਨੂੰ ਵਿਖਾ ਕੇ ਲਿਆਇਆ ਪਰ ਆਵਾਜ਼ ਦਾ ਮਸਲਾ ਕਿਧਰੋਂ ਵੀ ਹੱਲ ਨਾ ਹੋਇਆ। ਫਿਰ ਸਾਲ 2014 ਦੇ ਅਪਰੈਲ ਮਹੀਨੇ ਮੈਥੋਂ ਛੋਟਾ ਹਰਤੇਜ ਇੰਡੀਆ ਗਿਆ ਤਾਂ ਉਸਨੂੰ ਕਿਸੇ ਨੇ ਦਿੱਲੀ ਦੇ ਇਕ ਮਸ਼ਹੂਰ ਡਾਕਟਰ ਦੀ ਦੱਸ ਪਾਈ। ਉਹ ਬੇਬੇ ਨੂੰ ਲੈ ਕੇ ਦਿੱਲੀ ਨੂੰ ਚਲਾ ਗਿਆ। ਉਸ ਡਾਕਟਰ ਨੇ ਬੜੀ ਬਰੀਕੀ ਨਾਲ ਚੈੱਕ ਅੱਪ ਕਰਨ ਤੋਂ ਬਾਅਦ ਦੱਸਿਆ ਕਿ ਆਵਾਜ਼ ਦੀ ਇਹ ਸਮੱਸਿਆ ਹੱਲ ਨਹੀਂ ਹੋਵੇਗੀ, ਕਿਉਂਕਿ ਗਲੇ ਦੀਆਂ ਰਗਾਂ ਬਿਲੁਕਲ ਖਤਮ ਹੋ ਚੁੱਕੀਆਂ ਹਨ ਤੇ ਇਹ ਬੇਇਲਾਜ ਹਨ। ਉਹ ਮੁਤਾਬਕ ਇਹ ਕੋਈ ਬਿਮਾਰੀ ਨਹੀਂ ਸਗੋਂ ਉਮਰ ਦਾ ਤਕਾਜ਼ਾ ਹੈ ਕਿ ਮਾਤਾ ਦਾ ਆਵਾਜ਼ ਵਾਲਾ ਸਾਰਾ ਸਿਸਟਮ ਖਤਮ ਹੋ ਚੁੱਕਿਆ ਹੈ। ਉਸਨੇ ਕਿਹਾ ਕਿ ਜੋ ਇਹ ਹੁਣ ਥੋੜ੍ਹਾ ਬਹੁਤਾ ਬੋਲਦੀ ਹੈ ਆਖਰ ਉਹ ਵੀ ਬੰਦ ਹੋ ਜਾਣਾ ਹੈ। ਬੇਬੇ ਨੂੰ ਇਹ ਗੱਲ ਤਾਂ ਨਾ ਦੱਸੀ। ਉਸਨੂੰ ਉਸਨੇ ਤਾਕਤ ਦੀ ਦਵਾਈ ਦਿੰਦਿਆਂ ਕਿਹਾ ਕਿ ਮਾਤਾ ਤੂੰ ਠੀਕ ਹੋ ਜਾਵੇਂਗੀ। ਪਿੰਡ ਆ ਕੇ ਕੁਝ ਦਿਨ ਉਸਨੇ ਦਵਾਈ ਲਈ। ਫਿਰ ਉਹ ਸਮਝ ਗਈ ਕਿ ਉਸਦਾ ਦਿਲ ਧਰਾਉਣ ਲਈ ਇਹ ਤਾਂ ਡਾਕਟਰ ਨੇ ਐਵੇਂ ਹੀ ਕੋਈ ਦਵਾਈ ਦੇ ਦਿੱਤੀ ਹੈ। ਉਸਨੇ ਦਵਾਈ ਸੁੱਟ ਦਿੱਤੀ।

ਆਖਰ ਇਹ ਭਾਣਾ ਵੀ ਵਰਤ ਗਿਆ। ਮੈਂ ਅਗਾਂਹ ਅਕਤੂਬਰ ਮਹੀਨੇ ਗਿਆ ਤਾਂ ਬੇਬੇ ਦੀ ਆਵਾਜ਼ ਅੱਸ਼ੀ ਪ੍ਰਤੀਸ਼ਤ ਖਤਮ ਹੋ ਚੁੱਕੀ ਸੀ। ਉਸਨੂੰ ਇਸਦਾ ਬੜਾ ਝੋਰਾ ਸੀ। ਕਿਉਂਕਿ ਕਦੇ ਵੀ ਚੁੱਪ ਨਾ ਬੈਠਣ ਵਾਲੀ ਬੇਬੇ ਹੁਣ ਬੇਵਸ ਹੋਈ ਚੁੱਪ ਬੈਠੀ ਸੀ। ਸਵੇਰੇ ਸਵੇਰੇ ਤਾਂ ਉਹ ਕੁਝ ਨਾ



ਕੁਝ ਬੋਲ ਲੈਂਦੀ ਪਰ ਉਸ ਪਿਛੋਂ ਸ਼ਾਇਦ ਗਲਾ ਥੱਕ ਜਾਂਦਾ ਤੇ ਬਸ ਹੂੰ ਹੂੰ ਜਿਹਾ ਕਰੀ ਜਾਂਦੀ। ਹਾਂ ਸਵੇਰ ਵੇਲੇ ਉਸਦੇ ਮਾੜੇ ਮੋਟੇ ਟੁੱਟਵੇਂ ਲਫਜਾਂ ਤੋਂ ਗੱਲ ਦੀ ਸਮਝ ਆ ਜਾਂਦੀ ਸੀ। ਹੁਣ ਬੇਬੇ ਕਈ ਵਾਰੀ ਢਿੱਡ ’ਚ ਮੁੱਠੀ ਦਿੰਦੀ ਰੋਣ ਲੱਗ ਪੈਂਦੀ। ਉਸਦਾ ਇਸ਼ਾਰਾ ਹੁੰਦਾ ਕਿ ਉਸਦੇ ਢਿੱਡ ਜਾਣੀ ਕਿ ਦਿਲ ’ਚ ਬੜਾ ਕੁਝ ਹੈ ਜਿਸ ਬਾਰੇ ਉਹ ਗੱਲਾਂ ਕਰਨੀਆਂ ਚਾਹੁੰਦੀ ਹੈ, ਪਰ ਕੁਦਰਤ ਅੱਗੇ ਕਿਸਦਾ ਜ਼ੋਰ ਹੈ। ਇਸ ਤੋਂ ਇਲਾਵਾ ਉਸਦੇ ਧੋਣ ਦਾ ਮਣਕਾ ਜਿਹਾ ਵੀ ਦਰਦ ਕਰਨ ਲੱਗ ਪਿਆ ਸੀ। ਇਕ ਲੱਤ ’ਚ ਵੀ ਪੀੜ ਹੋਣ ਲੱਗ ਪਈ ਸੀ। ਇਹ ਦੋਨੋਂ ਗੱਲਾਂ ਦਾ ਤਾਂ ਆਰਥੋਪੈਡਿਕ ਡਾਕਟਰ ਮਾਲਸ਼ ਬਗੈਰਾ ਕਰਕੇ ਕੁਝ ਰਾਹਤ ਦੁਆ ਦਿੰਦਾ ਸੀ। ਪਰ ਵੱਡੀ ਗੱਲ ਸੀ ਆਵਾਜ਼, ਜਿਸਦਾ ਕਿ ਬੇਬੇ ਨੂੰ ਬਹੁਤ ਝੋਰਾ ਸੀ। ਹਾਂ ਤੋਰਾ ਫੇਰਾ ਉਸਦਾ ਉਵੇਂ ਕਾਇਮ ਸੀ। ਪਰ ਹੁਣ ਹੌਲੀ ਤੁਰਦੀ। ਉਸਨੂੰ ਖੂੰਡੀ ਲੈ ਕੇ ਦਿੱਤੀ ਕਿ ਕਿਧਰੇ ਤੁਰੀ ਫਿਰਦੀ ਡਿੱਗ ਹੀ ਨਾ ਪਵੇ। ਪਰ ਉਹ ਖੂੰਡੀ ਕਿਧਰੇ ਰੱਖ ਕੇ ਹੀ ਭੁੱਲ ਜਾਂਦੀ। ਤੇ ਬਿਨਾਂ ਖੂੰਡੀ ਦੇ ਹੀ ਮੌਜ ਨਾਲ ਤੁਰੀ ਫਿਰਦੀ। ਉਸਦਾ ਸਰੀਰ ਬਹੁਤ ਹੌਲਾ ਜਿਹਾ ਸੀ ਜਿਸ ਕਰਕੇ ਤੁਰਨ ਫਿਰਨ ਵੱਲੋਂ ਉਸਨੂੰ ਕੋਈ ਸਮੱਸਿਆ ਨਹੀਂ ਸੀ ਹੁੰਦੀ। ਹੁਣ ਜਦੋਂ ਉਸ ਤੋਂ ਗੱਲਾਂ ਨਾ ਕਰ ਹੁੰਦੀਆਂ ਤਾਂ ਉਹ ਕਹਿੰਦੀ ਕਿ ਇਕ ਜਣਾ ਉਸਦੇ ਕੋਲ ਬੈਠਾ ਰਹੇ। ਉਹ ਕਦੇ ਵੀ ਇਕੱਲੀ ਨਾ ਬੈਠ ਸਕਦੀ। ਕਿਸੇ ਨਾ ਕਿਸੇ ਨੂੰ ਕੋਲ ਬਿਠਾ ਕੇ ਰੱਖਦੀ। ਪਹਿਲਾਂ ਮੈਂ ਜਦੋਂ ਕੋਈ ਕਿਤਾਬ ਪੜ੍ਹ ਰਿਹਾ ਹੁੰਦਾ ਜਾਂ ਕੁਝ ਲਿਖ ਰਿਹਾ ਹੁੰਦਾ ਤਾਂ ਉਹ ਕਹਿੰਦੀ ਕਿ ਕਿਉਂ ਅੱਖਾਂ ਗਾਲ ਰਿਹਾ ਹੈਂ ਆ ਕੋਈ ਹੋਈ ਬੀਤੀ ਗੱਲ ਬਾਤ ਕਰੀਏ। ਹੁਣ ਇਸ਼ਾਰੇ ਨਾਲ ਸਮਝਾਉਂਦੀ ਕਿ ਤੂੰ ਕਿਤਾਬ ਪੜ੍ਹ ਭਾਵੇਂ ਕੁਝ ਲਿਖ, ਪਰ ਮੇਰੇ ਕੋਲ ਬੈਠਾ ਰਹਿ। ਮੈਂ ਵਾਪਸ ਅਮਰੀਕਾ ਨੂੰ ਮੁੜਨ ਲੱਗਿਆ ਤਾਂ ਪੁੱਛਿਆ ਕਿ ਚੱਲ ਬੇਬੇ ਤੂੰ ਅਮਰੀਕਾ ਚੱਲ ਉੱਥੋਂ ਆਵਾਜ਼ ਦਾ ਇਲਾਜ ਹੋ ਜਾਊਗਾ। ਅੱਗੋਂ ਉਸਨੇ ਟੁੱਟੀ ਫੁੱਟੀ ਜਿਹੀ ਗੱਲ, ਇਸ਼ਾਰਿਆਂ ਦੀ ਮੱਦਦ ਨਾਲ ਕਰਦਿਆਂ ਕਿਹਾ, ਕਿ ਹੁਣ ਮੈਂ ਰਹਿਣਾ ਕਿੰਨਾ ਕੁ ਚਿਰ ਹੈ ਕਿ ਅਮਰੀਕਾ ਇਲਾਜ ਲਈ ਚੱਲਾਂ। ਹੁਣ ਤਾਂ ਕੁਝ ਦੇਰ ਹੀ ਮੇਲੇ ਹਨ। ਨਾਲ ਹੀ ਉਸਨੇ ਕਿਹਾ ਕਿ ਉਹ ਇਸ ਆਖਰੀ ਵਕਤ ਘਰ ਛੱਡ ਕੇ ਨਹੀਂ ਜਾਵੇਗੀ। ਘਰੇ ਵੀ ਉਸਦਾ ਖਾਸ ਥਾਂ ਹੁੰਦਾ ਜਿੱਥੇ ਕਿ ਉਹ ਮੰਜਾ ਡਾਹੁੰਦੀ। ਕੋਠੀ ਦੇ ਵਿਚਕਾਰ ਇਕ ਪਾਸੇ ਇਕ ਅਲਮਾਰੀ ਸੀ, ਉਹ ਆਪਣਾ ਮੰਜਾ ਉਸ ਅਲਮਾਰੀ ਦੇ ਨਾਲ ਡਾਹ ਕੇ ਰੱਖਦੀ। ਅਲਮਾਰੀ ਵਿਚ ਉਸਦਾ ਪੁਰਾਣਾ ਰੇਡੀਉ ਪਿਆ ਸੀ ਜੋ ਹੁਣ ਉਸਨੇ ਕਦੇ ਨਹੀਂ ਲਾਇਆ ਸੀ। ਇਕ ਪੁਰਾਣਾ ਟਾਈਮਪੀਸ ਸੀ ਜਿਸਨੂੰ ਉਹ ਅੱਖਾਂ ਤੋਂ ਉਹਲੇ ਨਾ ਹੋਣ ਦਿੰਦੀ। ਮੰਜੇ ’ਤੇ ਬੈਠੀ ਉਹ ਵਾਰ ਵਾਰ ਟਾਈਮਪੀਸ ਵੱਲ ਵੇਖਦੀ ਰਹਿੰਦੀ। ਸ਼ਾਇਦ ਉਸਨੇ ਵਕਤ ਮਿੱਥੇ ਹੋਏ ਸਨ। ਚਾਹ ਪੀਣ ਲਈ ਜਾਂ ਬਾਹਰ ਵਿਹੜੇ ’ਚ ਘੁੰਮਣ ਲਈ। ਇੱਕ ਬੈਟਰੀ ਰੱਖੀ ਹੁੰਦੀ ਅਤੇ ਕਿੱਲੀ ਉੱਪਰ ਝੋਲਾ ਲਟਕਦਾ ਰਹਿੰਦਾ ਜਿਸ ਵਿਚ ਉਸਦੀਆਂ ਦਵਾਈਆਂ ਹੁੰਦੀਆਂ। ਚਾਹ ਉਹ ਅਜੇ ਵੀ ਆਪ ਬਣਾਉਂਦੀ ਸੀ। ਅੰਦਰ ਤੋਂ ਬਿਨਾਂ ਬਾਹਰ, ਬਹੁਤ ਪੁਰਾਣਾ ਅਮਰੂਦ ਦਾ ਬੂਟਾ ਸੀ। ਜੇਕਰ ਬਾਹਰ ਬੈਠਣਾ ਹੁੰਦਾ ਤਾਂ ਉਹ ਇਸ ਦੇ ਹੇਠਾਂ ਆਪਣਾ ਮੰਜਾ ਡਹਾਉਂਦੀ।

ਫਿਰ ਉਹ ਜ਼ਿਆਦਾ ਢਿੱਲੀ ਹੋਣ ਲੱਗ ਪਈ। ਮਾਸੀ ਹੁਣ ਬਹੁਤਾ ਉਸ ਕੋਲ ਰਹਿੰਦੀ ਸੀ। 2015 ਦੇ ਸ਼ੁਰੂ ਜਿਹੇ ’ਚ ਮੰਜੇ ’ਤੇ ਬੈਠੀ ਝੁਕ ਕੇ ਬਾਹਰ ਨੂੰ ਵੇਖਦੀ ਸੀ ਕਿ ਡਿੱਗ ਪਈ ਤੇ ਬਾਂਹ ਟੁੱਟ ਗਈ। ਸ਼ਹਿਰ ਜਾ ਕੇ ਪਲੱਸਤਰ ਲਗਵਾਇਆ। ਸਾਰੇ ਫਿਕਰਮੰਦ ਸਨ ਕਿ ਇਸ ਉਮਰੇ ਹੱਡੀ ਦਾ ਟੁੱਟ ਜਾਣਾ, ਬਹੁਤ ਮਾੜੀ ਗੱਲ ਹੋਈ। ਪਰ ਮਹੀਨੇ ਵਿਚ ਹੀ ਡਾਕਟਰ ਨੇ ਪਲੱਸਤਰ ਲਾਹ ਦਿੱਤਾ ਕਿਉਂਕਿ ਹੱਡੀ ਜੁੜ ਚੁੱਕੀ ਸੀ। ਪਰ ਧੌਣ ਦਾ ਮਣਕਾ ਜਿਹਾ ਕਈ ਵਾਰੀ ਜ਼ਿਆਦਾ ਤੰਗ ਕਰਦਾ। ਕਈ ਵਾਰੀ ਤਾਂ ਉਈਂ ਲੁਟਕ ਜਾਂਦੀ। ਪਰ ਫਿਰ ਆਪੇ ਹੀ ਮਣਕਾ ਥਾਂ ਸਿਰ ਹੋ ਜਾਂਦਾ। ਉਂਝ

ਹੁਣ ਦਿਸ ਰਿਹਾ ਸੀ ਕਿ ਬੇਬੇ ਦਿਨੋਂ ਦਿਨ ਘੱਟਦੀ ਜਾ ਰਹੀ ਹੈ। ਮੈਂ 2015 ਵਿਚ ਜਾਣ ਦਾ ਲੇਟ ਕਰ ਦਿੱਤਾ। ਉਂਝ ਹਰ ਸਾਲ ਅਕਤੂਬਰ 'ਚ ਜਾਂਦਾ ਹਾਂ ਤੇ ਦੋ ਮਹੀਨੇ ਉੱਥੇ ਰਹਿੰਦਾ ਹਾਂ। ਪਰ ਇਸ ਵਾਰ ਸੋਚਿਆ ਕਿ ਚਲੋ ਅਗਾਂਹ ਮਾਰਚ ਵਿਚ ਜਾਊਂਗਾ। ਪਰ ਨਵੰਬਰ ਵਿਚ ਮਾਸੀ ਦਾ ਫੋਨ ਆ ਗਿਆ ਕਿ ਭਾਈ ਤੇਰੀ ਬੇਬੇ ਜ਼ਿਆਦਾ ਢਿੱਲੀ ਹੈ ਤੇ ਤੁਸੀਂ ਇਕ ਜਣਾ ਆ ਜਾਵੋ। ਮੈਂ ਤੀਜੇ ਦਿਨ ਹੀ ਪਿੰਡ ਪਹੁੰਚ ਗਿਆ। ਅਗਾਂਹ ਜਾ ਕੇ ਵੇਖਿਆ ਕਿ ਬੇਬੇ ਬਹੁਤ ਨਿਢਾਲ ਹੋ ਚੁੱਕੀ ਸੀ। ਪਰ ਅਜੇ ਵੀ ਬਿਨਾਂ ਸੋਟੀ ਦੇ ਤੁਰੀ ਫਿਰਦੀ ਸੀ। ਬਾਥਰੂਮ ਬਗੈਰਾ ਆਪ ਜਾਂਦੀ ਸੀ। ਮੇਰੇ ਜਾਣ ਪਿਛੋਂ ਇਕ ਵਾਰ ਹਾਲਤ ਸੁਧਰ ਗਈ। ਪਰ ਫਿਰ ਖਰਾਬ ਹੋਣ ਲੱਗ ਪਈ। ਆਖਰ ਉਸਨੂੰ ਫੜ੍ਹ ਕੇ ਨਮਾਇਆ ਜਾਂਦਾ। ਬਾਥਰੂਮ ਵਰਤਣ ਵੇਲੇ ਵੀ ਕੰਮ ਕਰਨ ਵਾਲੀ ਕੁੜੀ ਕੋਲ ਖੜ੍ਹਦੀ। ਮੈਂ ਜਿਸ ਦਿਨ ਵਾਪਸ ਮੁੜਨਾ ਸੀ ਤਾਂ ਬੇਬੇ ਨੇ ਕਿਹਾ ਕਿ ਮੈਂ ਅਗਲੇ ਦਿਨ ਸਵੇਰ ਤੇਰੇ ਨਾਲ ਗੱਲ ਕਰੂੰਗੀ। ਕਿਉਂਕਿ ਸਵੇਰੇ ਸਵੇਰੇ ਤਾਜ਼ਾ ਦਮ ਉਹ ਕੁਝ ਟੁੱਟਵੇਂ ਲਫਜ਼ ਬੋਲ ਲੈਂਦੀ ਸੀ। ਅਗਲੇ ਦਿਨ ਉਸਨੇ ਪਹਿਲਾਂ ਤਾਂ ਆਪਣੇ 'ਤੇ ਜ਼ਬਤ ਰੱਖਿਆ ਪਰ ਫਿਰ ਰੋਣ ਲੱਗੀ। ਜਦੋਂ ਮਨ ਹੌਲਾ ਹੋਇਆ ਤਾਂ ਹੌਲੀ ਹੌਲੀ ਕਹਿਣ ਲੱਗੀ ਕਿ ਤੁਸੀਂ ਮੈਨੂੰ ਬੜੇ ਯਾਦ ਆਉਂਦੇ ਹੋ। ਸਾਰਾ ਦਿਨ ਕੰਧ ਵੱਲ ਵੇਖਦੀ ਤੁਹਾਡੀਆਂ ਸ਼ਕਲਾਂ ਚਿਤਵਦੀ ਰਹਿੰਦੀ ਹਾਂ। ਮੈਂ ਸਮਝਾਇਆ ਕਿ ਤੈਨੂੰ ਕੁਝ ਨਹੀਂ ਹੁੰਦਾ। ਇਸ ਗੱਲ 'ਤੇ ਸਿਰ ਮਾਰਦਿਆਂ ਉਹ ਇਸ਼ਾਰੇ ਨਾਲ ਕਹਿਣ ਲੱਗੀ ਕਿ ਇਹ ਸ਼ਾਇਦ ਆਪਣੀ ਆਖਰੀ ਮੁਲਾਕਾਤ ਹੈ। ਨਾਲ ਹੀ ਉਸਨੇ ਤਾਕੀਦ ਕੀਤੀ ਕਿ ਬਾਕੀ ਪਰਿਵਾਰਕ ਮੈਂਬਰਾਂ ਨੂੰ ਜਾਣ ਸਾਰ ਭੇਜ ਦੇਵਾਂ। ਮੈਂ ਟੁੱਟੇ ਦਿਲ ਨਾਲ ਪਿੰਡੋਂ ਤੁਰ ਪਿਆ ਤੇ ਵਾਪਸ ਅਮਰੀਕਾ ਪਹੁੰਚ ਗਿਆ। ਮੈਥੋਂ ਬਾਅਦ ਹਰਤੇਜ ਚਲਾ ਗਿਆ। ਉਹ ਤਿੰਨ ਮਹੀਨੇ ਰਿਹਾ। ਜਦੋਂ ਉਹ ਅਪ੍ਰੈਲ ਮਹੀਨੇ ਵਾਪਸ ਆਇਆ ਤਾਂ ਉਦੋਂ ਠੰਢ ਲੰਘ ਚੁੱਕੀ ਸੀ ਤੇ ਬੇਬੇ ਦੀ ਹਾਲਤ ਫਿਰ ਸਥਿਰ ਹੋ ਗਈ ਸੀ। ਬਿਨਾਂ ਬੋਲਣ ਵਾਲੀ ਸਮੱਸਿਆ ਦੇ ਜਾਪਦਾ ਸੀ ਜਿਵੇਂ ਉਸਨੂੰ ਕੁਝ ਹੋਇਆ ਹੀ ਨਾ ਹੋਵੇ। ਪਰ ਆਵਾਜ਼ ਵਾਲਾ ਮਾਮਲਾ ਯਾਦ ਕਰਦਿਆਂ ਉਹ ਰੋਣ ਲੱਗ ਪੈਂਦੀ। ਨਾਲ ਹੀ ਹੱਥ ਨਾਲ ਸਮਝਾਉਂਦੀ ਕਿ ਜੇਕਰ ਉਸਨੂੰ ਲਿਖਣਾ ਆਉਂਦਾ ਹੁੰਦਾ ਤਾਂ ਉਹ ਇੰਨੀ ਤੰਗ ਨਾ ਹੁੰਦੀ। ਭਾਵ ਜੋ ਵੀ ਸਮੱਸਿਆ ਹੁੰਦੀ ਉਹ ਲਿਖ ਕੇ ਸਮਝਾ ਸਕਦੀ ਸੀ। ਪਰ ਪੜ੍ਹਾਈ ਲਿਖਾਈ ਵੱਲੋਂ ਤਾਂ ਉਹ ਬਿਲਕੁਲ ਕੋਰੀ ਰਹਿ ਗਈ ਸੀ। ਅਗਾਂਹ ਗਰਮੀਆਂ ਵਿਚ ਪਰਿਵਾਰ ਦੇ ਅਮਰੀਕਾ ਰਹਿੰਦੇ ਸਾਰੇ ਮੈਂਬਰ ਬੇਬੇ ਨੂੰ ਮਿਲਣ ਚਲੇ ਗਏ। ਉਸਦੇ ਬਾਅਦ ਮੋਹਣ ਚਲਾ ਗਿਆ। ਜਦੋਂ ਮੋਹਣ ਉੱਥੇ ਸੀ ਤਾਂ ਉਸਨੇ ਮੈਨੂੰ ਫੋਨ ਕਰਕੇ ਕਿਹਾ ਕਿ ਬੇਬੇ ਹੁਣ ਠੀਕ ਨਹੀਂ ਤੇ ਤੈਨੂੰ ਮਿਲਣਾ ਲੋਚਦੀ ਹੈ। ਮੈਂ ਵੀ ਜਾਣ ਦੀ ਤਿਆਰੀ ਕਰ ਲਈ। ਅਸੀਂ ਪ੍ਰਬੰਧ ਇਸ ਤਰ੍ਹਾਂ ਕੀਤਾ ਕਿ ਜੋ ਕੋਈ ਮੋਹਣ ਨੂੰ ਅਮਰੀਕਾ ਲਈ ਚੜ੍ਹਾਉਣ ਦਿੱਲੀ ਆਇਆ ਸੀ ਮੈਂ ਉਸੇ ਨਾਲ ਦਿੱਲੀਉਂ ਪਿੰਡ ਨੂੰ ਚਲਿਆ ਗਿਆ। ਜਾਣੀ ਕਿ ਮੋਹਣ ਦੇ ਪਿੰਡੋਂ ਤੁਰਨ ਦੇ ਅਗਲੇ ਦਿਨ, ਅਕਤੂਬਰ ਗਿਆਰਾਂ 2016 ਨੂੰ ਮੈਂ ਪਿੰਡ ਪਹੁੰਚ ਗਿਆ। ਮੈਨੂੰ ਇਕਦਮ ਸਾਹਮਣੇ ਵੇਖ ਕੇ ਬੇਬੇ ਦੇ ਹੰਝੂ ਨਿਕਲ ਗਏ ਪਰ ਹੁਣ ਉਹ ਜ਼ਿਆਦਾ ਨਾ ਰੋਈ। ਉਸਦੀ ਖੱਬੀ ਅੱਖ ਲਾਲ ਹੋ ਗਈ ਤੇ ਉਸੇ ਅੱਖ 'ਚੋਂ ਕੁਝ ਹੰਝੂ ਢਿਲਕੇ। ਉਹ ਮੇਰੇ ਵੱਲ ਵੇਖਦੀ ਰਹੀ। ਮੈਂ ਹੱਥ ਫੜ੍ਹ ਕੇ ਪੁੱਛਿਆ ਕਿ ਕਿਵੇਂ ਐਂ ਤਾਂ ਉਸਨੇ ਨਾਂਹ 'ਚ ਸਿਰ ਮਾਰ ਦਿੱਤਾ। ਇਸ਼ਾਰਾ ਕਰਦਿਆਂ ਸਮਝਾਇਆ ਕਿ ਤੂੰ ਆ ਗਿਆ ਹੈਂ ਬਸ ਬਹੁਤ ਹੈ। ਅਤੇ ਫਿਰ ਉੱਪਰ ਵੱਲ ਨੂੰ ਇਸ਼ਾਰਾ ਕਰਦਿਆਂ ਖੱਬੇ ਹੱਥ ਦੀਆਂ ਉਂਗਲਾਂ ਜਿਹੀਆਂ ਗਿਣਨ ਲੱਗ ਪਈ। ਮੈਂ ਸਮਝ ਗਿਆ ਕਿ ਕਹਿ ਰਹੀ ਹੈ ਬਈ ਗਿਣਤੀ ਦੇ ਦਿਨ ਹਨ। ਮੈਂ ਵੇਖਿਆ ਕਿ ਬੇਬੇ ਬਿਲੁਕਲ ਹੱਡੀਆਂ ਦੀ ਮੁੱਠੀ ਬਣ ਕੇ ਰਹਿ ਗਈ ਸੀ। ਖੱਬੇ ਹੱਥ ਤੋਂ ਬਿਨਾਂ ਉਸਤੋਂ ਸਰੀਰ ਦਾ ਕੋਈ ਹੋਰ ਅੰਗ ਆਪੇ ਨਹੀਂ ਹਿਲਾਇਆ ਜਾਂਦਾ ਸੀ। ਚੁੱਕ ਕੇ ਹੀ ਬਾਥਰੂਮ ਲਿਜਾਣਾ ਪੈਂਦਾ ਸੀ



ਤੇ ਫੜ੍ਹ ਕੇ ਉਠਾਉਣਾ ਪੈਂਦਾ ਸੀ। ਪਰ ਸੋਝੀ ਉਸਨੂੰ ਪੂਰੀ ਸੀ। ਖੱਬਾ ਹੱਥ ਹੌਲੀ ਹੌਲੀ ਹਿਲਾਉਂਦੀ ਕਹਿਣ ਲੱਗੀ ਕਿ ਮੇਰੇ ਕੋਲ ਬੈਠ ਜਾਹ। ਕਾਫੀ ਦੇਰ ਮੈਂ ਬੈਠਾ ਰਿਹਾ। ਫਿਰ ਕੋਈ ਹੋਰ ਪਰਿਵਾਰਕ ਮੈਂਬਰ ਆ ਬੈਠਿਆ ਤਾਂ ਮੈਂ ਉੱਠ ਕੇ ਬਾਹਰ ਆ ਗਿਆ। ਦੋ ਕੁ ਦਿਨਾਂ 'ਚ ਮੈਂ ਵੇਖਿਆ ਕਿ ਹੁਣ ਬੇਬੇ ਬਹੁਤ ਔਖੀ ਹੋ ਰਹੀ ਹੈ। ਹਰ ਦਿਨ ਉਸਦਾ ਸਰੀਰ ਘਟੀ ਜਾ ਰਿਹਾ ਸੀ। ਹੁਣ ਉਸਤੋਂ ਰੋਟੀ ਨਹੀਂ ਖਾ ਹੁੰਦੀ ਸੀ। ਉਸਨੂੰ ਤਰਲ ਜਿਹਾ ਖਾਣਾ, ਚਮਚਿਆ ਨਾਲ ਦਿੰਦੇ ਸੀ। ਜਿਵੇਂ ਦੁੱਧ, ਚੌਲ, ਜਾਂ ਦਲੀਆ ਬਗੈਰਾ। ਹਾਂ ਚਾਹ ਲਈ ਉਹ ਅੱਧੇ ਕੁ ਘੰਟੇ ਬਾਅਦ ਹੀ ਇਸ਼ਾਰਾ ਕਰ ਦਿੰਦੀ ਸੀ। ਪੰਜ ਕੁ ਦਿਨਾਂ ਬਾਅਦ ਬਹੁਤੀ ਨਿਢਾਲ ਹੋ ਗਈ ਤਾਂ ਡਾਕਟਰ ਨੂੰ ਫੋਨ ਕੀਤਾ ਤਾਂ ਉਹ ਕਹਿਣ ਲੱਗਿਆ ਕਿ ਉਸ ਕੋਲ ਲੈ ਆਉ। ਫਿਰ ਬੇਬੇ ਨੂੰ ਮਾਨਸਾ ਲਿਜਾਣ ਦੀ ਤਿਆਰੀ ਕਰਨ ਲੱਗੇ ਤਾਂ ਉਹ ਨਾਂਹ 'ਚ ਸਿਰ ਮਾਰੀ ਜਾਵੇ। ਕਹਿ ਰਹੀ ਸੀ ਕਿ ਉਹ ਘਰੋਂ ਜਾਣਾ ਨਹੀਂ ਚਾਹੁੰਦੀ। ਮਸਾਂ ਸਮਝਾਇਆ ਕਿ ਸਿਰਫ ਵਿਖਾਉਣ ਲਈ ਲਿਜਾਣਾ ਹੈ। ਖੈਰ! ਡਾਕਟਰ ਨੇ ਗੁਲੂਕੋਜ਼ ਬਗੈਰਾ ਲਾਇਆ ਤਾਂ ਬੇਬੇ ਦਾ ਸਰੀਰ ਕੁਝ ਟਹਿਕ 'ਚ ਹੋ ਗਿਆ। ਪਰ ਉਹ ਪਿੰਡ ਮੁੜਨ ਦੀ ਜ਼ਿੱਦ ਕਰ ਰਹੀ ਸੀ। ਡਾਕਟਰ ਨੂੰ ਦੱਸਿਆ ਤਾਂ ਉਸਨੇ ਕਿਹਾ ਕਿ ਸਿਰਫ ਗੁਲੂਕੋਜ਼ ਹੀ ਲਾਉਣਾ ਹੈ ਤੇ ਇਹ ਤੁਸੀਂ ਪਿੰਡ ਲੁਆ ਲਿਉ। ਉਸਨੇ ਇਸਦਾ ਪ੍ਰਬੰਧ ਕਰ ਦਿੱਤਾ। ਇਕ ਰਾਤ ਰਹਿ ਕੇ ਅਗਲੇ ਦਿਨ ਪਿੰਡ ਆ ਗਏ। ਗੁਲੂਕੋਜ਼ ਪਿੰਡੋਂ ਹੀ ਲੁਆਉਣਾ ਸ਼ੁਰੂ ਕਰ ਦਿੱਤਾ। ਇਸ ਨਾਲ ਸਰੀਰ ਤਾਂ ਕੁਝ ਠੀਕ ਹੋ ਗਿਆ ਪਰ ਇਸਦਾ ਇਕ ਸਾਈਡ ਅਫੈਕਟ ਹੋ ਗਿਆ। ਉਹ ਇਹ ਕਿ ਗੁਲੂਕੋਜ਼ ਨਾਲ ਉਸਦਾ ਗਲੇ 'ਚ ਖੰਘਾਰ ਜਿਹੇ ਆਉਣ ਲੱਗ ਪਏ। ਜਿਸ ਤਰ੍ਹਾਂ ਛੋਟੇ ਜੁਆਕਾਂ ਤੋਂ ਖੰਘਾਰ ਆਪੇ ਬਾਹਰ ਨਹੀਂ ਸੁੱਟਿਆ ਜਾਂਦਾ ਹੁੰਦਾ ਉਸੇ ਤਰ੍ਹਾਂ ਬੇਬੇ ਇੰਨੀ ਕਮਜ਼ੋਰ ਹੋ ਚੁੱਕੀ ਸੀ ਕਿ ਨਾਂਹ ਉਸਤੋਂ ਖੰਘਾਰ ਬਾਹਰ ਸੁੱਟਿਆ ਜਾਂਦਾ ਸੀ ਤੇ ਨਾ ਹੀ ਅੰਦਰ ਲੰਘਾਇਆ ਜਾਂਦਾ ਸੀ। ਇਸ ਹਾਲਤ 'ਚ ਉਸਤੋਂ ਕੁਝ ਖਾ ਪੀ ਨਹੀਂ ਹੋ ਰਿਹਾ ਸੀ। ਡਾਕਟਰ ਨੂੰ ਪੁੱਛਿਆ ਤਾਂ ਉਸਨੇ ਗੁਲੂਕੋਜ਼ ਬੰਦ ਕਰਵਾ ਕੇ ਇਕ ਹੋਰ ਦਵਾਈ ਦੇ ਦਿੱਤੀ ਜਿਸ ਨਾਲ ਗਲਾ ਖੁਸ਼ਕ ਹੋ ਗਿਆ। ਬਾਈ ਅਕਤੂਬਰ ਦੇ ਦਿਨ ਤਾਂ ਜਾਪਿਆ ਜਿਵੇਂ ਬੇਬੇ ਚੰਗੀ ਭਲੀ ਹੋਵੇ। ਉਸਨੇ ਇਸ਼ਾਰੇ ਨਾਲ ਕਿਹਾ ਕਿ ਉਸਨੇ ਵਿਹੜੇ ਵਿਚ ਘੁੰਮਣਾ ਹੈ। ਦੋ ਜਣੇ ਉਸਨੂੰ ਫੜ੍ਹ ਕੇ ਵਿਹੜੇ ਵਿਚ ਲਈ ਫਿਰੇ। ਉਹ ਹਰ ਪਾਸੇ ਬੜੀ ਨੀਝ ਨਾਲ ਤੇ ਉਦਾਸੀਆਂ ਨਜ਼ਰਾਂ ਨਾਲ ਵੇਖ ਰਹੀ ਸੀ। ਮੈਂ ਉਸਦੀ ਤਮੰਨਾ ਸਮਝ ਰਿਹਾ ਸੀ ਇਸ ਕਰਕੇ ਸਾਰਾ ਘਰ ਉਸਨੂੰ ਵਿਖਾਇਆ। ਬਾਹਰ ਬੀਹੀ ਤੱਕ ਵੀ ਲੈ ਕੇ ਆਏ। ਉਸਨੇ ਸਾਨੂੰ ਬਾਰ 'ਚ ਕਾਫੀ ਦੇਰ ਰੋਕੀ ਰੱਖਿਆ ਤੇ ਬਾਹਰ ਬੀਹੀ ਵੱਲ, ਕਦੇ ਕਿਸੇ ਪਾਸੇ ਕਦੇ ਕਿਸੇ ਪਾਸੇ ਵੇਖਦੀ ਰਹੀ। ਆਖਰ ਉਸਨੂੰ ਵਾਪਸ ਲਿਜਾ ਕੇ ਮੰਜੇ 'ਤੇ ਬਿਠਾ ਦਿੱਤਾ। ਮਾਸੀ ਕਹਿਣ ਲੱਗੀ ਕਿ ਭਾਈ ਹੁਣ ਇਹ ਕੁਝ ਠੀਕ ਜਾਪਦੀ ਹੈ ਤੇ ਮੈਂ ਵੀ ਇਕ ਦਿਨ ਲਈ ਆਪਣੇ ਪਿੰਡ ਗੇੜਾ ਮਾਰ ਆਵਾਂ।

ਮਾਸੀ ਪਿਛਲੇ ਤਕਰਬੀਨ ਸਾਲ ਭਰ ਤੋਂ ਬੇਬੇ ਕੋਲ ਹੀ ਰਹਿੰਦੀ ਸੀ। ਪੰਦਰਾਂ ਬੀਹ ਦਿਨਾਂ ਬਾਅਦ ਆਪਦੇ ਪਿੰਡ ਚੱਕਰ ਮਾਰ ਆਉਂਦੀ ਸੀ ਪਰ ਜ਼ਿਆਦਾ ਵਕਤ ਬੇਬੇ ਕੋਲ ਹੀ ਗੁਜ਼ਾਰਦੀ ਸੀ। ਹੁਣ ਉਹ ਕਾਫੀ ਦਿਨਾਂ ਤੋਂ ਪਿੰਡ ਨਹੀਂ ਗਈ ਸੀ ਤੇ ਅੱਜ ਬੇਬੇ ਦੀ ਹਾਲਤ ਠੀਕ ਵੇਖ ਕੇ ਉਹ ਇਕ ਦਿਨ ਲਈ ਪਿੰਡ ਨੂੰ ਚਲੀ ਗਈ। ਉਸ ਰਾਤ ਬੇਬੇ ਠੀਕ ਰਹੀ। ਇਸ਼ਾਰਾ ਕਰਦਿਆਂ ਰਾਤ ਨੂੰ ਲੈਣ ਵਾਲੀ ਦਵਾਈ ਲਈ। ਪਰ ਸਵੇਰ ਵੇਲੇ ਛੋਟਾ ਭਰਾ ਮੈਨੂੰ ਚਾਹ ਫੜ੍ਹਾਉਣ ਆਇਆ ਤਾਂ ਉਦਾਸ ਲਹਿਜ਼ੇ 'ਚ ਬੋਲਿਆ ਕਿ ਅੱਜ ਬੇਬੇ ਬਹੁਤ ਮੁਰਝਾਈ ਹੋਈ ਹੈ। ਮੈਂ ਕਿਹਾ ਕਿ ਕੱਲ੍ਹ ਤਾਂ ਠੀਕ ਜਾਪਦੀ ਸੀ। ਉਹ ਕਹਿਣ ਲੱਗਿਆ ਕਿ ਹੁਣ ਜਦੋਂ ਬਾਥਰੂਮ ਬਗੈਰਾ ਲਿਜਾਂਦੇ ਆਂ ਜਾਂ ਕੁਝ ਖੁਆਉਣ ਪਿਆਉਣ ਲੱਗਦੇ ਹਾਂ ਤਾਂ ਉਸਦੀ ਧੌਣ ਸਿੱਧੀ ਨਹੀਂ ਖੜ੍ਹਦੀ। ਇਕ ਪਾਸੇ ਨੂੰ ਢਿਲਕ

ਜਾਂਦੀ ਹੈ ਜਿਵੇਂ ਬੇਜ਼ਾਨ ਹੋਵੇ। ਮੈਂ ਕੋਲ ਗਿਆ ਤਾਂ ਉਹ ਅੱਧ ਖੁੱਲ੍ਹੀਆਂ ਜਿਹੀਆਂ ਅੱਖਾਂ ਮੁੰਦੀ ਪਈ ਸੀ। ਮੈਂ ਉਸਦਾ ਖੱਬਾ ਹੱਥ ਹਿਲਾ ਕੇ ਪੁੱਛਿਆ ਕਿ ਕਿਵੇਂ ਐਂ ਤਾਂ ਪਹਿਲਾਂ ਤਾਂ ਉਸਨੇ ਕੋਈ ਇਸ਼ਾਰਾ ਨਾ ਦਿੱਤਾ। ਫਿਰ ਮੈਂ ਜ਼ੋਰ ਨਾਲ ਪੁੱਛਿਆ ਤਾਂ ਉਸਨੇ ਮੇਰਾ ਹੱਥ ਘੁੱਟ ਲਿਆ ਤੇ ਮੇਰੇ ਵੱਲ ਨੂੰ ਸਿਰ ਘੁਮਾਇਆ। ਉਸਦੀ ਸੱਜੀ ਅੱਖ ਲਾਲ ਹੋ ਕੇ ਹੰਝੂ ਨਾਲ ਭਿੱਜ ਗਈ। ਸਾਰੇ ਸਮਝ ਗਏ ਕਿ ਅੱਜ ਬੇਬੇ ਜ਼ਿਆਦਾ ਢਿੱਲੀ ਹੈ। ਉਸਨੂੰ ਬੁਲਾਉਂਦੇ ਤਾਂ ਉਹ ਅੱਖ ਪੱਟ ਕੇ ਵੇਖਦੀ ਨਹੀਂ ਤਾਂ ਫਿਰ ਬੇਹੋਸ਼ੀ ਜਿਹੀ ਵਿਚ ਚਲੀ ਜਾਂਦੀ। ਉਸਨੂੰ ਚਾਹ ਪਿਆਉਣ ਦੀ ਕੋਸ਼ਿਸ਼ ਕੀਤੀ ਤਾਂ ਅੱਜ ਉਸਨੇ ਸਿਰਫ ਦੋ ਕੁ ਚਮਚੇ ਹੀ ਪੀਤੇ। ਵਾਪਸ ਮੰਜੇ 'ਤੇ ਪਾ ਦਿੱਤਾ ਤਾਂ ਉਹ ਫਿਰ ਬੇਹੋਸ਼ੀ ਜਿਹੀ 'ਚ ਜਾਣ ਲੱਗੀ। ਇਹ ਵੇਖਦਿਆਂ ਅਸੀਂ ਬਾਰ ਬਾਰ ਬੁਲਾਉਂਦੇ ਸੀ ਜਿਵੇਂ ਕਿਸੇ ਜੁਆਕ ਨੂੰ ਸੌਣ ਤੋਂ ਰੋਕਦੇ ਹੁੰਦੇ ਹਾਂ। ਹੌਲੀ ਹੌਲੀ ਦਿਨ ਅਗਾਂਹ ਵਧਣ ਲੱਗਿਆ। ਦਸ ਕੁ ਵਜਦੇ ਨੂੰ ਬੇਬੇ ਦੀ ਹਾਲਤ ਪਹਿਲਾਂ ਨਾਲੋਂ ਖਰਾਬ ਸੀ। ਜਾਪ ਰਿਹਾ ਸੀ ਜਿਵੇਂ ਕਿ ਉਸਨੇ ਤਿਆਰੀ ਆਰੰਭ ਕਰ ਲਈ ਹੋਵੇ। ਮੈਂ ਪੂਰੇ ਗੌਹ ਨਾਲ ਬੇਬੇ ਵੱਲ ਵੇਖਿਆ ਤਾਂ ਮੈਨੂੰ ਲੱਗਿਆ ਕਿ ਵਾਕਿਆ ਹੀ ਬੇਬੇ ਅੱਜ ਹੋਰ ਹੀ ਤਰ੍ਹਾਂ ਲੱਗ ਰਹੀ ਹੈ। ਮੈਂ ਨੇੜੇ ਹੋ ਕੇ ਬੁਲਾਇਆ ਪਰ ਉਸਨੇ ਮੇਰੇ ਵੱਲ ਕੋਈ ਧਿਆਨ ਨਾ ਦਿੱਤਾ। ਉਹ ਉਵੇਂ ਹੀ ਸਾਹਮਣੇ ਵੱਲ ਵੇਖਦਿਆਂ ਪਈ ਰਹੀ। ਨਜ਼ਰ ਇੱਕੋ ਜਗ੍ਹਾ ਟਿਕੀ ਹੋਈ ਸੀ। ਵਾਹਵਾ ਦੇਰ ਬਾਅਦ ਅੱਖ ਝਮਕਦੀ ਸੀ। ਇਹ ਵਰਤਾਰਾ ਸਹਿਜ ਨਹੀਂ ਸੀ। ਆਮ ਤੌਰ 'ਤੇ ਬੁਲਾਉਣ ਉਪਰੰਤ ਉਹ ਜ਼ਰੂਰ ਇਕ ਵਾਰ ਅੱਖ ਚੁੱਕ ਕੇ ਬੁਲਾਉਣ ਵਾਲ ਵੱਲ ਵੇਖਦੀ ਹੁੰਦੀ ਸੀ। ਉਸਦੀ ਹਾਲਤ ਠੀਕ ਨਹੀਂ ਸੀ ਪਰ ਉਂਝ ਉਹ ਪੂਰੀ ਸੋਝੀ ਵਿਚ ਸੀ। ਮੈਂ ਬੜੀ ਹੀ ਦਰਦ ਭਰੀ ਆਵਾਜ਼ ਨਾਲ ਉਸਦੇ ਕੰਨ ਕੋਲ ਮੂੰਹ ਕਰਕੇ ਕਿਹਾ ਉੱਚੀ ਆਵਾਜ਼ ਚ ਬੋਲਿਆ,

"ਬੇਬੇ ਲੱਗਦੈ ਕਿ ਤੂੰ ਤਿਆਰੀ ਕਰ ਲਈ ਐ। ਚੱਲ ਤੇਰੀ ਮਰਜ਼ੀ ਐ ਬੇਬੇ।"

ਮੇਰੇ ਇਹ ਦਰਦ ਭਰੇ ਬੋਲ ਸੁਣ ਕੇ ਉਸਨੇ ਹੌਲੀ ਹੌਲੀ ਧੌਣ ਘੁੰਮਾਉਂਦਿਆਂ ਮੇਰੇ ਵੱਲ ਨੀਝ ਲਾ ਕੇ ਵੇਖਿਆ। ਫਿਰ ਉਹ ਲਗਾਤਰ ਮੇਰੇ ਵੱਲ ਬਿਨਾਂ ਪਲਕ ਝਪਕਿਆਂ ਝਾਕਦੀ ਰਹੀ। ਆਖਰ ਉਸਦੀ ਸੱਜੀ ਅੱਖ ਵਿਚ ਪਾਣੀ ਆ ਗਿਆ। ਹੰਝੂ ਕਿਰਨ ਲੱਗੇ ਤਾਂ ਉਸਨੇ ਮੂੰਹ ਪਰ੍ਹੇ ਹਟਾ ਲਿਆ। ਜਾਪ ਰਿਹਾ ਸੀ ਜਿਵੇਂ ਉਸ ਉੱਪਰ ਬੇਹੋਸ਼ੀ ਛਾ ਰਹੀ ਹੋਵੇ। ਜਿਸ ਤਰ੍ਹਾਂ ਕਈ ਵਾਰ ਡਾਕਟਰ ਕਿਸੇ ਮਰੀਜ਼ ਨੂੰ ਕੋਈ ਨਸ਼ੇ ਵਾਲੀ ਦਵਾਈ ਦਿੰਦੇ ਹਨ ਸੌਣ ਵਾਸਤੇ ਜਾਂ ਕਿਸੇ ਅਪਰੇਸ਼ਨ ਤੋਂ ਪਹਿਲਾਂ ਅਤੇ ਦਵਾਈ ਦੇ ਅਸਰ ਨਾਲ ਮਰੀਜ਼ ਦੀਆਂ ਅੱਖਾਂ ਬੰਦ ਹੋਣ ਲੱਗਦੀਆਂ ਹਨ। ਫਿਰ ਮਰੀਜ਼ ਹੌਲੀ ਹੌਲੀ ਮਦਹੋਸ਼ੀ ਵਰਗੀ ਨੀਂਦ ਵਿਚ ਚਲਿਆ ਜਾਂਦਾ ਹੈ ਉਵੇਂ ਹੀ ਅੱਜ ਬੇਬੇ ਕਰ ਰਹੀ ਸੀ। ਜਦੋਂ ਹੀ ਜ਼ੋਰ ਦੇ ਕੇ ਬੁਲਾਉਂਦੇ ਤਾਂ ਉਹ ਹੌਲੀ ਹੌਲੀ ਅੱਖਾਂ ਪੁੱਟਦੀ ਤੇ ਕੁਝ ਕੁ ਸੈਕਿੰਡ ਵੇਖਣ ਪਿਛੋਂ ਉਸਦੀਆਂ ਅੱਖਾਂ ਫਿਰ ਮਦਹੋਸ਼ੀ ਜਿਹੀ ਵਾਂਗ ਮਿਚ ਜਾਂਦੀਆਂ। ਫਿਰ ਉਸਦਾ ਸਾਹ ਤੇਜ਼ ਹੋਣ ਲੱਗ ਪਿਆ। ਮੈਨੂੰ ਜਾਪਿਆ ਕਿ ਇਹ ਵਰਤਾਰਾ ਆਮ ਨਹੀਂ ਹੈ। ਮੈਂ ਉਸਦੀ ਨਬਜ਼ ਵੇਖਣ ਲੱਗਿਆ। ਇਹ ਇਸ ਵੇਲੇ ਇਕ ਮਿੰਟ ਵਿਚ ਸੌ ਦੇ ਲੱਗਭੱਗ ਚੱਲ ਰਹੀ ਸੀ। ਅਤੇ ਹੌਲੀ ਹੌਲੀ ਤੇਜ਼ ਹੁੰਦੀ ਜਾ ਰਹੀ ਸੀ। ਅਸੀਂ ਘਰ ਦੇ ਸਾਰੇ ਮੈਂਬਰ ਉਸਦੇ ਮੰਜੇ ਦੇ ਆਲੇ ਦੁਆਲੇ ਬੈਠ ਗਏ। ਹਰ ਕੋਈ ਰੋ ਰਿਹਾ ਸੀ। ਪਰ ਮੈਂ ਸਭ ਨੂੰ ਸਮਝਾ ਰਿਹਾ ਸੀ ਕਿ ਬਜਾਇ ਰੋਣ ਧੋਣ ਦੇ ਇਸ ਵੇਲੇ ਬੇਬੇ ਨਾਲ ਆਖਰੀ ਵਕਤ ਸਹਿਜ ਹੋ ਕੇ ਲੰਘਾਉ। ਫਿਰ ਮੈਂ ਵੈਦ ਬਿੰਦਰ ਸਿਉਂ ਨੂੰ ਬੁਲਾ ਲਿਆ। ਉਹ ਆਇਆ ਤੇ ਉਸਨੇ ਨਬਜ਼ ਬਗੈਰਾ ਵੇਖੀ। ਫਿਰ ਉਸਨੇ ਵਾਰ ਵਾਰ ਪੁਕਾਰ ਕੇ ਬੇਬੇ ਨੂੰ ਬੁਲਾਇਆ। ਕਈ ਵਾਰੀ ਬੁਲਾਉਣ ਪਿਛੋਂ ਬੇਬੇ ਨੇ ਅੱਖ ਪੁੱਟੀ ਅਤੇ ਬਿੰਦਰ ਸਿੰਘ ਵੱਲ ਵੇਖਿਆ। ਬਿੰਦਰ ਸਿੰਘ ਨੇ ਕੁਝ ਪੁੱਛਣ ਦੀ ਕੋਸ਼ਿਸ਼ ਕੀਤੀ। ਪਰ ਬੇਬੇ ਬਿਨਾਂ ਕੁਝ ਕਿਹਾਂ ਉਸ ਵੱਲ ਵੇਖਦੀ ਰਹੀ। ਉਸਦੀ



ਖੱਬੀ ਅੱਖ 'ਚੋਂ ਹੰਝੂ ਕਿਰੇ ਅਤੇ ਉਹ ਸਾਹਮਣੇ ਵੇਖਣ ਲੱਗੀ। ਅੱਖਾਂ ਪੂਰੀਆਂ ਨਹੀਂ ਸਨ ਮਿਚੀਆਂ ਹੋਈਆਂ। ਸਗੋਂ ਅੱਧ ਮਿਚੀਆਂ ਜਿਹੀਆਂ ਨਜ਼ਰਾਂ ਨਾਲ ਉਹ ਸਾਹਮਣੇ ਵੇਖ ਰਹੀ ਸੀ। ਵਿਚ ਵਿਚ ਦੀ ਉਹ ਅੱਖ ਝਮਕ ਵੀ ਲੈਂਦੀ ਸੀ। ਪਰ ਕਈ ਵਾਰੀ ਤਾਂ ਪੂਰਾ ਮਿੰਟ ਭਰ ਅੱਖ ਨਹੀਂ ਝਮਕਦੀ ਸੀ। ਬਿੰਦਰ ਸਿੰਘ ਨੇ ਮੈਨੂੰ ਪਾਸੇ ਕਰਕੇ ਕਿਹਾ, "ਬੇਬੇ ਨੇ ਆਖਰੀ ਸਫਰ ਵੱਲ ਵਧਣਾ ਸ਼ੁਰੂ ਕਰ ਦਿੱਤਾ ਹੈ। ਹੁਣ ਤਾਂ ਵਕਤ 'ਤੇ ਹੀ ਨਿਰਭਰ ਕਰਦਾ ਹੈ। ਹੋ ਸਕਦਾ ਹੈ ਘੰਟਾ ਹੋਰ ਲੰਘੇ ਜਾਂ ਹੋ ਸਕਦੈ ਰਾਤ ਵੀ ਲੰਘ ਜਾਵੇ ਪਰ ਸਫਰ ਸ਼ੁਰੂ ਹੋ ਚੁੱਕਿਆ ਹੈ।"

ਬਿੰਦਰ ਸਿੰਘ ਇਹ ਕਹਿ ਕੇ ਚਲਾ ਗਿਆ। ਮੈਂ ਵੀ ਸਾਰੇ ਪਰਿਵਾਰਕ ਮੈਂਬਰਾਂ ਨੂੰ ਸਮਝਾਇਆ ਕਿ ਇਸ ਵੇਲੇ ਆਪਾਂ ਧੀਰਜ ਤੋਂ ਕੰਮ ਲਈਏ। ਜਿੰਨਾ ਚਿਰ ਵੀ ਬੇਬੇ ਆਪਣੇ ਕੋਲ ਹੈ ਇਸਦੀ ਹੋਂਦ ਨੂੰ ਮਾਣੀਏਂ। ਅਸੀਂ ਆਲੇ ਦੁਆਲੇ ਬੈਠ ਗਏ। ਮੈਂ ਨਬਜ਼ ਵੇਖੀ ਇਹ ਇਸ ਵੇਲੇ ਸੌ ਤੋਂ ਲੰਘ ਚੁੱਕੀ ਸੀ। ਸਾਹ ਚੱਲ ਵੀ ਜ਼ੋਰ ਨਾਲ ਰਿਹਾ ਸੀ। ਚਿਹਰੇ ਉੱਪਰ ਤਣਾਅ ਸੀ ਪਰ ਉਂਝ ਉਸਨੂੰ ਤਕਲੀਫ ਕੋਈ ਨਹੀਂ ਦਿਸ ਰਹੀ ਸੀ। ਮੈਂ ਘੜੀ ਵੱਲ ਵੇਖਦਿਆਂ ਮਾਸੀ ਨੂੰ ਫੋਨ ਮਿਲਾਇਆ। ਉਸਨੇ ਦੱਸਿਆ ਕਿ ਉਹ ਬੱਸ ਵਿਚ ਆ ਰਹੀ ਹੈ ਅਤੇ ਅਜੇ ਮਾਨਸਾ ਤੋਂ ਕਿਧਰੇ ਪਿੱਛੇ ਹੀ ਹੈ। ਮੈਨੂੰ ਅਹਿਸਾਸ ਹੋਇਆ ਕਿ ਮਾਸੀ ਨੂੰ ਛੇਤੀ ਲਿਆਉਣਾ ਚਾਹੀਦਾ ਹੈ। ਇਸ ਲਈ ਮੈਂ ਮੁੰਡੇ ਨੂੰ ਕਾਰ ਦੇ ਕੇ ਤੋਰ ਦਿੱਤਾ ਕਿ ਜਿੱਥੇ ਵੀ ਮਾਸੀ ਵਾਲੀ ਬੱਸ ਟੱਕਰੇ ਉਹ ਮਾਸੀ ਨੂੰ ਉਤਾਰ ਕੇ ਕਾਰ ਵਿਚ ਜਲਦੀ ਲੈ ਆਵੇ। ਮੇਰੇ ਦਿਲ ਵਿਚ ਇਹ ਗੱਲ ਵਾਰ ਵਾਰ ਆ ਰਹੀ ਸੀ ਕਿ ਬੇਹੋਸ਼ੀ 'ਚ ਜਾਣ ਤੋਂ ਪਹਿਲਾਂ ਦੋਨਾਂ ਭੈਣਾਂ ਦੀ ਨਜ਼ਰ ਸਾਂਝ ਹੋ ਜਾਵੇ ਤਾਂ ਬੜੀ ਚੰਗੀ ਗੱਲ ਹੋਵੇਗੀ।

ਆਪਣੇ ਹਿਸਾਬ ਤਾਂ ਮਾਸੀ ਅਗਲੇ ਦਿਨ ਹੀ ਵਾਪਸ ਆ ਰਹੀ ਸੀ। ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਬੇਬੇ ਤਾਂ ਹੁਣ ਜਾਣ ਵਾਲੀ ਹੈ। ਮੈਂ ਚਾਹੁੰਦਾ ਸੀ ਕਿ ਮਾਸੀ ਛੇਤੀ ਪਹੁੰਚ ਜਾਵੇ। ਮੁੰਡਾ ਕਾਰ ਲੈ ਕੇ ਲੈਣ ਚਲਾ ਗਿਆ। ਇੱਧਰ ਪਿਛੇ ਅਸੀਂ ਹਰ ਪੰਜ ਸੱਤ ਮਿੰਟ ਬਾਅਦ ਬੇਬੇ ਨੂੰ ਜ਼ੋਰ ਜ਼ੋਰ ਦੀ ਬੁਲਾਉਂਦੇ ਸੀ। ਕਾਫੀ ਦੇਰ ਪਿਛੋਂ ਉਹ ਸਾਡੇ ਨਾਲ ਅੱਖ ਮਿਲਾਉਂਦੀ ਸੀ ਤੇ ਥੋੜ੍ਹਾ ਜਿਹਾ ਵੇਖ ਕੇ ਫਿਰ ਸਾਹਮਣੇ ਵੇਖਣ ਲੱਗ ਜਾਂਦੀ ਸੀ। ਫਿਰ ਬਾਰਾਂ ਕੁ ਵਜੇ ਦੇ ਲੱਗਭੱਗ ਉਸਨੇ ਅਚਾਨਕ ਅੱਖ ਪੁੱਟੀ ਤੇ ਹੌਲੀ ਹੌਲੀ ਆਲੇ ਦੁਆਲੇ ਸਿਰ ਘੁਮਾ ਕੇ ਵੇਖਿਆ। ਉਸਨੇ ਇਕ ਵਾਰ ਸਾਰਿਆਂ ਵੱਲ ਵੇਖਿਆ ਅਤੇ ਫਿਰ ਤੋਂ ਨਜ਼ਰ ਘੁਮਾਈ। ਫਿਰ ਉਸਨੇ ਅੱਖਾਂ ਭਰ ਲਈਆਂ ਤੇ ਨਜ਼ਰਾਂ ਪਾਸੇ ਹਟਾ ਲਈਆਂ। ਮੈਂ ਤੁਰੰਤ ਸਮਝ ਗਿਆ ਕਿ ਉਹ ਆਪਣੀ ਭੈਣ ਜਾਣੀ ਕਿ ਮਾਸੀ ਨੂੰ ਲੱਭ ਰਹੀ ਹੈ। ਹੁਣ ਉਸਦਾ ਸਾਹ ਧੌਂਕਣੀ ਦੀ ਤਰ੍ਹਾਂ ਚੱਲਣ ਲੱਗ ਪਿਆ ਸੀ।

ਇੰਨੇ ਨੂੰ ਮਾਸੀ ਆ ਗਈ। ਉਹ ਰੋਂਦੀ ਹੋਈ ਭੱਜ ਕੇ ਅੰਦਰ ਆਈ। ਬੇਬੇ ਦੇ ਕੋਲ ਬਹਿ ਕੇ ਉਹ ਉਸਨੂੰ ਬੁਲਾਉਣ ਲੱਗੀ। ਪਰ ਬੇਬੇ ਉਸ ਵੱਲੋਂ ਬੇਖਬਰ ਉਵੇਂ ਹੀ ਪਈ ਹੋਈ ਸੀ। ਮੈਂ ਮਾਸੀ ਨੂੰ ਕਿਹਾ ਕਿ ਉੱਚੀ ਆਵਾਜ਼ ਮਾਰ ਪਰ ਉਸਤੋਂ ਰੋਂਦੀ ਹੋਈ ਤੋਂ ਉੱਚੀ ਬੋਲਿਆ ਨਹੀਂ ਸੀ ਜਾ ਰਿਹਾ। ਫਿਰ ਮੈਂ ਉਸਨੂੰ ਬੇਬੇ ਦੇ ਸੱਜੇ ਖੜ੍ਹਾ ਕਰ ਦਿੱਤਾ ਤੇ ਆਪ ਉਸਦੇ ਸਿਰਹਾਣੇ ਕੋਲ ਬਹਿ ਗਿਆ। ਮੈਨੂੰ ਇਸ ਵੇਲੇ ਬੜਾ ਵੈਰਾਗ ਜਾਗਿਆ ਕਿ ਜਿਸ ਭੈਣ ਨੂੰ ਉਹ ਇਕ ਪਲ ਪਾਸੇ ਨਹੀਂ ਸੀ ਜਾਣ ਦਿੰਦੀ ਹੁਣ ਉਹੀ ਭੈਣ ਬੇਵਸ ਹੋਈ ਖੜ੍ਹੀ ਹੈ। ਮੈਂ ਵੈਰਾਗੀ ਹੋਈ ਆਵਾਜ਼ 'ਚ ਉਸਦੇ ਕੰਨ ਨਾਲ ਮੂੰਹ ਲਾ ਕੇ ਉੱਚੀ ਦੇਣੇ ਕਿਹਾ,

"ਬੇਬੇ...ਬੇਬੇ....ਬੇਬੇ....ਵੇਖ ਮਾਸੀ ਆਈ ਐ। ਤੇਰੀ ਭੈਣ ਆਈ ਐ....।"

ਬੇਬੇ ਨੇ ਭੜੱਕ ਦੇਣੇ ਸਿਰ ਹਿਲਾਇਆ ਜਿਵੇਂ ਡੂੰਘੀ ਨੀਂਦ 'ਚੋਂ ਜਾਗੀ ਹੋਵੇ। ਫਿਰ ਉਸਨੇ ਸੱਜੇ ਹੱਥ ਵੱਲ ਸਿਰ ਘੁਮਾਇਆ। ਸਾਹਮਣੇ ਆਪਣੀ ਭੈਣ ਨੂੰ ਵੇਖ ਕੇ ਉਸਦੀ ਸੱਜੀ ਅੱਖ

ਲਾਲ ਹੋ ਗਈ। ਪਰ ਹੰਝੂ ਮਾਮੂਲੀ ਜਿਹਾ ਹੀ ਨਿਕਲਿਆ। ਸ਼ਾਇਦ ਹੰਝੂ ਖਤਮ ਹੋ ਚੁੱਕੇ ਸਨ। ਕੁਝ ਸੈਕਿੰਡ ਉਹ ਮਾਸੀ ਵੱਲ ਵੇਖਦੀ ਰਹੀ। ਮਾਸੀ ਨੇ ਅਗਾਂਹ ਹੋ ਕੇ ਉਸਦਾ ਹੱਥ ਫੜ੍ਹ ਲਿਆ। ਬੇਬੇ ਨੇ ਮਾਮੂਲੀ ਜਿਹੀ ਹੱਥ ਦੀ ਪਕੜ ਵੀ ਕੀਤੀ। ਪਰ ਫਿਰ ਤੋਂ ਉਸਨੇ ਸਿਰ ਘੁੰਮਾ ਲਿਆ ਤੇ ਸਾਹਮਣੇ ਵੇਖਣ ਲੱਗੀ। ਉਵੇਂ ਹੀ ਅਧ ਮਿਚੀਆਂ ਜਿਹੀਆਂ ਅੱਖਾਂ। ਜਾਪਦਾ ਸੀ ਜਿਵੇਂ ਇਕੋਂ ਜਗ੍ਹਾ ਨਿਗ੍ਹਾ ਟਿਕੀ ਹੋਵੇ। ਪਰ ਅਸਲ 'ਚ ਉਸ ਵੇਲੇ ਉਸਦੀਆਂ ਅੱਖਾਂ ਬੰਦ ਸਨ। ਸਾਹ ਹੋਰ ਤੇਜ਼ ਹੋਣ ਲੱਗਿਆ। ਸਾਰਾ ਪਰਿਵਾਰ ਉਵੇਂ ਜਿਵੇਂ ਆਲੇ ਦੁਆਲੇ ਬੈਠਾ, ਉਹੜ ਪੋਹੜ ਕਰੀ ਜਾ ਰਿਹਾ ਸੀ। ਵਕਤ ਸੀ ਕਿ ਤੁਰ ਹੀ ਨਹੀਂ ਸੀ ਰਿਹਾ। ਆਖਰ ਕੋਈ ਇਕ ਵਜੇ ਦੇ ਲੱਗਭੱਗ ਉਸਦਾ ਸਾਹ ਇਕਦਮ ਹੌਲੀ ਹੋਇਆ। ਸਾਰੇ ਹੈਰਾਨ ਹੁੰਦਿਆਂ ਉਸਦੇ ਕੋਲ ਨੂੰ ਹੋਏ। ਸਾਹ ਹੌਲੀ ਹੋ ਗਿਆ ਤੇ ਉਸਨੇ ਥੁੱਕ ਨਿਗਲਿਆ। ਉਸਦਾ ਖੱਬਾ ਹੱਥ ਵੀ ਹਿਲਿਆ ਤੇ ਉਸਨੇ ਪੇਟ 'ਤੇ ਪਿਆ ਹੱਥ ਹਿਲਾ ਕੇ ਸਿਧਾ ਕਰ ਲਿਆ। ਫਿਰ ਉਸਨੇ ਅੱਖ ਪੁੱਟੀ। ਉਹ ਇਵੇਂ ਝਾਕੀ ਜਿਵੇਂ ਹੈਰਾਨ ਜਿਹੀ ਹੋਵੇ। ਉਸਨੇ ਸੱਜੇ ਹੱਥ ਵੱਲ ਵੇਖਿਆ ਜਿੱਥੇ ਕਿ ਮਾਸੀ ਬੈਠੀ ਹੋਈ ਸੀ। ਫਿਰ ਉਹ ਹੌਲੀ ਹੌਲੀ ਖੱਬੇ ਵੱਲ ਨੂੰ ਨਜ਼ਰਾਂ ਘੁਮਾਉਣ ਲੱਗੀ। ਉਸਦੀਆਂ ਨਜ਼ਰਾਂ ਹਰ ਇਕ ਨੂੰ ਧਿਆਨ ਨਾਲ ਵੇਖ ਰਹੀਆਂ ਸਨ। ਉਸਨੇ ਪਲ ਭਰ ਹਰ ਇਕ ਨਾਲ ਅੱਖ ਮਿਲਾਈ। ਆਖਰ ਫਿਰ ਸਿਰ ਸਿੱਧਾ ਕਰ ਲਿਆ। ਉਸਦਾ ਸਾਹ ਤੇਜ਼ ਹੋਣ ਲੱਗਿਆ ਤੇ ਉਸੇ ਰਫਤਾਰ ਨਾਲ ਚੱਲਣ ਲੱਗਿਆ ਜਿੰਨੇ ਨਾਲ ਪਹਿਲਾਂ ਚੱਲ ਰਿਹਾ ਸੀ। ਬਸ ਇਹ ਕੁਝ ਕੁ ਸੈਕਿੰਡ ਦਾ ਖੜੋਤ ਜਿਹੀ ਆਈ ਸੀ। ਜਾਪਦਾ ਸੀ ਸਾਹ ਹੋਰ ਵੀ ਤੇਜ਼ ਹੋ ਗਿਆ ਹੋਵੇ। ਤੇਜ਼ ਨਬਜ਼, ਫੜੱਕ ਫੜੱਕ ਧੜਕਦਾ ਦਿਲ ਅਤੇ ਤੇਜ਼ ਚੱਲ ਰਿਹਾ ਸਾਹ, ਜਾਪਦਾ ਜਿਵੇਂ ਕੋਈ ਮਸ਼ੀਨ ਚੱਲੀ ਜਾ ਰਹੀ ਹੋਵੇ। ਇਸ ਵੇਲੇ ਉਸਦਾ ਖੱਬਾ ਹੱਥ ਪੇਟ ਉੱਪਰ ਸੀ, ਇਕ ਲੱਤ ਸਿੱਧੀ ਸੀ ਤੇ ਦੂਸਰਾ ਗੋਡਾ ਖੜ੍ਹਾ ਥੋੜ੍ਹਾ ਜਿਹਾ ਉਤਾਂਹ ਨੂੰ ਅਗਾਸਿਆ ਹੋਇਆ ਸੀ। ਦੋ ਕੁ ਘੰਟੇ ਇਵੇਂ ਚੱਲਦਾ ਰਿਹਾ। ਫਿਰ ਉਸਦਾ ਸਾਹ ਇਕਦਮ ਬਹੁਤ ਹੀ ਤੇਜ਼ ਚੱਲਿਆ। ਆਖਰ ਉਸਨੇ ਇਕ ਲੰਬਾ ਸਾਹ ਲਿਆ ਤੇ ਹੌਲੀ ਹੌਲੀ ਸਾਹ ਬਾਹਰ ਕੱਢਿਆ। ਇਸ ਪਿਛੋਂ ਉਸਨੇ ਸਾਹ ਨਾ ਲਿਆ। ਮੈਂ ਨੇੜੇ ਨੂੰ ਹੁੰਦਿਆਂ ਉਸਦੀ ਨਬਜ਼ ਵੇਖੀ। ਨਬਜ਼ ਥਾਂ ਸਿਰ ਨਹੀਂ ਸੀ। ਉਹ ਉੱਪਰ ਨੂੰ ਚਲੀ ਗਈ ਸੀ। ਦਿਲ 'ਤੇ ਹੱਥ ਰੱਖਿਆ ਤਾਂ ਉੱਥੇ ਕੋਈ ਧੜਕਣ ਨਹੀਂ ਸੀ। ਫਿਰ ਉਸਦਾ ਪੇਟ 'ਤੇ ਰੱਖਿਆ ਹੱਥ, ਆਪੇ ਹੀ ਤਿਲਕਦਾ ਜਿਹਾ ਪਾਸੇ ਹਟ ਗਿਆ। ਉਸ ਪਿੱਛੋਂ ਥੋੜ੍ਹਾ ਜਿਹਾ ਅਗਾਸੇ ਹੋਏ ਗੋਡੇ ਵਾਲੀ ਲੱਤ ਸਿੱਧੀ ਹੋ ਗਈ। ਚਿਹਰਾ ਇਕਦਮ ਤਣਾਅ ਮੁਕਤ ਹੋ ਗਿਆ। ਮੂੰਹ ਬੰਦ ਹੋ ਗਿਆ ਪਰ ਅੱਖਾਂ ਪੂਰੀਆਂ ਖੁੱਲ੍ਹ ਗਈਆਂ। ਜਿਵੇਂ ਜ਼ੋਰ ਨਾਲ ਖੋਲ੍ਹੀਆਂ ਹੋਣ। ਮੈਂ ਅੱਖਾਂ ਦੀਆਂ ਪਲਕਾਂ ਨੂੰ ਦਬਾਉਂਦਿਆਂ ਅੱਖਾਂ ਬੰਦ ਕਰ ਦਿੱਤੀਆਂ ਤੇ ਕੁਝ ਸੈਕਿੰਡ ਉਸਦੀਆਂ ਪਲਕਾਂ ਉੱਪਰ ਦਬਾਅ ਬਣਾਈ ਰੱਖਿਆ। ਜਦੋਂ ਮੈਂ ਹੱਥ ਚੁੱਕਿਆ ਤਾਂ ਉਸਦੀਆਂ ਅੱਖਾਂ ਬੰਦ ਹੋ ਚੁੱਕੀਆਂ ਸਨ। ਮੈਂ ਸਾਹਮਣੇ ਪਰਿਵਾਰ ਵੱਲ ਵੇਖਿਆ। ਸਾਰੇ ਮੇਰੇ ਮੂੰਹੋਂ ਕੁਝ ਸੁਣਨ ਲਈ ਉਤਾਵਲੇ ਸਨ। ਮੈਂ ਬੇਬੇ ਦੀ ਟੇਢਵੀ ਜਿਹੀ ਬਾਂਹ ਠੀਕ ਕਰਕੇ ਨਾਲ ਲਾਉਂਦਿਆਂ ਕਿਹਾ,

"ਬੇਬੇ ਤਾਂ ਚਲੀ ਗਈ ਐ। ਸਦਾ ਲਈ ਚਲੀ ਗਈ ਐ।"

ਪਰਿਵਾਰ 'ਚ ਕੋਹਰਾਮ ਮੱਚ ਗਿਆ। ਰੋਣ ਧੋਣ ਸ਼ੁਰੂ ਹੋ ਗਿਆ। ਸਾਰੇ ਉੱਚੀ ਉੱਚੀ ਰੋਣ ਲੱਗੇ। ਸਾਰਾ ਪਰਿਵਾਰ ਵਿਰਲਾਪ ਕਰ ਰਿਹਾ ਸੀ ਪਰ ਬੇਬੇ ਦਾ ਸਰੀਰ ਇਉਂ ਪਿਆ ਸੀ ਜਿਵੇਂ ਉਮਰਾਂ ਦੀ ਥੱਕੀ ਹੋਈ ਨੂੰ ਮਸਾਂ ਆਰਾਮ ਆਇਆ ਹੋਵੇ। ਇਕ ਪਾਸੇ ਪੱਖਾ ਚੱਲੀ ਜਾ ਰਿਹਾ ਸੀ। ਪੱਖੇ ਦੀ ਹਵਾ ਨਾਲ, ਕਿੱਲੀ 'ਤੇ ਟੰਗਿਆ ਬੇਬੇ ਦਾ ਝੋਲਾ ਹਿੱਲੀ ਜਾ ਰਿਹਾ ਸੀ। ਇਕ ਪਾਸੇ ਟਾਈਮ ਪੀਸ ਕਲਿੱਕ ਕਲਿੱਕ ਕਰੀ ਜਾ ਰਿਹਾ ਸੀ।



## ਪੰਜਾਬੀ ਸਾਹਿਤ ਦਾ ਕਲਸ-ਗੁਰਬਚਨ ਸਿੰਘ ਭੁੱਲਰ – ਹਰਜਿੰਦਰ ਸਿੰਘ ਸੂਰੇਵਾਲੀਆ

ਗੁਰਬਚਨ ਸਿੰਘ ਭੁੱਲਰ ਨਾਲ ਮੇਰਾ ਸੰਪਰਕ 1988 ਤੋਂ ਹੈ ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਦੇ ਰਿਜ਼ਨਲ ਸੈਂਟਰ ਬਠਿੰਡਾ ਵਿਚ ਪੰਜਾਬੀ ਦੀ ਐਮ. ਫ਼ਿਲ. ਕਰ ਰਿਹਾ ਸੀ। ਐਮ. ਫ਼ਿਲ ਵਿਚ ਵੀ ਪੀ ਐਚ. ਡੀ. ਵਾਂਗ ਇਕ ਛੋਟਾ ਜਿਹਾ ਥੀਸਿਸ ਲਿਖਣਾ ਹੁੰਦਾ ਹੈ ਅਤੇ ਇਕ ਕਹਾਣੀਕਾਰ ਦੇ ਨਾਤੇ ਮੈਂ ਕਿਸੇ ਕਹਾਣੀਕਾਰ ਦੀਆਂ ਕਹਾਣੀਆਂ 'ਤੇ ਹੀ ਆਪਣਾ ਥੀਸਿਸ ਲਿਖਣਾ ਚਾਹੁੰਦਾ ਸੀ। ਉਸ ਸਮੇਂ ਮੈਂ ਗੁਰਦੇਵ ਸਿੰਘ ਰੁਪਾਣਾ ਅਤੇ ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਦਾ ਪ੍ਰਸ਼ੰਸਕ ਸਾਂ। ਕਹਾਣੀਆਂ ਤਾਂ ਪਹਿਲਾਂ ਵੀ ਪੜ੍ਹੀਆਂ ਹੋਈਆਂ ਸਨ ਪਰ ਦੁਬਾਰਾ ਫਿਰ ਇਹਨਾਂ ਲੇਖਕਾਂ ਦੇ ਸਾਰੇ ਦੇ ਸਾਰੇ ਕਹਾਣੀ ਸੰਗ੍ਰਹਿ ਪੜ੍ਹ ਕੇ ਰੁਪਾਣਾ ਦੀਆਂ ਕਹਾਣੀਆਂ 'ਤੇ ਕੰਮ ਕਰਨ ਦਾ ਮਨ ਬਣਾ ਲਿਆ। ਮੇਰੇ ਕੋਲ ਰੁਪਾਣੇ ਦਾ ਪਤਾ ਨਹੀਂ ਸੀ ਪਰ ਭੁੱਲਰ ਦਾ ਪਤਾ ਉਸ ਦੇ ਕਿਸੇ ਕਹਾਣੀ ਸੰਗ੍ਰਹਿ 'ਤੇ ਛੱਪਿਆ ਹੋਣ ਕਰਕੇ, ਮੈਂ ਉਸ ਨੂੰ ਖ਼ਤ ਲਿਖ ਕੇ ਰੁਪਾਣੇ ਦਾ ਪਤਾ ਮੰਗਿਆ। ਕੁੱਝ ਦਿਨਾਂ ਬਾਅਦ ਹੀ ਛਪੇ ਹੋਏ ਲੈਟਰ ਪੈਡ 'ਤੇ ਸੁੰਦਰ ਲਿਖਾਈ ਵਾਲਾ ਭੁੱਲਰ ਦਾ ਪੱਤਰ ਮਿਲ ਗਿਆ ਜਿਸ ਵਿਚ ਰੁਪਾਣੇ ਦਾ ਪਤਾ ਵੀ ਸੀ ਤੇ ਇਕ ਸੰਦੇਸ਼ ਮੇਰੇ ਗਾਈਡ ਅਤੇ ਉਹਨਾਂ ਦੇ ਮਿੱਤਰ ਪ੍ਰੋ. ਗੁਰਦਿਆਲ ਸਿੰਘ ਲਈ ਸੀ। ਗੁਰਦੇਵ ਸਿੰਘ ਰੁਪਾਣਾ ਨੂੰ ਮੈਂ ਖ਼ਤ ਲਿਖੇ ਪਰ ਉਸ ਨੇ ਕਿਸੇ ਵੀ ਖ਼ਤ ਦਾ ਜਵਾਬ ਨਾ ਦਿੱਤਾ ਪਰ ਭੁੱਲਰ ਮੇਰੇ ਹਰ ਖ਼ਤ ਦਾ ਜਵਾਬ ਦਿੰਦਾ ਰਿਹਾ। ਉਸ ਪ੍ਰਤੀ ਮੇਰੇ ਮਨ ਵਿਚ ਸਤਿਕਾਰ ਹੋਰ ਵੀ ਵੱਧ ਗਿਆ ਤੇ ਰੁਪਾਣੇ 'ਤੇ ਹਰਖ਼ ਆਉਣ ਲੱਗਿਆ। ਮੈਨੂੰ ਪਛਤਾਵਾ ਹੋਇਆ ਕਿ ਮੈਂ ਇਸ ਬੰਦੇ ਦੀਆਂ ਕਹਾਣੀਆਂ ਨੂੰ ਚੁਣਿਆ ਹੀ ਕਿਉਂ ਤੇ ਮੈਂ ਭੁੱਲਰ ਦੀਆਂ ਕਹਾਣੀਆਂ 'ਤੇ ਹੀ ਕਿਉਂ ਨਾ ਆਪਣਾ ਥੀਸਿਸ ਲਿਖਿਆ।

ਉਸ ਦੀਆਂ ਕਹਾਣੀਆਂ ਮਾਲਵੇ ਦੇ ਪੇਂਡੂ ਜੀਵਨ ਦਾ ਯਥਾਰਥ ਪੇਸ਼ ਕਰਦੀਆਂ ਹਨ ਤੇ ਤਾਜ਼ੀਆਂ ਕੱਢੀਆਂ ਜਲੇਬੀਆਂ ਵਾਂਗ ਕਹਾਣੀ ਰਸ ਨਾਲ ਲਬਰੇਜ਼ ਹੁੰਦੀਆਂ ਹਨ। ਉਹ ਆਪਣੀਆਂ ਪਹਿਲੀਆਂ ਕੁੱਝ ਕਹਾਣੀਆਂ ਦੇ ਛਪਣ ਤੋਂ ਬਾਅਦ ਹੀ ਚੋਣਵੇਂ ਕਹਾਣੀਕਾਰਾਂ ਦੀ ਸੂਚੀ ਵਿਚ ਆ ਗਿਆ ਸੀ ਅਤੇ ਲੰਬਾ ਸਮਾਂ ਪੰਜਾਬੀ ਦੇ ਸਾਹਿਤ ਜਗਤ ਵਿਚ ਭੁੱਲਰ ਇਕ ਕਹਾਣੀਕਾਰ ਦੇ ਤੌਰ 'ਤੇ ਹੀ ਜਾਣਿਆ ਜਾਂਦਾ ਰਿਹਾ। ਭਾਰਤੀ ਸਾਹਿਤ ਅਕੈਡਮੀ ਦਾ ਸਾਲ 2005 ਦਾ ਇਨਾਮ ਉਸਦੀ ਕਹਾਣੀਆਂ ਦੀ ਪੁਸਤਕ ' ਅਗਨੀ-ਕਲਸ ' ਨੂੰ ਦਿੱਤਾ ਗਿਆ। ਅਕਸਰ ਹੀ ਕਿਹਾ ਜਾਂਦਾ ਹੈ ਕਿ ਕਿਸੇ ਵੱਡੇ ਇਨਾਮ ਸਨਮਾਨ ਦੀ ਪ੍ਰਾਪਤੀ ਤੋਂ ਬਾਅਦ ਲੇਖਕ ਦੀ ਰਚਨਾ ਪ੍ਰਕਿਰਿਆ ਵਿਚ ਖੜੋਤ ਆ ਜਾਂਦੀ ਹੈ ਪਰ ਇਸ ਇਨਾਮ ਦੀ ਪ੍ਰਾਪਤੀ ਤੋਂ ਬਾਅਦ ਵੀ ਉਸ ਦੀ ਕਲਮ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾ ਰਹੀ ਹੈ। ਸਾਲ 2014 ਦੇ ਅੰਤ 'ਤੇ ਛਪ ਕੇ ਆਇਆ ਉਸਦਾ ਨਾਵਲ ' ਇਹ ਜਨਮ ਤੁਮਹਾਰੇ ਲੇਖੇ ' ਪੰਜਾਬੀ ਸਾਹਿਤ ਦੇ ਖੜੋਤੇ ਪਾਣੀਆਂ ਵਿਚ ਉੱਠਿਆ ਜਵਾਰਭਾਟਾ ਸਾਬਤ ਹੋਇਆ। ਸਾਹਿਤ ਪ੍ਰੇਮੀਆਂ ਨੂੰ ਲੰਬੇ ਸਮੇਂ ਬਾਅਦ ਕੋਈ ਪੜ੍ਹਨਯੋਗ ਦਿਲਚਸਪ ਪੁਸਤਕ ਮਿਲੀ। ਆਲੋਚਕਾਂ ਨੇ ਇਸ ਨੂੰ ਪੰਜਾਬੀ ਨਾਵਲਕਾਰੀ ਵਿਚ

ਇਕ ਨਵਾਂ ਮੋੜ, ਨਵਾਂ ਦੌਰ, ਨਵਾਂ ਮੀਲ ਪੱਥਰ ਆਦਿ ਕਿਹਾ। ਆਪਣੇ ਇਸ ਪਲੇਠੀ ਦੇ ਇਕਲੌਤੇ ਨਾਵਲ ਨਾਲ ਹੀ ਉਹ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਵਾਰ ਫਿਰ ਆਪਣੀ ਪੂਰੀ ਆਭਾ ਨਾਲ ਚਮਕਿਆ। ਸ਼ਾਨਦਾਰ ਵਾਰਤਕ ਲਿਖਨ ਦਾ ਆਪਣਾ ਲੋਹਾ ਤਾਂ ਉਹ ਪਹਿਲਾਂ ਹੀ ਮੰਨਵਾ ਚੁੱਕਿਆ ਸੀ ਪਰ ਇਹ ਨਾਵਲ ਲਿਖ ਕੇ ਉਸ ਨੇ ਸਿੱਧ ਕਰ ਦਿੱਤਾ ਕਿ ਹਾਲ ਦੀ ਘੜੀ ਪੰਜਾਬੀ ਦੀ ਵਾਰਤਕ ਲਿਖਣ ਵਿਚ ਉਸਦਾ ਕੋਈ ਸਾਨੀ ਨਹੀਂ।

ਪੰਜਾਬੀ ਸਾਹਿਤ ਦੇ ਇਸ ਵਿਲੱਖਣ ਨਾਵਲ ਦੀ ਚਰਚਾ ਅਜੇ ਮੱਠੀ ਨਹੀਂ ਪਈ ਸੀ ਜਦੋਂ ਉਸ ਨੇ ਸਾਹਿਤਕ ਹਲਕਿਆਂ ਵਿਚ ਇਕ ਹੋਰ ਤਹਿਲਕਾ ਮਚਾ ਦਿੱਤਾ। ਦੇਸ਼ ਵਿਚ ਵੱਧ ਰਹੀਆਂ ਮੂਲਵਾਦੀ ਤਾਕਤਾਂ ਵੱਲੋਂ ਬੁੱਧੀਜੀਵੀਆਂ ਅਤੇ ਸਾਹਿਤਕਾਰਾਂ 'ਤੇ ਕੀਤੇ ਹਮਲਿਆਂ ਨਾਲ ਦੇਸ਼ ਵਿਚ ਫੈਲਾਈ ਜਾ ਰਹੀ ਅਸਹਿਣਸ਼ੀਲਤਾ ਵਿਰੁੱਧ ਰੋਸ ਪ੍ਰਗਟ ਕਰਨ ਲਈ ਜਦੋਂ ਦੇਸ਼ ਦੇ ਚੋਟੀ ਦੇ ਸਾਹਿਤਕਾਰ ਬੁਧੀਜੀਵੀ ਨੈਣਤਾਰਾ ਸਹਿਗਲ, ਅਸ਼ੋਕ ਵਾਜਪਾਈ, ਸ਼ਸ਼ੀ ਦੇਸ਼ਪਾਂਡੇ ਆਦਿ ਆਪਣੀ ਆਵਾਜ਼ ਉਠਾ ਰਹੇ ਸਨ ਤਾਂ ਉਹ ਵੀ ਭਾਰਤੀ ਸਾਹਿਤ ਅਕਾਡਮੀ ਦਾ ਐਵਾਰਡ ਮੋੜ ਕੇ ਉਹਨਾਂ ਵਿਚ ਸ਼ਾਮਲ ਹੋ ਗਿਆ। ਉਹ ਪੰਜਾਬੀ ਦਾ ਪਹਿਲਾ ਲੇਖਕ ਹੋ ਨਿਤਰਿਆ ਜਿਸ ਨੇ ਸਾਹਿਤ ਅਕਾਦਮੀ ਦਾ ਪੁਰਸਕਾਰ ਵਾਪਸ ਕੀਤਾ। ਉਸਦੇ ਪੁਰਸਕਾਰ ਵਾਪਸ ਕਰਨ ਦੀ ਦੇਰ ਹੀ ਸੀ ਕਿ ਪੰਜਾਬੀ ਦੇ ਹੋਰਨਾਂ ਲੇਖਕਾਂ ਦਲੀਪ ਕੌਰ ਟਿਵਾਣਾ, ਅਜਮੇਰ ਸਿੰਘ ਔਲਖ, ਬਲਦੇਵ ਸਿੰਘ ਸੜਕਨਾਮਾ ਆਦਿ ਨੇ ਵੀ ਆਪਣੇ ਸਾਹਿਤ ਅਕਾਡਮੀ ਦੇ ਪੁਰਸਕਾਰ ਮੋੜ ਦਿੱਤੇ। ਸਾਹਿਤ ਅਕਾਦਮੀ ਦਾ ਇਨਾਮ ਮੋੜਨ ਨਾਲ ਭੁੱਲਰ ਦੀ ਇਕ ਵਾਰ ਫਿਰ ਬੱਲੇ ਬੱਲੇ ਹੋ ਗਈ। ਉਸਦੇ ਇਸ ਕਦਮ ਨੂੰ ਸਾਹਿਤਕ ਅਤੇ ਗੈਰ- ਸਾਹਿਤਕ ਹਲਕਿਆਂ ਵਿਚ ਖੂਬ ਸਲਾਹਿਆ ਤੇ ਸਤਿਕਾਰਿਆ ਗਿਆ ਅਤੇ ਇਨਾਮ ਮੋੜਨ ਦਾ ਇਹ ਮੁੱਦਾ ਇਕ ਤਰ੍ਹਾਂ ਨਾਲ ਕੌਮੀ ਮੁੱਦਾ ਬਣ ਕੇ ਉੱਭਰਿਆ। ਦੇਸ਼ ਦੇ ਪ੍ਰਮੁੱਖ ਟੀ. ਵੀ. ਚੈਨਲਾਂ 'ਤੇ ਇਸ ਵਿਸ਼ੇ ਸਬੰਧੀ ਬਹਿਸਾਂ ਦੀ ਲੜੀ ਛਿੜ ਪਈ। ਉਸ ਦੀ ਵੀ ਪੁੱਛ ਪ੍ਰਤੀਤ ਇੰਨੀ ਵੱਧ ਗਈ ਜਿਵੇਂ ਵਿਆਹ ਵਾਲੇ ਘਰ ਨਾਇਣ ਦੀ ਹੁੰਦੀ ਹੈ। ਉਹ ਹੁਣ ਪੰਜਾਬੀ ਸਾਹਿਤ ਦਾ ਹੀ ਨਹੀਂ ਬਲਕਿ ਨੈਸ਼ਨਲ ਪੱਧਰ ਦੇ ਲੇਖਕ ਵਜੋਂ ਜਾਣਿਆ ਜਾਣ ਲੱਗ ਪਿਆ। ਟੀ.ਵੀ. ਚੈਨਲਾਂ ਵਾਲੇ ਉਸਨੂੰ ਆਪਣੇ ਚੈਨਲ ਦੀ ਬਹਿਸ ਵਿਚ ਸ਼ਾਮਲ ਕਰਨ ਲਈ ਉਸਦੇ ਮਗਰ ਮਗਰ ਫਿਰਨ ਲੱਗੇ। ਸਰਾਧਾਂ ਵਾਲੇ ਪੰਡਤ ਵਾਂਗ ਉਹ ਇਕ ਦਿਨ ਵਿਚ ਚਾਰ ਚਾਰ ਸਾਈਆਂ ਭੁਗਤਾਉਣ ਲੱਗਿਆ। ਭਾਜਪਾ ਦੇ ਕੱਟੜ ਸਮਰਥਕ ਅਤੇ ਤੇਜ਼ ਤਰਾਰ ਬੁਲਾਰੇ ਸੰਬਿਤ ਪਾਤਰਾ ਵਰਗਿਆਂ ਨੂੰ ਵੀ ਉਸਨੂੰ ਘੇਰਨ ਦਾ ਰਾਹ ਨਾ ਲੱਭਦਾ ਤੇ ਇਕ ਚੈਨਲ ਦੀ ਬਹਿਸ ਦੌਰਾਨ ਤਾਂ ਉਸਨੇ ਇਕੱਲਿਆਂ ਹੀ ਚਾਰ ਜਣਿਆਂ ਨਾਲ ਦਸਤ ਪੰਜਾ ਲਿਆ।

ਉਹਨਾਂ ਹੀ ਦਿਨਾਂ ਵਿਚ ਪੰਜਾਬੀ ਭਵਨ ਲੁਧਿਆਣਾ ਵਿਖੇ ਵੀ ਦੇਸ਼ ਵਿਚ ਵਧ ਰਹੀ ਅਸਹਿਣਸ਼ੀਲਤਾ ਦੇ ਸਬੰਧ ਵਿਚ ਹੋਏ ਇਕ ਸੈਮੀਨਾਰ ਵਿਚ ਉਸਨੂੰ ਵਿਸ਼ੇਸ਼ ਵਕਤੇ ਦੇ ਤੌਰ 'ਤੇ ਬੁਲਾਇਆ ਗਿਆ। ਉਸ ਦੇ ਅੱਧੇ ਕੁ ਘੰਟੇ ਦੇ ਦਿਲਚਸਪ ਲੈਕਚਰ ਨੂੰ ਸਰੋਤੇ ਜਿਨ੍ਹਾਂ ਵਿਚ ਬਹੁਤੇ ਲੇਖਕ ਹੀ ਸਨ, ਮੰਤਰ ਮੁਗਧ ਹੋਏ ਸੁਣਦੇ ਰਹੇ। ਸਮਾਗਮ ਸਮਾਪਤ ਹੋਣ ਤੋਂ ਬਾਅਦ ਮੈਂ ਅਤੇ ਕੋਟਕਪੂਰੇ ਦੇ ਕਹਾਣੀਕਾਰ ਜੋਰਾ ਸਿੰਘ ਸੰਧੂ ਵਾਪਸ ਆ ਰਹੇ ਸਾਂ ਤਾਂ ਰਾਹ ਵਿਚ ਉਹ ਕਹਿਣ ਲੱਗੇ, ' ਯਾਰ, ' ਭੁੱਲਰ ਭੁੱਲਰ ' ਹੀ ਹੈ। ਜਿਵੇਂ ਦਿਲਚਸਪ ਵਾਰਤਕ ਲਿਖਦਾ ਹੈ, ਉਸੇ ਤਰ੍ਹਾਂ ਲੈਕਚਰ ਵੀ ਦਿਲਚਸਪ ਦਿੰਦਾ ਹੈ। ਉਹ ਵਾਕਿਆ ਹੀ ਸ਼ਬਦਾਂ ਦਾ ਜਾਦੂਗਰ ਹੈ। ਪੰਜਾਬੀ ਦਾ ਕੋਈ ਹੋਰ ਲੇਖਕ ਨਹੀਂ ਉਹਦੀ ਰੀਸ ਕਰ ਸਕਦਾ।'

ਜੋਰਾ ਸਿੰਘ ਸੰਧੂ ਦਾ ਜਵਾਈ ਪੰਜਾਬ ਰੋਡਵੇਜ਼ ਦਾ ਜਨਰਲ ਮੈਨੇਜਰ ਹੈ ਤੇ ਅੱਜ ਕਾਰ



ਉਸਦਾ ਡਰਾਈਵਰ ਹੀ ਚਲਾ ਰਿਹਾ ਸੀ। ਪੱਕੀ ਉਮਰ ਦਾ ਇਹ ਡਰਾਈਵਰ ਬਹੁਤ ਹੀ ਗਾਲੜੀ ਹੈ ਅਤੇ ਉਸਨੇ ਘਾਟ ਘਾਟ ਦਾ ਪਾਣੀ ਪੀਤਾ ਹੋਇਆ ਹੈ। ਕਾਰ ਵਿਚ ਬੈਠਣ ਦੀ ਬਜਾਏ ਉਹ ਵੀ ਅੱਜ ਦੇ ਸਮਾਗਮ ਵਿਚ ਸਾਡੇ ਨਾਲ ਹੀ ਜਾ ਬੈਠਾ ਸੀ। ਸਾਡੀਆਂ ਗੱਲਾਂ ਸੁਣ ਕੇ ਉਹ ਬੋਲਿਆ, ' ਤੁਸੀਂ ਭੁੱਲਰ ਭੁੱਲਰ ਕਰੀ ਜਾਂਦੇ ਓ, ਮੈਨੂੰ ਤਾਂ ਉਹ ਬੰਦਾ ਜੱਟ ਲੱਗਿਆ ਹੀ ਨੀ, ਭਾਪਾ ਲੱਗਦਾ ਸੀ।'

' ਤੂੰ ਵੀ ਸੱਚਾ ਹੈਂ ਛੋਟੇ ਭਾਈ, ਅੱਧੀ ਸਦੀ ਤੋਂ ਵੱਧ ਹੋ ਗਿਆ ਉਸਨੂੰ ਦਿੱਲੀ ਵਿਚ ਭਾਪਿਆਂ ਦੇ ਨਾਲ ਰਹਿੰਦੇ ਨੂੰ, ਉਹਨਾਂ ਵਰਗਾ ਹੀ ਲੱਗਣੈ।' ਜੋਰਾ ਸਿੰਘ ਸੰਧੂ ਨੇ ਆਪਣੇ ਡਰਾਈਵਰ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ।

' ਯਾਰ ਜੇ ਤੂੰ ਇਹ ਗੱਲ ਸਾਨੂੰ ਓਥੇ ਦੱਸ ਦਿੰਦਾ ਤਾਂ ਤੇਰੀ ਸ਼ੰਕਾ ਅਸੀਂ ਓਥੇ ਹੀ ਨਵਿਰਤ ਕਰ ਦਿੰਦੇ। ਭਾਪੇ ਘੁੱਗੀ ਨੂੰ ਘੁੱਗੀ ਨਹੀਂ ਕਹਿ ਸਕਦੇ, ਉਹ ਹਮੇਸ਼ਾ ' ਗੁੱਘੀ ' ਹੀ ਕਹਿਣਗੇ। ਆਪਾਂ ਭੁੱਲਰ ਨੂੰ ਕਹਿ ਦਿੰਦੇ ਬਈ ਤੂੰ ਸਾਨੂੰ ਘੁੱਗੀ ਕਹਿ ਕੇ ਵਿਖਾ।' ਮੈਂ ਕਿਹਾ ਤਾਂ ਉਸਨੇ ਸਟੇਰਿੰਗ ਤੋਂ ਹੱਥ ਛੱਡ ਕੇ ਤਾੜੀ ਮਾਰੀ ਤੇ ਕਿੰਨੀ ਦੇਰ ਤੱਕ ਹੱਸਦਾ ਹੀ ਰਿਹਾ।

ਭਾਵੇਂ ਉਹ ਪੰਜਾਹ ਸਾਲ ਤੋਂ ਦਿੱਲੀ ਦੇ ਵਿਚ ਰਹਿ ਰਿਹਾ ਹੈ ਪਰ ਉਸਨੂੰ ਭਾਪਿਆਂ ਜਾਂ ਹੋਰਾਂ ਦਾ ਭੋਰਾ ਵੀ ਪਾਅ ਨਹੀਂ ਲੱਗਿਆ। ਉਸਦੀ ਚਾਲ-ਢਾਲ, ਬੋਲ-ਚਾਲ, ਰਹਿਣੀ-ਬਹਿਣੀ, ਤੌਰ-ਤਰੀਕਾ ਆਦਿ ਸਾਰਾ ਕੁੱਝ ਅਜੇ ਵੀ ਮਲਵਈ ਜੱਟਾਂ ਵਾਲਾ ਹੀ ਹੈ। ਜਦੋਂ ' ਸਿਕੰਦਰ ਏ ਆਜ਼ਮ ' ਫਿਲਮ ਬਣ ਰਹੀ ਸੀ ਤਾਂ ਦਾਰਾ ਸਿੰਘ ਇਸ ਵਿਚ ਸਿਕੰਦਰ ਦਾ ਰੋਲ ਕਰ ਰਿਹਾ ਸੀ। ਉਹ ਉਰਦੂ ਦੇ ਡਾਇਆਲਾਗ ਪੰਜਾਬੀ ਲਹਿਜ਼ੇ ਵਿਚ ਹੀ ਬੋਲਦਾ ਸੀ। ਡਾਇਰੈਕਟਰ ਨੇ ਦਾਰਾ ਸਿੰਘ ਦੀ ਇਕ ਮਹੀਨੇ ਦੀ ਉਰਦੂ ਸਿੱਖਣ ਦੀ ਟਿਊਸ਼ਨ ਰੱਖਵਾ ਦਿੱਤੀ। ਮਹੀਨੇ ਕੁ ਬਾਅਦ ਉਸਨੇ ਟਿਊਟਰ ਨੂੰ ਪੁੱਛਿਆ ਕਿ ਹਾਂ ਬਈ ਦਾਰਾ ਸਿੰਘ ਨੂੰ ਉਰਦੂ ਆ ਗਈ ਤਾਂ ਟਿਊਟਰ ਨੇ ਜਵਾਬ ਦਿੱਤਾ ਕਿ ਜੀ ਦਾਰਾ ਸਿੰਘ ਨੂੰ ਤਾਂ ਉਰਦੂ ਨਹੀਂ ਆਈ ਪਰ ਮੈਨੂੰ ਪੰਜਾਬੀ ਆ ਗਈ ਹੈ। ਉਸੇ ਤਰ੍ਹਾਂ ਭੁੱਲਰ ਨੂੰ ਵੀ ਦਿੱਲੀ ਰਹਿੰਦਿਆਂ ਹਿੰਦੀ ਨਹੀਂ ਆਈ, ਪਰ ਉਸਦੇ ਗੁਆਂਢੀ ਜ਼ਰੂਰ ਪੰਜਾਬੀ ਸਿੱਖ ਗਏ ਹਨ। ਟੀ.ਵੀ.ਚੈਨਲਾਂ 'ਤੇ ਬਹਿਸ ਕਰਦਿਆਂ ਉਹ ਹਿੰਦੀ ਵੀ ਪੰਜਾਬੀ ਲਹਿਜੇ ਵਿਚ ਬੋਲਦਾ ਸੀ ਤੇ ਕਈ ਵਾਰ ਤਾਂ ਮੌਕੇ 'ਤੇ ਹਿੰਦੀ ਦਾ ਸ਼ਬਦ ਨਾ ਔੜਨ 'ਤੇ ਪੰਜਾਬੀ ਦੇ ਸ਼ਬਦ ਹੀ ਵਰਤ ਲੈਂਦਾ ਸੀ। ਇਕ ਵਾਰ ਬਹਿਸ ਦੌਰਾਨ ਉਹ ਕਹਿ ਰਿਹਾ ਸੀ , ' ਯੇ ਜੋ ਹਮਾਰਾ ਪੰਜਾਬੀ ' ਸਭਿਆਚਾਰ ' ਹੈ...ਹਮ ਨੇ ਅਕਾਦਮੀ ਕੇ ਪੁਰਸਕਾਰ ਆਪਣਾ ਵਿਰੋਧ ਪ੍ਰਗਟ ਕਰਨੇ ਕੇ ਲੀਏ ਹੀ ' ਮੋੜੇ ' ਹੈਂ...।'

ਉਸ ਦਾ ਜਨਮ ਮੰਡੀ ਰਾਮਪੁਰਾ ਫੂਲ ਦੇ ਚੜ੍ਹਦੇ ਵੱਲ ਪੰਜ ਕੁ ਕਿਲੋਮੀਟਰ ਦੂਰ ਸਥਿਤ ਇਕ ਗੁੰਮਨਾਮ ਜਿਹੇ ਪਿੰਡ ਪਿੱਥੋ ਵਿਚ ਹੋਇਆ। ਇਹ ਪਿੰਡ ਉਹਨਾਂ ਸਮਿਆਂ ਵਿਚ ਸਿਰਫ ਪੰਜਾਹ ਕੁ ਕਿਲੋਮੀਟਰ ਦੇ ਘੇਰੇ ਵਿਚ ਹੀ ਜਾਣਿਆ ਜਾਂਦਾ ਸੀ ਪਰ ਜੇਕਰ ਭਾਈ ਕਾਹਨ ਸਿੰਘ ਨਾਭਾ ਆਪਣੇ ਨਾਂ ਨਾਲ ਨਾਭਾ ਦੀ ਬਜਾਏ ਪਿੱਥੋ ਜੋੜ ਲੈਂਦੇ ਤਾਂ ਇਹ ਪਿੰਡ ਓਦੋਂ ਤੋਂ ਹੀ ਮਸ਼ਹੂਰ ਹੋ ਜਾਂਦਾ। ਭਾਈ ਕਾਹਨ ਸਿੰਘ ਨਾਭਾ ਦਾ ਪਿੱਛਾ ਪਿੱਥੋ ਦਾ ਹੀ ਹੈ। ਇਸ ਪਿੰਡ ਦੀਆਂ ਜੂਹਾਂ ਵਿਚ ਖੇਲਦੇ ਮੌਲਦੇ ਹੋਏ ਭੁੱਲਰ ਨੇ ਪਿੰਡ ਦੇ ਸਕੂਲ ਵਿਚੋਂ ਚਾਰ ਜਮਾਤਾਂ ਪਾਸ ਕੀਤੀਆਂ ਤੇ ਅਗਲੀਆਂ ਛੇ ਮੰਡੀ ਰਾਮਪੁਰਾ ਤੋਂ। ਦਸਵੀਂ ਤੱਕ ਪਹੁੰਚਦੇ ਉਸ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਉਹ ਪੜ੍ਹਾਈ ਵਿਚ ਕਿਸੇ ਤੋਂ ਵੀ ਘੱਟ ਨਹੀਂ ਹੈ। ਦਸਵੀਂ ਵਿਚ ਚੰਗੇ ਨੰਬਰ ਪ੍ਰਾਪਤ ਕਰਕੇ ਉਸ ਨੇ ਨਾਨ ਮੈਡੀਕਲ ਗਰੁੱਪ ਲੈ ਕੇ ਡੀ.ਐਮ. ਕਾਲਜ ਮੋਗੇ ਦਾਖਲਾ ਲੈ ਲਿਆ। ਉਸ ਸਮੇਂ ਪੇਂਡੂ ਵਿਦਿਆਰਥੀ

ਸਾਇੰਸ ਗਰੁੱਪ ਰੱਖਣ ਤੋਂ ਇਸ ਤਰ੍ਹਾਂ ਚਲਦੇ ਸਨ ਜਿਵੇਂ ਕਾਂ ਗੁਲੇਲੇ ਤੋਂ। ਦੋ ਕੁ ਨੰਬਰ ਘੱਟ ਰਹਿ ਜਾਣ ਕਾਰਨ ਉਸ ਨੂੰ ਇੰਜਨੀਅਰ ਬਣਨ ਦਾ ਮੌਕਾ ਤਾਂ ਨਾ ਮਿਲ ਸਕਿਆ ਪਰ ਉਹ ਐਫ. ਐਸ. ਸੀ. ਕਰਨ ਤੋਂ ਬਾਅਦ ਸਰਕਾਰੀ ਸਕੂਲਾਂ ਵਿਚ ਪ੍ਰਾਇਮਰੀ ਅਧਿਆਪਕ ਜਾ ਲੱਗਿਆ। ਸਰਵਿਸ ਦੌਰਾਨ ਹੀ ਉਸ ਨੇ ਸਮੇਂ ਦੀ ਚਾਲ ਮੁਤਾਬਿਕ ਵਾਇਆ ਬਠਿੰਡਾ ਬੀ. ਏ. ਕੀਤੀ ਤੇ ਪ੍ਰਾਈਵੇਟ ਤੌਰ 'ਤੇ ਹੀ ਐਮ. ਏ. ਵੀ ਚੰਗੇ ਨੰਬਰਾਂ ਵਿਚ ਪਾਸ ਕਰ ਲਈ। ਜਦੋਂ ਉਹ ਰਾਮਪੁਰੇ ਸਕੂਲ ਵਿਚ ਪੜ੍ਹਦਾ ਸੀ ਤਾਂ ਪਿਤਾ ਜੀ ਫੌਜ ਵਿਚੋਂ ਸੇਵਾ ਮੁਕਤ ਹੋ ਕੇ ਘਰ ਆ ਗਏ ਸਨ। ਉਹ ਰੋਜ਼ਾਨਾ ਦਾ ਅਖ਼ਬਾਰ ਪੜ੍ਹਨ ਗਿੱਝੇ ਹੋਏ ਸਨ। ਉਹ 'ਪ੍ਰੀਤਲੜੀ' ਦੇ ਵੀ ਪੱਕੇ ਪਾਠਕ ਸਨ। ਘਰ ਵਿਚ ਹੋਰ ਵੀ ਕਿਤਾਬਾਂ ਮੌਜੂਦ ਰਹਿੰਦੀਆਂ ਸਨ ਤੇ ਉਸ ਨੂੰ ਬਚਪਨ ਤੋਂ ਕਿਤਾਬਾਂ ਰਸਾਲੇ ਪੜ੍ਹਨ ਦੀ ਆਦਤ ਪੈ ਗਈ ਸੀ। ਜਿਹੜੇ ਬੱਚੇ ਬਚਪਨ ਤੋਂ ਹੀ ਕਿਤਾਬਾਂ ਨਾਲ ਮੋਹ ਪਾਲ ਲੈਂਦੇ ਹਨ ਉਹ ਵੱਡੇ ਹੋ ਕੇ ਅਕਸਰ ਹੀ ਲੇਖਕ ਬਣ ਜਾਂਦੇ ਹਨ। ਉਸ ਵਿਚ ਵੀ ਲੇਖਕ ਬਣਨ ਦੇ ਬੀਜ ਬੀਜੇ ਗਏ ਸਨ। ਜਦੋਂ ਉਹ ਜੈਤੋ ਮੰਡੀ ਦੇ ਲਾਗਲੇ ਪਿੰਡ ਸੇਵੇਵਾਲਾ ਵਿਖੇ ਅਧਿਆਪਕ ਦੀਆਂ ਸੇਵਾਵਾਂ ਨਿਭਾ ਰਿਹਾ ਸੀ ਤਾਂ ਉਸ ਨੇ ਸਾਹਿਤ ਸਭਾ ਜੈਤੋ ਦੇ ਗਠਨ ਵਿਚ ਅਹਿਮ ਭੂਮਿਕਾ ਨਿਭਾਈ। ਪ੍ਰੋ. ਗੁਰਦਿਆਲ ਸਿੰਘ, ਦੀਪਕ ਜੈਤੋਈ, ਬਲਬੀਰ ਜਿਗਰੀ ਆਦਿ ਸਾਹਿਤ ਸਭਾ ਦੇ ਮੁੱਢਲੇ ਮੈਂਬਰ ਸਨ। ਦੇਸ਼ ਭਗਤੀ ਦੇ ਇਸ ਦੌਰ ਵਿਚ ਅਮਨ ਦੀ ਘੁੱਗੀ ਬਾਰੇ ਭੁੱਲਰ ਦੀ ਕਵਿਤਾ 'ਪ੍ਰੀਤਲੜੀ' ਦੇ ਪੂਰੇ ਪੰਨੇ 'ਤੇ ਬੜੀ ਸੋਹਣੀ ਤਰ੍ਹਾਂ ਛਪ ਗਈ ਤਾਂ ਉਹ ਸਾਹਿਤ ਸਭਾ ਦੇ ਦੂਸਰੇ ਸਾਥੀ ਮੈਂਬਰਾਂ ਨਾਲੋਂ ਆਪਣੇ ਆਪ ਨੂੰ ਸੀਨੀਅਰ ਲੇਖਕ ਸਮਝਣ ਲੱਗ ਪਿਆ ਕਿਉਂਕਿ ਉਸ ਸਮੇਂ 'ਪ੍ਰੀਤਲੜੀ' ਵਿਚ ਛਪ ਜਾਣਾ ਹੀ ਲੇਖਕ ਹੋਣ ਦਾ ਪੱਕਾ ਸਰਟੀਫਿਕੇਟ ਹੁੰਦਾ ਸੀ। ਉਸ ਸਮੇਂ ਗੁਰਦਿਆਲ ਸਿੰਘ ਲਿਖਦਾ ਨਹੀਂ ਸੀ, ਸਿਰਫ ਆਪਣੀ ਰਾਇ ਹੀ ਸਭਾ ਵਿਚ ਦਿੰਦਾ ਹੁੰਦਾ ਸੀ ਤੇ ਭੁੱਲਰ ਉਸ ਨੂੰ ਵਾਰ ਵਾਰ ਕੁੱਝ ਨਾ ਕੁੱਝ ਲਿਖਣ ਲਈ ਪ੍ਰੇਰਦਾ ਰਹਿੰਦਾ ਸੀ। ਜਦੋਂ ਗੁਰਦਿਆਲ ਸਿੰਘ ਦੀਆਂ ਵੀ ਰਚਨਾਵਾਂ ਛਪਣ ਲੱਗ ਪਈਆਂ ਤਾਂ ਭੁੱਲਰ ਨੇ ਆਪਣੇ ਆਪ ਨੂੰ ਗੁਰਦਿਆਲ ਸਿੰਘ ਦਾ ਗੁਰੂ ਐਲਾਨ ਦਿੱਤਾ। ਉਸ ਤੋਂ ਬਾਅਦ ਗੁਰਦਿਆਲ ਸਿੰਘ ਦੀ ਗੁੱਡੀ ਬੜੀ ਤੇਜ਼ੀ ਨਾਲ ਪੰਜਾਬੀ ਸਾਹਿਤ ਜਗਤ ਦੇ ਅਕਾਸ਼ ਵਿਚ ਜਾ ਚੜ੍ਹੀ। ਕੁੱਝ ਸਾਲਾਂ ਬਾਅਦ ਹੀ 1975 ਵਿਚ ਜਦੋਂ ਉਸ ਨੂੰ ਭਾਰਤੀ ਸਾਹਿਤ ਅਕਾਡਮੀ ਦਾ ਸਰਵੋਤਮ ਸਾਹਿਤਕ ਪੁਰਸਕਾਰ ਮਿਲ ਗਿਆ ਤਾਂ ਭੁੱਲਰ ਨੂੰ ਜਾਪਿਆ ਜਿਵੇਂ ਗੁਰਦਿਆਲ ਸਿੰਘ ਉਸਤੋਂ ਅੱਗੇ ਲੰਘ ਗਿਆ ਹੈ। ਆਪਣੇ ਅੰਤਰ ਆਤਮਾ ਦੀ ਆਵਾਜ਼ ਨਾਲ ਹੁਣ ਭੁੱਲਰ ਗੁਰਦਿਆਲ ਸਿੰਘ ਨੂੰ ਗੁਰੂ ਮੰਨਣ ਲੱਗ ਪਿਆ। ਆਪ ਹੀ ਗੁਰੂ ਬਣਿਆ ਸੀ ਤੇ ਆਪ ਹੀ ਚੇਲਾ ਬਣ ਗਿਆ। ਉਹਨਾਂ ਦੋਵਾਂ ਦੀ ਦੋਸਤੀ ਬਹੁਤ ਸਾਲਾਂ ਤੀਕ ਵਧੀਆ ਨਿਭਦੀ ਰਹੀ ਤੇ ਭਰਾਵਾਂ ਵਾਂਗ ਚਿੱਠੀ ਪੱਤਰ ਵੀ ਚਲਦਾ ਰਿਹਾ। ਦਿੱਲੀ ਵਿਚ ਗੁਰਦਿਆਲ ਸਿੰਘ ਦੀ ਠਹਿਰ ਹਮੇਸ਼ਾ ਹੀ ਭੁੱਲਰ ਦੇ ਘਰ ਹੁੰਦੀ ਸੀ। ਪਰ ਹੌਲੀ ਹੌਲੀ ਉਹਨਾਂ ਦੀ ਦੋਸਤੀ ਵਿਚ ਦਰਾਰ ਪੈਣੀ ਸ਼ੁਰੂ ਹੋ ਗਈ ਤੇ ਗੁਰਦਿਆਲ ਸਿੰਘ, ਭੁੱਲਰ ਦੇ ਘਰ ਦਾ ਰਸਤਾ ਹੀ ਭੁੱਲ ਗਿਆ। ਮੇਰੇ ਪਹਿਲੇ ਖ਼ਤ ਦੇ ਜਵਾਬ ਵਿਚ ਭੁੱਲਰ ਦਾ ਸੁਨੇਹਾ ਗੁਰਦਿਆਲ ਸਿੰਘ ਦੇ ਨਾਂ ਇਸ ਤਰ੍ਹਾਂ ਸੀ-

'ਪਿਛਲੇ ਐਤਵਾਰ ਇਕ ਪੜਛੱਤੀ ਉੱਤੇ ਪੁਰਾਣੇ ਬਾਲਟੀਆਂ ਪੀਪੇ ਅਤੇ ਟੁੱਟੇ ਮੰਜੇ ਪੀੜ੍ਹੀਆਂ ਫਰੋਲਦਿਆਂ ਗੁਰਦਿਆਲ ਸਿੰਘ ਦਾ ਖਾਲੀ ਸੂਟਕੇਸ ਮਿਲ ਗਿਆ ਹੈ। ਹੁਣ ਜਦੋਂ ਕੋਈ ਹੈਧਰ ਆਇਆ ਗਿਆ, ਉਸਦੇ ਹੱਥ ਭੇਜ ਦੇਵਾਂਗੇ। ਪੂੰਝ ਸਵਾਰ ਕੇ, ਫੇਰ ਖਰਾਬ ਹੋਣ ਵਾਸਤੇ, ਓਥੇ ਪੜਛੱਤੀ ਉੱਤੇ ਹੀ 'ਸਾਂਭ ਕੇ' ਰੱਖ ਦਿੱਤਾ ਹੈ।'

ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਣ 'ਤੇ ਸਾਹਿਤਕ ਸੱਥ ਕੋਟਕਪੂਰਾ ਵੱਲੋਂ



ਗੁਰਦਿਆਲ ਸਿੰਘ ਦੇ ਸਨਮਾਨ-ਸਮਾਰੋਹ ਸਮੇਂ ਜਾਰੀ ਕੀਤੇ ਗਏ ਸੋਵੀਨਾਰ ਵਿਚ ਭੁੱਲਰ ਨੇ ਗੁਰਦਿਆਲ ਸਿੰਘ ਬਾਰੇ ਲਿਖਿਆ ਸੀ, 'ਸਾਹਿਤ ਸਭਾ ਜੈਤੋ ਦੀਆਂ ਇਕੱਤਰਤਾਵਾਂ ਵਿਚ ਅਸੀਂ ਸਾਰੇ ਮੈਂਬਰ ਸਾਹਿਤਕ ਤੇਗਾਂ ਬੜੇ ਕਾਹਲੇ ਪੈ ਪੈ ਵਾਹਿਆ ਕਰਦੇ ਸੀ। ਪਰ ਇਕ ਮੈਂਬਰ ਅਜਿਹਾ ਹੁੰਦਾ ਸੀ, ਜੋ ਚੁੱਪ ਕਰਕੇ ਸੁਣਦਾ ਰਹਿੰਦਾ ਸੀ ਤੇ ਕਦੀ ਕਦੀ ਦੂਜਿਆਂ ਦੀਆਂ ਰਚਨਾਵਾਂ ਬਾਰੇ ਬਸ ਆਪਣੀ ਰਾਇ ਦੇ ਛੱਡਦਾ ਸੀ, ਜੋ ਅਕਸਰ ਨਿੱਗਰ ਹੁੰਦੀ ਸੀ। ਸਭਾ ਦੀ ਇਕੱਤਰਤਾ ਵਿਚ ਦਰੀ ਉੱਤੇ ਬੈਠਿਆਂ ਉਹਦਾ ਖੱਬਾ ਗੋਡਾ ਧਰਤੀ ਉੱਤੇ ਟਿਕਿਆ ਹੋਇਆ ਹੁੰਦਾ ਸੀ ਅਤੇ ਸੱਜਾ ਕੰਨ ਕੋਲੋਂ ਦੀ ਸਿਰ ਤੋਂ ਉੱਚਾ ਉਠਿਆ ਹੋਇਆ ਹੁੰਦਾ ਸੀ। ਨੀਲੀ ਪਾਪਲੀਨ ਦੀ ਕਮੀਜ਼ ਤੇ ਚਿੱਟਾ ਖੁੱਲ੍ਹੇ ਪਾਂਚਿਆਂ ਵਾਲਾ ਪਜਾਮਾ, ਉਹ ਹੱਥ ਦੀਆਂ ਉਂਗਲਾਂ ਨਾਲ ਆਪਣੇ ਗੋਰੇ ਗੋਰੇ ਗਿੱਟੇ ਠਕੋਰਦਾ ਰਹਿੰਦਾ। ਮੈਨੂੰ ਹਮੇਸ਼ਾ ਇਉਂ ਲੱਗਦਾ ਕਿ ਇਹ ਲੰਮਾ ਆਦਮੀ ਆਪਣੀ ਗਿਟਿਆਂ ਵਿਚਲੀ ਰਵਾਇਤੀ ਅਕਲ ਨੂੰ ਠੋਲ੍ਹੇ ਮਾਰ ਮਾਰ ਕੇ ਛੇੜ ਰਿਹਾ ਹੈ। ਇਹ ਲੰਮਾ ਆਦਮੀ ਗੁਰਦਿਆਲ ਸਿੰਘ ਸੀ।'

ਭੁੱਲਰ ਅਤੇ ਗੁਰਦਿਆਲ ਸਿੰਘ ਦੀ ਦੋਸਤੀ ਵਿਚ ਦਰਾਰ ਕਦੋਂ ਤੇ ਕਿਵੇਂ ਪਈ ਇਹ ਤਾਂ ਉਹੀ ਦੱਸ ਸਕਦੇ ਹਨ ਪਰ ਭਾਸ਼ਾ ਵਾਲੀ ਬਹਿਸ ਜੋ 'ਹੁਣ' ਵਿਚ ਛਪਦੀ ਰਹੀ ਹੈ, ਨੇ ਉਹਨਾਂ ਦੀ ਦੋਸਤੀ ਦੇ ਤਾਬੂਤ ਵਿਚ ਆਖਰੀ ਕਿੱਲ ਦਾ ਕੰਮ ਜ਼ਰੂਰ ਕੀਤਾ। ਪ੍ਰੋ. ਗੁਰਦਿਆਲ ਸਿੰਘ ਦਾ ਰੇਖਾ ਚਿਤਰ ਪੜ੍ਹ ਕੇ ਭੁੱਲਰ ਨੇ ਮੈਨੂੰ ਫੋਨ ਕੀਤਾ ਸੀ, 'ਤੂੰ ਗੁਰਦਿਆਲ ਸਿੰਘ ਬਾਰੇ ਬਿਲਕੁੱਲ ਠੀਕ ਲਿਖਿਆ ਹੈ। ਉਹ ਦੂਜਿਆਂ ਦੇ ਦੁੱਖ ਦਰਦ ਨੂੰ ਹਮੇਸ਼ਾ ਹੀ ਘਟਾ ਕੇ ਤੇ ਆਪਣੇ ਨੂੰ ਵਧਾ ਚੜ੍ਹਾ ਕੇ ਦੱਸਦਾ ਸੀ। ਯਾਰ ਤੂੰ ਮੈਨੂੰ ਫੋਨ ਕਰ ਲੈਣਾ ਸੀ , ਉਸ ਬਾਰੇ ਤੈਨੂੰ ਮੈਂ ਹੋਰ ਵੀ ਗੱਲਾਂ ਦੱਸਦਾ...।'

ਮਰਹੂਮ ਰਾਮ ਸਰੂਪ ਅਣਖੀ ਨਾਲ ਵੀ ਭੁੱਲਰ ਦੀ ਚਾਲ੍ਹੀ ਸਾਲਾਂ ਤੋਂ ਚਲੀ ਆ ਰਹੀ ਦੋਸਤੀ ਇਸੇ ਤਰ੍ਹਾਂ ਹੀ ਟੁੱਟ ਗਈ ਸੀ। ਅਸਲ ਕਾਰਨ ਦੋਵਾਂ ਵਿਚੋਂ ਕਿਸੇ ਨੇ ਵੀ ਨਹੀਂ ਦੱਸਿਆ। ਭੁੱਲਰ ਮੁਤਾਬਿਕ ਤਾਂ ਇਹ ਦੋਸਤੀ ਅਣਖੀ ਨੇ ਖੁਦ ਤੋੜੀ ਸੀ ਕਿਉਂਕਿ ਚਾਲ੍ਹੀ ਸਾਲ ਤੋਂ ਵੱਧ ਪੁਰਾਣੀਆਂ ਦੋਸਤੀਆਂ ਨੂੰ ਉਹ ਝਾਰਨੀ ਲਾ ਦਿੰਦਾ ਸੀ। ਜਿਵੇਂ ਭੂਰੀ ਗਵਾਚੀ ਵਾਲੇ ਸਾਧ ਨੇ ਕਿਹਾ ਸੀ ਕਿ ਮੇਲਾ ਮੂਲਾ ਕੋਈ ਨਹੀਂ ਸੀ ਇਹ ਤਾਂ ਸਾਧ ਦੀ ਭੂਰੀ ਤੇ 'ਕੱਠ ਸੀ, ਉਸੇ ਤਰ੍ਹਾਂ ਆਪਣੀ ਸਵੈ-ਜੀਵਨੀ 'ਮਲ੍ਹੇ ਝਾੜੀਆਂ' ਵਿਚ ਰਾਮ ਸਰੂਪ ਅਣਖੀ ਨੇ ਲਿਖਿਆ ਹੈ ਕਿ 'ਪੰਜਾਬੀ ਟ੍ਰਿਬਿਊਨ' ਵਾਲਿਆਂ ਨੇ ਸਾਜ਼ਿਸ਼ ਵਜੋਂ ਹੀ ਉਸਨੂੰ ਆਪਣਾ ਸੰਪਾਦਕ ਬਣਾਇਆ ਸੀ, ਸਾਡੀ ਦੋਸਤੀ ਤੋੜਨ ਲਈ।'

ਜਦੋਂ ਉਹ ਅਠੱਨਵੇਂ-ਨੜਿਨਵੇਂ ਵਿਚ ਦੋ ਸਾਲ ਲਈ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸੀ ਤਾਂ ਉਸ ਨੇ ਅਨੇਕਾਂ ਹੀ ਸਥਾਪਿਤ ਅਤੇ ਨਵੇਂ ਲੇਖਕਾਂ ਜਿਵੇਂ ਮੋਹਨ ਭੰਡਾਰੀ, ਜਸਬੀਰ ਸਿੰਘ ਭੁੱਲਰ ਆਦਿ ਨੂੰ ਆਪਣੇ ਅਖ਼ਬਾਰ ਨਾਲ ਜੋੜ ਕੇ ਉਹਨਾਂ ਤੋ ਸਥਾਈ ਹਫ਼ਤਾਵਾਰੀ ਕਾਲਮ ਲਿਖਵਾਏ। ਪੰਜਾਬ ਦੇ ਪ੍ਰਸਿੱਧ ਅਰਥ ਸ਼ਾਸ਼ਤਰੀ ਨਿਰਮਲ ਸਿੰਘ ਅਜ਼ਾਦ ਨੇ ਪੰਜਾਬ ਦੀ ਆਰਥਿਕਤਾ ਬਾਰੇ ਲੇਖ ਲਿਖੇ। ਇਕ ਨੌਜਵਾਨ ਸੀ. ਪੀ. ਕੰਬੋਜ ਨੇ ਕੰਪਿਊਟਰ ਬਾਰੇ ਲੇਖ ਲੜੀਆਂ ਲਿਖੀਆਂ। ਨਿੰਦਰ ਘੁਗਿਆਣਵੀ ਦੀ ਦਿਲਚਸਪ ਲੇਖ ਲੜੀ 'ਮੈਂ ਸਾਂ ਜੱਜ ਦਾ ਅਰਦਲੀ' ਵੀ ਉਸਨੇ ਹੀ ਛਾਪਣੀ ਸ਼ੁਰੂ ਕੀਤੀ ਸੀ। ਨਿੰਦਰ ਦਾ ਕਹਿਣਾ ਹੈ ਕਿ ਜੇ ਭੁੱਲਰ ਅੰਕਲ ਉਸਦੀ ਇਹ ਲੇਖ ਲੜੀ ਨਾ ਛਾਪਦਾ ਤਾਂ ਉਹ ਅੱਜ ਵਾਲੇ ਮੁਕਾਮ 'ਤੇ ਸ਼ਾਇਦ ਨਾ ਹੀ ਪਹੁੰਚਦਾ। ਉਸ ਸਮੇਂ ਭੁੱਲਰ ਦੇ ਆਪਣੇ ਸਾਹਿਤਕ ਰੰਗ ਵਿਚ ਰੰਗੇ ਸਪਤਾਹਿਕ ਸੰਪਾਦਕੀ ਵੀ ਪਾਠਕਾਂ ਵਿਚ ਬੇਹੱਦ ਮਕਬੂਲ ਹੋਏ ਅਤੇ ਅਖ਼ਬਾਰ ਦੀ ਛਪਣ ਗਿਣਤੀ ਵਿਚ ਵੀ ਚੋਖਾ ਵਾਧਾ ਹੋਇਆ। ਇਸ ਸਮੇਂ ਦੌਰਾਨ ਉਸਦਾ

ਪਾਠਕੀ ਘੇਰਾ ਵੀ ਹੋਰ ਵਿਸ਼ਾਲ ਹੋਇਆ, ਨਵੀਆਂ ਯਾਰੀਆਂ ਦੋਸਤੀਆਂ ਬਣੀਆਂ ਤੇ ਕਈਆਂ ਦੀਆਂ ਉਸ ਨੂੰ ਨਰਾਜ਼ਗੀਆਂ ਵੀ ਸਹੇੜਨੀਆਂ ਪਈਆਂ। ਮਾਲਵੇ ਦੀ ਇਕ ਨਵੀਂ ਚਰਚਿਤ ਹੋਈ ਕਹਾਣੀਕਾਰਾ ਦੇ ਦਿਲ ਵਿਚ ਪੱਤਰਕਾਰ ਬਣਨ ਦਾ ਸ਼ੌਂਕ ਜਾਗਿਆ ਤਾਂ ਉਹ ਆਪਣੇ ਇਕ ਯੂਨੀਵਰਸਿਟੀ ਦੇ ਡਾਕਟਰ ਦੋਸਤ ਨੂੰ ਨਾਲ ਲੈ ਕੇ ਉਸ ਦੇ ਦਫ਼ਤਰ ਜਾ ਪਹੁੰਚੀ। ਭੁੱਲਰ ਨੇ ਕਿਹਾ ਕਿ ਬੀਬਾ ਮੈਂ ਓਥੇ ਪਹਿਲਾਂ ਕੰਮ ਕਰ ਰਹੇ ਬਜ਼ੁਰਗ ਪੱਤਰਕਾਰ ਨੂੰ ਤਾਂ ਹਟਾ ਨਹੀਂ ਸਕਦਾ, ਪਰ ਇਕ ਰਾਹ ਹੈਗਾ.. ਲੇਖਿਕਾ ਦੀਆਂ ਅੱਖਾਂ ਵਿਚ ਚਮਕ ਆ ਗਈ ਤਾਂ ਕੁੱਝ ਪਲ ਰੁਕ ਕੇ ਉਸਨੇ ਵਾਕ ਪੂਰਾ ਕਰ ਦਿੱਤਾ, ਉਹ ਬਜ਼ੁਰਗ ਰੋਜ਼ਾਨਾ ਗੁਰਦਵਾਰੇ ਜਾਂਦਾ ਹੈ ਤੇ ਸਰੋਵਰ ਦੀ ਪਰਿਕਰਮਾ ਕਰਦਾ ਹੈ, ਤੂੰ ਬਸ ਉਸਨੂੰ ਸਰੋਵਰ ਵਿਚ ਧੱਕਾ ਦੇ ਆ। ਬਾਅਦ ਵਿਚ ਉਹ ਲੇਖਕਾਂ ਨੂੰ ਦੱਸ ਰਹੀ ਸੀ ਕਿ ਭੁੱਲਰ ਮੈਨੂੰ ਕਹਿੰਦਾ ਇਸ ਸਿਫ਼ਾਰਸ਼ੀ ਨੂੰ ਕਿਉਂ ਨਾਲ ਲਿਆਈ ? ਕੱਲੀ ਆਉਂਦੀ ਤਾਂ ਮੈਂ ਰੱਖ ਵੀ ਲੈਂਦਾ।

ਜੋਤਿਸ਼ ਵਿਦਿਆ ਅਨੁਸਾਰ ਜੇਕਰ ਮਨੁੱਖੀ ਹੱਥਾਂ 'ਤੇ ਲਾਈਨ ਆਫ ਲਾਈਫ ਵਾਂਗ ਨੌਕਰੀ ਵਾਲੀ ਵੀ ਕੋਈ ਰੇਖਾ ਹੁੰਦੀ ਤਾਂ ਭੁੱਲਰ ਦੀ ਇਹ ਲਾਈਨ ਆਫ ਨੌਕਰੀ ਦੋ-ਤਿੰਨ ਥਾਂਵਾਂ ਤੋਂ ਟੁੱਟੀ ਹੋਣੀ ਸੀ। ਅਧਿਆਪਕ ਯੂਨੀਅਨ ਦਾ ਸਰਗਰਮ ਕਾਰਕੁੰਨ ਹੋਣ ਦੇ ਨਾਤੇ ਉਸ ਨੂੰ ਮੱਖਣ ਵਿਚੋਂ ਵਾਲ ਕੱਢਣ ਵਾਂਗ ਸਰਕਾਰੀ ਨੌਕਰੀ ਤੋਂ ਕੱਢ ਦਿੱਤਾ ਗਿਆ। ਪਰ ਜਦੋਂ ਕਿਸਮਤ ਇਕ ਰਾਹ ਬੰਦ ਕਰ ਦਿੰਦੀ ਹੈ ਤਾਂ ਦੂਸਰਾ ਰਾਹ ਵੀ ਨਾਲ ਹੀ ਖੋਲ੍ਹ ਦਿੰਦੀ ਹੈ। ਭੁੱਲਰ ਲਈ ਜੋ ਦੂਸਰਾ ਰਾਹ ਖੁੱਲ੍ਹਿਆ ਉਹ ਬਹੁਤ ਹੀ ਮੋਕਲਾ ਸੀ ਤੇ ਉਸਨੂੰ ਮੌਲਣ ਵਿਗਸਣ ਦੇ ਖੂਬ ਮੌਕੇ ਮਿਲਣੇ ਸਨ। ਉਸ ਨੂੰ ਸੋਵੀਅਤ ਯੂਨੀਅਨ ਦੇ ਦਿੱਲੀ ਵਿਚ ਸਥਿਤ ਦੂਤਾਵਾਸ ਦੇ ਸੂਚਨਾ ਵਿਭਾਗ ਵਿਚ ਪੱਕੀ ਨੌਕਰੀ ਮਿਲ ਗਈ। ਏਥੇ ਉਸ ਨੇ ਪਹਿਲਾਂ ਕੁੱਝ ਚਿਰ ਅਨੁਵਾਦਕ, ਬਾਅਦ ਵਿਚ ਲੰਮਾ ਸਮਾਂ ਸੰਪਾਦਕ ਦੇ ਪਦ 'ਤੇ ਕੰਮ ਕੀਤਾ। ਪਰ ਉਸ ਦੀ ਇਹ ਪੱਕੀ ਨੌਕਰੀ ਵੀ ਪੱਕੀ ਸਾਬਤ ਨਾ ਹੋਈ ਤੇ ਉਸ ਦੀ ਲਾਈਨ ਆਫ ਨੌਕਰੀ ਇਕ ਫਿਰ ਟੁੱਟ ਗਈ ਜਦੋਂ ਉਸ ਨੂੰ ਨੌਕਰੀ ਦੇਣ ਵਾਲਾ ਸੋਵੀਅਤ ਯੂਨੀਅਨ ਖੁਦ ਹੀ ਟੁੱਟ ਗਿਆ ਸੀ। ਸੋਵੀਅਤ ਦੂਤਾਵਾਸ ਦੀ ਨੌਕਰੀ ਮਿਲਣ ਤੋਂ ਪਹਿਲਾਂ ਉਸ ਨੇ ਇਕ ਸਾਲ ਰਾਮਪੁਰਾ ਮੰਡੀ ਦੇ ਪ੍ਰਾਈਵੇਟ ਸਕੂਲ ਵਿਚ ਪੜ੍ਹਾਇਆ ਸੀ ਤੇ ਇਕ ਸਾਲ ਤਲਵੰਡੀ ਸਾਬੋ ਦਮਦਮਾ ਸਾਹਿਬ ਦੇ ਪ੍ਰਾਈਵੇਟ ਕਾਲਜ ਵਿਚ ਪ੍ਰੋਫੈਸਰੀ ਵੀ ਕਰ ਲਈ ਸੀ। ਪਰ ਇਹ ਅਸਥਾਈ ਨੌਕਰੀਆਂ ਸਨ। ਸੋਵੀਅਤ ਯੂਨੀਅਨ ਦੇ ਦੂਤਾਵਾਸ ਦੀ ਨੌਕਰੀ ਛੁੱਟ ਜਾਣਾ ਭੁੱਲਰ ਲਈ ਇਕ ਬਹੁਤ ਵੱਡਾ ਝਟਕਾ ਸੀ। ਆਪਣੇ ਤਿੰਨ ਸੌ ਦੇ ਕਰੀਬ ਸਾਥੀਆਂ ਨਾਲ ਉਹ ਇਕ ਵਾਰ ਫਿਰ ਸੜਕ 'ਤੇ ਆ ਗਿਆ। ਯਾਰਾਂ ਦੋਸਤਾਂ ਦੇ ਹਮਦਰਦੀ ਭਰੇ ਖ਼ਤ ਆਏ। ਉਸ ਦੇ ਬੱਚਿਆਂ ਦੀ ਪੜ੍ਹਾਈ ਵੀ ਅੱਧਵਾਟੇ ਹੀ ਸੀ ਤੇ ਉਹ ਕਿਸੇ ਤਨ-ਪੱਤਣ ਨਹੀਂ ਸਨ ਲੱਗੇ। ਪ੍ਰੋ. ਗੁਰਦਿਆਲ ਸਿੰਘ ਨੇ ਉਸ ਨੂੰ ਲਿਖੇ ਹਮਦਰਦੀ ਪੱਤਰ ਵਿਚ ਪੁੱਛਿਆ ਕਿ ਹੁਣ ਕੀ ਕਰੇਂਗਾ। ਉਸ ਖ਼ਤ ਦੇ ਜਵਾਬ ਵਿਚ ਭੁੱਲਰ ਨੇ ਲਿਖਿਆ ਸੀ ਕਿ ਫਿਲਹਾਲ ਤਾਂ ਜੋ ਜੋੜੀ ਪੂੰਜੀ ਹੈ ਉਸਤੋਂ ਹਜ਼ਾਰ ਕੁ ਰੁਪਏ ਮਹੀਨਾ ਵਿਆਜ ਆ ਜਾਇਆ ਕਰੂ ਤੇ ਉਸੇ ਨਾਲ ਹੀ ਤੋਰੀ ਫੁਲਕਾ ਚਲਾਵਾਂਗੇ। ਪ੍ਰੋ.ਸਾਹਿਬ ਦਾ ਫਿਰ ਉਸ ਨੂੰ ਹੌਂਸਲਾ ਵਧਾਊ ਪੱਤਰ ਮਿਲਿਆ, - ' ਵੈਸੇ ਤਾਂ ਅੱਜ ਕੱਲ੍ਹ ਦੇ ਜ਼ਮਾਨੇ ਵਿਚ ਤੇ ਉਹ ਵੀ ਦਿੱਲੀ ਵਰਗੇ ਸ਼ਹਿਰ ਵਿਚ ਇਕ ਹਜ਼ਾਰ ਨਾਲ ਗੁਜ਼ਾਰਾ ਕਰਨਾ ਮੁਸ਼ਕਿਲ ਹੀ ਹੈ ਪਰ ਜਿਸ ਤਰ੍ਹਾਂ ਦਾ ਸਿਆਣਾ ਤੇ ਸੁਲਝਿਆ ਹੋਇਆ ਤੁਹਾਡਾ ਪਰਿਵਾਰ ਹੈ, ਉਸ ਲਈ ਕੋਈ ਮੁਸ਼ਕਲ ਵੀ ਨਹੀਂ ਹੋਵੇਗੀ। '

ਅਚਾਨਕ ਆ ਪਈ ਇਸ ਬਿਪਤਾ ਨੂੰ ਵੀ ਉਸ ਨੇ ਖਿੜੇ ਮੱਥੇ ਸਹਾਰਿਆ। ਉਹ ਡੋਲਣ



ਡਗਮਗਾਉਣ ਵਾਲਾ ਜਾਂ ਰਊਂ ਰਊਂ ਕਰਨ ਵਾਲਾ ਨਹੀਂ ਤੇ ਨਾ ਹੀ ਉਹ ਢੇਰੀ ਢਾਹ ਕੇ ਬੈਠਣ ਵਾਲਾ ਮਨੁੱਖ ਹੈ। ਉਹ ਤਾਂ ਹਮੇਸ਼ਾ ਹੀ ਚੜ੍ਹਦੀ ਕਲਾ ਵਿਚ ਰਹਿਣ ਵਾਲਾ, ਸਦਾ ਹੀ ਖਿੜਿਆ ਤੇ ਹੱਸਣ ਹੱਸਾਉਣ ਵਾਲਾ ਪੰਜਾਬੀ ਸਾਹਿਤ ਦਾ ਸਿਰਮੌਰ ਟਿੱਚਰਬਾਜ਼ ਲੇਖਕ ਹੈ। ਉਹ ਚਾਹੇ ਕਿੰਨੇ ਵੀ ਨੀਰਸ ਵਿਸ਼ੇ ਉੱਪਰ ਲਿਖੇ ਪਰ ਉਹ ਉਸਨੂੰ ਵੀ ਦਿਲਚਸਪ ਅਤੇ ਹੱਸਾਉਣੀਆਂ ਟਿੱਪਣੀਆਂ-ਟੋਟਕਿਆਂ ਨਾਲ ਸ਼ਿੰਗਾਰ ਕੇ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ ਤੇ ਇਹੀ ਉਸਦੀ ਵਾਰਤਕ ਦਾ ਪ੍ਰਮੁੱਖ ਲੱਛਣ ਹੈ। ਉਸਨੂੰ ਕੋਨੀਨ ਦੀ ਗੋਲੀ ਗੁੜ ਵਿਚ ਵਲੇਟ ਕੇ ਦੇਣ ਦੀ ਜਾਚ ਹੈ।

ਸੋਵੀਅਤ ਦੂਤਾਵਾਸ ਵਿਚ ਨੌਕਰੀ ਦੌਰਾਨ ਉਸ ਨੇ ਬਹੁਤ ਹੀ ਸਖ਼ਤ ਮਿਹਨਤ ਕੀਤੀ। ਅਨੇਕਾਂ ਹੀ ਕਿਤਾਬਾਂ ਦੇ ਅਨੁਵਾਦ ਕੀਤੇ ਤੇ ਆਪਣਾ ਮੌਲਿਕ ਲਿਖਣਾ ਵੀ ਜਾਰੀ ਰੱਖਿਆ। ਜੇਕਰ ਉਹ ਦਿੱਲੀ ਦੇ ਦੂਤਾਵਾਸ ਵਿਚ ਨਾ ਆਇਆ ਹੁੰਦਾ ਤਾਂ ਸ਼ਾਇਦ ਉਸ ਦੀਆਂ ਇਹ ਪ੍ਰਾਪਤੀਆਂ ਨਾ ਹੁੰਦੀਆਂ। ਇੱਥੇ ਦਿੱਲੀ ਵਿਚ ਹੀ ਉਸ ਦੀ ਪੰਜਾਬੀ ਦੇ ਉਹਨਾਂ ਪਰਪੱਕ ਲੇਖਕਾਂ ਨਾਲ ਨੇੜਤਾ ਹੋਈ ਜਿਨ੍ਹਾਂ ਦੀ ਉਂਗਲ ਫੜ ਕੇ ਉਸ ਨੇ ਪੰਜਾਬੀ ਦੇ ਸਾਹਿਤਕ ਜਗਤ ਵਿਚ ਪ੍ਰਵੇਸ਼ ਕੀਤਾ ਸੀ। ਨਵਯੁਗ ਪਬਲਿਸ਼ਰਜ ਤੋਂ ਕਿਤਾਬ ਛਪਵਾਉਣ ਦੀ ਹਰ ਲੇਖਕ ਦੀ ਰੀਝ ਹੁੰਦੀ ਸੀ ਪਰ ਭੁੱਲਰ ਦਾ ਪਹਿਲਾ ਕਹਾਣੀ ਸੰਗ੍ਰਹਿ ' ਓਪਰਾ ਮਰਦ ' ਨਵਯੁੱਗ ਪਬਲਿਸ਼ਰ ਦੇ ਮਾਲਕ ਭਾਪਾ ਪ੍ਰੀਤਮ ਸਿੰਘ ਨੇ ਆਪ ਰੀਝ ਨਾਲ ਛਾਪਿਆ। ਪਹਿਲੀ ਵਾਰ ਗੁਰਦੇਵ ਸਿੰਘ ਰੁਪਾਣਾ ਉਸ ਨੂੰ ' ਨਾਗਮਣੀ ਸ਼ਾਮ ' ਵਿਚ ਲੈ ਕੇ ਗਿਆ ਜਿੱਥੇ ਉਸਨੇ ਆਪਣੀ ਕਹਾਣੀ ' ਓਪਰਾ ਮਰਦ ' ਪੜ੍ਹੀ ਜੋ ਅੰਮ੍ਰਿਤਾ ਨੂੰ ਬਹੁਤ ਪਸੰਦ ਆਈ ਤੇ ਉਹ ਰੁਪਾਣੇ ਵਾਂਗ ਭੁੱਲਰ ਦੀ ਵੀ ਪ੍ਰਸੰਸਕ ਬਣ ਗਈ। ਅੰਮ੍ਰਿਤਾ ਦੀ ਇਹ ਖੂਬੀ ਸੀ ਜਾਂ ਔਗੁਣ ਜਿਹੜੀ ਰਚਨਾ ਉਸਨੂੰ ਪਸੰਦ ਆ ਜਾਂਦੀ ਸੀ ਤਾਂ ਉਸ ਦਾ ਉਹ ਗੁੱਡਾ ਹੀ ਬੰਨ ਦਿੰਦੀ ਸੀ। ਭੁੱਲਰ ਦੀ ਇਹ ਕਹਾਣੀ ਵੀ ਬਾਅਦ ਵਿਚ ਬਹੁਤ ਚਰਚਿਤ ਹੋਈ ਤੇ ਉਹ ਵੀ ਹਰ ਮਹੀਨੇ ਹੋਣ ਵਾਲੀ ' ਨਾਗਮਣੀ ਸ਼ਾਮ ' ਦਾ ਇਕ ਅੰਗ ਬਣ ਗਿਆ। ਉਸਦੀ ਰੁਪਾਣੇ ਨਾਲ ਦੋਸਤੀ ਹੋਰ ਵੀ ਗੂੜ੍ਹੀ ਹੋ ਗਈ ਤੇ ਉਹਨਾਂ ਦੋਹਾਂ ਦੀ ਜੋੜੀ ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਲੰਬਾ ਸਮਾਂ ਬੜੀ ਚਰਚਿਤ ਰਹੀ। ਇਕੋ ਜਿਹੇ ਸਰੀਰਕ ਕੱਦ ਕਾਠ ਵਾਲੇ ਇਹਨਾਂ ਦੋਵਾਂ ਦੋਸਤਾਂ ਦਾ ਸਾਹਿਤਕ ਕੱਦ ਕਾਠ ਵੀ ਉਸ ਸਮੇਂ ਇਕੋ ਜਿੰਨਾ ਹੀ ਸੀ। ਦਿੱਲੀ ਵਾਲੇ ਅਕਸਰ ਹੀ ਟੱਪਲਾ ਖਾ ਜਾਂਦੇ, ਉਹ ਰੁਪਾਣੇ ਨੂੰ ਭੁੱਲਰ ਅਤੇ ਭੁੱਲਰ ਨੂੰ ਰੁਪਾਣਾ ਸਮਝ ਲੈਂਦੇ। ਕਈਆਂ ਦੇ ਭਾਅ ਦੀ ਤਾਂ ਇਹ ਜੌੜੇ ਭਾਈ ਸਨ। ਇਹ ਜੋੜੇ ਜੱਟ ਮਲਵਈ ਭਾਈ ਵੀ ਦਿੱਲੀ ਵਾਲੇ ਭਾਪਿਆਂ ਨੂੰ ਟਿੱਚ ਜਾਣਦੇ ਸਨ ਤੇ ਜਣੇ-ਖਣੇ ਨੂੰ ਟਿੱਚਰ ਕਰਨ ਤੋਂ ਕਦੇ ਨਹੀਂ ਸੀ ਟਲਦੇ। ਅੰਮ੍ਰਿਤਾ ਇਹਨਾਂ ਦੋਹਾਂ ਦੀ ਇਕੋ ਜਿੰਨੀ ਹੀ ਪ੍ਰਸੰਸਕ ਸੀ ਪਰ ਮਲਵਈ ਬਾਣੀਆਂ ਬਲਵੰਤ ਗਾਰਗੀ ਇਨ੍ਹਾਂ ਜੱਟ ਮਲਵਈ ਲੇਖਕਾਂ ਦੀ ਜਾਣ ਬੁੱਝ ਕੇ ਅਣਦੇਖੀ ਕਰ ਜਾਂਦਾ ਸੀ । ਇਹ ਕਿਹੜਾ ਘੱਟ ਸਨ ਤੇ ਇਹ ਗਾਰਗੀ ਨੂੰ ਵੀ ਟਿੱਚ ਸਮਝਦੇ ਸਨ। ਜਦੋਂ ਕਦੇ ਵੀ ਗਾਰਗੀ ਨਾਲ ਇਨ੍ਹਾਂ ਦਾ ਸਾਹਮਣਾ ਹੋ ਜਾਂਦਾ ਤਾਂ ਰੁਪਾਣਾ ਉਸ ਨੂੰ ਸੰਬੋਧਨ ਕਰਕੇ ਕਹਿੰਦਾ, ' ਓ ਬੱਲੇ ਬੱਲੇ ਗੁਰਚਰਨ ਰਾਮਪੁਰੀ ਜੀ ! ਧੰਨਭਾਗ ਤੁਹਾਡੇ ਦਰਸ਼ਨ ਹੋਏ। ਤੁਸੀਂ ਕਦੋਂ ਆਏ ਕਨੇਡਾ ਤੋਂ ? ' ਤੇ ਗਾਰਗੀ ਬੋਲਣ ਜੋਗਾ ਨਾ ਰਹਿੰਦਾ।

ਇਹ ਟਿੱਚਰਬਾਜ਼ ਮਖੌਲੀਏ ਲੇਖਕ ਦੂਜਿਆਂ ਦੇ ਆਰਾਂ ਤਾਂ ਲਾਉਂਦੇ ਹੀ ਰਹਿੰਦੇ ਸਨ ਪਰ ਕਦੇ ਕਦੇ ਆਪਸ ਵਿਚ ਵੀ ਭਿੜ ਜਾਂਦੇ ਸਨ ਤੇ ਅਲਕ ਵਹਿੜਕਿਆਂ ਵਾਂਗ ਇਕ ਦੂਜੇ ਨੂੰ ਪਿਆਰ ਵਿਚ ਪੋਲੀਆਂ ਪੋਲੀਆਂ ਢੁੱਡਾਂ ਮਾਰਦੇ ਸਨ। ਰੁਪਾਣੇ ਵਾਂਗ ਭੁੱਲਰ ਵੀ ਸਿਰੇ ਦਾ ਹਾਜ਼ਰ ਜਵਾਬ ਹੈ ਜੋ ਗੱਲ ਨੂੰ ਭੁੰਜੇ ਨਹੀਂ ਡਿੱਗਣ ਦਿੰਦਾ ਅਤੇ ਬੋਲਣ ਵਾਲੇ ਨੂੰ ਲਾਜਵਾਬ ਕਰ ਦਿੰਦਾ ਹੈ। ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਜਸਵੰਤ ਸਿੰਘ ਕੰਵਲ ਨੇ ਪੰਜਾਬੀ ਸੂਬੇ ਦੇ ਹੱਕ ਵਿਚ

ਪੰਜਾਬੀ ਲੇਖਕਾਂ ਦਾ ਇਕ ਬਹੁਤ ਵੱਡਾ ਇਕੱਠ ਆਪਣੇ ਪਿੰਡ ਢੁੱਡੀਕੇ ਵਿਖੇ ਕੀਤਾ। ਦੋ ਦਿਨਾਂ ਇਸ ਸਮਾਗਮ ਦੀ ਸਮਾਪਤੀ 'ਤੇ ਟਾਂਗੇ ਉੱਪਰ ਬੈਠੇ ਕੁੱਝ ਲੇਖਕ ਅਤੇ ਸਵਾਰੀਆਂ ਅਜੀਤਵਾਲ ਨੂੰ ਜਾ ਰਹੇ ਸਨ। ਭੁੱਲਰ ਟਾਂਗੇ ਦੇ ਬਾਂਸ 'ਤੇ ਕੋਚਵਾਨ ਕੋਲ ਬੈਠਾ ਆਪਣੀ ਟੁਣਕਵੀਂ ਆਵਾਜ਼ ਵਿਚ ਸ਼ੁਰਲੀਆਂ ਛੱਡ ਰਿਹਾ ਸੀ ਤੇ ਉਸ ਨੇ ਸਾਰੀਆਂ ਸਵਾਰੀਆਂ ਦਾ ਧਿਆਨ ਆਪਣੇ ਵੱਲ ਖਿਚਿਆ ਹੋਇਆ ਸੀ। ਮੂਹਰੇ ਸੀਟ ਉੱਪਰ ਬੈਠੇ ਰੁਪਾਣੇ ਨੇ ਸ਼ਰਾਰਤ ਨਾਲ ਆਪਣੇ ਨਾਲ ਬੈਠੇ ਬੰਦੇ ਨੂੰ ਪੁੱਛਿਆ, ' ਇਹ ਕਾਕਾ ਕੌਣ ਐ ? ' ਉਹ ਬੰਦਾ ਨਾਂਹ ਵਿਚ ਸਿਰ ਮਾਰ ਗਿਆ। ਇਹ ਸਵਾਲ ਸੁਣ ਭੁੱਲਰ ਨੂੰ ਵੀ ਗਿਆ ਸੀ ਤੇ ਉਹ ਓਸੇ ਵਕਤ ਪਿੱਛੇ ਵੱਲ ਮੂੰਹ ਭਵਾਂ ਕੇ ਬੋਲਿਆ, ' ਇਹ ਚਾਚਾ ਕੌਣ ਐ ? '

ਪਤਨੀ ਨਾਲ ਵੀ ਉਹ ਚਖਮਖੀਆਂ ਕਰਦਾ ਰਹਿੰਦਾ ਹੈ। ਜਦੋਂ ਉਹ ਆਪਣੇ ਦਿਲ ਦੀ ਬਿਮਾਰੀ ਕਾਰਨ ਹਸਪਤਾਲ ਦੇ ਬੈੱਡ 'ਤੇ ਪਿਆ ਸੀ ਤਾਂ ਇਕ ਦਿਨ ਬਣਾਉਟੀ ਜਿਹਾ ਪਛਤਾਵਾ ਕਰਦਿਆਂ ਉਸ ਨੂੰ ਕਹਿਣ ਲੱਗਿਆ, ' ਸਾਲੇ ਨੂੰ ਸਾਂਭ ਸਾਂਭ ਰੱਖਿਆ ਸੀ , ਐਹ ਕਦਰ ਪਾਈ ? ਇਹਦੇ ਨਾਲੋਂ ਤਾਂ ਚੰਗਾ ਹੁੰਦਾ ਜਵਾਨੀ ਵਿਚ ਹੀ ਕਿਸੇ ਨੂੰ ਦੇ ਦਿੱਤਾ ਹੁੰਦਾ। ਓਦੋਂ ਕਈ ਬੇਚਾਰੀਆਂ ਖਾਹ ਮਖਾਹ ਹੀ ਨਿਰਾਸ਼ ਕੀਤੀਆਂ। ' ਟਿੱਚਰ ਮਸ਼ਕਰੀ ਉਸ ਦੇ ਸੁਭਾਅ ਦਾ ਅਨਿਖੜਵਾਂ ਅੰਗ ਹੈ ਪਰ ਉਸਦੀ ਟਿੱਚਰ ਮਸ਼ਕਰੀ ਕਿਸੇ ਦਾ ਦਿਲ ਦੁਖਾਉਣ ਵਾਸਤੇ ਨਹੀਂ ਹੁੰਦੀ ਤੇ ਕਈ ਵਾਰ ਇਸ ਟਿੱਚਰ ਮਸ਼ਕਰੀ ਵਿਚ ਕੁੱਝ ਗੁੱਝਾ ਸੁਝਾਅ ਜਾਂ ਨਸੀਹਤ ਵੀ ਹੁੰਦੀ ਹੈ। ਬਠਿੰਡੇ ਵਾਲੇ ਅਧਿਆਪਕ ਆਗੂ ਅਤੇ ਉਸਦੇ ਨਿੱਘੇ ਦੋਸਤ ਜਗਮੋਹਨ ਕੌਸ਼ਲ ਨੇ ਇਕ ਵਾਰ ਐਮ.ਐਲ.ਏ. ਦਾ ਇਲੈਕਸ਼ਨ ਲੜਨ ਦਾ ਮਨ ਬਣਾ ਲਿਆ ਤਾਂ ਭੁੱਲਰ ਉਸਨੂੰ ਫੋਨ ਕਰਕੇ ਦੱਸਣ ਲੱਗਿਆ ਕਿ ਦਿੱਲੀ ਦੇ ਵਿਚ ਹੁਣ ਇਕ ਬਹੁਤ ਹੀ ਵਧੀਆ ਤੇ ਆਧੁਨਿਕ ਸਹੂਲਤਾਂ ਨਾਲ ਲੈਸ ਪਾਗਲਾਂ ਦਾ ਹਸਪਤਾਲ ਖੁੱਲ੍ਹ ਗਿਆ ਹੈ। ਕੌਸ਼ਲ ਨੇ ਟੋਕਿਆ ਕਿ ਤੂੰ ਮੈਨੂੰ ਇਸ ਬਾਰੇ ਕਿਉਂ ਦੱਸ ਰਿਹਾ ਹੈਂ। ਭੁੱਲਰ ਨੇ ਜਵਾਬ ਦਿੱਤਾ ਕਿ ਤੂੰ ਇਲੈਕਸ਼ਨ ਹਾਰ ਜਾਣਾ ਹੈ, ਫਿਰ ਤੇਰੇ ਮਨ 'ਤੇ ਬੋਝ ਪਵੇਗਾ ਤੇ ਆਖਰ ਤਾਂ ਤੈਨੂੰ ਪਾਗਲਾਂ ਦੇ ਹਸਪਤਾਲ ਜਾਣਾ ਹੀ ਪਵੇਗਾ।

ਦਿੱਲੀ ਦੇ ਦੂਤਾਵਾਸ ਵਿਚ ਬੈਠਾ ਉਹ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਭਾਸ਼ਾ ਦਾ ਵੀ ਦੂਤ ਹੀ ਸੀ। ਦਿੱਲੀ ਵਿਚ ਰਹਿਣ ਵਾਲਿਆਂ ਬਾਰੇ ਇਹ ਗੱਲ ਬੜੀ ਮਸ਼ਹੂਰ ਹੈ ਕਿ ਜਦੋਂ ਵੀ ਉਹਨਾਂ ਨੂੰ ਕੋਈ ਜਾਣੂ ਮਿਲ ਜਾਂਦਾ ਹੈ ਤਾਂ ਉਹ ਪਹਿਲਾ ਸਵਾਲ ਹੀ ਇਹ ਪੁੱਛਦੇ ਹਨ, ' ਕਿੱਥੇ ਠਹਿਰੇ ਹੋਏ ਹੋ ? ਕਦੇ ਸਾਡੇ ਵੱਲ ਵੀ ਆਣਾ ਜੇ। ' ਪਰ ਭੁੱਲਰ ਅਜੇਹਾ ਨਹੀਂ ਹੈ। ਦਿੱਲੀ ਵਿਚ ਵਸਦਿਆਂ ਵੀ ਉਸਨੇ ਆਪਣਾ ਪੇਂਡੂ ਖਾਸਾ ਕਾਇਮ ਰੱਖਿਆ ਹੈ। ਦਿੱਲੀ ਜਾਣ ਵਾਲੇ ਬਹੁਤੇ ਪੰਜਾਬੀ ਲੇਖਕਾਂ ਦੀ ਠਹਿਰ ਉਸ ਦਾ ਘਰ ਹੀ ਬਣਦੀ ਰਹੀ ਹੈ। ਪਹਿਲਾਂ ਪਹਿਲ ਜਦੋਂ ਉਹ ਇਕ ਕਮਰੇ ਵਾਲੇ ਘਰ ਵਿਚ ਰਹਿੰਦੇ ਸੀ ਤਾਂ ਓਦੋਂ ਵੀ ਉਸਦੇ ਘਰ ਦਾ ਦਰ ਲੇਖਕਾਂ ਰਿਸ਼ਤੇਦਾਰਾਂ ਲਈ ਹਮੇਸ਼ਾ ਹੀ ਖੁੱਲ੍ਹਾ ਰਹਿੰਦਾ ਸੀ ਤੇ ਉਹ ਕਹਿੰਦਾ ਹੁੰਦਾ ਸੀ ਘਰ ਨਹੀਂ ਦਿਲ ਖੁੱਲ੍ਹਾ ਹੋਣਾ ਚਾਹੀਦਾ ਹੈ। ਤੇ ਪ੍ਰਾਹੁਣੇ ਵੀ ਉਹਨਾਂ ਘਰਾਂ ਵਿਚ ਹੀ ਜਾਂਦੇ ਹਨ ਜਿਥੇ ਦੋਹਾਂ ਜੀਆਂ ਦੀ ਬਣਦੀ ਹੋਵੇ। ਇਸ ਪੱਖ ਤੋਂ ' ਭੁੱਲਰ ਜੋੜੀ ' ਜੋੜੀ ਨੰਬਰ ਵੰਨ ਹੀ ਕਹੀ ਜਾ ਸਕਦੀ ਹੈ। ਜਿੱਥੇ ਦੋ ਭਾਂਡੇ ਹੋਣ ਤਾਂ ਉਹ ਖੜਕਦੇ ਹੀ ਹਨ ਪਰ ਜਦੋਂ ਇਹ ਦੋਵੇਂ ਭਾਂਡੇ ਖੜਕਦੇ ਵੀ ਹਨ ਤਾਂ ਇਹਨਾਂ ਦੀ ਖਣਕਾਰ ਰਸੋਈ ਵਿਚੋਂ ਬਾਹਰ ਨਹੀਂ ਜਾਂਦੀ। ਉਸਦੀ ਪਤਨੀ ਗੁਰਚਰਨ ਕੌਰ ਕਹਿੰਦੀ ਹੈ ਕਿ ਵਿਆਹ ਵੇਲੇ ਭਾਈ ਜੀ ਨੇ ਸਿੱਖਿਆ ਦਿੱਤੀ ਸੀ ਕਿ ਤੁਸੀਂ ਇੱਕ ਜੋਤ ਦੋ ਮੂਰਤ ਬਣ ਕੇ ਰਹਿਣਾ ਪਰ ਅਸੀਂ ਤਾਂ ਇੱਕ ਜੋਤ ਇੱਕ ਮੂਰਤ ਬਣ ਕੇ ਰਹੇ ਹਾਂ।



ਇਕ ਵਾਰ ਰੋਜ਼ਾਨਾ ' ਅਜੀਤ ' ਦੇ ਐਡੀਟਰ ਸਵਰਗੀ ਸਾਧੂ ਸਿੰਘ ਹਮਦਰਦ ਅਤੇ ' ਨਵਾਂ ਜ਼ਮਾਨਾ ' ਦੇ ਐਡੀਟਰ ਸਵਰਗੀ ਜਗਜੀਤ ਸਿੰਘ ਆਨੰਦ ਨੇ ਰੂਸ ਜਾਣਾ ਸੀ ਪਰ ਲੇਟ ਹੋਣ ਕਾਰਣ ਜਹਾਜ਼ ਨਾ ਚੜ੍ਹ ਸਕੇ। ਅਗਲੀ ਫਲਾਈਟ ਪੂਰੇ ਇਕ ਹਫ਼ਤੇ ਬਾਅਦ ਸੀ ਤੇ ਵਾਪਸ ਪੰਜਾਬ ਮੁੜਨ ਦੀ ਬਜਾਏ ਉਹਨਾਂ ਦਿੱਲੀ ਵਿਚ ਹੀ ਡੇਰੇ ਲਾ ਲਏ। ਉਹ ਦਿਨੇ ਸੋਵੀਅਤ ਦੂਤਾਵਾਸ ਵਿਚ ਭੁੱਲਰ ਦੇ ਦਫ਼ਤਰ ਜਾ ਬੈਠਦੇ। ਹਫ਼ਤੇ ਵਿਚ ਹੀ ਭੁੱਲਰ ਨੇ ਐਡੀਟਰਾਂ ਦਾ ਪੂਰਾ ਭੇਤ ਪਾ ਲਿਆ ਤੇ ਉਹਨਾਂ ਬਾਰੇ ਇਕ ਹਾਸੇ ਠੱਠੇ ਵਾਲਾ ਲੇਖ ' ਘੋੜੀ ਚੜ੍ਹਨਾ ਸੰਪਾਦਕਾਂ ਦਾ ' ਲਿਖ ਕੇ ਛਪਵਾ ਦਿੱਤਾ। ਇਸ ਵਿਚ ਭੁੱਲਰ ਨੇ ਹਮਦਰਦ ਸਾਹਿਬ ਦੇ ਭੁਲੱਕੜਪੁਣੇ ਦੀ ਇਕ ਘਟਨਾ ਦਾ ਜਿਕਰ ਕਰ ਦਿੱਤਾ ਸੀ। ਹਮਦਰਦ ਸਾਹਿਬ ਨੂੰ ਭੁੱਲਰ 'ਤੇ ਬਹੁਤ ਗੁੱਸਾ ਆਇਆ ਤੇ ਜਦੋਂ ਕਦੇ ਵੀ ਭੁੱਲਰ ਨੇ ਹਮਦਰਦ ਸਾਹਿਬ ਨੂੰ ਮਿਲਣਾ ਤਾਂ ਉਸਨੂੰ ਧੁੜਕੂ ਲੱਗਾ ਰਹਿਣਾ ਕਿ ਉਹ ਉਸ ਲੇਖ ਦੀ ਗੱਲ ਛੇੜਨਗੇ ਪਰ ਹਮਦਰਦ ਸਾਹਿਬ ਨੇ ਉਸ ਲੇਖ ਵਾਲੀ ਕਦੇ ਕੋਈ ਗੱਲ ਹੀ ਨਾ ਕੀਤੀ। ਹਾਰ ਕੇ ਇਕ ਦਿਨ ਉਸ ਨੇ ਆਪ ਹੀ ਪੁੱਛ ਲਿਆ ਕਿ ਹਮਦਰਦ ਸਾਹਿਬ ਤੁਸੀਂ ਤਾਂ ਮੇਰੇ 'ਤੇ ਬਹੁਤ ਗੁੱਸੇ ਸੀ, ਕੀ ਗੱਲ ਆਪਣਾ ਗੁੱਸਾ ਕੱਢਿਆ ਹੀ ਨਹੀਂ। ਹਮਦਰਦ ਸਾਹਿਬ ਆਪਣੇ ਅੰਦਾਜ਼ ਵਿਚ ਉੱਚੀ ਆਵਾਜ਼ ਵਿਚ ਹਾ ਹਾ ਕਰਕੇ ਹੱਸੇ ਤੇ ਬੋਲੇ ਕਿ ਗੁੱਸਾ ਤਾਂ ਬਹੁਤ ਆਇਆ ਸੀ ਪਰ ਸ੍ਰੀਮਤੀ ਜੀ ਨੇ ਗੁੱਸੇ ਦੇ ਉਬਾਲੇ 'ਤੇ ਪਾਣੀ ਦੇ ਛਿੱਟੇ ਪਾ ਦਿੱਤੇ ਸਨ। ਉਸ ਨੇ ਮੈਨੂੰ ਕਿਹਾ ਕਿ ਮੁੰਡੇ ਨੇ ਠੀਕ ਲਿਖਿਆ ਤੁਸੀਂ ਤਾਂ ਇਸ ਤੋਂ ਵੀ ਵੱਡੇ ਭੁਲੱਕੜ ਹੋ, ਨਾਲੇ ਉਸ ਨੇ ਤੁਹਾਨੂੰ ਭੁਲੱਕੜ ਹੀ ਲਿਖਿਆ ਹੈ, ਭੌਂਦੂ ਤਾਂ ਨਹੀਂ, ਊਂ ਤੁਸੀਂ ਭੌਂਦੂ ਹੀ ਹੋ।

ਉਹ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਲੇਖਕ ਹੈ ਤੇ ਸਿਰਫ਼ ਲਿਖਤਾਂ ਵਿਚ ਹੀ ਨਹੀਂ ਬਲਕਿ ਅਮਲੀ ਜ਼ਿੰਦਗੀ ਵਿਚ ਵੀ ਉਹ ਮਾਨਵਵਾਦੀ ਹੈ। ਉਹ ਢੌਂਗੀ ਨਹੀਂ । ਉਸ ਦੀ ਕਥਨੀ ਤੇ ਕਰਨੀ ਵਿਚ ਕੋਈ ਫਰਕ ਨਹੀਂ ਹੁੰਦਾ। ਉਸ ਨੇ ਮਾਨਵਤਾ ਦਾ ਇਹ ਪਾਠ ਆਪਣੇ ਬੱਚਿਆਂ ਨੂੰ ਵੀ ਪੜ੍ਹਾਇਆ ਹੈ ਤੇ ਉਹ ਧਰਮਾਂ ਇਲਾਕਿਆਂ ਤੋਂ ਉੱਚੇ ਉੱਠ ਕੇ ਹੀ ਸਮਾਜ ਵਿਚ ਵਿਚਰਦੇ ਹਨ। ਉਸ ਦੇ ਅੰਦਰ ਇਕ ਸੱਚੇ ਲੇਖਕ ਦਾ ਦਿਲ ਧੜਕਦਾ ਹੈ ਜਿਹੜਾ ਦੀਨ ਦੁਖੀਆਂ ਨੂੰ ਵੇਖ ਕੇ ਪਸੀਜ ਜਾਂਦਾ ਹੈ। ਮੁਕਤਸਰ ਦੇ ਲਾਗਲੇ ਪਿੰਡ ਭਾਗਸਰ ਦੀ ਇਕ ਬਹੁਤ ਹੀ ਗਰੀਬ ਘਰ ਦੀ ਲੜਕੀ ਨੇ ਕੌਮੀ ਪੱਧਰ 'ਤੇ ਚਾਈਕਵਾਂਡੋ ਖੇਡ ਵਿਚ ਸੋਨੇ ਦਾ ਤਮਗਾ ਤਾਂ ਜਿੱਤ ਲਿਆ ਪਰ ਲੜਕੀ ਦੀ ਇਸ ਪ੍ਰਾਪਤੀ ਨੂੰ ਉਸਦੇ ਸਕੂਲ, ਪਿੰਡ ਵਾਸੀਆਂ ਅਤੇ ਪ੍ਰਸ਼ਾਸਨ ਨੇ ਅਣਗੋਲਿਆ ਹੀ ਕਰ ਦਿੱਤਾ ਤਾਂ ਲੜਕੀ ਦੇ ਗਰੀਬ ਬਾਪ ਨੇ ਆਪਣੇ ਪੱਧਰ ਤੇ ਇਕ ਢੋਲੀ ਦਾ ਪ੍ਰਬੰਧ ਕਰਕੇ ਖਿਡਾਰਨ ਦੇ ਪਿੰਡ ਪਰਤਣ 'ਤੇ ਉਸਦਾ ਢੋਲ ਵਜਾ ਕੇ ਪੂਰੇ ਜੋਸ਼ ਓ ਖਰੋਸ਼ ਨਾਲ ਸਵਾਗਤ ਕੀਤਾ। ਅਖ਼ਬਾਰ ਦੇ ਪਹਿਲੇ ਪੰਨੇ ਤੇ ਛਪੀ ਇਹ ਖ਼ਬਰ ਪੜ੍ਹ ਕੇ ਗੁਰਬਚਨ ਸਿੰਘ ਭੁੱਲਰ ਨੇ ਪੰਜ ਹਜ਼ਾਰ ਦਾ ਚੈੱਕ ਉਸ ਲੜਕੀ ਦੇ ਨਾਂ ਭੇਜ ਦਿੱਤਾ ਸੀ। ਅਖ਼ਬਾਰਾਂ ਵਿਚੋਂ ਹੀ ਪੜ੍ਹਕੇ ਉਸਨੇ ਇਸਤਰ੍ਹਾਂ ਦੇ ਕਈ ਜ਼ਰੂਰਤਮੰਦਾਂ ਦੀ ਮਦਤ ਕੀਤੀ ਹੈ। ਉਹ ਦਰਦਮੰਦਾਂ ਦਾ ਦਰਦੀ ਹੈ।

ਉਹ ਆਪਣੇ ਆਪ ਨੂੰ ਅਗਾਂਹਵਧੂ ਲਹਿਰ ਦੀ ਪੈਦਾਵਾਰ ਮੰਨਦਾ ਹੈ ਤੇ ਅਗਾਂਹ ਵੱਧਣ ਵਿਚ ਹੀ ਵਿਸ਼ਵਾਸ ਰੱਖਦਾ ਹੈ। ਜਦੋਂ ਕੰਪਿਊਟਰ ਆਇਆ ਤਾਂ ਇਸਦੀ ਅਹਿਮੀਅਤ ਨੂੰ ਭਾਂਪਦਿਆਂ ਉਸਨੇ ਕੰਪਿਊਟਰ ਸਿੱਖਿਆ ਤੇ ਇਸ ਦੀਆਂ ਨਿਆਮਤਾਂ ਨੂੰ ਜਾਣ ਕੇ ਇਸ ਨੂੰ ਦੇਵਤਾ ਦਾ ਖ਼ਿਤਾਬ ਵੀ ਦੇ ਦਿੱਤਾ। ਯੂਨੀਵਰਸਿਟੀ ਦੇ ਇਕ ਲਾਉਣ ਬੁਝਾਉਣ ਵਾਲੇ ਪ੍ਰੋਫੈਸਰ ਨੇ ਆਪਣੇ ਵਿਭਾਗ ਦੇ ਕਲਰਕ ਨੂੰ ਕਿਹਾ ਕਿ ਉਹ ਟਾਈਪ ਸਿੱਖਣੀ ਚਾਹੁੰਦਾ ਹੈ ਤਾਂ ਕਲਰਕ ਨੇ ਉਸਨੂੰ ਜਵਾਬ ਦਿੱਤਾ ਕਿ ਸਰ ਤੁਸੀਂ ਟਾਈਪ ਨਹੀਂ ਸਿੱਖ ਸਕਦੇ ਕਿਉਂਕਿ ਟਾਈਪ ਸਿੱਖਣ ਵਾਸਤੇ ਦਸ ਉਂਗਲਾਂ ਦੀ

ਲੋੜ ਹੁੰਦੀ ਹੈ ਤੇ ਤੁਹਾਡੀ ਤਾਂ ਇਕ ਉਂਗਲ ਹਮੇਸ਼ਾ ਹੀ ਕਿਸੇ ਦੇ ਲੱਗੀ ਹੁੰਦੀ ਹੈ। ਪਰ ਭੁੱਲਰ ਨੇ ਆਪਣੇ ਕੰਪਿਊਟਰ 'ਤੇ ਇਕ ਉਂਗਲ ਨਾਲ ਹੀ ਟਾਈਪ ਸਿੱਖ ਲਈ ਹੈ। ਉਸਨੇ ਇਕ ਉਂਗਲ ਨਾਲ ਹੀ ਟਾਈਪ ਕਰਕੇ ਆਪਣਾ ਚਾਰ ਸੌ ਸਫ਼ੇ ਦਾ ਨਾਵਲ ਵੀ ਲਿਖ ਮਾਰਿਆ ਹੈ ਤੇ ਇਹ ਕਾਰਨਾਮਾ ਅਜੇਹਾ ਹੈ ਜਿਵੇਂ ਕੋਈ ਲੰਗੜਾ ਹਿਮਾਲੀਆ ਪਰਬਤ 'ਤੇ ਚੜ੍ਹ ਜਾਵੇ।

ਉਸ ਨੇ ਪੰਜਾਬੀ ਸਾਹਿਤ ਵਿਚ ਗਿਣਨਾਤਮਕ ਅਤੇ ਗੁਣਨਾਤਮਕ ਦੋਵੇਂ ਪੱਖਾਂ ਤੋਂ ਹੀ ਵਾਧਾ ਕੀਤਾ ਹੈ। ਬਹੁਤੇ ਲੇਖਕਾਂ ਵਾਂਗ ਉਸ ਨੇ ਆਪਣਾ ਲੇਖਕੀ ਸਫ਼ਰ ਕਵਿਤਾ ਤੋਂ ਸ਼ੁਰੂ ਕੀਤਾ ਸੀ। ਉਸ ਦੀਆਂ ਕਵਿਤਾਵਾਂ ਉਸ ਸਮੇਂ ਦੇ ਚੋਟੀ ਦੇ ਰਸਾਲਿਆਂ ਵਿਚ ਛਪਣ ਲੱਗ ਪਈਆਂ ਸਨ ਤੇ ਉਸ ਦੀ ਪਹਿਲੀ ਪ੍ਰਕਾਸ਼ਤ ਪੁਸਤਕ 'ਮੌਨ ਕਹਾਣੀ' ਕਵਿਤਾਵਾਂ ਦੀ ਹੀ ਸੀ। ਪਰ ਫਿਰ ਉਸ ਨੇ ਕਹਾਣੀ ਵੱਲ ਮੋੜਾ ਕੱਟ ਲਿਆ। ਆਪਣੇ ਪਲੇਠੇ ਨਾਵਲ 'ਇਹ ਜਨਮ ਤੁਮਹਾਰੇ ਲੇਖੇ' ਵਿਚ ਵਰਤੀਆਂ ਬਹੁਤੀਆਂ ਕਵਿਤਾਵਾਂ ਉਸਦੀਆਂ ਆਪਣੀਆਂ ਹੀ ਲਿਖੀਆਂ ਹੋਈਆਂ ਹਨ। ਉਸ ਦੇ ਚਾਰੇ ਕਹਾਣੀ ਸੰਗ੍ਰਹਿ ਓਪਰਾ ਮਰਦ, ਵਖਤਾਂ ਮਾਰੇ, ਮੈਂ ਗਜ਼ਨਵੀ ਨਹੀਂ ਅਤੇ ਅਗਨੀ - ਕਲਸ ਪੰਜਾਬੀ ਕਹਾਣੀ ਜਗਤ ਵਿਚ ਨਿੱਗਰ ਵਾਧਾ ਮੰਨੇ ਗਏ ਹਨ। ਇਕੋ ਇਕ ਨਾਵਲ ਲਿਖ ਕੇ ਉਸ ਨੇ ਹੁਣ ਨਾਵਲਕਾਰੀ ਦੇ ਖੇਤਰ ਵਿਚ ਵੀ ਝੰਡੇ ਗੱਡ ਦਿੱਤੇ ਹਨ। ਉਸ ਦੀ ਅਮਰੀਕਾ ਯਾਤਰਾ ਦੇ ਪ੍ਰਭਾਵਾਂ ਦੀ ਪੁਸਤਕ 'ਇਕ ਅਮਰੀਕਾ ਇਹ ਵੀ' ਪੰਜਾਬੀ ਵਿਚ ਆਮ ਕਰਕੇ ਲਿਖੇ ਜਾਂਦੇ ਸਫ਼ਰਨਾਮਿਆਂ ਤੋਂ ਬਿਲਕੁਲ ਹਟ ਕੇ ਪਾਠਕਾਂ ਸਾਹਮਣੇ ਉਸ ਦੇਸ਼ ਦਾ ਨਿਵੇਕਲਾ ਸਮਾਜਕ ਸਭਿਆਚਾਰਕ ਦ੍ਰਿਸ਼ ਪੇਸ਼ ਕਰਦੀ ਹੈ। 'ਨੇੜੇ ਨੇੜੇ' ਵਿਚ ਉਸ ਨੇ ਦਸ ਲੇਖਕਾਂ ਦੇ ਕਲਮੀ ਚਿਤਰ ਲਿਖੇ ਹਨ। ਇਹਨਾਂ ਰੇਖਾ ਚਿਤਰਾਂ ਵਿਚ ਉਸ ਨੇ ਰਵਾਇਤੀ ਮਸਾਲਾ ਲਾਉਣ ਵਾਲੀ ਵਿਧੀ ਤੋਂ ਵੀ ਗੁਰੇਜ਼ ਕੀਤਾ ਹੈ। ਆਪਣੀ ਪੁਸਤਕ 'ਬਚਨ ਬਿਲਾਸ' ਵਿਚ ਉਸ ਨੇ ਦਸ ਕਹਾਣੀਕਾਰਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ ਹਨ। 'ਪੰਜਾਬੀ ਕਹਾਣੀ ਯਾਤਰਾ' ਵਿਚ ਦਸ ਮੋਢੀ ਕਹਾਣੀਕਾਰਾਂ ਦੀਆਂ ਕਹਾਣੀਆਂ ਲੈ ਕੇ ਨਿਰਖ-ਪਰਖ ਕੀਤੀ ਗਈ ਹੈ। 'ਕਲਮ ਕਟਾਰ' ਉਸਦੀ ਸਾਹਿਤਕ ਰੰਗਤ ਵਾਲੇ ਸੰਪਾਦਕੀ ਲੇਖਾਂ ਦੀ ਪੁਸਤਕ ਹੈ। ਉਸ ਨੇ ਬਾਲ ਸਾਹਿਤ ਦੇ ਖੇਤਰ ਵਿਚ ਵੀ ਨਿਗਰ ਮੌਲਿਕ ਅਨੁਵਾਦਿਤ ਤੇ ਸੰਪਾਦਿਤ ਕਾਰਜ ਕੀਤਾ ਹੈ।

ਮੌਲਿਕ ਲਿਖਤਾਂ ਤੋਂ ਇਲਾਵਾ ਭੁੱਲਰ ਨੇ ਅਨੇਕਾਂ ਵੱਡਮੁੱਲੀਆਂ ਸਾਹਿਤਕ ਪੁਸਤਕਾਂ ਦਾ ਸੰਪਾਦਨ ਅਤੇ ਅਨੇਕ ਮਹੱਤਵਪੂਰਨ ਸਾਹਿਤਕ, ਸਮਾਜਕ ਤੇ ਰਾਜਨੀਤਕ ਪੁਸਤਕਾਂ ਦਾ ਹੋਰ ਭਾਸ਼ਾਵਾਂ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਇਹਨਾਂ ਵਿਚ ਕਾਰਲ ਮਾਰਕਸ ਦਾ ਗ੍ਰੰਥ 'ਦਾਸ ਕੈਪੀਟਲ' ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਸਾਹਿਤ ਰਚਨਾ ਦੇ ਨਾਲ ਨਾਲ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਸੰਭਾਲ , ਨਿਰਮਲਤਾ ਅਤੇ ਵਿਕਾਸ ਲਈ ਉਸ ਨੇ ਬਹੁਤ ਹੀ ਵੱਡਮੁੱਲਾ ਯੋਗਦਾਨ ਪਾਇਆ ਹੈ।

ਉਸ ਦੀ ਇਸ ਸਾਹਿਤਕ ਘਾਲਣਾ ਨੂੰ ਸਤਿਕਾਰਿਆ, ਸਲਾਹਿਆ ਤੇ ਸਨਮਾਨਿਆ ਵੀ ਖ਼ੂਬ ਗਿਆ ਹੈ। ਸਾਹਿਤ ਸਭਾਵਾਂ ਵੱਲੋਂ ਭੇਂਟ ਕੀਤੇ ਅਨੇਕਾਂ ਸਨਮਾਨਾਂ ਤੋਂ ਇਲਾਵਾ ਉਸ ਨੂੰ ਨਾਨਕ ਸਿੰਘ ਪੁਰਸਕਾਰ, ਕੁਲਵੰਤ ਸਿੰਘ ਵਿਰਕ ਪੁਰਸਕਾਰ, ਬਲਰਾਜ ਸਾਹਨੀ ਪੁਰਸਕਾਰ, ਡਾ. ਜਗਤਾਰ ਪੁਰਸਕਾਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬੀ ਸੱਥ ਜਲੰਧਰ , ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਤੇ ਦਿੱਲੀ ਸਰਕਾਰ ਦੀ ਪੰਜਾਬੀ ਅਕਾਦਮੀ ਦੇ ਪੁਰਸਕਾਰ ਪ੍ਰਾਪਤ ਹੋ ਚੁੱਕੇ ਹਨ। ਖ਼ੂਬਸੂਰਤ ਪੰਜਾਬੀ ਵਾਰਤਕ ਲਿਖਣ ਵਾਲਿਆਂ ਨੂੰ ਸਨਮਾਨਿਤ ਕਰਨ ਵਾਸਤੇ ਸਥਾਪਤ ਕੀਤਾ ਗਿਆ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ



ਪਹਿਲਾ ਪੁਰਸਕਾਰ ਵੀ ਉਸ ਨੂੰ ਹੀ ਮਿਲਿਆ ਸੀ। ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਵੀ ਉਸ ਨੂੰ ਫੈਲੋਸ਼ਿਪ ਮਿਲੀ ਹੋਈ ਹੈ । ਭਾਰਤੀ ਸਹਿਤ ਅਕਾਦਮੀ ਦੇ ਪੁਰਸਕਾਰ ਦਾ ਜ਼ਿਕਰ ਪਹਿਲਾਂ ਕੀਤਾ ਜਾ ਚੁੱਕਾ ਹੈ। ਕਿਸੇ ਪੰਜਾਬੀ ਲੇਖਕ ਨੂੰ ਮਿਲ ਸਕਣ ਵਾਲਾ ਸ਼ਾਇਦ ਹੀ ਕੋਈ ਅਜੇਹਾ ਪੁਰਸਕਾਰ ਹੋਵੇ ਜੋ ਭੁੱਲਰ ਨੂੰ ਨਾ ਮਿਲਿਆ ਹੋਵੇ। ਇਹ ਸਾਰੇ ਇਨਾਮ ਤੇ ਮਾਨ ਸਨਮਾਨ ਉਸਨੂੰ ਮੈਰਿਟ ਦੇ ਅਧਾਰ 'ਤੇ ਹੀ ਮਿਲੇ ਹਨ। ਪਰ ਮਾਣਾਂ -ਸਨਮਾਨਾਂ ਬਾਰੇ ਉਸ ਦਾ ਕਹਿਣਾ ਹੈ ਕਿ ਉਸ ਦੀਆ ਰਚਨਾਵਾਂ ਨੂੰ ਮਿਲਿਆ ਬੇਹੱਦ ਪਾਠਕ ਪਿਆਰ ਹੀ ਉਸ ਵਾਸਤੇ ਸੱਭ ਤੋਂ ਵੱਡਾ ਮਾਣ -ਸਨਮਾਨ ਹੈ।

ਇਹਨਾਂ ਮਾਣਾਂ ਸਨਮਾਨਾਂ, ਸਰਕਾਰੀ ਤੇ ਗੈਰਸਰਕਾਰੀ ਪੁਰਸਕਾਰਾਂ ਦੀ ਪ੍ਰਾਪਤੀ ਲਈ ਲੇਖਕਾਂ ਵੱਲੋਂ ਕੀ ਕੀ ਹੱਥ ਕੰਡੇ ਅਪਨਾਏ ਜਾਂਦੇ ਹਨ, ਇਸ ਦਾ ਵੀ ਉਸਨੂੰ ਭਲੀ ਭਾਂਤ ਗਿਆਨ ਹੈ। ਪਰ ਉਹ ਹਮੇਸ਼ਾ ਹੀ ਇਨ੍ਹਾਂ ਧੜੇਬੰਦੀਆਂ ਅਤੇ ਜੁਗਾੜਬੰਦੀਆਂ ਤੋਂ ਨਿਰਲੇਪ ਹੀ ਰਿਹਾ ਹੈ। ਉਸ ਵਿਚ ਟਿਪੀਕਲ ਜੱਟ ਵਾਲਾ ਸਵੈਮਾਨ ਤੇ ਅਣਖ ਹੈ ਜਿਸਦੇ ਮੁਕਾਬਲੇ ਇਹ ਪੈਸਾ ਤੇ ਸ਼ੋਹਰਤ ਕੁੱਝ ਵੀ ਨਹੀਂ ਹੁੰਦੀ। ਭਾਰਤੀ ਸਾਹਿਤ ਅਕਾਦਮੀ ਦਾ ਸਰਵਉੱਚ ਪੁਰਸਕਾਰ ਕਿਸ ਨੂੰ ਤੇ ਕਿਵੇਂ ਮਿਲਦਾ ਹੈ, ਇਸਦਾ ਜਿਕਰ ਉਸ ਨੇ ਅਲਫ ਤੋਂ ਬੇ ਤੱਕ ( ਨੂਰ ਵਰਤਾਰਾ ) ਬੜਾ ਹੀ ਬੇਬਾਕੀ ਨਾਲ ਕੀਤਾ ਹੈ। ਇਸ ਵਾਰ ਕਿਸ ਨੂੰ ਤੇ ਕਿਵੇਂ ਇਹ ਇਨਾਮ ਦਵਾਉਣਾ ਇਸ ਦਾ ਤਾਣਾ ਪੇਟਾ ਉਹ ਪਹਿਲਾਂ ਹੀ ਬੁਣ ਲੈਂਦੇ ਹਨ। ਤੇ ਕਈ ਵਾਰ ਤਾਂ ਇੱਥੇ ਇਨਾਮ ਦੇਣ ਵਾਲੇ ਆਪ ਹੀ ਇਨਾਮ ਦੇ ਹੱਕਦਾਰ ਬਣ ਬੈਠਦੇ ਹਨ। ਇਨਾਮਾਂ ਦੇ ਇਸ ਤੰਦੂਆ ਜਾਲ ਵਿਚ ਜਦੋਂ ਤਿਗੜਮਬਾਜ਼ ਤੇ ਜੁਗਾੜੀਆ ਲੇਖਕ ਇਨਾਮ ਲੈ ਵੀ ਜਾਂਦਾ ਹੈ ਤਾਂ ਬਾਅਦ ਵਿਚ ਵੀ ਉਸਨੂੰ ਇਹ ਦੱਸਦੇ ਨੂੰ ਤਰੇਲੀਆਂ ਆ ਜਾਂਦੀਆਂ ਹਨ ਕਿ ਇਹ ਉਸਨੇ ਕਿਵੇਂ ਪ੍ਰਾਪਤ ਕੀਤਾ। ਸਾਹਿਤ ਵਿਚ ਵੜੀ ਇਸ ਸਿਆਸਤ ਕਰਕੇ ਇਨਾਮਾਂ ਦੀ ਇਸ ਬਾਂਦਰ ਵੰਡ ਵਿਚ ਹੱਕਦਾਰਾਂ ਦਾ ਹੱਕ ਹੁਣ ਅਕਸਰ ਹੀ ਮਾਰਿਆ ਜਾਣ ਲੱਗਾ ਹੈ। ਜਦੋਂ ਭੁੱਲਰ ਨੂੰ ਸਾਹਿਤ ਅਕਾਦਮੀ ਦਾ ਇਹ ਸਰਵੋਤਮ ਪੁਰਸਕਾਰ ਮਿਲਿਆ ਸੀ ਤਾਂ ਉਸਨੇ ਕਿਹਾ ਸੀ ਕਿ ਮੇਰੇ ਤੋਂ ਪਹਿਲਾਂ ਇਹ ਪੁਰਸਕਾਰ ਗੁਰਦੇਵ ਸਿੰਘ ਰੁਪਾਣਾ ਨੂੰ ਮਿਲ ਜਾਣਾ ਚਾਹੀਦਾ ਸੀ।

ਉਹ ਪੰਜਾਬੀ ਦਾ ਬਹੁਤ ਹੀ ਸੂਝਵਾਨ, ਸਿਆਣਾ, ਸੁਹਿਰਦ, ਸੰਵੇਦਨਸ਼ੀਲ, ਉੱਚ ਕੋਟੀ ਦਾ ਵਿਦਵਾਨ, ਪੰਜਾਬੀ ਭਾਸ਼ਾ ਦਾ ਗਿਆਤਾ ਅਤੇ ਉੱਚੇ ਤੇ ਸੁੱਚੇ ਇਖਲਾਕ ਵਾਲਾ ਲੇਖਕ ਹੈ। ਅੱਜ ਦੇ ਸਮੇਂ ਵਿਚ ਏਨੇ ਗੁਣ ਸ਼ਾਇਦ ਹੀ ਕਿਸੇ ਪੰਜਾਬੀ ਲੇਖਕ ਵਿਚ ਹੋਣ।

ਭੁੱਲਰ ਅਜੋਕੇ ਪੰਜਾਬੀ ਸਾਹਿਤ ਦਾ ਕਲਸ ਹੈ।

# ਅੱਖਰਾਂ ਦੀ ਲੋਅ ਵਰਗਾ ਰਵਿੰਦਰ ਸਹਿਰਾਅ
## -ਸੁਰਿੰਦਰ ਸੋਹਲ

28 ਮਈ 2017 ਦਾ ਸੂਰਜ, ਮੁਹੱਬਤੀ ਕਿਰਨਾਂ ਦਾ ਕਟੋਰਾ ਭਰੀ ਦਰਵਾਜ਼ੇ ’ਤੇ ਖੜ੍ਹਾ ਹੈ। ਰਵਿੰਦਰ ਸਹਿਰਾਅ ਕਿਚਨ ਵਿਚ ਚਾਹ ਬਣਾ ਰਿਹਾ ਹੈ। ਨੀਰੂ ਭੈਣ ਅਜੇ ਆਪਣੇ ਸਟੋਰ ਤੋਂ ਵਾਪਸ ਨਹੀਂ ਆਈ। ਉਸਨੇ ਆਣ ਕੇ ਸਾਨੂੰ ਲੰਚ-ਬਰੰਚ ਕਰਾਉਣਾ ਹੈ। ਕਿਚਨ ਦੇ ਬਰਾਬਰ ਲਹਿੰਦੇ ਪਾਸੇ, ਬਾਹਰ ਡੈੱਕ ’ਤੇ ਛਾਵੇਂ ਕੁਰਸੀਆਂ ਡਾਹੀ ਬੈਠੇ ਸੁਸ਼ੀਲ ਦੁਸਾਂਝ ਅਤੇ ਗੁਰਮੀਤ ਸਿੰਘ ਸ਼ੁਗਲੀ ‘ਖੱਬੀਆਂ’ ‘ਸੱਜੀਆਂ’ ਗੱਲਾਂ ਦੀਆਂ ਪਤੰਗਾਂ ਪਰ੍ਹਾਂ ਖਿੜੀ ਹੋਈ ਧੁੱਪ ਵਿਚ ਉਡਾ ਰਹੇ ਨੇ। ਬਿੰਦਰ ਬਿਸਮਿਲ ਦਾ ਤਾਜ਼ੇ ਸ਼ਿਅਰ ਵਰਗਾ ਹਾਸਾ ਕਦੇ ਕਦੇ ਲਿਸ਼ਕ ਮਾਰ ਜਾਂਦਾ ਹੈ।

ਰਾਤ ਬਹੁਤ ਲੇਟ ਸੁੱਤੇ ਸਾਂ। ਬਾਲਟੀਮੋਰ ਵਿਚ ਧਰਮ ਸਿੰਘ ਗੋਰਾਇਆ ਦੀ ਕਿਤਾਬ ਦਾ ਰਲੀਜ਼ ਸਮਾਗਮ ਸੀ। ਮਾਸਟਰ ਧਰਮ ਪਾਲ ਉੱਗੀ ਦਾ ਪ੍ਰਬੰਧ, ‘ਚੀ ਗਵੇਰਾ’ ਬਾਰੇ ਕਿਤਾਬ ਅਤੇ ਰਵਿੰਦਰ ਸਹਿਰਾਅ ਦਾ ਪ੍ਰੋਗਰਾਮ ਨੂੰ ਚਲਾਉਣ ਦਾ ਸੁਹਜੀਲਾ ਸਲੀਕਾ। ਏਨਾ ਕਾਮਯਾਬ ਸਮਾਗਮ ਕਦੇ ਕਦੇ ਹੀ ਦੇਖਣ ਨੂੰ ਮਿਲਦਾ ਹੈ। ਰਾਤੀਂ 10 ਵਜੇ ਦੇ ਕਰੀਬ ਪ੍ਰੋਗਰਾਮ ਖ਼ਤਮ ਹੋਇਆ ਸੀ। ਮਿੱਥੇ ਪ੍ਰੋਗਰਾਮ ਮੁਤਾਬਿਕ ਨਿਊਯਾਰਕ ਤੋਂ ਪਹੁੰਚੇ ਮੈਂ ਤੇ ਗੁਰਮੀਤ ਸਿੰਘ ਸ਼ੁਗਲੀ (‘ਨਵਾਂ ਜ਼ਮਾਨਾ’ ਦੀ ਸੰਚਾਲਕ ਸੰਸਥਾ ‘ਅਰਜਨ ਸਿੰਘ ਗੜਗੱਜ ਫ਼ਾਊਂਡੇਸ਼ਨ’ ਦੇ ਜਨਰਲ ਸਕੱਤਰ), ਪ੍ਰੋਗਰਾਮ ਤੋਂ ਬਾਦ ਰਵਿੰਦਰ ਸਹਿਰਾਅ ਦੇ ਘਰ ਬਾਰਾਂ ਕੁ ਵਜੇ ਦੇ ਕਰੀਬ ਪਹੁੰਚ ਗਏ ਸਾਂ। ਸ਼ਾਇਦ ਪ੍ਰੋਗਰਾਮ ਦੀ ਸਫ਼ਲਤਾ ਦੇ ਸਰੂਰ ਵਿਚ ਹੀ ਤੜਕੇ ਦੇ ਸਾਢੇ ਤਿੰਨ ਵਜੇ ਤੱਕ ਬੈਠੇ ਰਹੇ ਸਾਂ ਅਤੇ ਸਵੇਰੇ ਲੇਟ ਹੀ ਉੱਠ ਸਕੇ ਸਾਂ।

ਗੁਰਮੀਤ ਸਿੰਘ ਸ਼ੁਗਲੀ, ਸ਼ੁਰਲੀਆਂ ਛੱਡ ਰਿਹਾ ਹੈ। ਬਹੁਤੀਆਂ ਸ਼ੁਰਲੀਆਂ ਉਸਦੇ ਵਕੀਲੀ ਪੇਸ਼ੇ ਨਾਲ ਹੀ ਸੰਬੰਧਿਤ ਹਨ:

‘ਭਾਈ ਜੀ, ਜੱਟ ਭੋਲੇ ਵੀ ਬੜੇ ਹੁੰਦੈ ਐ ਤੇ ਸ਼ਤਾਨ ਵੀ। ਇਕ ਵਾਰੀ ਇਕ ਜੱਟ ਨੇ ਪਿੰਡ ਵਿਚ ਡੇਰਾ ਖੋਲ੍ਹ ਲਿਆ। ਲੋਕਾਂ ਵਿਚ ਆਪਣੇ ਕਰਾਮਾਤੀ ਹੋਣ ਦਾ ਰੌਲਾ ਪੁਆ ਦਿੱਤਾ। ਕੁਝ ਅਗਾਂਹ-ਵਧੂ ਲੋਕਾਂ ਨੇ ਉਸ ਦੇ ਖ਼ਿਲਾਫ਼ ਕੇਸ ਕਰ ਦਿੱਤਾ, ਬਈ ਇਹ ਪਾਖੰਡੀ ਐ, ਇਹਦੇ ਕੋਲ ਕੋਈ ਕਰਾਮਾਤ ਨਹੀਂ। ਅਦਾਲਤ ਵਿਚ ਕੇਸ ਚਲਾ ਗਿਆ। ਜੱਟ ਦਾ ਵਿਰੋਧੀ ਵਕੀਲ ਦਲੀਲ ’ਤੇ ਦਲੀਲ ਦੇ ਕੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਬਈ ਦੁਨੀਆ ’ਤੇ ਕਰਾਮਾਤ ਹੁੰਦੀ ਈ ਨਹੀਂ। ਜੱਟ ਅੜਿਆ ਰਿਹਾ। ਹਾਰ ਕੇ ਜੱਜ ਨੇ ਜੱਟ ਨੂੰ ਕਿਹਾ,‘ਕਿਉਂ ਬਈ ਤੂੰ ਕੋਈ ਕਰਾਮਾਤ ਦਿਖਾ ਸਕਦੈਂ ?’

ਜੱਟ ਕਹਿੰਦਾ,‘ ਹਾਂ ਜੀ।’

ਜੱਜ ਨੇ ਕਿਹਾ,‘ਦਿਖਾ ਫਿਰ।’

ਜੱਟ ਕਹਿੰਦਾ,‘ਜਨਾਬ ਕਿਰਪਾਨ ਮੰਗਵਾਓ। ਤੁਸੀਂ ਮੇਰੇ ਵਿਰੋਧੀ ਵਕੀਲ ਦੀ ਧੌਣ ਵੱਢ ਦਿਉ। ਮੈਂ ਜੋੜ ਕੇ ਦਿਖਾ ਦਊਂ।’



ਕੰਬਦਾ ਕੰਬਦਾ ਵਿਰੋਧੀ ਵਕੀਲ ਕਹਿੰਦਾ,‘ਜਨਾਬ ਇਹ ਸੱਚ ਕਹਿੰਦਾ, ਇਹ ਕਰਾਮਾਤ ਕਰ ਸਕਦੈ। ਇਹਨੂੰ ਬਰੀ ਕਰ ਦਿਉ।’

ਇਸ ਸ਼ਗੂਫ਼ੇ ਦੇ ਹਾਸੇ ਦਾ ਰੰਗ ਫ਼ਜ਼ਾ ਵਿਚ ਅਜੇ ਸੁੱਕਿਆ ਨਹੀਂ ਹੈ, ਉਹ ਹੋਰ ਸ਼ੁਰਲੀ ਛੱਡ ਦਿੰਦਾ ਹੈ:

‘ਭਰਾਵੋ ਮੈਂ ਵੀ ਵਕੀਲ ਆਂ। ਏਸੇ ਕਰਕੇ ਵਕੀਲਾਂ ਦੀਆਂ ਗੱਲਾਂ ਈਂ ਸੁਣਾਊਂ। ਇਕ ਵਾਰੀ ਇਕ ਜੱਟ ਕਹਿੰਦਾ, ਮੈਂ ਵਕੀਲ ਨਹੀਂ ਕਰਨਾ, ਆਪਣਾ ਕੇਸ ਆਪ ਲੜਨਾ। ਜੱਜ ਕਹਿੰਦਾ ਲੜੋ। ਜੱਟ ਨੇ ਬੋਲਣਾ ਸ਼ੁਰੂ ਕੀਤਾ। ਜੱਜ ਕਹਿੰਦਾ ਮੈਨੂੰ ਤੇਰੀ ਕੋਈ ਗੱਲ ਸਮਝ ਨਹੀਂ ਆਉਂਦੀ, ਵਕੀਲ ਕਰ ਲੈ। ਜੱਟ ਅੱਗੋਂ ਬੋਲਿਆ, ਕਮਾਲ ਐ, ਸਮਝ ਤੈਨੂੰ ਨਹੀਂ ਆਉਂਦੀ, ਵਕੀਲ ਮੈਂ ਕਰਾਂ।’

ਸੁਸ਼ੀਲ ਦੁਸਾਂਝ ਖਿੜ-ਖਿੜਾ ਕੇ ਹੱਸਿਆ ਹੈ। ਸਰੀਰ ਸਮੇਤ ਬਿੰਦਰ ਬਿਸਮਿਲ ਨੇ ਠਹਾਕਾ ਲਾਇਆ ਹੈ। ਸਵੇਰ ਦੀ ਮਹਿਕ ਵਿਚ ਹਾਸਾ ਖਿਲਾਰਦਾ ਮੈਂ ਕੁਰਸੀ ਤੋਂ ਉੱਠ ਕੇ ਡੈੱਕ ਦੇ ਕੋਨੇ ’ਤੇ ਖੜ੍ਹਾ ਸੱਤ-ਅੱਠ ਫੁੱਟ ਨੀਵੇਂ ਬੈਕ-ਯਾਰਡ ਵੱਲ ਦੇਖਦਾ ਹਾਂ। ਖ਼ੁਸ਼ਕ ਅਤੇ ਬੰਜਰ ਜਿਹੀ ਜ਼ਮੀਨ ਵਿਚ ਚੈਰੀ ਅਤੇ ਪਲੱਮ ਦੇ ਬੂਟੇ ਖ਼ਾਮੋਸ਼ ਭਾਸ਼ਾ ਵਿਚ ਕੋਈ ਤਬਸਰਾ ਕਰਦੇ ਜਾਪਦੇ ਨੇ। ਸ਼ਾਇਦ ਸਾਡੀਆਂ ਕਮਲੀਆਂ ’ਤੇ ਈ ਹੱਸਦੇ ਹੋਣ। ਇਹਨਾਂ ਸੁੰਦਰ ਅਤੇ ਕੋਮਲ ਬੂਟਿਆਂ ਦਾ ਜ਼ਿਕਰ ਕਰਦੀ ਨਜ਼ਮ ਰਵਿੰਦਰ ਨੇ ਕੁਝ ਦਿਨ ਪਹਿਲਾਂ ਹੀ ਫੋਨ ’ਤੇ ਸੁਣਾਈ ਸੀ:

ਕਿੰਨਾ ਚੰਗਾ ਲੱਗਦਾ ਹੈ
ਬੈਕ-ਯਾਰਡ ਵਿਚ ਜ਼ਮੀਨ ਤਿਆਰ ਕਰਦਿਆਂ
.....
ਪੂਦਨੇ ਦੀ ਮਹਿਕ
ਹਵਾਵਾਂ ’ਚ ਘੁਲ਼ ਰਹੀ ਹੈ
ਦੋ ਵਰ੍ਹੇ ਪਹਿਲਾਂ ਲਾਏ
ਚੈਰੀ ਅਤੇ ਪਲੱਮ ਦੇ ਬੂਟੇ
ਐਤਕੀਂ ਫੁੱਲਾਂ ਨਾਲ
ਫਿਰ ਫਲਾਂ ਨਾਲ ਭਰ ਗਏ
ਭੱਜ ਅੰਦਰ ਆਉਂਦਾ
ਤੇ ਘਰਵਾਲੀ ਨੂੰ ਖ਼ੁਸ਼ਖ਼ਬਰੀ ਸੁਣਾਉਂਦਾ ਹਾਂ
ਚੈਰੀ ਦਾ ਬੂਟਾ ਉਸਦਾ ਹੈ
ਤੇ ਪਲੱਮ ਮੇਰਾ
ਖ਼ੁਸ਼ ਹੈ ਉਹ ਵੀ ਬਹੁਤ
ਸੋਚਦਾ ਹਾਂ
ਰੁੱਖਾਂ ਨਾਲ ਗੱਲਾਂ ਕਰਨਾ
ਕਈ ਵੇਰਾਂ ਮਨੁੱਖਾਂ ਨਾਲੋਂ ਚੰਗਾ ਹੁੰਦਾ...

ਬੂਟਿਆਂ ਵਾਲੀ ਥਾਂ ਨੂੰ ਮੈਂ ਜ਼ਰਾ ਗ਼ੌਰ ਨਾਲ ਦੇਖਦਾ ਹਾਂ। ਇਹੀ ਥਾਂ ਸੀ ਜਿੱਥੇ ਰਵਿੰਦਰ ਨੇ ਬਲਿਊ ਲੇਬਲ ਦੀ ਬੋਤਲ ਇਸ ਵਾਅਦੇ ਨਾਲ ਦੱਬੀ ਸੀ ਕਿ ਮੇਰੇ ਆਉਣ ’ਤੇ ਹੀ ਪੁੱਟਾਂਗੇ। ਮੈਂ ਡੈੱਕ ਦੀਆਂ ਪਾਉੜੀਆਂ ਉਤਰ ਕੇ ਬੈਕ-ਯਾਰਡ ਵਿਚ ਲੱਗੇ ਬੂਟਿਆਂ ਵੱਲ ਤੁਰ ਪਿਆ ਹਾਂ।

4 ਜੁਲਾਈ ਸੀ 2014 ਸੰਨ ਦੀ। ਮੇਰਾ ਅਤੇ ਦਲਜੀਤ ਮੋਖਾ ਦਾ ਪਰਿਵਾਰ ਪੈਨਸਲਵੇਨੀਆ ਰਵਿੰਦਰ ਦੇ ਘਰ ਆਜ਼ਾਦੀ ਦਿਵਸ ਮਨਾਉਣ ਗਏ ਸਾਂ। ਉਦੋਂ ਅਸੀਂ ਅੰਦਰ ਬੈਠੇ ਸਾਂ। ਰਵਿੰਦਰ ਸਹਿਰਾਅ ਨੇ ਮੈਨੂੰ ਅੱਖ ਨਾਲ ਇਸ਼ਾਰਾ ਕੀਤਾ। ਅਸੀਂ ਘਰ ਦੇ ਬੈਕ-ਯਾਰਡ ਵਿਚ ਚਲੇ ਗਏ। ਉਸਦੀਆਂ ਅੱਖਾਂ ਵਿਚ ਸ਼ਰਾਰਤ ਭਰੀ ਚਮਕ ਸੀ ਅਤੇ ਬੁੱਲ੍ਹਾਂ 'ਤੇ ਮਨਮੋਹਕ ਜਿਹੀ ਮੁਸਕਰਾਹਟ। ਪੈਰਾਂ ਭਾਰ ਬੈਠ ਕੇ ਉਸ ਨੇ ਨਿੱਕੀ ਜਿਹੀ ਰੰਬੀ ਨਾਲ ਬੰਜਰ ਜਿਹੀ ਜ਼ਮੀਨ ਪੁੱਟੀ। ਨਿੱਕੀਆਂ ਨਿੱਕੀਆਂ ਬੱਟੀਆਂ ਤੇ ਰੋੜਾਂ ਵਾਲੀ ਖ਼ੁਸ਼ਕ ਮਿੱਟੀ ਪਾਸੇ ਕਰਦੇ ਹੋਏ ਬਲਿਊ ਲੇਬਲ ਦੀ ਬੋਤਲ ਜ਼ਮੀਨ ਵਿਚੋਂ ਮੂਲੀ ਵਾਂਗ ਧੂਹ ਲਈ। ਉਸ ਨੂੰ ਸਾਫ਼ ਕੀਤਾ ਤੇ ਮੇਰੇ ਵੱਲ ਕਰ ਕੇ ਹਿਲਾਇਆ। ਉਸ ਨੇ ਜਿਵੇਂ ਬੰਜਰ ਜਿਹੀ ਮਿੱਟੀ ਨਹੀਂ ਸੀ ਖੋਦੀ, ਸਗੋਂ ਸਮੁੰਦਰ ਮੱਥ ਕੇ ਤੇਰਵਾਂ ਰਤਨ ਕੱਢਿਆ ਸੀ।

ਉਸ ਨੇ ਦਾਰੂ ਪੀਣੀ ਅਤੇ ਘਰ ਵਾੜਨੀ ਬੰਦ ਕੀਤੀ ਹੋਈ ਸੀ। ਉਹਨੀਂ ਦਿਨੀਂ ਉਸ ਦੇ ਘਰ ਸਭ ਲਈ ਦਾਰੂ ਬੰਦ ਸੀ। ਸਿਰਫ਼ ਮੈਂ ਅਤੇ ਗੁਰਬਚਨ (ਚੰਡੀਗੜ੍ਹੀਆ) ਹੀ ਪੀ ਸਕਦੇ ਸਾਂ।

ਬੰਜਰ ਜ਼ਮੀਨ ਨਾਲ ਰਵਿੰਦਰ ਦੀ ਪੁਰਾਣੀ ਸਾਂਝ ਸੀ। ਜਦੋਂ ਉਸਦਾ ਬਾਪ ਪੂਰਾ ਹੋਇਆ ਰਵਿੰਦਰ ਮਸਾਂ ਤਿੰਨ ਕੁ ਸਾਲ ਦਾ ਹੋਏਗਾ। ਸ਼ਰੀਕਾਂ ਨੇ ਵਾਹੀ ਯੋਗ ਜ਼ਮੀਨ ਆਪ ਸਾਂਭ ਲਈ ਸੀ ਤੇ ਬੰਜਰ, ਬੀਆਬਾਨ ਇਹਨਾਂ ਦੇ ਹਿੱਸੇ ਆ ਗਈ ਸੀ। ਉਸ ਬੰਜਰ ਨੂੰ ਰਵਿੰਦਰ ਨੇ ਆਪਣੀ ਮਿਹਨਤ ਨਾਲ ਅਜਿਹੀ ਸ਼ੱਕਰ ਵਰਗੀ ਨਰਮ ਤੇ ਉਪਜਾਊ ਬਣਾ ਲਿਆ ਸੀ ਕਿ ਸਮੁੰਦਰ ਵਿਚੋਂ ਨਿਕਲਦੇ ਰਤਨਾਂ ਵਾਂਗ ਫ਼ਸਲਾਂ ਦਾ ਝਾੜ ਦੇਖ ਕੇ ਆਂਢੀ-ਗੁਆਂਢੀ ਵੀ ਦੇਖਦੇ ਰਹਿ ਗਏ ਸਨ।

ਹਰਦੋ ਫ਼ਰਾਲੇ ਤੋਂ ਪ੍ਰਾਇਮਰੀ ਕਰਕੇ, ਮਹੇੜੂ ਤੋਂ ਮੈਟ੍ਰਿਕ ਕਰਕੇ ਜਦੋਂ ਰਵਿੰਦਰ ਰਾਮਗੜ੍ਹੀਆ ਕਾਲਜ, ਫਗਵਾੜਾ ਵਿਚ ਦਾਖਲ ਹੋਇਆ ਤਾਂ ਖੱਬੇ ਪੱਖੀ ਲਹਿਰ ਜ਼ੋਰ ਫੜ ਚੁੱਕੀ ਸੀ। ਬੰਜਰ ਜ਼ਿੰਦਗੀਆਂ ਵਿਚ ਖ਼ੁਸ਼ੀਆਂ ਦੇ ਗੁਲਾਬ ਖਿੜਾਉਣ ਦਾ ਸੁਪਨਾ ਰਵਿੰਦਰ ਦੀਆਂ ਅੱਖਾਂ ਵੀ ਦੇਖਣ ਲੱਗ ਪਈਆਂ ਸਨ। ਜੇ ਉਹ ਬੰਜਰ ਜ਼ਮੀਨ ਨੂੰ ਉਪਜਾਊ ਬਣਾ ਸਕਦਾ ਸੀ ਤਾਂ ਬੰਜਰ ਜ਼ਿੰਦਗੀਆਂ ਵਿਚ ਇਨਕਲਾਬ ਦੇ ਸਾਵਣ ਬਰਸਾ ਕੇ ਹਾਸਿਆਂ ਦੇ ਗੇਂਦੇ ਕਿਉਂ ਨਹੀਂ ਸੀ ਖਿੜਾ ਸਕਦਾ? ਉਸ ਨੂੰ ਲਗਦਾ ਸੀ, ਇਨਕਲਾਬ ਦੇ ਸੂਰਜ ਅੱਗੇ ਜਰਜਰ ਸਿਆਸਤ ਦਾ ਨਿਜ਼ਾਮ ਅਤੇ ਸਰਮਾਏਦਾਰੀ ਦੇ ਮਹਿਜ਼ ਬੱਦਲ ਹੀ ਨੇ। ਉਸ ਨੇ ਤੇ ਉਸ ਦੇ ਸਾਥੀਆਂ ਨੇ ਹਨ੍ਹੇਰੀ ਬਣ ਕੇ ਝੁੱਲਣਾ ਹੈ ਅਤੇ ਸਾਰਾ ਕੁਝ ਉੜਾ ਕੇ ਲੈ ਜਾਣਾ ਹੈ। ਸੂਰਜ ਨੇ ਆਪਣੇ ਪ੍ਰਕਾਸ਼ ਨਾਲ ਹਨ੍ਹੇਰੀਆਂ ਝੁੱਗੀਆਂ ਦਾ ਕਿਣਕਾ ਕਿਣਕਾ ਸੋਨੇ ਦਾ ਬਣਾ ਦੇਣਾ ਹੈ।

ਪੰਜਾਬ ਐਗਲੀਕਲਚਲ ਯੂਨੀਵਰਸਿਟੀ ਲੁਧਿਆਣਾ ਦੀ ਯੂਨੀਅਨ ਨੇ ਹੜਤਾਲ ਕੀਤੀ ਸੀ। ਉਹਨਾਂ ਦੇ ਹੱਕ ਵਿਚ ਸਾਰੀਆਂ ਯੂਨੀਅਨਾਂ ਨੇ ਹੜਤਾਲ ਕਰ ਦਿੱਤੀ। ਬੀ ਏ ਭਾਗ ਪਹਿਲਾ ਦਾ ਵਿਦਿਆਰਥੀ, ਤੂਤ ਦੀ ਛਿਟੀ ਵਰਗਾ ਪਤਲਾ ਤੇ ਬਾਜ਼ ਵਰਗਾ ਫੁਰਤੀਲਾ ਰਵਿੰਦਰ ਛਾਲ ਮਾਰ ਕੇ ਕਾਲਜ ਦੀ ਕੰਧ 'ਤੇ ਚੜ੍ਹ ਗਿਆ। ਉਸਦਾ ਚਿਹਰਾ ਇੰਝ ਲਿਸ਼ਕ ਰਿਹਾ ਸੀ, ਜਿਵੇਂ ਸੂਰਜ ਕੰਧ 'ਤੇ ਉਤਰ ਆਇਆ ਹੋਵੇ। ਉਸਦੇ ਬੋਲ ਸ਼ਰਾਰਿਆਂ ਵਾਂਗ ਕਾਲੀਆਂ ਤਾਕਤਾਂ ਦੇ ਪਿੰਡਿਆਂ 'ਤੇ ਨਿਸ਼ਾਨ ਪਾ ਰਹੇ ਸਨ। ਪੁਲਿਸ ਦੀ ਧਾੜ ਨੇ ਸੁਨਹਿਰੀ ਤਕਰੀਰ ਕਰਦੇ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਲੋਕ ਸੋਚ ਰਹੇ ਸਨ, ਏਨਾ ਮਾੜਕੂ ਜਿਹਾ ਪੁਲਿਸ ਦਾ ਤਸ਼ੱਦਦ ਸਹਿ ਲਵੇਗਾ? ਪਰ ਸ਼ਾਇਦ ਉਸ ਅੰਦਰਲੀ ਪੱਕਿਆਈ ਤੋਂ ਉਹ ਨਾਵਾਕਿਫ਼ ਸਨ। ਮਘਦੇ ਬੋਲਾਂ ਨੂੰ ਡੇਢ ਮਹੀਨੇ ਲਈ ਹਨ੍ਹੇਰੀ ਗੁਫ਼ਾ ਵਿਚ ਬੰਦ ਕਰ ਦਿੱਤਾ ਸੀ। ਇਹ ਘਟਨਾ ਜਨਵਰੀ 1974 ਦੀ ਸੀ। ਪਹਿਲਾਂ ਵੀ ਉਸਨੂੰ ਇਕ ਵਾਰ ਗ੍ਰਿਫ਼ਤਾਰ ਕੀਤਾ ਸੀ, ਪਰ ਕੋਈ ਸਬੂਤ ਨਾ ਹੋਣ ਕਾਰਨ ਥਾਣਿਓਂ ਹੀ ਤੋਰ ਦਿੱਤਾ



ਸੀ।

ਉਸ ਅੰਦਰ ਸੁਪਨੇ ਅਗੜਾਈਆਂ ਲੈ ਰਹੇ ਸਨ। ਜਵਾਨੀ ਮਹਿਕਣ ਤੇ ਟਹਿਕਣ ਲੱਗ ਪਈ ਸੀ।

ਹਵਾਵਾਂ ਸੂਹੀਏ ਬਣ ਗਈਆਂ। ਬੱਸ ਅੱਡੇ ਉਹਨਾਂ ਦੀਆਂ ਢਾਣੀਆਂ ਨੂੰ ਪਹਿਚਾਣਨ ਲੱਗ ਪਏ ਸਨ। ਦਿਨ ਦੀ ਲੋਅ ਮੁਖ਼ਬਰ ਬਣ ਗਈ ਸੀ। ਮੰਜ਼ਿਲ 'ਤੇ ਪਹੁੰਚਣ ਲਈ ਉਹ ਰਾਤ ਬਰਾਤੇ ਨਿਕਲਦੇ। ਮਹਿਬੂਬਾ ਦੀਆਂ ਜ਼ੁਲਫ਼ਾਂ 'ਚ ਤਾਰੇ ਟੰਗਣ ਦੇ ਲਾਰਿਆਂ ਤੋਂ ਅਗਾਂਹ ਦਾ ਸੀ ਉਹਨਾਂ ਦਾ ਸਫ਼ਰ-

ਅਸੀਂ ਮਹਿਬੂਬਾ ਨੂੰ
ਅੰਬਰਾਂ ਤੋਂ ਤਾਰੇ ਤੋੜ ਕੇ
ਮੀਢੀਆਂ ਵਿਚ ਜੜਨ ਦਾ
ਲੁਭਾਉਣਾ ਲਾਰਾ ਨਹੀਂ ਦਿੰਦੇ
ਅਸੀਂ ਤਾਂ ਤਾਰਿਆਂ ਦੀ ਛਾਂਵੇਂ
ਤੁਰਨ ਵਿਚ ਵਿਸ਼ਵਾਸ ਰੱਖਦੇ ਹਾਂ
ਅਸੀਂ ਤਾਂ ਪੰਛੀ ਦੇ ਬੋਟ ਦੀ
ਪਹਿਲੀ ਉਡਾਣ ਹਾਂ
ਜੋ ਉਡਦਾ ਹੈ
ਡਿੱਗਦਾ ਹੈ ਤੇ ਫਿਰ ਉਡਦਾ ਹੈ
ਅਤੇ ਇੰਝ ਵਕਫ਼ਾ ਤੈਅ ਕਰਦਾ ਹੈ...

ਮਾਰਕਸੀ ਫ਼ਲਸਫ਼ੇ ਨੇ ਸੋਚ ਨੂੰ ਤਰਕ ਦੀ ਸਾਣ 'ਤੇ ਚਾੜ੍ਹ ਰੱਖਿਆ ਸੀ। ਪਰ ਦਿਲ ਦੇ ਜਜ਼ਬਿਆਂ ਦਾ ਕੋਈ ਕੀ ਕਰੇ?

ਬੇਨਾਮ ਮੁਹੱਬਤ ਦਾ ਖ਼ਤ ਉਸਨੂੰ ਮਿਲਿਆ। ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਾਨ। ਦਿਲ 'ਚ ਪਹਿਲੀ ਮੁਹੱਬਤ ਦੀ ਤਰੰਗ। ਪਰ ਝਟ ਮਸਤਕ ਵਿਚ ਚਲਦੇ ਤਰਕ ਦੇ ਆਰੇ ਦਾ ਜ਼ੋਰ ਪਿਆ। ਖ਼ਤ ਲੀਰੋ-ਲੀਰ ਕਰ ਦਿੱਤਾ। ਸੁੱਟਣ ਲੱਗਾ ਤਾਂ ਦਿਲ ਦਾ ਜਜ਼ਬਾ ਭਾਰੂ ਹੋ ਗਿਆ। ਖ਼ਤ ਪਾੜ ਤਾਂ ਦਿੱਤਾ ਪਰ ਸੁੱਟਿਆ ਨਾ ਗਿਆ। ਕਮਰੇ ਦੇ ਇਕ ਖੂੰਜੇ ਸੰਭਾਲ ਲਿਆ, ਜਿਵੇਂ ਦਿਲ ਦੇ ਖੂੰਜੇ ਕੋਈ ਮਿੱਠੀ ਜਿਹੀ ਯਾਦ ਸੰਭਾਲ ਲਈਦੀ ਹੈ। ਤੇ ਬੇਨਾਮ ਖ਼ਤ ਆਉਂਦੇ ਗਏ। ਲੀਰੋ-ਲੀਰ ਹੁੰਦੇ ਗਏ ਤੇ ਕਮਰੇ ਦੇ ਖੂੰਜੇ ਵਿਚ ਸੰਭਾਲ ਹੁੰਦੇ ਗਏ।

ਅਚਾਨਕ ਇਕ ਕਾਮਰੇਡ ਨੂੰ ਲੱਭ ਗਏ। ਉਸਨੇ ਟੁਕੜਿਆਂ ਨੂੰ ਜੋੜਿਆ। ਪੜ੍ਹਿਆ। ਤਿੜ੍ਹਿਆ। ਖਿਝਿਆ-'ਇਹ ਕੀ ਕਾਮਰੇਡ, ਸਾਡੀ ਮੰਜ਼ਿਲ ਇਹ ਨਹੀਂ, ਇਨਕਲਾਬ ਹੈ।'

'ਏਸੇ ਕਰ ਕੇ ਤਾਂ ਮੈਂ ਖ਼ਤ ਪਾੜੀ ਜਾਨਾਂ। ਮੈਂ ਤਾਂ ਨਹੀਂ ਲਿਖਦਾ ਨਾ। ਦੂਜਾ ਲਿਖੀ ਜਾਵੇ ਤਾਂ ਮੈਂ ਕੀ ਕਰ ਸਕਦਾਂ?' ਰਵਿੰਦਰ ਨੇ ਕਿਹਾ, ਪਰ ਉਹ ਖ਼ਤਾਂ ਦੇ ਕਾਗ਼ਜ਼ ਨੂੰ ਤਾਂ ਪਾੜ ਦਿੰਦਾ ਸੀ, ਖ਼ਤਾਂ ਦੀ ਇਬਾਰਤ ਨੂੰ ਕੋਈ ਕਿਵੇਂ ਪਾੜ ਸਕਦਾ ਹੈ! ਪਰ ਇਹ ਰਹੱਸ ਰਹੱਸ ਹੀ ਬਣਿਆ ਰਿਹਾ, ਸਿਰਫ਼ ਮੁਹੱਲਾ ਸਤਨਾਮ ਪੁਰਾ, ਫਗਵਾੜਾ ਦੀ ਮੋਹਰ ਕਦੇ ਕਦੇ ਉਸਦੀਆਂ ਅੱਖਾਂ ਵਿਚ ਤੈਰ ਜਾਂਦੀ।

ਮੁਹੱਬਤ ਦਾ ਜਜ਼ਬਾ ਕਿੰਨਾ ਬੇਰੋਕ ਹੁੰਦਾ ਹੈ, ਸ਼ੂਕਦਾ ਚਨਾਬ ਨਜ਼ਰ ਨਹੀਂ ਆਉਂਦਾ,

ਤਪਦਾ ਥਲ ਪੈਰਾਂ ਨੂੰ ਛੂੰਹਦਾ ਹੀ ਨਹੀਂ, ਸਲੀਬ ਜਿਵੇਂ ਮਹਿਬੂਬ ਵਾਂਗ ਆਸ਼ਕ ਨੂੰ ਕਲਾਵੇ ਵਿਚ ਲੈ ਲੈਂਦੀ ਹੈ। ਲੋਕਾਈ ਦੀ ਮੁਹੱਬਤ ਦਾ ਇਹੀ ਜਜ਼ਬਾ ਰਵਿੰਦਰ ਨੂੰ ਡੋਲਣ ਨਹੀਂ ਸੀ ਦਿੰਦਾ। ਉਸ ਲਈ 'ਜ਼ਿੰਦਗੀ' ਹੀ ਮਹਿਬੂਬਾ ਸੀ:

ਜ਼ਿੰਦਗੀ !
ਤੂੰ ਤੇ ਉਹ ਹੁਸੀਨਾ ਏਂ
ਜਿਹਦੇ ਹੁਸਨ ਨੂੰ ਮਾਨਣ ਲਈ
ਅਸੀਂ ਜਿਸਮ ਦੇ ਚੀਥੜੇ ਕਰਵਾਏ
ਦਹਿਸ਼ਤ ਦੇ ਕਾਲੇ ਦੌਰ ਅੰਦਰ ਵੀ
ਆਪਣੇ ਹਮਸਫ਼ਰਾਂ ਦੀਆਂ
ਲਾਸ਼ਾਂ 'ਤੇ ਰੋਣ ਦੀ ਥਾਵੇਂ
ਉਨ੍ਹਾਂ ਦੇ ਲਹੂ ਨੂੰ ਮੁੱਠੀ 'ਚ ਲੈ ਕੇ
ਤੇਰੇ ਮਸਤਕ 'ਤੇ ਟਿੱਕਾ ਲਾਉਣ ਦਾ
ਅਰਮਾਨ ਰੱਖਦੇ ਸਾਂ..।

ਵਕਤ ਹਨ੍ਹੇਰੀ ਵਾਂਗ ਲੰਘਿਆ ਤੇ ਕਮਰੇ ਦੇ ਖੂੰਜੇ ਵਿਚ ਸਾਂਭੇ ਹੋਏ ਖ਼ਤਾਂ ਦੇ ਟੁਕੜੇ ਆਪਣੀ ਔਧ ਹੰਢਾਅ ਗਏ ਹੋਣਗੇ, ਪਰ ਯਾਦਾਂ 'ਨਿੱਤ ਨਵੀਆਂ' ਰਹਿੰਦੀਆਂ ਨੇ। ਖ਼ਤਾਂ ਦੇ ਉਹ ਟੁਕੜੇ ਜ਼ਰੂਰ ਬੱਦਲਾਂ ਦੀ ਜੂਨ ਪੈ ਗਏ ਹੋਣਗੇ ਤੇ ਉਸਨੂੰ ਮਿਲਣ ਲਈ ਤਾਂਘਦੇ ਹੋਣਗੇ। ਤਾਂ ਹੀ ਤਾਂ ਹਵਾਈ ਸਫ਼ਰ ਕਰਦਾ ਰਵਿੰਦਰ ਕਦੇ ਉਹਨਾਂ ਬੱਦਲਾਂ ਵਿਚ ਦੀ ਲੰਘਿਆ ਹੋਵੇਗਾ ਤਾਂ ਇਸ ਕਵਿਤਾ ਦਾ ਜਨਮ ਹੋਇਆ ਹੋਵੇਗਾ:

ਉਸ ਕਿਹਾ
ਕਿਵੇਂ ਰਿਹਾ ਸਫ਼ਰ ?

... ਬਹੁਤ ਖ਼ੂਬਸੂਰਤ

ਕੋਈ ਅਭੁੱਲ ਯਾਦ

ਹਾਂ...
ਬੱਦਲ ਦਾ ਇਕ ਟੋਟਾ
ਉੱਡ ਰਿਹਾ ਸੀ ਨਾਲ ਨਾਲ
ਅਚਾਨਕ ਕੋਲ ਆਇਆ
ਤਾਂ ਮੈਂ...
ਉਸ ਉਪਰ ਤੇਰਾ ਨਾਂਅ ਲਿਖ ਦਿੱਤਾ...।

ਬੱਦਲਾਂ ਨਾਲ ਰਵਿੰਦਰ ਦੀ ਗਹਿਰੀ ਸਾਂਝ ਹੈ, ਸਾਂਝ ਹੀ ਨਹੀਂ ਜ਼ਿੱਦ ਵੀ। ਬੱਦਲ ਆਪਣੀ ਅੱਖ 'ਚੋਂ ਕਣੀ ਕੇਰਨ ਲਈ ਤਾਂ ਭੋਰਾ ਸੋਚਦਾ ਹੋਵੇਗਾ, ਪਰ ਰਵਿੰਦਰ ਦੀਆਂ ਅੱਖਾਂ ਝੱਟ ਝੜੀਆਂ ਲਾ ਦਿੰਦੀਆਂ ਹਨ। ਇਹ ਹੰਝੂ ਹੀ ਉਸਦੇ ਦਿਲ ਦੀ ਝੀਲ ਦੇ ਸਾਫ਼ ਤੇ ਸ਼ੱਫ਼ਾਫ ਹੋਣ ਦਾ ਬਿੰਬ ਹਨ।



ਸਾਥੀਆਂ ਨਾਲ ਮਿਲਣ ਦਾ ਰਾਹ ਵੀ ਵੱਖਰਾ ਕੱਢ ਲਿਆ। ਮਿਲਣਾ ਹੁੰਦਾ, ਪੋਸਟ ਕਾਰਡ ਲਿਖਦਾ,'ਅਗਲੇ ਹਫ਼ਤੇ ਫ਼ਿਲਮ ਦੇਖਣ ਚਲੀਏ।'

ਫ਼ਿਲਮ ਦਾ ਮਤਲਬ 'ਮੀਟਿੰਗ' ਹੁੰਦਾ।

1976 ਦੀ ਫ਼ਰਵਰੀ ਚੜ੍ਹੀ ਨੂੰ ਕੁਝ ਦਿਨ ਹੋਏ ਸਨ। ਨਰਿੰਦਰ ਸਿਨੇਮੇ 'ਫ਼ਿਲਮ' ਦੇਖਣ ਦਾ ਪ੍ਰੋਗਰਾਮ ਬਣ ਗਿਆ। ਗੁਲਾਬੀ ਧੁੱਪ, ਹਲਕੀ ਹਲਕੀ ਠੰਢ, ਦਿਲ 'ਚ ਮਘਦੇ ਜਜ਼ਬੇ। ਕਾਲੇ ਦਿਨਾਂ ਦਾ ਦੌਰ। ਸੂਹੀਆ ਹਵਾ ਨੇ ਪਹਿਲਾਂ ਹੀ ਮੁਖ਼ਬਰੀ ਕਰ ਦਿੱਤੀ ਸੀ। ਪੁਲਿਸ ਜਾਲ ਵਿਛਾਈ ਬੈਠੀ ਸੀ। 'ਫ਼ਿਲਮ' ਦੇਖਣ ਤੋਂ ਪਹਿਲਾਂ ਹੀ ਸੂਬਾ ਕਮੇਟੀ, ਜਿਸਦਾ ਉਹ ਪ੍ਰਧਾਨ ਸੀ, ਦੇ ਬੰਦੇ ਫੜ੍ਹੇ ਗਏ।

ਪੁਲਿਸ ਨੇ ਜਾਸੂਸੀ ਨਾਵਲ ਵਾਂਗ ਕਹਾਣੀ ਘੜੀ-

ਰਵਿੰਦਰ ਅਤੇ ਉਸਦਾ ਸਾਥੀ ਕਮਲਜੀਤ ਵਿਰਕ, ਕਪੂਰਥਲੇ ਬੱਸ ਅੱਡੇ ਤੋਂ ਹਥਿਆਰਾਂ ਸਮੇਤ ਫੜ੍ਹੇ ਗਏ। ਇਹ ਖ਼ਤਰਨਾਕ ਮੁਜਰਮ ਬੱਸ ਅੱਡੇ ਦੇ ਨਾਲ ਨਾਲ ਹੋਰ ਵੀ ਸਰਕਾਰੀ ਇਮਾਰਤਾਂ ਉਡਾਉਣਾ ਚਾਹੁੰਦੇ ਸਨ। ਅਸੀਂ ਜਾਨ 'ਤੇ ਖੇਲ੍ਹ ਕੇ ਇਹਨਾਂ ਨੂੰ ਗ੍ਰਿਫ਼ਤਾਰ ਕੀਤਾ, ਕਿਉਂਕਿ ਇਹਨਾਂ ਨੂੰ ਜ਼ਿੰਦਾ ਫੜ੍ਹਨਾ ਲਾਜ਼ਮੀ ਸੀ।

ਐਸ ਡੀ ਐਮ ਦੇ ਪੇਸ਼ ਕਰਕੇ ਰਿਮਾਂਡ ਲੈ ਲਿਆ ਗਿਆ। ਅੱਖਾਂ 'ਤੇ ਪੱਟੀਆਂ ਬੰਨ੍ਹ ਕੇ ਜਦੋਂ ਤੋਰਿਆ ਤਾਂ ਰਵਿੰਦਰ ਉਸ ਵਕਤ ਨੂੰ ਕਦੇ ਭੁੱਲ ਨਹੀਂ ਸਕਿਆ,'ਸਾਨੂੰ ਲੱਗਦਾ ਸੀ, ਬਸ ਹੁਣ ਮੁਕਾਬਲਾ ਬਣ ਗਿਆ।'

'ਡਰ ਤਾਂ ਲੱਗਿਆ ਹੋਏਗਾ ?' ਮੈਂ ਪੁੱਛਿਆ।

'ਡਰ ? ਯਾਰ ਉਦੋਂ ਡਰ ਲੱਗਦਾ ਈ ਨਹੀਂ ਸੀ। ਮੌਤ ਤਾਂ ਸਮਝ ਲੈ ਅਸੀਂ ਹੱਥਾਂ 'ਤੇ ਚੁੱਕੀ ਫਿਰਦੇ ਸੀ। ਸਾਨੂੰ ਪਤਾ ਸੀ ਸਾਡਾ ਅੰਤ ਕਿਸੇ ਦਿਨ ਇਹੋ ਈ ਹੋਣੈਂ। ਰਾਤਾਂ ਨੂੰ ਵੀ ਤੁਰੇ ਫਿਰਦੇ ਸੀ, ਆਪਣੇ ਮਿਸ਼ਨ 'ਤੇ ਨਿਗਾਹ ਸੀ, ਡਰ ਨਹੀਂ ਸੀ ਲੱਗਦਾ। ਹੁਣ ਸੋਚੀਦੈ, ਕਿਹੜੀ ਚੀਜ਼ ਸਾਨੂੰ ਏਦਾਂ ਚੁੱਕੀ ਫਿਰਦੀ ਸੀ।' ਉਹ ਮੁਸਕਰਾਇਆ, ਰਤਾ ਕੁ ਭਾਵੁਕ ਹੋਇਆ।

ਕਹਾਣੀ ਅਗਾਂਹ ਤੋਰੀ,'ਜਦੋਂ ਅੱਖਾਂ ਖੋਲ੍ਹੀਆਂ, ਇੰਟੈਰੋਗੇਸ਼ਨ ਸੈਂਟਰ ਅੰਮ੍ਰਿਤਸਰ। ਬੜਾ ਬਦਨਾਮ ਸੈਂਟਰ ਸੀ, ਸਮੱਗਲਰਾਂ ਵਾਸਤੇ ਬਣਾਇਆ ਸੀ। ਉਹਨਾਂ ਦੀ ਰੀਤ ਸੀ, ਅੰਦਰ ਵੜਦਿਆਂ ਨੂੰ ਅਲਫ਼ ਨੰਗੇ ਕਰਕੇ ਭਜਾਓ। ਸਾਹਮਣਲੀ ਕੰਧ ਨੂੰ ਹੱਥ ਲਾ ਕੇ ਫਿਰ ਵਾਪਸ ਆਉ। ਇਕ ਪੁਲਿਸ ਵਾਲਾ ਸੀ ਉਥੇ। ਕਹਿਣ ਲੱਗਾ, 'ਯਾਰ ਇਹ ਸਮੱਗਲਰ ਥੋੜ੍ਹੋਂ ਆਂ, ਵਿਦਿਆਰਥੀ ਆ, ਇਹਨਾਂ ਨਾਲ ਨਾ ਕਰੋ ਏਦਾਂ।' ਤੇ ਅਸੀਂ ਬਚ ਗਏ।'

ਉਹ ਚੁੱਪ ਕਰ ਗਿਆ। ਸ਼ਾਇਦ ਉਸ ਪੁਲਿਸ ਵਾਲੇ ਦਾ ਚਿਹਰਾ ਯਾਦ ਕਰ ਰਿਹਾ ਹੋਵੇਗਾ। ਜੇਲ੍ਹ ਵਿਚ ਰਹਿੰਦਿਆਂ, ਉਸਦੀਆਂ ਕਵਿਤਾਵਾਂ ਨੂੰ ਜੇਲ੍ਹੋਂ ਬਾਹਰ ਕੱਢਣ ਵਾਲਾ ਦੁਰਗਾ ਭੰਗੀ ਵੀ ਉਸਨੂੰ ਕਦੇ ਨਹੀਂ ਭੁੱਲਿਆ, ਉਸ ਦਾ ਜ਼ਿਕਰ ਉਸ ਨੇ ਦੋ ਕਵਿਤਾਵਾਂ ਵਿਚ ਕੀਤਾ ਹੈ:

ਕਿਤਿਉਂ ਵੀ ਸ਼ੁਰੂ ਕਰ ਲਈਏ
ਕਣਕ ਦੇ ਵੱਢਾਂ 'ਚ ਫਿਰਦਿਆਂ
ਪੈਰਾਂ 'ਚ ਹੋਈਆਂ ਮੋਰੀਆਂ ਤੋਂ
ਸੈਂਕੜੇ ਬੰਦਿਆਂ ਦਾ ਗੰਦ ਹੂੰਝਦੇ
ਦੁਰਗੇ ਭੰਗੀ ਦੇ
ਪੈਰਾਂ ਦੀਆਂ ਕਰੋਹੀਆਂ ਤੋਂ

ਜਾਂ ਕੱਚੀਆਂ ਕੰਧਾਂ ਨੂੰ
ਅੱਡੀਆਂ ਚੁੱਕ ਚੁੱਕ ਕੇ ਲਿੱਪਦੀ
ਕੰਮੀਆਂ ਦੀ ਭੋਲਾਂ ਦੇ ਅੱਧ-ਕੱਜੇ ਜਿਸਮ ਤੋਂ
ਗੱਲ ਤਾਂ ਆਖ਼ਰ ਏਥੇ ਹੀ ਮੁੱਕਣੀ ਹੈ
.....
ਤੇ ਹੁਣ ਅਸੀਂ ਉਦਾਸ ਮੌਸਮਾਂ ਦਾ
ਕਾਰਣ ਹੀ ਨਹੀਂ ਲੱਭਣਾ
ਸਗੋਂ ਚੁਰਾਏ ਪਲਾਂ ਦਾ ਹਿਸਾਬ ਹੈ ਲੈਣਾ...।

'ਬਹੁਤ ਕੁੱਟ ਪਈ ਇੰਟੈਰੋਗੇਸ਼ਨ ਸੈਂਟਰ ਵਿਚ,' ਰਵਿੰਦਰ ਨੇ ਬੁੱਲ੍ਹਾਂ ਵਿਚ ਮਿਕਨਾਤੀਸੀ ਮੁਸਕਾਨ ਲਿਆ ਕੇ ਕਿਹਾ। ਫਿਰ ਅੱਖਾਂ ਭਰ ਕੇ ਭਾਵੁਕ ਆਵਾਜ਼ ਵਿਚ ਬੋਲਿਆ,'ਪਰ ਕਮਲਜੀਤ ਵਿਰਕ ਨੂੰ ਸਭ ਤੋਂ ਵੱਧ ਕੁੱਟ ਪਈ। ਉਹ 19 ਸਾਲਾਂ ਦਾ ਸੀ ਉਦੋਂ। ਪੁਲਿਸ ਵਾਲੇ ਕੁੱਟਦੇ 'ਤੇ ਉਹ ਭੁੰਜੇ ਪਿਆ ਨਾਅਰਾ ਮਾਰਦਾ-ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ... ਭਗਤ ਸਿੰਘ ਦਾ ਰਾਹ ਸਾਡਾ ਰਾਹ... ਨਕਸਲਬਾੜੀ ਜ਼ਿੰਦਾਬਾਦ...। ਬਿੱਕਰ ਕੰਮੇਆਣਾ ਵੀ ਸਾਡੇ ਨਾਲ ਸੀ।'

ਇਕ ਪੁਲਿਸ ਵਾਲੇ ਨੇ ਬਹੁਤ ਹੀ ਪਿਆਰ ਨਾਲ ਪਲੋਸਦੇ ਹੋਏ ਰਵਿੰਦਰ ਨੂੰ ਕਿਹਾ,'ਦੇਖ ਤੂੰ ਵੀ ਰਾਮਗੜ੍ਹੀਆ ਤੇ ਗਿਆਨੀ ਜ਼ੈਲ ਸਿੰਘ ਵੀ ਰਾਮਗੜ੍ਹੀਆ। ਤੂੰ ਸਿਰਫ਼ ਏਨਾ ਲਿਖ ਕੇ ਦੇ ਦੇ ਕਿ ਅਸੀਂ ਗ਼ਲਤ ਸਾਂ। ਸਾਡਾ ਰਾਹ ਗ਼ਲਤ ਸੀ। ਬਸ ਜਿਹੜੀ ਨੌਕਰੀ ਕਹੇਂਗਾ, ਜਿੱਥੇ ਕਹੇਂਗਾ, ਸੈਟ ਕਰਵਾ ਦਿਆਂਗੇ।'

ਰਵਿੰਦਰ ਅੰਦਰਲੀ ਅੱਗ ਦੇ ਸੇਕ 'ਚ ਪੁਲਿਸ ਵਾਲੇ ਦੀ ਇਹ 'ਲੁਭਾਉਣੀ ਪੇਸ਼ਕਸ਼' ਮੋਮ ਦੀ ਮੂਰਤ ਵਾਂਗ ਪਿਘਲ ਕੇ ਪੁਲਿਸ ਵਾਲੇ ਦੀ ਵਰਦੀ ਨੂੰ ਹੀ ਚਿੰਬੜ ਗਈ।

ਮੀਸਾ (ਮੈਂਟੀਨੈਂਸ ਆਫ਼ ਇੰਟਰਨਲ ਸਕਿਓਰਿਟੀ ਐਕਟ) ਲੱਗ ਗਿਆ ਤੇ ਉਹ ਡੇਢ ਸਾਲ ਵਾਸਤੇ ਜੇਲ੍ਹ ਵਿਚ ਬੰਦ ਹੋ ਗਏ। ਐਮਰਜੈਂਸੀ ਮੁੱਕੀ। ਰਿਹਾਈ ਹੋਈ ਤੇ ਜਨਤਾ ਪਾਰਟੀ ਵੱਲੋਂ ਜਲੰਧਰ ਕੈਂਟ ਤੋਂ ਐਮ ਐਲ ਏ ਦੀ ਸੀਟ ਦੀ 'ਲੁਭਾਉਣੀ ਪੇਸ਼ਕਸ਼' ਆ ਗਈ, ਉਸਦਾ ਹਸ਼ਰ ਵੀ ਪਹਿਲੀ ਮੋਮ ਦੀ ਮੂਰਤੀ ਵਾਲਾ ਹੀ ਹੋਇਆ।

ਲੋਕਾਂ ਲਈ ਲੜਦਾ ਲੜਦਾ ਸ਼ਾਇਰ ਕਾਲਜੀ ਪੜ੍ਹਾਈ ਤੋਂ ਪਛੜਦਾ ਗਿਆ। ਬੜੀ ਦੇਰ ਨਾਲ ਖ਼ਾਲਸਾ ਕਾਲਜ ਤੋਂ ਐਮ ਏ ਪੰਜਾਬੀ ਮੁਕੰਮਲ ਕੀਤੀ। ਪ੍ਰੋ. ਨਿਰੰਜਨ ਸਿੰਘ ਢੇਸੀ, ਦਰਸ਼ਨ ਖਟਕੜ, ਜਸਵੰਤ ਖਟਕੜ, ਪਾਸ਼, ਸੁਖਵਿੰਦਰ ਕੰਬੋਜ, ਮਾਸਟਰ ਧਰਮ ਪਾਲ ਉੱਗੀ ਦੀ ਦੋਸਤੀ ਉਸਦੀ ਜ਼ਿੰਦਗੀ ਦਾ ਹਾਸਿਲ ਰਹੇ।

'ਪਤਾ ਨਈਂ ਯਾਰ ਪਿੰਡ ਦੀ ਸਰਪੰਚੀ ਕਰਨੀ ਕਿਵੇਂ ਮੰਨ ਗਿਆ ?' ਉਸ ਦੀ ਆਵਾਜ਼ ਵਿਚ ਹਲਕਾ ਜਿਹਾ ਪਛਤਾਵਾ ਸੀ। ਫਿਰ ਰਤਾ ਕੁ ਚਮਕ ਕੇ ਕਿਹਾ,'ਪਰ ਕੋਈ ਗ਼ਲਤ ਕੰਮ ਨਹੀਂ ਕੀਤਾ, ਕਿਸੇ ਤੋਂ ਕੁਛ ਲਿਆ ਨਹੀਂ, ਸਹੀ ਬੰਦੇ ਦੀ ਮਦਦ ਕੀਤੀ। ਪਰ ਲੋਕਾਂ ਨੂੰ ਏਨੀ ਇਮਾਨਦਾਰੀ ਵੀ ਚੰਗੀ ਨਹੀਂ ਲੱਗਦੀ।'

1970 ਵਿਚ ਭੈਣ ਨੇ ਅਮਰੀਕਾ ਵਿਚ ਪੜ੍ਹਾਈ ਦੇ ਆਧਾਰ 'ਤੇ ਲਿਆਉਣ ਲਈ ਪੂਰਾ ਪ੍ਰਬੰਧ ਕਰ ਲਿਆ, ਪਰ ਰਵਿੰਦਰ ਨੇ ਕਿਹਾ,'ਮੈਂ ਨਈਂ ਜਾਣਾ ਸਾਮਰਾਜੀ ਮੁਲਕ ਵਿਚ।'

ਭੋਲੀ ਭੈਣ ਨੇ ਪੁੱਛਿਆ,'ਇਹ 'ਸਾਮਰਾਜੀ ਮੁਲਕ' ਕੀ ਹੁੰਦਾ ?'



'ਪਰ ਵਿਡੰਮਨਾ ਦੇਖੋ,' ਰਵਿੰਦਰ ਲੰਬਾ ਸਾਹ ਖਿੱਚ ਕੇ ਬੋਲਿਆ,'1984 ਵਿਚ ਮੈਨੂੰ ਏਥੇ ਈ ਆਉਣਾ ਪਿਆ।'

ਖ਼ਾਲੀ ਹੱਥ, ਬੰਜਰ ਵਰਗੀ ਜ਼ਿੰਦਗੀ ਲੈ ਕੇ ਅਮਰੀਕਾ ਪਹੁੰਚੇ ਰਵਿੰਦਰ ਨੇ ਸਖ਼ਤ ਮਿਹਨਤ ਨਾਲ ਫਿਰ ਚੈਰੀ ਅਤੇ ਪਲੱਮ ਵਰਗੇ ਖ਼ੂਬਸੂਰਤ ਸੁਪਨੇ ਸਾਕਾਰ ਕੀਤੇ।

ਉਸ ਦੇ ਸਟੋਰ 'ਤੇ ਇਕ ਵਾਰ ਕਾਲ਼ੇ ਬੰਦੇ ਨੇ ਹੰਗਾਮਾ ਕਰ ਦਿੱਤਾ। ਕਾਲ਼ੇ ਦਾ ਕਸੂਰ ਸੀ, ਕਾਲੇ ਨੂੰ ਅਦਾਲਤ ਵਿਚ ਪੇਸ਼ ਹੋਣਾ ਪਿਆ। ਰਵਿੰਦਰ ਸਹਿਰਾਅ ਗਵਾਹ ਦੇ ਤੌਰ 'ਤੇ ਅਦਾਲਤ ਵਿਚ ਪੇਸ਼ ਹੋਇਆ। ਜੱਜ ਸਾਹਮਣੇ ਕਾਲ਼ਾ ਰੋ ਰਿਹਾ ਸੀ, ਘਨਘੋਰ ਬੱਦਲ ਵਾਂਗ। ਸ਼ਾਇਦ ਰਵਿੰਦਰ ਨੇ ਮਹਿਸੂਸ ਕੀਤਾ ਹੋਵੇਗਾ, ਹੰਝੂਆਂ ਦਾ ਦਰਦ ਸਾਂਝਾ ਹੁੰਦਾ ਹੈ, ਰੰਗ ਸਾਂਝਾ ਹੁੰਦਾ ਹੈ। ਹੰਝੂਆਂ ਦੀ ਭਾਸ਼ਾ ਸਾਂਝੀ ਹੁੰਦੀ ਹੈ। ਰਵਿੰਦਰ ਨੇ ਕੇਸ ਵਾਪਸ ਲੈ ਲਿਆ ਸੀ।

ਰਵਿੰਦਰ ਸਹਿਰਾਅ ਦੇ ਘਰ ਜਾਣ ਦਾ ਚਾਅ ਮੈਨੂੰ ਵਿਆਹ 'ਤੇ ਜਾਣ ਵਰਗਾ ਹੁੰਦਾ ਹੈ। ਉਸ ਦੇ ਘਰ ਦੀਆਂ ਕੰਧਾਂ ਵੀ ਅਹਿਮਦ ਸਲੀਮ, ਜਗਤਾਰ, ਕੁਲਵਿੰਦਰ (ਗ਼ਜ਼ਲਗੋਅ), ਸਫ਼ੀਰ ਰਾਮਾਹ (ਅਪਨਾ), ਜਾਵੇਦ ਬੂਟਾ (ਪਾਕਿਸਤਾਨੀ ਸੁਝਵਾਨ ਤੇ ਲਿੱਪੀਅੰਤਰਕਾਰ), ਦਲਜੀਤ ਮੋਖਾ, ਗੁਰਬਚਨ, ਬਲਦੇਵ ਸਿੰਘ ਧਾਲੀਵਾਲ, ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਕਮਲ ਦੁਸਾਂਝ, ਧਰਮ ਪਾਲ ਉੱਗੀ, ਨਿਰੰਜਨ ਢੇਸੀ, ਹਰਵਿੰਦਰ ਰਿਆੜ ਦੀਆਂ ਆਵਾਜ਼ਾਂ, ਸਾਹਿਤਕ ਮਹਿਫ਼ਲਾਂ ਦਾ ਰੰਗ ਪਹਿਚਾਣਦੀਆਂ ਹਨ। ਇਹਨਾਂ ਮਹਿਫ਼ਲਾਂ ਵਿਚ ਭਰੀ ਹਾਜ਼ਰੀ ਮੈਨੂੰ 'ਅਸਲੀ ਕਮਾਈ' ਜਾਪਦੀ ਹੈ।

ਉਸ ਦੇ ਘਰ ਮੈਂ ਬਹੁਤ ਰਾਤਾਂ ਰਿਹਾ ਹਾਂ। ਖ਼ੂਬਸੂਰਤ ਪਲੰਘ ਅਤੇ ਮੁਲਾਇਮ ਗੱਦਿਆਂ ਦੀਆਂ ਥਾਂ ਹਮੇਸ਼ਾ ਮੈਂ ਫ਼ਰਸ਼ 'ਤੇ ਬਿਸਤਰ ਲਾ ਕੇ ਸੌਂਦਾ ਹਾਂ। ਇਹ ਨੀਂਦ ਮੈਨੂੰ ਧੂਹ ਕੇ ਬਚਪਨ ਦੇ ਉਸ ਪੜਾਅ ਵਿਚ ਲੈ ਜਾਂਦੀ ਹੈ, ਜਦੋਂ ਮੈਂ ਆਪਣੀ ਬੀਬੀ ਨਾਲ 'ਬਾਬੇ ਮੱਲ' ਦੀ ਚੌਂਕੀ ਭਰਨ ਮਾਲੜੀ ਜਾਂਦਾ ਹੁੰਦਾ ਸਾਂ। ਬੀਬੀ ਦਾ ਵਿਸ਼ਵਾਸ ਸੀ, ਬਾਬੇ ਮੱਲ ਦੀ ਚੌਂਕੀ ਭਰਨ ਨਾਲ ਜੋੜਾਂ ਦੀ ਦਰਦ ਹਟ ਜਾਂਦੀ ਹੈ। ਰਵਿੰਦਰ ਦੇ ਘਰ ਭਰੀਆਂ ਚੌਂਕੀਆਂ ਨਾਲ ਮੈਂ ਹਮੇਸ਼ਾ ਰੂਹ ਨੂੰ 'ਨਕਾਰਾਤਮਕ ਸੋਚ' ਦੇ ਰੋਗਾਂ ਤੋਂ ਸੁਰਖ਼ਰੂ ਹੁੰਦੇ ਮਹਿਸੂਸ ਕੀਤਾ ਹੈ।

ਨੀਰੂ ਭੈਣ ਜਦੋਂ ਹੱਸਦੀ ਹੋਈ ਸਵਾਗਤ ਕਰਦੀ ਹੈ ਤਾਂ ਉਸਦੇ ਚਿਹਰੇ ਦੇ ਲਿਸ਼ਕੀ ਮਮਤਾ ਦੀ ਭਾਅ ਨਾਲ ਰੂਹ ਦ੍ਰਵਿਤ ਹੋ ਜਾਂਦੀ ਹੈ। ਜਦੋਂ ਉਹ ਮੈਨੂੰ ਬੱਚਿਆਂ ਵਾਂਗ ਕਲਾਵੇ ਵਿਚ ਲੈਂਦੀ ਹੈ ਤਾਂ ਉਸ ਅਪਣੱਤ ਅਤੇ ਮੋਹ ਨੂੰ ਸ਼ਬਦਾਂ ਵਿਚ ਬੰਨ੍ਹਣਾ ਅਸੰਭਵ ਪ੍ਰਤੀਤ ਹੁੰਦਾ ਹੈ।

ਅਸੀਂ ਤਾਂ ਪੰਛੀ ਦੇ ਬੋਟ ਦੀ
ਪਹਿਲੀ ਉਡਾਣ ਹਾਂ
ਜੋ ਉਡਦਾ ਹੈ
ਡਿੱਗਦਾ ਹੈ ਤੇ ਫਿਰ ਉਡਦਾ ਹੈ
ਅਤੇ ਇੰਝ ਵਕਫ਼ਾ ਤੈਅ ਕਰਦਾ ਹੈ...

ਸਤਰਾਂ ਸਿਰਫ਼ ਰਵਿੰਦਰ ਦੀ ਕਵਿਤਾ ਦੀਆਂ ਨਹੀਂ, ਉਸਦੀ ਜ਼ਿੰਦਗੀ ਦਾ ਤੱਤ-ਸਾਰ ਹਨ। ਉਹ ਪੁਲਿਸ ਤਸ਼ੱਦਦ ਵਿਚ ਦੀ ਗੁਜ਼ਰਿਆ ਹੈ, ਜੇਲ੍ਹ ਕੱਟੀ ਹੈ, ਰਿਸ਼ਤਿਆਂ ਦੀ ਸਲੀਬ 'ਤੇ ਟੰਗ ਹੋਇਆ ਹੈ, ਕਾਰੋਬਾਰ ਦੀ ਹੇਠ-ਉੱਤ ਹੰਢਾਈ ਹੈ, ਜਿਗਰ ਦੇ ਟੁਕੜੇ ਦੀ ਅਰਥੀ ਨੂੰ ਮੋਢਾ ਦੇਣ ਤੱਕ ਦਾ ਦਰਦ ਉਸਦੀਆਂ ਆਂਦਰਾਂ ਵਿਚ ਦੀ ਲੰਘਿਆ ਹੈ। ਪਰ ਉਹ ਡਿੱਗਦਾ ਤੇ ਫਿਰ ਉੱਠਦਾ, ਜ਼ਿੰਦਗੀ ਦਾ ਸਫ਼ਰ ਤੈਅ ਕਰਦਾ ਰਿਹਾ ਹੈ। ਉਸਦੇ ਕਵਿਤਾ ਦੇ ਅੱਖਰਾਂ ਦੀ ਲੋਅ ਮੱਧਮ ਨਹੀਂ ਹੋਈ। ਉਸਦੀ ਨਿੱਗਰ ਸੋਚ ਨੂੰ ਨਿਰਾਸ਼ਾ ਦਾ ਘੁਣ ਨਹੀਂ ਲੱਗਿਆ। ਵਕਤ ਦਾ ਰੇਗ਼ਮਰ ਉਸਦੇ

ਦਿਲ ਤੋਂ ਲੋਕਾਈ ਦੀ ਮੁਹੱਬਤ ਦੇ ਨਕਸ਼ ਮਿਟਾ ਨਹੀਂ ਸਕਿਆ, ਸਗੋਂ ਮੁਹੱਬਤ ਦੀ ਇਹ ਇਬਾਰਤ ਹੋਰ ਗੂੜ੍ਹੀ ਹੋਈ ਹੈ।

ਰਵਿੰਦਰ ਸਹਿਰਾਅ ਤੁਰਦਾ ਹੈ ਤਾਂ ਦਰਿਆ ਹੈ, ਰੁਕਦਾ ਹੈ ਤਾਂ ਪਹਾੜ, ਖਿੜਦਾ ਹੈ ਤਾਂ ਗੁਲਾਬ, ਡੁੱਲ੍ਹਦਾ ਹੈ ਤਾਂ ਤਰੇਲ, ਤਪਦਾ ਹੈ ਤਾਂ ਹਾੜ ਦਾ ਸੂਰਜ, ਨਿੱਘਾ ਹੈ ਤਾਂ ਪੋਹ ਦੀ ਧੁੱਪ, ਬੋਲਦਾ ਹੈ ਤਾਂ ਕਵਿਤਾ, ਚੁੱਪ ਹੈ ਤਾਂ ਖੰਡਰ, ਉਦਾਸ ਹੈ ਤਾਂ ਵੀਪਿੰਗ ਟ੍ਰੀ, ਸਿਸਕਦਾ ਹੈ ਤਾਂ ਪਪੀਹਾ। ਆਸ਼ਾਵਾਦੀ ਸਟ੍ਰਾਬੇਰੀ ਦੀ ਵੇਲ ਵਾਂਗ ਹੈ, ਜਿਹੜੀ ਸਨੋਅ ਵਿਚ ਦੱਬੀ ਜਾਂਦੀ ਹੈ, ਪਰ ਸਨੋਅ ਪਿਘਲਣ ਮਗਰੋਂ ਫਿਰ ਮੁਸਕਾਉਂਦੀ ਹੋਈ ਚਿੱਟੇ ਫੁੱਲਾਂ ਨਾਲ ਨਵੇਂ ਮੌਸਮ ਦਾ ਸਵਾਗਤ ਕਰਦੀ ਹੈ। ਰਵਿੰਦਰ ਸਹਿਰਾਅ ਨੂੰ ਮਿਲ ਕੇ ਕੁਦਰਤ ਦੇ ਸਾਰੇ ਮੌਸਮਾਂ ਨਾਲ ਮੇਲ ਹੋ ਜਾਂਦਾ ਹੈ।

ਉਸ ਨੇ ਬੰਜਰ, ਬੀਆਬਾਨਾਂ, ਉਜਾੜਾਂ ਭਰੇ ਰਾਹਾਂ ਦਾ ਸਫ਼ਰ ਕਰਦੇ ਹੋਏ ਵੀ ਮਨ ਦੀ ਜ਼ਮੀਨ ਨੂੰ ਜ਼ਰਖ਼ੇਜ਼ ਤੇ ਉਪਜਾਊ ਰੱਖਿਆ ਹੈ। 'ਚੁਰਾਏ ਪਲਾਂ ਦਾ ਹਿਸਾਬ', 'ਜ਼ਖ਼ਮੀਂ ਪਲ', 'ਰਿਸ਼ਤਾ ਸ਼ਬਦ ਸਲੀਬਾਂ ਦਾ' ਅਤੇ 'ਅੱਖਰਾਂ ਦੀ ਲੋਅ' ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਇਸ ਦੀ ਗਵਾਹੀ ਹਨ।

ਰਵਿੰਦਰ ਸਹਿਰਾਅ ਉਹਨਾਂ ਹਸਤਾਖ਼ਰਾਂ ਵਿਚ ਸ਼ੁਮਾਰ ਕਰਦਾ ਹੈ, ਜਿਹਨਾਂ ਦੀਆਂ ਕਿਤਾਬਾਂ ਨੂੰ ਕੋਈ ਵੀ ਪ੍ਰਕਾਸ਼ਕ ਸਰਕਾਰੀ ਦਮਨ ਤੋਂ ਡਰਦਾ ਛਾਪਣ ਤੋਂ ਇਨਕਾਰ ਕਰ ਦਿੰਦਾ ਹੈ। 'ਚੁਰਾਏ ਪਲਾਂ ਦਾ ਹਿਸਾਬ' ਲਹਿਰ ਦੇ ਹਮਦਰਦ, ਹਰਭਜਨ ਸਿੰਘ ਤਰਨਤਾਰਨ (ਬੀ ਡੀ ਓ) ਦੀ ਮਦਦ ਨਾਲ ਛਪੀ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਆਪਣਾ ਵੱਖਰਾ ਹੀ ਇਤਿਹਾਸ ਰੱਖਦੀ ਹੈ। 'ਹੁਣ' ਰਿਸਾਲੇ ਨਾਲ ਰਿਸ਼ਤਾ ਉਸ ਅੰਦਰਲੇ ਜਾਗਦੇ ਮਨੁੱਖ ਦਾ ਬਿੰਬ ਹੈ।

ਉਹ ਜ਼ਿੰਦਗੀ ਦੀ ਭਰਪੂਰ ਬਹਾਰ ਵਿਚ ਦੀ ਲੰਘਿਆ ਹੈ ਅਤੇ ਸਿਖਰ ਦੀ ਪੱਤਝੜ ਉਸਦੀ ਰੂਹ ਵਿਚ ਦੀ ਗੁਜ਼ਰੀ ਹੈ। ਉਸ ਨੇ 'ਪਰ' ਦੇ ਪਸੀਨੇ ਨੂੰ ਆਪਣੇ ਖ਼ੂਨ ਨਾਲੋਂ ਵੱਧ ਜਾਣਿਆ ਹੈ ਅਤੇ ਆਪਣੇ 'ਨਿੱਜ' ਦੇ ਹੰਝੂਆਂ ਨੂੰ ਖ਼ਾਮੋਸ਼, ਤਨਹਾ ਹਨ੍ਹੇਰਿਆਂ ਵਿਚ ਆਪਣੀਆਂ ਪਲਕਾਂ ਤੋਂ ਵੀ ਚੋਰੀ ਅੰਦਰੇ ਅੰਦਰ ਪੀਤਾ ਹੈ। ਬਹਾਰ ਤੇ ਪੱਤਝੜ ਦੇ ਪਾਸਾਰ ਜਦੋਂ ਕਾਇਨਾਤ ਤਕ ਫੈਲਦੇ ਹਨ ਤਾਂ ਸਹਿਰਾਅ ਦੀ ਕਵਿਤਾ ਜਨਮ ਲੈਂਦੀ ਹੈ। ਹੰਝੂ, ਪਸੀਨਾ ਅਤੇ ਲਹੂ ਆਪਸ ਵਿਚ ਘੁਲ਼ਦੇ ਤਾਂ ਉਸਦੀ ਕਵਿਤਾ ਦਾ ਸੁਹਜ ਨਿਵੇਕਲੇ ਅੰਦਾਜ਼ ਵਿਚ ਪਰਗਟ ਹੁੰਦਾ ਹੈ। ਉਸਦੀ ਕਵਿਤਾ ਦਿਲ ਤੇ ਦਿਮਾਗ਼ ਨੂੰ ਇਕੋ ਵੇਲੇ, ਇਕੋ ਜਿੰਨਾਂ ਹੁਲਾਰਾ ਦੇਣ ਤੇ ਚੇਤਨਾ ਪ੍ਰਦਾਨ ਕਰਨ ਦਾ ਬਲ ਰੱਖਦੀ ਹੈ।

ਉਸ ਨੇ ਦਿਲ ਤੇ ਦਿਮਾਗ਼ ਦਾ ਤੋਲ ਹਮੇਸ਼ਾ ਬਰਾਬਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਮੁਹੱਬਤ ਦੇ ਖ਼ਤਾਂ ਨੂੰ ਪਾੜਨਾ ਤੇ ਸੰਭਾਲਣਾ ਇਸਦੀ ਜਿਊਂਦੀ ਜਾਗਦੀ ਮਿਸਾਲ ਹੈ।

ਮੈਂ ਚੈਰੀ ਅਤੇ ਪਲੱਮ ਨੂੰ ਪਲੋਸ ਰਿਹਾ ਹਾਂ। ਤਰੇਲ ਨਾਲ ਭਿੱਜੇ ਬੂਟਿਆਂ ਵਿਚੋਂ ਮੁਹੱਬਤ ਵਰਗੀ ਮਹਿਕ ਆ ਰਹੀ ਹੈ। ਰਵਿੰਦਰ ਦੀ ਆਵਾਜ਼ ਆਉਂਦੀ ਹੈ,'ਚਾਹ ਤਿਆਰ ਹੈ ਬਈ। ਛੇਤੀ ਕਰੋ। ਨੀਰੂ ਆ ਗਈ ਹੈ, ਖਾਣਾ ਵੀ ਤਿਆਰ ਹੋ ਰਿਹਾ ਹੈ।'

ਡੈੱਕ ਤੋਂ ਸਾਵਣ ਦੀ ਫੁਹਾਰ ਵਰਗਾ ਗੁਰਮੀਤ ਸਿੰਘ ਸ਼ੁਗਲੀ ਦਾ ਤਲਿਸਮੀ ਹਾਸਾ ਅਤੇ ਗ਼ਜ਼ਲਗੋਅ ਬਿੰਦਰ ਬਿਸਮਲ ਦਾ ਬਾ-ਬਹਿਰ ਕਹਿਕਹਾ ਫੈਲਦਾ ਹੋਇਆ ਮੇਰੇ ਤੱਕ ਪਹੁੰਚਦਾ ਹੈ। ਸ਼ਾਇਦ ਸ਼ੁਰਲੀ ਸੁਸ਼ੀਲ ਦੁਸਾਂਝ ਨੇ ਛੱਡੀ ਹੈ...।



## ਭੁੱਲਰਾਂ ਦਾ ਜਸਬੀਰ

**-ਤਰਸੇਮ**

ਫ਼ੋਨ ਦੀ ਘੰਟੀ ਲਗਾਤਾਰ ਵੱਜ ਰਹੀ ਸੀ। ਮੈਂ ਸ੍ਰੀਮਤੀ ਜੀ ਨੂੰ ਫ਼ੋਨ ਚੁੱਕਣ ਲਈ ਕਿਹਾ ਤਾਂ ਉਸਨੇ ਦੂਜੇ ਕਮਰੇ 'ਚੋਂ ਫ਼ੋਨ ਲਿਆਉਂਦਿਆਂ ਕਿਹਾ, "ਭੁੱਲਰ ਸਾਹਿਬ ਦਾ ਫ਼ੋਨ ਹੈ।"

"ਕੀ ਹਾਲ ਹੈ, ਕਿਤੇ ਬਿਜ਼ੀ ਤਾਂ ਨਹੀਂ ਸੀ ?" ਉਹਨਾਂ ਨੇ ਆਪਣੇ ਸੁਭਾਅ ਮੁਤਾਬਿਕ ਬੜੇ ਠਰੰਮੇ ਅਤੇ ਠਹਿਰਾਉ ਨਾਲ ਪੁੱਛਿਆ।

"ਨਹੀਂ ਭੁੱਲਰ ਸਾਹਿਬ, ਹੁਕਮ ਕਰੋ।" ਮੈਂ ਹੈਰਾਨੀ ਭਰੀ ਖ਼ੁਸ਼ੀ ਨਾਲ ਕਿਹਾ ਕਿਉਂਕਿ ਭੁੱਲਰ ਸਾਹਿਬ ਫ਼ੋਨ ਬਹੁਤ ਘੱਟ ਕਰਦੇ ਹਨ।

"ਅੱਛਾ, ਮੈਂ ਕੁੱਝ ਪੇਂਟਿੰਗਜ਼ ਦੇਖੀਆਂ ਨੇ ਤੇਰੀ ਕਿਤਾਬ ਲਈ... ਮੈਨੂੰ ਤਾਂ ਚੰਗੀਆਂ ਲੱਗੀਆਂ। ਤੂੰ ਆ ਜਾਈਂ ਕਿਸੇ ਵੇਲੇ, ਦੇਖ ਲਈਂ।" ਉਹਨਾਂ ਨੇ ਕਈ ਚਿੱਤਰਕਾਰਾਂ ਦੇ ਨਾਂ ਵੀ ਲਏ।

ਮਹਾਂਨਗਰ ਹਮੇਸ਼ਾ ਮੈਨੂੰ ਮੋਂਹਦੇ ਨੇ। ਖਾਸਕਰ ਚੰਡੀਗੜ੍ਹ ਅਤੇ ਦਿੱਲੀ। ਭਾਵੇਂ ਮੈਂ ਭੋਪਾਲ, ਲਖਨਊ, ਪੁਣੇ ਆਦਿ ਗਿਆ ਹਾਂ ਪਰ ਚੰਡੀਗੜ੍ਹ ਦੀ ਰੀਸ ਨਹੀਂ। ਚੰਡੀਗੜ੍ਹ ਸਾਹਿਤ, ਸਭਿਆਚਾਰ ਅਤੇ ਕਲਾ ਦੀ ਹੱਬ ਹੈ। ਚੰਡੀਗੜ੍ਹ ਅਤੇ ਮੁਹਾਲੀ ਲਗਭਗ ਇੱਕੋ ਹੀ ਹੈ। ਸੋ ਭੁੱਲਰ ਸਾਹਿਬ ਦੇ ਬੁਲਾਉਣ 'ਤੇ ਮੈਨੂੰ ਚਾਅ ਚੜ੍ਹ ਗਿਆ।

"ਮੈਂ ਛੇਤੀ ਆ ਜਾਨਾਂ।" ਮੈਂ ਉਤਸ਼ਾਹ 'ਚ ਭਰ ਕੇ ਕਿਹਾ।

"ਚੰ... ਗਾ ਫੇਰ।" ਭੁੱਲਰ ਸਾਹਿਬ ਨੇ ਚੰਗਾ ਸ਼ਬਦ ਨੂੰ ਲਮਕਾ ਕੇ ਜਿਹੇ ਫ਼ੋਨ ਬੰਦ ਕਰਦਿਆਂ ਕਿਹਾ।

✪

ਜੂਨ ਮਹੀਨੇ ਦਾ ਪਿਛਲਾ ਹਫ਼ਤਾ ਸੀ। ਮੁਹਾਲੀ ਦੇ ਤਿੰਨ ਫੇਜ਼ ਦੇ ਪੈਟਰੋਲ ਪੰਪ ਪਿੱਛੋਂ ਦੀ 'ਏ ਬਲਾਕ' 'ਚ ਦਾਖਿਲ ਹੋਇਆ। ਮੇਰੇ ਨਾਲ ਇਹ ਹਰੇਕ ਵਾਰ ਹੀ ਹੁੰਦਾ ਹੈ ਕਿ ਜਸਬੀਰ ਭੁੱਲਰ ਦਾ ਘਰ ਸੌਖਿਆਂ ਨਹੀਂ ਲੱਭਦਾ। ਮੈਂ ਭੁੱਲਰ ਹੋਰਾਂ ਦੇ ਘਰ ਕਈ ਵਾਰ ਆ ਚੁੱਕਿਆ ਹਾਂ ਪਰ ਸੜਕਾਂ ਦੀ ਭੁੱਲ-ਭੁਲੱਈਆ 'ਚ ਅਕਸਰ ਮੈਂ ਉਲਝ ਜਾਂਦਾ ਹਾਂ। ਫੇਰ ਫ਼ੋਨ ਕਰਕੇ ਰਾਹ ਲੱਭੀਦਾ ਹੈ। ਇਸ ਵਾਰ ਮੈਂ ਫ਼ੋਨ ਨਾ ਕਰਕੇ ਆਪ ਹੀ ਘਰ ਲੱਭਣ ਦਾ ਨਿਸ਼ਚਾ ਕੀਤਾ। ਇਸ ਦੇ ਇੱਕ-ਦੋ ਕਾਰਨ ਸੀ ਕਿ ਜੂਨ ਦੀ ਮਾਰੂ ਗਰਮੀ 'ਚ ਮੀਂਹ ਵਾਲਾ ਮੌਸਮ ਬਣਿਆ ਹੋਇਆ ਸੀ। ਆਕਾਸ਼ 'ਚ ਕਾਲ਼ੇ ਬੱਦਲ ਇੱਕ ਦੂਜੇ ਪਿੱਛੇ ਭੱਜ ਰਹੇ ਸਨ। ਤਮਾੜ ਧੁੱਪ ਦਾ ਕਿਤੇ ਨਾਂ-ਨਿਸ਼ਾਨ ਵੀ ਨਹੀਂ ਸੀ। ਦੂਜਾ ਸੋਹਣੀਆਂ ਅਤੇ ਸਾਫ਼-ਸੁਥਰੀਆਂ ਸੜਕਾਂ। ਤੀਜਾ ਸੋਹਣੇ-ਸੋਹਣੇ ਘਰ ਅਤੇ ਘਰਾਂ ਮੂਹਰੇ ਭਾਂਤ-ਭਾਂਤ ਦੇ ਦਰਖ਼ਤ। ਦਰਖ਼ਤਾਂ ਦੇ ਸੋਹਣੇ-ਸੋਹਣੇ ਫੁੱਲ ਜਿੱਥੇ ਅੱਖਾਂ ਨੂੰ ਤਾਜ਼ਗੀ ਦਿੰਦੇ, ਉੱਥੇ ਮਨ ਨੂੰ ਸਰਸ਼ਾਰ ਕਰਦੇ। ਅਜਿਹੇ ਮਨਮੋਹਕ ਮੌਸਮ 'ਚ ਰਿਕਸ਼ਾ ਜਾਂ ਆਟੋ ਰਿਕਸ਼ੇ ਰਾਹੀਂ ਆਉਣਾ ਮੈਨੂੰ ਚੰਗਾ

ਨਹੀਂ ਲੱਗਿਆ। ਇਸੇ ਤਰ੍ਹਾਂ ਤੁਰਦਿਆਂ-ਤੁਰਦਿਆਂ ਕਦੇ-ਕਦੇ ਕਵਿਤਾ ਵੀ ਨਾਲ ਤੁਰ ਪੈਂਦੀ ਹੈ।

ਦੇਖਦਿਆਂ-ਦੇਖਦਿਆਂ ਭੂਰ ਜਿਹੀ ਸ਼ੁਰੂ ਹੋ ਗਈ। ਮੈਂ ਭੂਰ ਨੂੰ ਆਪਣੇ ਮੂੰਹ 'ਤੇ ਪਾ ਕੇ ਖ਼ੁਸ਼ ਹੁੰਦਾ। ਅੱਖਾਂ ਦੀਆਂ ਪਲਕਾਂ 'ਤੇ ਭੂਰ ਦੀਆਂ ਬੂੰਦਾਂ ਠਹਿਰ ਜਾਂਦੀਆਂ। ਮੈਂ ਚਾਹ ਕੇ ਵੀ ਉਹਨਾਂ ਨੂੰ ਅੱਖਾਂ ਤੋਂ ਪਰੇ ਨਾ ਕਰਦਾ। ਭੂਰ ਥੋੜ੍ਹੀ ਮੀਂਹ 'ਚ ਬਦਲਣ ਲੱਗੀ ਤਾਂ ਮੈਨੂੰ ਕਿਸੇ ਆਸਰੇ ਦੀ ਲੋੜ ਮਹਿਸੂਸ ਹੋਣ ਲੱਗੀ। ਨਹੀਂ ਤਾਂ ਮੈਂ ਸਾਰਾ ਭਿੱਜ ਜਾਣਾ ਸੀ। ਸੜਕ 'ਤੇ ਕੋਈ ਸ਼ੈੱਡ ਬਗੈਰਾ ਨਹੀਂ ਸੀ ਅਤੇ ਓਪਰਾ ਹੋਣ ਕਰਕੇ ਕਿਸੇ ਘਰ 'ਚ ਵੀ ਨਹੀਂ ਜਾ ਸਕਦਾ ਸੀ। ਅਚਾਨਕ ਇੱਕ ਨਿੱਕੀ ਜਿਹੀ ਬਕਰੈਣ ਦਿਖੀ ਜਿਵੇਂ ਉਹ ਮੈਨੂੰ ਆਪਣੇ ਵੱਲ ਬੁਲਾ ਰਹੀ ਸੀ। ਮੈਂ ਭੱਜ ਕੇ ਨਿੱਕੀ ਜਿਹੀ ਬਕਰੈਣ ਦੀ ਛਤਰੀ ਹੇਠਾਂ ਜਾ ਖੜ੍ਹਿਆ। ਮੀਂਹ ਦੀ ਕਿਣਮਣੀ ਨਾਲ ਭਿੱਜੇ ਬਿਰਖ਼ ਹੋਰ ਵੀ ਹਰੇ ਲੱਗ ਰਹੇ ਸਨ। ਮੈਂ ਕਾਫ਼ੀ ਦੇਰ ਉਸ ਬਕਰੈਣ ਦੇ ਤਣੇ ਨਾਲ ਲੱਗ ਕੇ ਖੜ੍ਹਾ ਰਿਹਾ। ਉਂਜ ਭਾਵੇਂ ਮੈਂ ਹੇਠਾਂ ਖੜ੍ਹਾ ਵੀ ਥੋੜ੍ਹਾ-ਥੋੜ੍ਹਾ ਭਿੱਜ ਰਿਹਾ ਸੀ ਪਰ ਭਿੱਜਣਾ ਮੈਨੂੰ ਚੰਗਾ ਲੱਗ ਰਿਹਾ ਸੀ। ਬਿਰਖ਼ ਦੀਆਂ ਪੱਤੀਆਂ 'ਚੋਂ ਜਦ ਹਵਾ ਲੰਘਦੀ ਤਾਂ ਛਣ-ਛਣ ਛਣਕਦੀਆਂ ਅਤੇ ਉਹਨਾਂ 'ਤੇ ਪਈਆਂ ਬੂੰਦਾਂ ਮੇਰੇ 'ਤੇ ਪੈਂਦੀਆਂ। ਤਣੇ ਨਾਲ ਲੱਗ ਕੇ ਖੜ੍ਹੇ ਨੂੰ ਮੋਪਾਸਾਂ ਦੀ ਕਹਾਣੀ 'ਇੱਕ ਰਮਤਾ' ਯਾਦ ਆਈ। ਜਿਸ 'ਚ ਰੈਂਡਲ ਨਾਂ ਦਾ ਕਾਮਾ ਕੰਮ ਦੀ ਭਾਲ 'ਚ ਦਰ-ਦਰ ਭਟਕ ਰਿਹਾ ਹੈ। ਉਸ ਨੂੰ ਬੜੀ ਭੁੱਖ ਲਗਦੀ ਹੈ ਪਰ ਉਸ ਕੋਲ ਖਾਣ ਨੂੰ ਕੁੱਝ ਨਹੀਂ। ਉਹ ਇਉਂ ਭੁੱਖਾ ਸੀ ਜਿਵੇਂ ਕੋਈ ਜੰਗਲੀ ਜਾਨਵਰ ਭੁੱਖਾ ਹੁੰਦਾ ਹੈ। ਠੰਢ ਬਹੁਤ ਪੈ ਰਹੀ ਸੀ ਅਤੇ ਬਾਰਿਸ਼ ਵੀ। ਦੂਰ ਚਰਾਂਦਾਂ 'ਚ ਉਸ ਨੂੰ ਇੱਕ ਗਾਂ ਮਿਲੀ। ਉਸ ਨੇ ਬਰਫ਼ ਵਰਗੀ ਠੰਢੀ ਰਾਤ ਗਾਂ ਦੇ ਹਵਾਨੇ ਨਾਲ ਲੱਗ ਕੇ ਬਿਤਾਈ।

ਆਪਣੇ ਧਿਆਨ ਖੜ੍ਹੇ ਨੂੰ ਦੇਖ ਕੇ ਇੱਕ ਸੱਜਣ ਨੇ ਕਿਹਾ, "ਕਿਵੇਂ ਖੜ੍ਹੇ ਹੋ ਭਾਈ ਸਾਹਿਬ ?"

"ਉਂ... ਹਾਂ... ਮੀਂਹ ਹਟ ਗਿਆ ?" ਮੈਂ ਆਸਮਾਨ ਵੱਲ ਦੇਖਿਆ ਅਤੇ ਫੇਰ ਉਸ ਬੰਦੇ ਵੱਲ, ਜੋ ਹੁਣ ਵੀ ਮੇਰੇ ਵੱਲ ਬੜੇ ਗੌਰ ਨਾਲ ਦੇਖ ਰਿਹਾ ਸੀ। ਜੀ ਮੈਂ ਜਸਬੀਰ ਭੁੱਲਰ ਦੇ ਘਰ ਜਾਣਾ ਹੈ।"

"ਅੱਛਾ-ਅੱਛਾ ਕਰਨਲ ਸਾਹਿਬ ਦੇ ਘਰ।" ਉਸ ਬੰਦੇ ਨੇ ਉਸ ਦਿਸ਼ਾ ਵੱਲ ਝਾਕਦਿਆਂ ਕਿਹਾ ਜਿਵੇਂ ਉਹ ਘਰ ਦਿਖਾ ਰਿਹਾ ਹੋਵੇ, "ਓ ਸਾਹਮਣੇ... ਚੌਥੀ ਕੋਠੀ... ਮੂਹਰੇ ਖਜੂਰਾਂ ਦੇ ਦੋ ਦਰਖ਼ਤ ਖੜ੍ਹੇ ਨੇ।"

✪

ਚੌੜ੍ਹੇ ਪਰ ਮਧਰੇ ਜਿਹੇ ਗੇਟ ਦੀ ਘੰਟੀ ਜਦ ਮਾਰੀ ਤਾਂ ਭੁੱਲਰ ਹੋਰੀਂ ਹੱਸਦੇ ਹੋਏ ਆਏ। ਅੰਦਰ ਆਉਂਦਿਆਂ ਹੀ ਭੁੱਲਰ ਨੇ ਕਿਹਾ, "ਕਿੰਨੇ ਵਜੇ ਚੱਲਿਆ ਸੀ ਸਵੇਰੇ ?" ਦੋ ਚਾਰ ਹੋਰ ਰਸਮੀ ਗੱਲਾਂ ਤੋਂ ਬਾਅਦ ਉਹਨਾਂ ਕਿਹਾ, "ਬੀਬਾ ਵੀ ਆਉਣ ਵਾਲਾ ਹੈ।"

ਭੁੱਲਰ ਸਾਹਿਬ ਨੂੰ ਜਦ ਇਕੱਲੇ ਜਿਹੇ ਹੋਣ ਦਾ ਕਾਰਨ ਪੁੱਛਿਆ ਤਾਂ ਕਹਿੰਦੇ ਕਿ, "ਸ੍ਰੀਮਤੀ ਜੀ ਬੇਟੀ ਕੋਲ ਪੂਣੇ ਗਈ ਹੈ ਮਹੀਨੇ ਵਾਸਤੇ। ਹੁਣ ਆਪਾਂ ਆਜ਼ਾਦ ਹਾਂ।" ਆਰਾਮ ਕੁਰਸੀ 'ਤੇ ਪਿੱਛੇ ਨੂੰ ਪਸਰਦਿਆਂ ਭੁੱਲਰ ਨੇ ਹੱਸਦਿਆਂ ਕਿਹਾ।

ਏਨੇ ਨੂੰ ਬਾਹਰ ਬੈੱਲ ਵੱਜ ਗਈ ਅਤੇ ਜਸਬੀਰ ਗੇਟ ਖੋਲ੍ਹਣ ਚਲੇ ਗਏ।

✪

ਘਰ ਪਹਿਲੀ ਨਜ਼ਰੇ ਹੀ ਕਿਸੇ ਕਲਾਕਾਰ ਨਕਸ਼ਾਨਵੀਸ ਦਾ ਵਿਉਂਤਿਆ ਜਾਪਦਾ ਸੀ। ਆਮ ਘਰਾਂ ਨਾਲੋਂ ਬਣਤਰ ਅਤੇ ਬੁਣਤਰ ਨਿਰਾਲੀ। ਭੁੱਲਰ ਦੇ ਘਰ ਦੀ ਹਰ ਕੰਧ ਪੇਂਟਿੰਗਾਂ ਨਾਲ



ਸ਼ਿੰਗਾਰੀ ਦੇਖੀ ਜਾਂ ਫੇਰ ਅੰਮ੍ਰਿਤਾ ਪ੍ਰੀਤਮ ਦੇ ਘਰ ਦੀ... । ਇਹ ਭੁੱਲਰ ਦੇ ਆਪਣੇ ਚਿੱਤਰਕਾਰ ਹੋਣ ਦਾ ਸਬੂਤ ਸੀ। ਇੱਕ ਅਧੂਰੀ ਪੇਂਟਿੰਗ ਈਜ਼ਲ 'ਤੇ ਪਈ ਇਉਂ ਝਾਕਦੀ ਮਿਲੀ ਜਿਵੇਂ ਕਹਿ ਰਹੀ ਹੋਵੇ, "ਮੈਨੂੰ ਕਦੋਂ ਪੂਰੇਂਗਾ ਕਲਾਕਾਰਾ।" ਉਂਝ ਤਾਂ ਭੁੱਲਰ ਦੇ ਘਰ 'ਚ ਸ਼ਾਂਤੀਨਿਕੇਤਨ ਵਾਲੀ ਸ਼ਾਂਤੀ ਹੈ। ਕਿਤੇ ਵੀ ਬਹਿ ਕੇ ਲਿਖਿਆ-ਪੜ੍ਹਿਆ ਜਾ ਸਕਦੈ ਪਰ ਲੌਬੀ ਨੂੰ ਦੋ ਹਿੱਸਿਆਂ 'ਚ ਵੰਡਦਾ ਇੱਕ ਨਿੱਕਾ ਜਿਹਾ ਪੁਲ ਹੈ ਜੋ ਚਾਰ ਕੁ ਪੌੜੀਆਂ ਚੜ੍ਹਦਿਆਂ ਹੀ ਮਿਲਦਾ ਹੈ। ਭਾਵੇਂ ਇਸੇ ਪੁਲ ਹੇਠਾਂ ਤੋਪ ਦਾ ਇੱਕ ਅਸਲੀ ਪਹੀਆ ਵੀ ਬੜੇ ਸਲੀਕੇ ਨਾਲ ਸਜਾਇਆ ਹੈ। ਉਸ ਪੁਲ ਨੂੰ ਪਾਰ ਕਰਦਿਆਂ ਸੱਜੇ ਹੱਥ ਜੋ ਕਮਰਾ ਮਿਲੇਗਾ ਅਸਲ 'ਚ ਉਹੀ ਭੁੱਲਰ ਦੀ ਪੜ੍ਹਨ-ਲਿਖਣ ਦੀ ਥਾਂ ਹੈ ਜਿੱਥੇ ਮੈਨੂੰ ਲਗਦੈ ਜਸਬੀਰ ਸਾਰੀ ਦੁਨੀਆ ਨੂੰ ਭੁਲਾ ਕੇ ਆਪਣੇ ਆਪ ਨੂੰ ਮਿਲਦੇ ਹਨ।

ਨਾਲ ਦੇ ਕਮਰੇ 'ਚ ਭੁੱਲਰ ਦੀ ਰਚਨਾਕਾਰੀ ਵਧੋ-ਵਧੀ ਧਾਹ ਕੇ ਮਿਲਦੀ ਹੈ ਜਿਵੇਂ ਭੁੱਲਰ ਦੇ ਘਰ ਸੂਰਜ ਦੀ ਰੌਸ਼ਨੀ ਖਜੂਰਾਂ ਤੋਂ ਹੁੰਦੀ ਹੋਈ ਸਿੱਧੀ ਕਮਰੇ 'ਚ ਸਮਾ ਜਾਂਦੀ ਹੈ।

ਮੈਂ : ਭੁੱਲਰ ਸਾਹਿਬ, ਕੀ ਇਸ ਘਰ ਦੀ ਬਣਤਰ 'ਚ ਕਜ਼ਾਕ ਸਾਹਿਬ ਦਾ ਵੀ ਸਹਿਯੋਗ ਹੈ ?" ਘਰ ਦੀ ਅਨੋਖੀ ਬਣਤਰ ਕਾਰਨ ਪੁੱਛਿਆ। ਬਹੁਤੇ ਲੇਖਕਾਂ ਦੇ ਘਰਾਂ ਦੀ ਬਣਤਰ ਕਜ਼ਾਕ ਦੀ ਸਲਾਹ ਨਾਲ ਬਣੀ ਹੈ।

ਭੁੱਲਰ : ਨਹੀਂ, ਉਸ ਸਮੇਂ ਕਜ਼ਾਕ ਨਹੀਂ ਮਿਲਿਆ ਸੀ।

ਮੈਂ : ਪਿੰਡ ਭੁੱਲਰਾਂ ਤੋਂ ਸਿੱਧਾ ਮੁਹਾਲੀ ਆਉਣ ਦਾ ਮਨ ਕਿਵੇਂ ਬਣਿਆ ?

ਭੁੱਲਰ : ਮੈਂ ਤਾਂ ਅੰਮ੍ਰਿਤਸਰ ਦੇ ਇਲਾਕੇ 'ਚ ਹੀ ਬਣਾਉਣਾ ਚਾਹੁੰਦਾ ਸੀ, ਪਰ ਐੱਨ.ਐੱਸ. ਰਤਨ ਦੀ ਸਲਾਹ ਸਦਕਾ ਮੈਂ ਏਥੇ ਮੁਹਾਲੀ ਵਿਖੇ ਘਰ ਬਣਾਇਆ। ਰਤਨ ਹੋਰਾਂ ਨੇ ਮੈਨੂੰ ਬੜਾ ਸਹਿਯੋਗ ਦਿੱਤਾ। ਕਮਰੇ ਦੀ ਨੁੱਕਰੇ ਪਏ ਮੇਜ 'ਤੇ ਕੁੱਝ ਕੁ ਫਾਈਲਾਂ ਬੜੇ ਕਰੀਨੇ ਨਾਲ ਪਈਆਂ ਸੀ। ਜਦ ਮੈਂ ਉਹਨਾਂ ਫਾਈਲਾਂ ਬਾਰੇ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ, "ਜਦ ਮੈਂ ਕੋਈ ਰਚਨਾ ਲਿਖ ਲੈਂਦਾ ਹਾਂ ਤਾਂ ਉਸ ਨੂੰ ਫਾਈਲ ਕਰ ਦਿੰਦਾ ਹਾਂ ਅਤੇ ਕੁੱਝ ਦੇਰ ਲਈ ਉਸ ਰਚਨਾ ਨੂੰ ਭੁੱਲ ਜਾਂਦਾ ਹਾਂ ਅਤੇ ਫੇਰ ਕੁੱਝ ਦੇਰ ਬਾਅਦ ਉਸ ਰਚਨਾ 'ਤੇ ਕੰਮ ਕਰਦਾ ਹਾਂ।"

ਮੈਂ ਸੋਚਿਆ ਇਸ ਤਰ੍ਹਾਂ ਕੁੱਝ ਰਚਨਾਵਾਂ ਫਾਈਲਾਂ 'ਚ ਦੱਬ ਕੇ ਰਹਿ ਜਾਂਦੀਆਂ ਹੋਣਗੀਆਂ। ਜਿਹੜੀਆਂ ਫਾਈਲਾਂ ਦਬ ਜਾਂਦੀਆਂ ਨੇ ਜਦੋਂ ਕਦੇ ਖੋਲ੍ਹੀਆਂ ਜਾਂਦੀਆਂ ਨੇ ਤਾਂ ਕਦੇ ਵਧੀਆ ਰਚਨਾ ਵੀ ਸਾਹਮਣੇ ਆ ਜਾਂਦੀ ਹੋਵੇਗੀ। ਜਿਵੇਂ ਕਿ 'ਏਕਮ' ਵਿੱਚ ਅਜਿਹੀਆਂ ਫਾਈਲਾਂ 'ਚ ਦੱਬੀਆਂ ਰਚਨਾਵਾਂ 'ਪੁਰਾਣੀਆਂ ਫਾਈਲਾਂ ਫਰੋਲਦਿਆਂ' ਨਾਂ ਨਾਲ ਸਾਡੇ ਸਾਹਮਣੇ ਆ ਰਹੀਆਂ ਹਨ।

"ਇਹ ਤਾਂ ਬਾਬੂਆਂ ਵਾਲਾ ਕੰਮ ਹੋਇਆ ?" ਮੈਂ ਅਚਾਨਕ ਪੁੱਛਿਆ।

"ਨਹੀਂ, ਨਹੀਂ ਬਾਬੂਆਂ ਵਾਲਾ ਨਹੀਂ।" ਉਹਨਾਂ ਨੇ ਮੇਰੇ ਸੁਆਲ ਤੋਂ ਹੈਰਾਨ ਹੁੰਦਿਆਂ ਕਿਹਾ, "ਇਹ ਮੇਰਾ ਸੁਭਾਅ ਹੈ ਕਿ ਮੈਂ ਕਿਸੇ ਕਿਸਮ ਦਾ ਖਲਾਰਾ ਬਰਦਾਸ਼ਤ ਨਹੀਂ ਕਰ ਸਕਦਾ। ਇਸ ਅਨੁਸ਼ਾਸਨ ਦੀ ਆਦਤ ਮੈਨੂੰ ਫ਼ੌਜ ਦੀ ਨੌਕਰੀ ਨੇ ਦਿੱਤੀ।"

✪

ਭੁੱਲਰ ਸਾਹਿਬ ਨੇ ਕਿਹਾ, "ਤਰਸੇਮ, ਸੁਖਵੰਤ ਕੌਰ ਮਾਨ ਪੰਜਾਬੀ ਦੀ ਸੰਵੇਦਨਸ਼ੀਲ ਕਹਾਣੀਕਾਰਾ ਸੀ... ਪੰਜਾਬੀ ਟ੍ਰਿਬਿਊਨ ਲਈ ਮੈਂ ਉਸ ਬਾਰੇ ਲੇਖ ਲਿਖਣਾ ਹੈ। ਸੁਰਿੰਦਰ ਤੇਜ ਦਾ ਵਾਰ-ਵਾਰ ਫ਼ੋਨ ਆ ਰਿਹਾ ਹੈ... ਲੇਖ ਆਉਂਦੇ ਐਤਵਾਰ ਨੂੰ ਛਪਣੈ। ਫੇਰ ਮੈਂ ਤਾਂ ਹਾਲੇ ਲਿਖਿਆ ਵੀ ਨਹੀਂ...।" ਉਹ ਮੇਰੇ ਵੱਲ ਦੇਖ ਕੇ ਚੁੱਪ ਹੋ ਗਏ। ਇੱਕ ਵਾਰ ਫੇਰ ਚੁੱਪ ਚਾਂ ਛਾਂ ਗਈ।

"...ਲਿਖਣ ਲਈ ਵਕਤ ਦੀ ਵੀ ਤਾਂ ਲੋੜ ਚਾਹੀਦੀ ਹੁੰਦੀ ਹੈ ਅਤੇ ਇਕੱਲ ਦੀ ਵੀ...।" ਭੁੱਲਰ ਆਪਣੀ ਰੌਂਅ 'ਚ ਕਹਿ ਰਹੇ ਸਨ ਜਿਵੇਂ ਉਸ ਘਟਨਾ ਪ੍ਰਤਿ ਬਹੁਤ ਦੁੱਖ ਹੋਇਆ ਹੋਵੇ।

"ਇਹ ਠੀਕ ਹੈ ਲਿਖਣ ਲਈ ਵਕਤ ਅਤੇ ਇਕੱਲ ਦੀ ਲੋੜ ਪੈਂਦੀ ਹੈ..." ਮੈਂ ਆਪਣੇ ਆਪ ਨੂੰ ਕਿਹਾ, "ਲਿਖਣ ਲਈ ਤਾਂ ਸਾਰੀ ਰਾਤ ਪਈ ਸੀ ਅਤੇ ਦਿਨ ਵੀ ਪਰ ਦੋਸਤ ਤਾਂ ਕਿਸੇ ਆਰਟੀਕਲ ਨਾਲੋਂ ਵੱਡਾ ਹੁੰਦੈ।" ਮੈਨੂੰ ਯਾਦ ਆਇਆ ਕਿ ਫ਼ੋਨ 'ਤੇ ਬੀਬਾ ਆਖਦਾ, "ਦੋਸਤੀ 'ਚ ਵਾਲ਼ ਜਿੰਨੀ ਵੀ ਤ੍ਰੇੜ ਆ ਜਾਵੇ ਤਾਂ ਤੁਰਿਆ ਨਹੀਂ ਜਾਂਦਾ।"

"ਇਹ ਤ੍ਰੇੜ ਪੂਰੀ ਨਹੀਂ ਜਾ ਸਕਦੀ ?" ਮੈਂ ਗੰਭੀਰਤਾ ਨਾਲ ਕਿਹਾ।

"ਵਕਤ ਬੜੀ ਵੱਡੀ ਸ਼ੈਅ ਹੈ, ਤਰਸੇਮ। ਵੱਡੀਆਂ-ਵੱਡੀਆਂ ਤ੍ਰੇੜਾਂ ਪੂਰੀਆਂ ਜਾਂਦੀਆਂ ਨੇ। ਨਾਲੇ ਜਸਬੀਰ ਨਾਲ ਮੇਰੀ ਦੁਸ਼ਮਣੀ ਥੋੜ੍ਹੀ ਐ।" ਬੀਬਾ ਲਗਾਤਾਰ ਕਿਸੇ ਡੂੰਘੇ ਖੂਹ 'ਚੋਂ ਬੋਲ ਰਿਹਾ ਸੀ।

"ਤ੍ਰੇੜਾਂ ਨਾ ਪੂਰੋ ਤਾਂ ਇਹ ਗੰਢਾਂ ਬਣ ਜਾਂਦੀਆਂ ਨੇ ਅਤੇ ਗੰਢਾਂ...।"

"ਮੈਂ ਸਮਝਦਾਂ...।" ਉਸ ਨੇ ਵਿੱਚੋਂ ਟੋਕ ਕੇ ਕਿਹਾ, "ਉਹ ਮੈਨੂੰ ਜਾਂਦੇ ਨੂੰ ਰੋਕ ਵੀ ਤਾਂ ਸਕਦਾ ਸੀ ਪਰ ਉਸ ਨੇ ਇੱਕ ਵਾਰ ਵੀ ਨਾ ਕਿਹਾ...।" ਉਹ ਜਿਵੇਂ ਗਹਿਰੀ ਚੁੱਪ 'ਚੋਂ ਬੋਲ ਰਿਹਾ ਸੀ। ਉੱਥੇ ਮੈਨੂੰ ਜਸਬੀਰ ਭੁੱਲਰ ਯਾਦ ਆ ਰਿਹਾ ਸੀ ਜਿਸ ਨੇ 'ਦੋਸਤੀ ਦਾ ਬੀਬਾ ਕਬੂਤਰ' 'ਚ ਲਿਖਿਆ ਕਿ, "ਅਸੀਂ ਅਨੇਕਾਂ ਰਾਤਾਂ ਇਕੱਠੀਆਂ ਗੁਜ਼ਾਰੀਆਂ ਸਨ। ਉਹਨਾਂ ਰਾਤਾਂ 'ਚ ਅਸੀਂ ਇਕੱਲੇ ਹੋ ਕੇ ਵੀ ਕਦੇ ਇਕੱਲੇ ਨਹੀਂ ਸਾਂ ਹੋਏ। ਉਹ ਰਾਤਾਂ ਪ੍ਰੇਮਿਕਾ ਦੇ ਲੇਖੇ ਲਗਦੀਆਂ ਸਨ।"

ਅਜਿਹੀਆਂ ਦੋਸਤੀਆਂ ਜਿਹੜੀਆਂ ਸਾਹਾਂ ਦੇ ਨਾਲ ਜਿਉਂਦੀਆਂ ਹੋਣ, ਕਿੱਥੇ ਮਿਲਦੀਆਂ ਨੇ। ਸੰਸਾਰ 'ਚ ਜੇ ਰਿਸ਼ਤਿਆਂ ਤੋਂ ਪਰੇ ਜੇ ਕੋਈ ਭਰੋਸਾ ਕਰਨਯੋਗ ਸ਼ੈਅ ਹੈ ਤਾਂ ਦੋਸਤ ਹੈ। ਜੇ ਕਿਸੇ ਦੀ ਸਹੁੰ ਖਾਧੀ ਜਾ ਸਕਦੀ ਹੈ, ਉਹ ਦੋਸਤ ਹੈ। ਮੈਂ ਆਪ ਮੁਹਾਰੇ ਬੋਲਿਆ ਤਾਂ ਭੁੱਲਰ ਨੇ ਕਿਹਾ, "ਕਿੱਥੇ ਖੋ ਗਿਐਂ ?"

"ਦੋਸਤੀਆਂ ਦੇ ਜੰਗਲ 'ਚ ਗੁਆਚ ਗਿਆ ਸੀ ਮੈਂ ਵੀ।" ਅਚਾਨਕ ਮੇਰੇ ਮੂੰਹੋਂ ਨਿੱਕਲਿਆ।

✪

'ਹੁਣ' ਰਸਾਲੇ 'ਚ ਮੇਰੀਆਂ ਕਵਿਤਾਵਾਂ 'ਬੁੱਧਵਾਰ ਪੇਠ' ਨਾਂ ਨਾਲ ਛਪੀਆਂ ਤਾਂ ਭੁੱਲਰ ਦਾ ਫ਼ੋਨ ਆ ਗਿਆ, ਅਖੇ, "ਤਰਸੇਮ ਤੂੰ ਪੂਨੇ ਕਦ ਜਾ ਆਇਆ ?"

"ਤੁਹਾਨੂੰ ਕਿਵੇਂ ਪਤਾ ?"

"ਸੁਆਲ ਦੇ ਜੁਆਬ 'ਚ ਸੁਆਲ ?" ਉਹਨਾਂ ਹੱਸਦਿਆਂ ਕਿਹਾ, "ਮੇਰਾ ਮਤਲਬ ਤੁਹਾਨੂੰ ਕਿਵੇਂ ਪਤਾ ?"

"ਤੇਰੀਆਂ 'ਬੁੱਧਵਾਰ ਪੇਠ' ਨਾਂ ਦੀਆਂ ਕਵਿਤਾਵਾਂ ਨੇ ਦੱਸਿਆ।"

"ਹਾਂ ਜੀ, ਪੂਨੇ ਗਿਆ ਸੀ। ਨਾਲੇ 'ਪ੍ਰਭਾਤ ਥਿਏਟਰ' ਵੀ ਦੇਖਿਆ ਫ਼ਿਲਮ ਸਿਟੀ 'ਚ।" ਮੈਂ ਚਾਅ ਜਿਹੇ ਨਾਲ ਕਿਹਾ ਕਿਉਂਕਿ ਪ੍ਰਭਾਤ ਥਿਏਟਰ ਦਾ ਜ਼ਿਕਰ ਭੁੱਲਰ ਸਾਹਿਬ ਦੇ ਨਾਵਲ 'ਮਹੂਰਤ' 'ਚ ਬਾਖ਼ੂਬੀ ਆਉਂਦੈ।

"ਅੱਛਾ ਪ੍ਰਭਾਤ ਥਿਏਟਰ ਵੀ ਦੇਖਿਆ... ਗੁੱਡ।" ਉਹਨਾਂ ਬੜੀ ਖ਼ੁਸ਼ੀ ਨਾਲ ਕਿਹਾ। ਜਿਵੇਂ ਉਹ ਪ੍ਰਭਾਤ ਥਿਏਟਰ ਨਾਲ ਬੜੀ ਨੇੜਿਉਂ ਜੁੜੇ ਰਹੇ ਹੋਣ। ਇਹ ਗੱਲ ਸਹੀ ਵੀ ਹੈ ਕਿ ਉਹ



ਪ੍ਰਭਾਤ ਥਿਏਟਰ ਨਾਲ ਬਾਵਾਸਤਾ ਰਹੇ।

'ਮਹੂਰਤ' ਨਾਵਲ ਤੋਂ ਯਾਦ ਆਇਆ ਕਿ ਭੁੱਲਰ ਹੁਰਾਂ ਦਾ ਸੁਭਾਅ ਹੈ ਕਿ ਉਹ ਰਚਨਾ ਨੂੰ ਉਦੋਂ ਤੱਕ ਘੋਖਦੇ-ਪਰਖਦੇ ਨੇ ਜਿੰਨਾ ਚਿਰ ਉਹਨਾਂ ਨੂੰ ਤਸੱਲੀ ਨਾ ਹੋ ਜਾਵੇ। ਇਹ ਸੁਭਾਅ ਸ਼ਾਇਦ ਵਿਦੇਸ਼ੀ ਰਚਨਾਵਾਂ ਨੂੰ ਪੜ੍ਹਨ ਦੇ ਪ੍ਰਭਾਵ ਕਾਰਨ ਬਣਿਆ ਹੈ। ਉਹ ਲੋਕ (ਲੇਖਕ) ਵੀ ਰਚਨਾ ਨੂੰ ਖੋਜ ਦੀ ਹੱਦ ਤੱਕ ਨਿਭਾਉਂਦੇ ਨੇ। ਭੁੱਲਰ ਆਪਣੀ ਹਰ ਰਚਨਾ ਨੂੰ ਚਾਹੇ ਉਹ ਕਹਾਣੀ ਹੋਵੇ, ਨਾਵਲ ਜਾਂ ਬਾਲਾਂ ਲਈ ਰਚਨਾ, ਹਰੇਕ ਰਚਨਾ ਦੀ ਤਹਿ ਤੱਕ ਜਾਂਦੇ ਹਨ।

ਗੱਲ 'ਮਹੂਰਤ' ਦੀ ਕਰ ਰਿਹਾ ਸੀ ਕਿ ਭਾਵੇਂ ਭੁੱਲਰ ਨੇ ਇਹ ਨਾਵਲ 1984 ਵਿੱਚ ਲਿਖ ਲਿਆ ਸੀ ਪਰ ਵੀਹ-ਬਾਈ ਸਾਲ ਉਹਨਾਂ ਨੂੰ ਨਾਵਲ ਦੀਆਂ ਬਾਰੀਕ ਤਹਿਆਂ ਫਰੋਲਣ ਨੂੰ ਲੱਗੇ। ਕਿਉਂਕਿ ਫ਼ਿਲਮ ਲਾਈਨ ਦੇ ਸੱਚ ਅਤੇ ਉਹ ਵੀ ਅੰਦਰਲੇ ਕਰੂਰ ਸੱਚ ਨੂੰ ਪੇਸ਼ ਕਰਨ ਲਈ ਏਨਾ ਕੁ ਸਮਾਂ ਤਾਂ ਲੱਗ ਹੀ ਜਾਂਦਾ ਹੋਵੇਗਾ। ਏਨੇ ਸਾਲ ਇਹ ਨਾਵਲ ਅਨੁਭਵ ਦੀ ਭੱਠੀ 'ਚੋਂ ਨਿੱਕਲ ਕੇ ਕੁੰਦਨ ਬਣਿਆ ਹੈ। ਮੈਂ ਇਹ ਨਾਵਲ ਹਿੰਦੀ 'ਚ ਅਨੁਵਾਦ ਕੀਤਾ ਅਤੇ ਗਿਆਨਪੀਠ ਪ੍ਰਕਾਸ਼ਨ, ਨਵੀਂ ਦਿੱਲੀ ਨੇ ਇਸ ਨੂੰ ਹਿੰਦੀ 'ਚ ਛਾਪਿਆ।

ਮੈਨੂੰ ਇਹ ਨਾਵਲ ਇਸ ਕਰਕੇ ਵੀ ਅਪੀਲ ਕਰਦਾ ਹੈ ਕਿ ਪੰਜਾਬੀ 'ਚ ਫ਼ਿਲਮ ਲਾਈਨ ਦੀ ਆਂਤਰਿਕਤਾ ਬਾਰੇ ਕੋਈ ਰਚਨਾ ਦਿਖਾਈ ਨਹੀਂ ਦਿੰਦੀ ਉਹ ਵੀ ਏਨੀ ਪੁਖਤਾ। ਦੂਜਾ ਫ਼ਿਲਮ ਲਾਈਨ ਦੀ ਦਿਲ ਹਿਲਾ ਦੇਣ ਵਾਲੀ ਕਰੂਰਤਾ ਨੂੰ ਬੜੀ ਨੇੜਿਉਂ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਨੇ ਮੈਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਮੈਂ ਮੁਹਾਲੀ ਉਹਨਾਂ ਦੇ ਘਰ ਜਾ ਪਹੁੰਚਿਆ ਅਤੇ ਪੁੱਛਿਆ ਕਿ "ਭੁੱਲਰ ਸਾਹਿਬ, ਇਹ ਨਾਵਲ ਦਿਮਾਗ 'ਚ ਕਿਵੇਂ ਆਇਆ ?"

ਉਹਨਾਂ ਕਿਹਾ, "ਤਰਸੇਮ, ਬਹੁਤ ਵਰ੍ਹੇ ਪਹਿਲਾਂ ਦੀ ਗੱਲ ਹੈ ਕਿ ਬੌਲੀਵੁੱਡ ਦਾ ਇੱਕ ਨਾਮਵਰ ਨਿਰਮਾਤਾ ਆਪਣੀ ਨਵੀਂ ਫ਼ਿਲਮ ਦੀ ਸ਼ੂਟਿੰਗ ਲਈ ਅਹਿਮਦਾਬਾਦ ਆਇਆ। ਮੈਂ ਉਦੋਂ ਕਪਤਾਨ ਸਾਂ ਅਤੇ ਮੇਰੀ ਪੋਸਟਿੰਗ ਅਹਿਮਦਾਬਾਦ ਹੀ ਸੀ।

ਫ਼ਿਲਮਾਂ ਮੈਨੂੰ ਆਪਣੇ ਵੱਲ ਖਿੱਚਦੀਆਂ ਸੀ। ਮੈਂ ਫ਼ਿਲਮਾਂ ਵਾਲਿਆਂ ਦੇ ਜਿਉਣ ਅਤੇ ਰਹਿਣ-ਸਹਿਣ ਨੂੰ ਨੇੜਿਉਂ ਵੇਖਣਾ ਚਾਹੁੰਦਾ ਸੀ। ਉਹ ਨਿਰਮਾਤਾ ਮੇਰਾ ਪੁਰਾਣਾ ਜਾਣਕਾਰ ਸੀ। ਉਹ ਮੈਨੂੰ ਉਚੇਚਾ ਮਿਲਣ ਆਇਆ। ਮੇਰੀ ਫ਼ਿਲਮਾਂ 'ਚ ਦਿਲਚਸਪੀ ਦੇਖ ਕੇ ਉਹਨੇ ਮੈਨੂੰ ਆਪਣੇ ਨਾਲ ਜੋੜ ਲਿਆ। ਉਹ ਮੇਰੇ ਲਈ ਫ਼ਿਲਮ ਨਿਰਮਾਣ ਦੀਆਂ ਬਾਰੀਕੀਆਂ ਜਾਣਨ ਦੇ ਸੁਨਹਿਰੀ ਦਿਨ ਸਨ। ਮੈਂ ਫ਼ੌਜ ਤੋਂ ਕੁੱਝ ਦਿਨਾਂ ਦੀ ਛੁੱਟੀ ਲੈ ਲਈ।

ਮੈਂ ਜਾਣਨਾ ਤਾਂ ਫ਼ਿਲਮ ਨਿਰਮਾਣ ਬਾਰੇ ਸੀ ਪਰ ਮੈਂ ਫ਼ਿਲਮਾਂ ਵਾਲਿਆਂ ਨੂੰ ਵੱਧ ਜਾਣ ਲਿਆ।

ਉਸ ਨਿਰਮਾਤਾ ਨੂੰ ਕਿਸੇ ਕਾਰਨ ਉਹ ਹਿੰਦੀ ਫ਼ਿਲਮ ਦੀ ਸ਼ੂਟਿੰਗ ਰੱਦ ਕਰਨੀ ਪੈ ਗਈ। ਸਾਰੀ ਫ਼ਿਲਮ ਯੂਨਿਟ ਦੇ ਉੱਥੇ ਹੋਣ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਡਰ ਸੀ। ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਨਿਰਮਾਤਾ ਨੇ ਉਸੇ ਯੂਨਿਟ ਨਾਲ ਇੱਕ ਗੁਜਰਾਤੀ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ।

ਦਿਨ ਭਰ ਦੀ ਸ਼ੂਟਿੰਗ ਤੋਂ ਪਿੱਛੋਂ ਸਾਰੇ ਤਫ਼ਰੀਹ ਦੇ ਰੌਂਅ ਵਿੱਚ ਹੁੰਦੇ ਸਨ। ਰਾਤ ਦੀ ਮਹਿਫਿਲ ਨਿਰਮਾਤਾ ਦੇ ਹੋਟਲ ਦੇ ਸੂਇਟ ਵਿੱਚ ਜਵਾਨ ਹੋ ਜਾਂਦੀ। ਉਹਨਾਂ ਮਹਿਫਿਲਾਂ 'ਚ ਜੋ ਵੀ ਕੁੱਝ ਦੇਖਦਾ ਸਾਂ, ਉਹ ਬੜਾ ਸਨਸਨੀਖੇਜ਼ ਸੀ।

'ਮਹੂਰਤ' ਨਾਵਲ ਮੈਂ ਇਸ ਘਟਨਾ ਤੋਂ ਬਹੁਤ ਵਰ੍ਹੇ ਪਿੱਛੋਂ ਲਿਖਣਾ ਸੀ। ਉਹ ਨਿਰਮਾਤਾ

ਉਸ ਨਾਵਲ ਦਾ ਦੀਪਕ ਸੇਨ ਸੀ, ਪਰ ਮੈਨੂੰ ਉਦੋਂ ਇਸ ਗੱਲ ਦਾ ਪਤਾ ਨਹੀਂ ਸੀ।

ਮੇਰਾ ਫ਼ਿਲਮਾਂ ਵਾਲਿਆਂ ਨਾਲ ਵਾਹ ਵਾਸਤਾ ਅਕਸਰ ਰਿਹਾ ਹੈ। ਫ਼ਿਲਮਾਂ ਵਿੱਚ ਆਪਣਾ ਭਵਿੱਖ ਖੋਜ ਰਹੇ ਮੁੰਡੇ-ਕੁੜੀਆਂ ਨੂੰ ਮੈਂ ਨੇੜਿਉਂ ਜਾਣਿਆ ਹੈ। ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ਼ ਇੰਡੀਆ 'ਚ ਮੈਂ ਬੜਾ ਕੁੱਝ ਅਣਕਿਆਸਿਆ ਵਾਪਰਦਾ ਤੱਕਿਆ ਹੈ। ਮੈਂ ਅਚੇਤੇ ਹੀ ਆਪਣੇ ਨਾਵਲ ਦੇ ਬੀਜ ਚੁਣਦਾ ਰਿਹਾ ਹਾਂ। ਪਹਿਲੋਂ ਮੈਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਮੈਂ ਇਸ ਵਿਸ਼ੇ 'ਤੇ ਕੋਈ ਨਾਵਲ ਵੀ ਲਿਖਣਾ ਹੈ। ਬਸ ਏਨਾ ਕੁ ਸੋਚਿਆ ਸੀ ਕਿ ਮੈਂ ਹੋਟਲ ਦੇ ਉਸ ਕਮਰੇ ਦੀ ਕੋਈ ਕਹਾਣੀ ਲਿਖਾਂਗਾ, ਪਰ ਬੀਜ ਦਾ ਪੁੰਗਾਰਾ ਏਨੇ ਫੈਲਾਅ ਵਿੱਚ ਸੀ ਕਿ ਕਹਾਣੀ ਵਿੱਚ ਸਿਮਟਣਾ ਸੰਭਵ ਨਹੀਂ ਸੀ ਅਤੇ ਉਹ ਪੁੰਗਾਰਾ ਸਹਿਜ ਭਾਅ ਹੀ ਨਾਵਲ ਹੋ ਗਿਆ। ਉਸ ਨਿਰਮਾਤਾ ਦੀਆਂ ਮਹਿਫਿਲਾਂ ਦੇ ਬਿਊਰੇ ਵੀ ਉਸ ਨਾਵਲ ਦੇ ਹਿੱਸਾ ਹੋ ਗਏ ਸਨ।"

"ਵਾਹ ਭੁੱਲਰ ਸਾਹਿਬ, ਇਸ ਦਾ ਮਤਲਬ ਤੁਹਾਨੂੰ ਫ਼ਿਲਮ ਸਭਿਆਚਾਰ ਮੋਂਹਦਾ ਹੈ। ਜੇ ਮੈਂ ਨਹੀਂ ਭੁੱਲਦਾ ਤਾਂ ਸ਼ਾਇਦ ਹਰਭਜਨ ਮਾਨ ਦੇ ਇੱਕ ਗੀਤ ਵਿੱਚ ਵੀ ਕੋਈ ਰੋਲ ਨਿਭਾਇਆ ਸੀ। ਟੀ.ਵੀ. ਵਾਲੇ ਹਰਜੀਤ ਨਾਲ ਵੀ ਤੁਹਾਡੀ ਮਿੱਤਰਤਾ ਹੈ। ਉੱਘੇ ਪੰਜਾਬੀ ਫ਼ਿਲਮ ਡਾਇਰੈਕਟਰ ਸੁਰਿੰਦਰ ਸਿੰਘ ਨਾਲ ਵੀ ਤੁਹਾਡੀ ਨੇੜਤਾ ਰਹੀ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਸੁਪਨਿਆਂ ਦੀ ਦੁਨੀਆ 'ਚ ਹਕੀਕਤ ਵਰਗਾ ਬੰਦਾ ਬੜੇ ਅਰਥ ਰੱਖਦਾ ਹੈ। ਜਦ ਤੁਸੀਂ 'ਮਹੂਰਤ' ਲਿਖਿਆ ਤਾਂ ਸਾਰੀਆਂ ਪ੍ਰਸਥਿਤੀਆਂ ਨੂੰ ਬੜੀ ਨੀਝ ਨਾਲ ਦੇਖਿਆ ਹੋਵੇਗਾ, ਜਾਣਿਆ ਹੋਵੇਗਾ ?"

ਭੁੱਲਰ ਸਾਹਿਬ ਇੱਕ ਦਮ ਗੰਭੀਰ ਹੋ ਗਏ ਜਿਵੇਂ ਮੇਰੇ ਸੁਆਲ ਨਾਲ ਉਹ ਉਸੇ ਦੁਨੀਆ 'ਚ ਪਹੁੰਚ ਗਏ ਹੋਣ ਜਿੱਥੇ 'ਮਹੂਰਤ' ਵਿਗਸਿਆ। "ਇਹ ਤਾਂ ਕੁਦਰਤੀ ਹੈ ਤੁਹਾਨੂੰ ਪ੍ਰਸਥਿਤੀਆਂ ਨਾਲ ਦੋ ਚਾਰ ਹੋਣਾ ਹੀ ਪਵੇਗਾ। ਇਸ ਨਾਵਲ ਦਾ ਇੱਕ ਪਾਤਰ ਐਮਰੀ ਸ਼ੇਰਗਿਲ ਮੈਨੂੰ ਫ਼ਿਲਮ ਇੰਸਟੀਚਿਊਟ 'ਚ ਮਿਲਿਆ ਸੀ। ਉਹ ਚਾਹੁੰਦਾ ਸੀ ਕਿ ਜੇ ਮੈਂ ਫ਼ਿਲਮਾਂ ਵਾਲਿਆਂ ਬਾਰੇ ਨਾਵਲ ਲਿਖਣਾ ਹੈ ਤਾਂ ਪਹਿਲਾਂ ਉਹਨਾਂ ਦੀ ਮੁੰਬਈ ਜ਼ਰੂਰ ਦੇਖ ਲਵਾਂ। ਮੈਂ ਐਮਰੀ ਸ਼ੇਰਗਿਲ ਦੇ ਨਾਲ ਹੀ ਮੁੰਬਈ ਵਾਲੀ ਗੱਡੀ ਚੜ੍ਹ ਗਿਆ ਸਾਂ। ਜਦੋਂ ਉੱਥੇ ਅੰਧੇਰੀ ਦੇ ਇੱਕ ਪੁਰਾਣੇ ਮਕਾਨ ਦੀਆਂ ਪੌੜੀਆਂ ਚੜ੍ਹ ਕੇ ਉਹਨੇ ਕਾਲ ਬੈੱਲ ਦੱਬੀ ਤਾਂ 'ਮਹੂਰਤ' ਵਾਲੇ ਪ੍ਰਕਾਸ਼ ਆਨੰਦ ਨੇ ਬੂਹਾ ਖੋਲ੍ਹਿਆ ਸੀ। ਅਸੀਂ ਸਿੱਧੇ ਉਹਨਾਂ ਦੇ ਬੈੱਡਰੂਮ ਵਿੱਚ ਪਹੁੰਚ ਗਏ ਸੀ। ਉਹ ਬੈੱਡਰੂਮ ਟੱਪ ਕੇ ਅਸੀਂ ਉਸ ਕਮਰੇ ਵਿੱਚ ਗਏ ਸਾਂ, ਜਿਹੜਾ 'ਮਹੂਰਤ' ਨਾਵਲ ਦੇ ਪਾਤਰ ਸੁਹੇਲ, ਸੁਸ਼ਾਂਤ ਬਾਸੂ ਅਤੇ ਐਮਰੀ ਸ਼ੇਰਗਿਲ ਦਾ ਸੀ ਯਾਨੀ 'ਮਹੂਰਤ' ਦੇ ਕੁੱਝ ਪਾਤਰਾਂ ਨੂੰ ਉੱਥੇ ਰਹਿਣ ਲਈ ਥਾਂ ਮਿਲ ਗਈ ਸੀ। 'ਮਹੂਰਤ' ਨਾਵਲ ਦੇ ਉਸ ਘਰ ਵਿੱਚ ਪਹੁੰਚਣ ਤੋਂ ਬਾਅਦ ਤਾਂ ਮੈਂ ਉਹਨਾਂ ਨੂੰ ਨੀਝ ਲਾ ਕੇ ਵੇਖਣਾ ਹੀ ਸੀ। ਬਾਕੀ ਪਾਤਰ, ਜਿਹੜੇ ਉਸ ਘਰ ਵਿੱਚ ਨਹੀਂ ਸੀ, ਉਹ ਮੁੰਬਈ ਦੀ ਵਿਸ਼ਾਲਤਾ ਵਿੱਚ ਗੁਆਚੇ ਹੋਏ ਸਨ। ਕਦੀ ਉਹ ਮੈਨੂੰ ਲੱਭ ਲੈਂਦੇ ਸਨ ਅਤੇ ਕਦੀ ਮੈਂ ਉਹਨਾਂ ਨੂੰ।"

ਭੁੱਲਰ ਸਾਹਿਬ ਦੀਆਂ ਗੱਲਾਂ ਸੁਣ ਕੇ ਮੈਂ ਉਦਾਸ ਵੀ ਹੋਇਆ, ਡਰਿਆ ਵੀ ਅਤੇ ਖ਼ੁਸ਼ ਵੀ ਹੋਇਆ। ਫ਼ਿਲਮ ਲਾਈਨ 'ਚ ਆਮ ਆਦਮੀ ਦੇ ਸੰਘਰਸ਼ ਅਤੇ ਆ ਰਹੀ ਨੈਤਿਕ ਗਿਰਾਵਟ ਨੇ ਮੈਨੂੰ ਡਰਾਇਆ। ਖ਼ੁਸ਼ੀ ਇਸ ਗੱਲ ਦੀ ਸੀ ਕਿ ਭੁੱਲਰ ਨੇ ਉਹ ਚੀਜ਼ਾਂ ਪੇਸ਼ ਕੀਤੀਆਂ ਇਸ 'ਮਹੂਰਤ' ਵਿੱਚ, ਜੋ ਹਾਲੇ ਤੱਕ ਪੰਜਾਬੀ ਸਾਹਿਤ ਨੇ ਨਹੀਂ ਦਿਖਾਈਆਂ ਸਨ।

✪

ਭੁੱਲਰ ਹੋਰਾਂ ਦੇ ਸੁਭਾਅ ਦਾ ਇੱਕ ਮੀਰੀ ਗੁਣ ਇਹ ਹੈ ਕਿ ਉਹ ਛੇਤੀ ਕਿਤੇ ਕਿਸੇ ਨਾਲ ਬਿਗਾੜਦੇ ਨਹੀਂ ਬਲਕਿ ਕਈ ਵਾਰ ਹਾਲਾਤ ਨਾਲ ਸਮਝੌਤਾ ਵੀ ਕਰ ਲੈਂਦੇ ਨੇ। ਗੱਲ ਇਉਂ ਹੋਈ



ਇੱਕ ਵਾਰ ਪੰਜਾਬੀ ਟ੍ਰਿਬਿਊਨ 'ਚ ਸੁਪ੍ਰਸਿਧ ਚਿੱਤਰਕਾਰ ਇਮਰੋਜ ਹੁਰਾਂ ਦੀ ਜ਼ਿੰਦਗੀ ਬਾਰੇ ਇੱਕ ਰੇਖਾ ਚਿੱਤਰ ਛਪਿਆ 'ਅੱਜ ਰਾਜੇ ਦੇ ਰੰਗ'। ਬੜੀ ਨੀਝ ਨਾਲ ਲਿਖਿਆ ਗਿਆ ਸੀ ਭੁੱਲਰ ਹੋਰਾਂ ਵੱਲੋਂ। ਉਸ ਨੂੰ ਪੜ੍ਹ ਕੇ ਅਚਾਨਕ ਮਨ 'ਚ ਖ਼ਿਆਲ ਆਇਆ ਕਿ ਅਜਿਹੀ ਸ਼ਖ਼ਸੀਅਤ 'ਤੇ ਨਾਵਲ ਲਿਖਿਆ ਜਾ ਸਕਦਾ ਹੈ ਅਤੇ ਮੈਂ ਭੁੱਲਰ ਨੂੰ ਖ਼ੂਬਸੂਰਤ ਰੇਖਾ ਚਿੱਤਰ ਬਾਰੇ ਵਧਾਈ ਦਿੱਤੀ ਅਤੇ ਮਨ ਦੀ ਗੱਲ ਕਹੀ। ਉਹਨਾਂ ਕਿਹਾ ਕਿ ਮੈਂ ਨਾਵਲ ਲਿਖ ਰਿਹਾ ਹਾਂ। ਫੇਰ ਕੁੱਝ ਦੇਰ ਬਾਅਦ ਉਹਨਾਂ 'ਹੌਜ਼ ਖਾਸ ਦਾ ਬੂਹਾ' ਨਾਂ ਨਾਲ ਨਾਵਲ ਲਿਖਿਆ। ਇਹ ਨਾਵਲ ਅੰਮ੍ਰਿਤਾ ਅਤੇ ਇਮਰੋਜ਼ ਦੀ ਜ਼ਿੰਦਗੀ ਦੇ ਸੂਖ਼ਮ ਪੱਖਾਂ ਨੂੰ ਰੂਪਮਾਨ ਕਰਦਾ ਹੋਇਆ ਅਸਲੀ ਪਾਤਰਾਂ ਦੇ ਨਾਂ ਨਾਲ ਲਿਖਿਆ ਗਿਆ ਸੀ। ਭੁੱਲਰ ਸਾਹਿਬ ਕਿਉਂਕਿ ਅੰਮ੍ਰਿਤਾ ਇਮਰੋਜ਼ ਦੇ ਕਾਫ਼ੀ ਨੇੜੇ ਰਹੇ ਹਨ, ਇਹ ਨਾਵਲ ਕਾਫ਼ੀ ਯਥਾਰਥ ਦੇ ਨੇੜੇ ਜਾ ਖੜ੍ਹਦਾ ਹੈ। ਕਿਹਾ ਜਾ ਸਕਦਾ ਹੈ ਕਿ ਉਹਨਾਂ ਕਾਫ਼ੀ ਖੋਜ ਬੀਨ ਵੀ ਕੀਤੀ। ਭੁੱਲਰ ਹੋਰਾਂ ਦੇ ਸਾਹਮਣੇ ਨਾਵਲ ਲਿਖਦਿਆਂ ਜ਼ਰੂਰ ਇਰਵਿੰਗ ਸਟੋਨ ਰਹਿੰਦਾ ਹੋਵੇਗਾ ਕਿਉਂਕਿ ਉਹ ਵੀ ਨਾਵਲ ਬੜੀ ਬਾਰੀਕ ਬੀਨੀ ਨਾਲ, ਖੋਜ ਕਰਕੇ ਅਤੇ ਪਾਤਰਾਂ ਦੇ ਅਸਲੀ ਨਾਂ ਨਾਲ ਲਿਖਦਾ ਸੀ। 'ਲਸਟ ਫਾਰ ਲਾਈਫ' ਉਹਨਾਂ ਦੀ ਪ੍ਰਤੱਖ ਅਤੇ ਸ਼ਸ਼ੱਕਤ ਉਦਾਹਰਣ ਹੈ। ਬਾਕੀ ਦੇ ਨਾਵਲ ਵੀ ਉਹਨਾਂ ਦੇ ਅਸਲੀ ਪਾਤਰਾਂ ਦੇ ਨਾਂ ਨਾਲ ਲਿਖੇ ਮਿਲਦੇ ਹਨ।

ਭੁੱਲਰ ਹੋਰਾਂ ਨੇ 'ਹੌਜ਼ ਖਾਸ ਦਾ ਬੂਹਾ' ਵੀ ਇਸੇ ਸ਼ੈਲੀ 'ਚ ਲਿਖਿਆ, ਪਰ ਉਹ ਇੱਕ ਗ਼ਲਤੀ ਕਰ ਬੈਠੇ ਉਹਨਾਂ ਇਹ ਨਾਵਲ ਇਮਰੋਜ਼ ਹੋਰਾਂ ਨੂੰ ਪੜ੍ਹਵਾ ਦਿੱਤਾ। ਭੁੱਲਰ ਨੇ ਜਦ ਇਮਰੋਜ ਨੂੰ ਫ਼ੋਨ 'ਤੇ ਨਾਵਲ ਬਾਰੇ ਪੁੱਛਿਆ ਤਾਂ ਇਮਰੋਜ਼ ਦੀ ਆਵਾਜ਼ ਬਹੁਤ ਜ਼ਿਆਦਾ ਕੰਬ ਰਹੀ ਸੀ ਜਿਵੇਂ ਕੋਈ ਗੁੱਸੇ ਭਰੀ ਐਕਸਾਈਟਮੈਂਟ 'ਚ ਹੋਵੇ। ਕੁਝ ਦੇਰ ਜਦ ਜਵਾਬ ਨਾ ਆਇਆ ਅਤੇ ਐਕਸਾਈਟਮੈਂਟ ਨੂੰ ਸਮਝਦਿਆਂ ਭੁੱਲਰ ਨੇ ਕਿਹਾ ਕਿ ਕੋਈ ਗੱਲ ਨਹੀਂ ਜੇ ਕੋਈ ਚੀਜ਼ ਨਹੀਂ ਪਸੰਦ ਆਈ। ਆਪਾਂ ਇਸ ਨੂੰ ਨਾ ਛਾਪਾਂਗੇ।

"ਹਾਂ, ਇਹੀ ਠੀਕ ਰਹੂ।" ਇਮਰੋਜ਼ ਨੇ ਬੜਾ ਸਿੱਧਾ ਜੁਆਬ ਦਿੱਤਾ।

ਭੁੱਲਰ ਨੇ ਲੰਬੀ ਸੋਚੀ ਕਿਉਂਕਿ ਅੰਮ੍ਰਿਤਾ ਇਮਰੋਜ ਪਰਿਵਾਰ ਨਾਲ ਉਹਨਾਂ ਦਾ ਬਹੁਤ ਦੇਰ ਪੁਰਾਣਾ ਰਿਸ਼ਤਾ ਸੀ। ਉਹ ਇਸ ਰਿਸ਼ਤੇ 'ਚ ਹਰਗਿਜ਼ ਤੇੜ ਨਹੀਂ ਆਉਣ ਦੇਣਾ ਚਾਹੁੰਦੇ ਸੀ। ਸੋ ਉਹਨਾਂ ਨੇ ਇਹ ਨਾਵਲ ਨਾ ਛਾਪਣ ਦਾ ਫ਼ੈਸਲਾ ਕੀਤਾ ਅਤੇ ਇਹ ਖਰੜਾ ਹੁਣ ਵੀ ਉਹਨਾਂ ਕੋਲ ਪਿਆ ਹੈ।

ਜਸਬੀਰ ਬੜੇ ਨਿਰਾਸ਼ ਹੋਏ। ਨਿਰਾਸ਼ਾ 'ਚ ਨਾਵਲ ਪਰੇ ਰੱਖ ਦਿੱਤਾ। ਨਾਵਲ ਖਰੜੇ ਦੇ ਰੂਪ 'ਚ ਹੀ ਪਿਆ ਰਿਹਾ ਅਤੇ ਆਖਿਰ ਤੱਕ ਉਸ ਨੂੰ ਖਰੜੇ ਦੇ ਰੂਪ 'ਚ ਰਹਿਣਾ ਪਿਆ।

ਲੇਖਕ ਲਈ ਖਰੜੇ ਦਾ ਹੀ ਰਹਿ ਜਾਣਾ ਸਭ ਤੋਂ ਵੱਧ ਦੁੱਖ ਦੇਣ ਵਾਲੀ ਹੁੰਦੀ ਹੈ। ਕੁੱਝ ਦੇਰ ਬਾਅਦ ਉਹਨਾਂ ਫੇਰ ਨਾਵਲ ਲਿਖਣਾ ਸ਼ੁਰੂ ਕੀਤਾ। ਨਾਵਲ ਦੀਆਂ ਘਟਨਾਵਾਂ ਬਦਲੀਆਂ, ਪਾਤਰਾਂ ਦੇ ਨਾਂ ਬਦਲੇ ਅਤੇ ਕਲਪਨਾ ਦੇ ਘੋੜੇ ਦੁੜਾਏ ਅਤੇ ਨਾਵਲ 'ਛਿਟ ਛਿਟ ਦੇ ਤਿਰਹਾਏ' ਨਾਂ ਨਾਲ ਫੇਰ ਲਿਖਿਆ ਗਿਆ। ਹੁਣ ਇਹ ਵਕਤ ਨੇ ਨਹੀਂ ਜਸਬੀਰ ਦੇ ਅੰਦਰ ਨੇ ਤੈਅ ਕਰਨਾ ਹੈ ਕਿ 'ਹੌਜ ਖਾਸ ਦਾ ਬੂਹਾ' ਨਾਲ ਨਿਆਂ ਹੋਇਆ ਜਾਂ 'ਛਿਟ ਛਿਟ ਦੇ ਤਿਰਹਾਏ' ਨਾਲ।

✪

ਕੁੱਝ ਸਾਲ ਪਹਿਲਾਂ ਦੀ ਗੱਲ ਹੈ ਕਿ ਪਟਿਆਲੇ ਯੂਨੀਵਰਸਿਟੀ 'ਚ ਵਰਲਡ ਪੰਜਾਬੀ ਕਾਨਫਰੰਸ ਸੀ। ਮੈਂ ਉਦੋਂ ਮੁਹਾਲੀ ਗਿਆ ਹੋਇਆ ਸੀ ਤਾਂ ਉੱਥੋਂ ਕਾਨਫਰੰਸ ਲਈ ਪ੍ਰੋਗ੍ਰਾਮ ਬਣ ਗਿਆ। ਡਾ. ਸਰਬਜੀਤ ਬੇਦੀ, ਭੁੱਲਰ ਸਾਹਿਬ ਅਤੇ ਮੈਂ ਪਟਿਆਲੇ ਆ ਗਏ। ਕਾਨਫਰੰਸ ਤੋਂ

ਬਾਅਦ ਸ਼ਾਮ ਨੂੰ ਮੁੜਦਿਆਂ ਅਸੀਂ ਦਲੀਪ ਕੌਰ ਟਿਵਾਣਾ ਜੀ ਦੇ ਯੂਨੀਵਰਸਿਟੀ ਕੈਂਪਸ ਵਾਲੇ ਘਰ ਚਲੇ ਗਏ। ਭੁੱਲਰ ਅਦਬ ਨਾਲ ਟਿਵਾਣਾ ਜੀ ਨੂੰ ਦੀਦੀ ਕਹਿੰਦੇ ਨੇ। ਉੱਥੋਂ ਦੀਆਂ ਗੱਲਾਂ ਬਾਤਾਂ ਰਾਹੀਂ ਮੈਂ ਇੱਕ ਰੇਖਾ ਚਿੱਤਰ ਦਲੀਪ ਕੌਰ ਟਿਵਾਣਾ ਬਾਰੇ ਲਿਖਿਆ 'ਪਤਾਸਿਆਂ ਵਾਲੀ ਚਾਹ'। ਮੈਂ ਭੁੱਲਰ ਸਾਹਿਬ ਨੂੰ ਪੜ੍ਹਾਇਆ। ਉਹਨਾਂ ਦਿਨਾਂ 'ਚ ਉਹਨਾਂ ਨੂੰ ਭਾਸ਼ਾ ਵਿਭਾਗ ਵੱਲੋਂ ਮਿਲਿਆ ਵੱਡਾ ਪੁਰਸਕਾਰ 'ਸਾਹਿਤ ਰਤਨ' ਕਾਫ਼ੀ ਚਰਚਾ ਵਿੱਚ ਸੀ। ਇਹਨਾਂ ਦੇ ਨਾਲ ਨਾਵਲਕਾਰ ਜਸਵੰਤ ਕੰਵਲ ਨੂੰ ਵੀ ਮਿਲਿਆ ਸੀ ਤਾਂ ਮੈਂ ਉਸ ਇਨਾਮ ਦਾ ਜ਼ਿਕਰ ਸਾਹਿਤਕ ਹਲਕਿਆਂ 'ਚ ਹੋ ਰਹੀ ਚਰਚਾ ਅਨੁਸਾਰ ਕਰ ਦਿੱਤਾ।

ਰੇਖਾ ਚਿੱਤਰ ਪੜ੍ਹ ਕੇ ਆਥਣੇ ਫ਼ੋਨ ਆਇਆ ਜਸਬੀਰ ਦਾ ਕਿ ਤਰਸੇਮ ਜੇ ਉਹਨਾਂ ਨਾਲ ਲੰਬਾ ਵਰਤਣਾ ਹੈ ਤਾਂ ਪੁਰਸਕਾਰਾਂ ਵਾਲਾ ਪੋਰਸ਼ਨ ਕੱਟ ਦੇ।"

"ਪਰ ਭੁੱਲਰ ਸਾਹਿਬ, ਉਹ ਸੱਚ ਤਾਂ ਹੈ ਨਾ।" ਮੈਂ ਅਚਾਨਕ ਕਿਹਾ।

"ਇਸ ਵਿੱਚ ਤਾਂ ਕੋਈ ਸ਼ੱਕ ਨਹੀਂ...।" ਉਹਨਾਂ ਥੋੜ੍ਹਾ ਝਿਜਕਦਿਆਂ ਕਿਹਾ।

✪

ਜਸਬੀਰ ਨਾਲ ਜਦ ਕਦੇ ਆਥਣੇ 'ਹਵਾ ਪਿਆਜੀ' ਹੋਈਦਾ ਹੈ ਤਾਂ ਉਹ ਦਾਰੂ ਬੜੇ ਸਲੀਕੇ ਨਾਲ ਪੀਂਦੇ ਹਨ। ਫ਼ੌਜ ਦਾ ਪ੍ਰਭਾਵ ਜੋ ਹੋਇਆ। ਉਹਨਾਂ ਨੂੰ ਆਪਣੀ ਸੀਮਾ ਦਾ ਪਤਾ ਹੁੰਦੈ। ਗੱਲਬਾਤ 'ਚ ਕਿਸੇ ਕਿਸਮ ਦਾ ਜਜ਼ਬਾਤੀਪੁਣਾ ਨਹੀਂ ਹੁੰਦਾ। ਉਹ ਹਰ ਗੱਲ ਨੂੰ ਮਠਾਰ-ਮਠਾਰ ਕੇ ਕਰਦੇ ਹਨ ਜਿਵੇਂ ਲਿਖਣ ਵੇਲੇ ਨਿੱਕੇ-ਨਿੱਕੇ ਵਾਕ ਲਿਖਦੇ ਨੇ। ਫ਼ੌਜੀ ਜੀਵਨ ਦਾ ਇਹ ਅਨੁਸ਼ਾਸਨ ਉਹਨਾਂ ਨੂੰ ਬੜਾ ਰਾਸ ਆਇਆ। ਫ਼ੌਜੀ ਜੀਵਨ ਤੋਂ ਯਾਦ ਆਇਆ ਫ਼ੌਜੀ ਜੀਵਨ ਦੇ 'ਅੰਦਰੂਨੀ ਸੱਚ' ਨੂੰ ਬਿਆਨਣ ਵਾਲਾ ਪੰਜਾਬੀ ਸਾਹਿਤ 'ਚ ਇੱਕੋ-ਇੱਕ ਨਾਂ ਹੈ। ਉਹਨਾਂ ਇਸ ਬਾਰੇ ਕਹਾਣੀਆਂ-ਨਾਵਲ ਲਿਖੇ ਅਤੇ ਪੜ੍ਹੇ ਵੀ ਬੜੀ ਰੀਝ ਨਾਲ ਗਏ। ਜਦ ਮੈਂ ਕਹਾਣੀ 'ਬਰਫ਼ ਦਾ ਦਾਨਵ' ਪੜ੍ਹੀ ਤਾਂ ਮੇਰੇ ਅੰਦਰ ਗਲੇਸ਼ੀਅਰ 'ਤੇ ਜੀਵਨ ਸਬੰਧੀ ਉਤਸੁਕਤਾ ਜਾਗ ਪਈ। ਗਲੇਸ਼ੀਅਰ 'ਤੇ ਜੋ ਜੀਵਨ ਹੈ ਉਹ ਕਿੰਨਾ ਖ਼ਤਰਿਆਂ ਭਰਿਆ ਹੈ, ਉਹ ਆਮ ਬੰਦੇ ਦੀ ਪਹੁੰਚ ਤੋਂ ਪਰੇ ਹੈ। ਗਲੇਸ਼ੀਅਰ ਦੀ ਹੋਣੀ ਇੱਕ ਫ਼ੌਜੀ ਆਪਣੇ ਤਨ ਅਤੇ ਮਨ 'ਤੇ ਹੰਢਾਉਂਦਾ ਹੈ। ਭੁੱਲਰ ਕਿਉਂਕਿ ਕਿਸੇ ਸਮੇਂ ਫ਼ੌਜੀ ਅਫ਼ਸਰ ਰਹੇ ਅਤੇ ਗਲੇਸ਼ੀਅਰ ਜੀਵਨ ਦੇ ਅੰਦਰੂਨੀ ਪੱਖਾਂ ਤੋਂ ਬਾਖ਼ੂਬੀ ਜਾਣੂ ਹਨ। ਇੱਕ ਦਿਨ ਗੱਲਾਂ-ਗੱਲਾਂ 'ਚ ਮੈਂ ਭੁੱਲਰ ਸਾਹਿਬ ਨਾਲ 'ਬਰਫ਼ ਦਾ ਦਾਨਵ' ਰਾਹੀਂ ਮਨ 'ਚ ਆਇਆ ਕਿ ਪੁੱਛਾਂ ਗਲੇਸ਼ੀਅਰ ਕੀ ਹੈ ? ਸਿਆਚਿਨ ਕੀ ਹਨ ?

ਉਹਨਾਂ ਹੱਸਦਿਆਂ ਆਖਿਆ ਕਿ ਅੱਜ ਅਚਾਨਕ ਗਲੇਸ਼ੀਅਰ ਜਾਂ ਸਿਆਚਿਨ ਕਿਵੇਂ ਦਿਮਾਗ 'ਚ ਆ ਗਿਆ। ਖ਼ੈਰ ਲੱਦਾਖੀ ਬੋਲੀ 'ਚ ਸਿਆਚਿਨ ਦਾ ਅਰਥ ਹੈ ਗ਼ੁਲਾਬ ਦੀ ਝਾੜੀ। ਹੇਠਲੀ ਉੱਚਾਈ ਉੱਤੇ ਗਲੇਸ਼ੀਅਰ ਦੁਆਲੇ ਜੰਗਲੀ ਗੁਲਾਬ ਦੀਆਂ ਸੰਘਣੀਆਂ ਝਾੜੀਆਂ ਹਨ। ਇਹਨਾਂ ਝਾੜੀਆਂ ਕਰਕੇ ਹੀ ਇਸ ਗਲੇਸ਼ੀਅਰ ਦਾ ਨਾਂ ਸਿਆਚਿਨ ਪੱਕ ਗਿਆ।

ਗਲੇਸ਼ੀਅਰ ਦਾ ਸੰਖੇਪ ਅਰਥ ਹੈ, "ਮੂਵਿੰਗ ਮਾਸ ਆਫ਼ ਆਈਸ।" ਇਹ ਗਲੇਸ਼ੀਅਰ 3000 ਵਰਗ ਕਿਲੋਮੀਟਰ ਦੇ ਘੇਰੇ 'ਚ ਫ਼ੈਲਿਆ ਹੋਇਆ ਹੈ। ਇਹ ਪੂਰਾ ਖੇਤਰ ਬਰਫ਼ ਦੇ ਪਾੜਾਂ ਅਤੇ ਤਿਲਕਣੀਆਂ ਢਲਾਣਾਂ ਨਾਲ ਭਰਿਆ ਹੋਇਆ ਹੈ। ਧਰੁਆਂ ਨੂੰ ਛੱਡ ਕੇ ਇਹ ਦੁਨੀਆ ਭਰ ਦੇ ਗਲੇਸ਼ੀਅਰਾਂ 'ਚੋਂ ਦੂਜੇ ਨੰਬਰ 'ਤੇ ਆਉਂਦਾ ਹੈ। ਏਥੋਂ ਦਾ ਤਾਪਮਾਨ 50 ਦਰਜੇ ਸੈਂਟੀਗਰੇਡ ਤੱਕ ਹੇਠਾਂ ਚਲਿਆ ਜਾਂਦਾ ਹੈ। ਇਸੇ ਕਰਕੇ ਇਹਨੂੰ ਤੀਜਾ ਧਰੂ ਕਹਿੰਦੇ ਨੇ।"

"ਅੱਛਾ! ਫੇਰ ਅਜਿਹੀ ਭਿਆਨਕ ਥਾਂ ਉੱਤੇ ਸੈਨਿਕ ਰਹਿੰਦੇ ਕਿਵੇਂ ਨੇ ?" ਮੇਰੀ



ਉਤਸੁਕਤਾ ਵਧਣ ਲੱਗੀ।

ਅਚਾਨਕ ਭੁੱਲਰ ਸਾਹਿਬ ਦੇ ਚਿਹਰੇ 'ਤੇ ਉਦਾਸੀ ਦੀ ਭਾਹ ਮਾਰਨ ਲੱਗੀ। ਆਵਾਜ਼ ਵੀ ਥੋੜ੍ਹਾ ਭਾਰੀ ਹੋ ਗਈ। "ਸਿਆਚਿਨ ਗਲੇਸ਼ੀਅਰ 'ਤੇ ਪੱਕੇ ਤੌਰ 'ਤੇ ਕੋਈ ਵੀ ਜੀਵ ਜਿਉਂਦਾ ਨਹੀਂ ਰਹਿ ਸਕਦਾ, ਨਾ ਪਰਿੰਦਾ ਨਾ ਆਦਮੀ। ਸਿਰਫ਼ ਇੱਕ ਲੱਦਾਖੀ ਕਾਂ ਹੈ ਜੋ ਗਲੇਸ਼ੀਅਰ 'ਤੇ ਜਿਉਂਦਾ ਰਹਿ ਸਕਣ ਦੇ ਸਮਰੱਥ ਹੈ ਪਰ ਉਹ ਵੀ ਕਦੇ-ਕਦਾਈਂ ਹੀ ਉੱਥੇ ਦਿਸਦਾ ਹੈ।

ਕਹਾਣੀ ਪੜ੍ਹਨ ਬਾਅਦ ਇਹ ਸੁਆਲ ਮਨ ਵਿੱਚ ਆਉਣਾ ਸੁਭਾਵਿਕ ਹੈ ਕਿ ਫੇਰ ਉੱਥੇ ਸੈਨਿਕ ਕਿਸ ਤਰ੍ਹਾਂ ਜਿਉਂਦੇ ਹਨ ? ਜਦਕਿ ਉੱਥੇ ਆਕਸੀਜਨ ਦੀ ਵੀ ਘਾਟ ਹੁੰਦੀ ਹੈ। ਸੈਨਿਕਾਂ ਨੂੰ ਉੱਥੇ ਲਿਜਾਣ ਤੋਂ ਪਹਿਲਾਂ ਉੱਥੇ ਜਿਉਂਦੇ ਰਹਿਣ ਦੇ ਤਰੀਕਿਆਂ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਹੈ। ਉਹਨਾਂ ਨੂੰ ਵਾਤਾਵਰਣ ਮੁਤਾਬਿਕ ਢਾਲਣ ਲਈ ਗਲੇਸ਼ੀਅਰ ਉੱਤੇ ਕਈ ਦਿਨਾਂ ਤੱਕ ਪੈਦਲ ਲਿਜਾਇਆ ਅਤੇ ਉਤਾਰਿਆ ਜਾਂਦੈ। ਜੇ ਕੋਈ ਗਲੇਸ਼ੀਅਰ 'ਤੇ ਸਿੱਧਾ ਪਹੁੰਚ ਕੇ ਕਿਆਮ ਕਰ ਲਵੇ ਤਾਂ ਉਸ ਦੇ ਜਿਉਂਦਾ ਵਾਪਸ ਪਰਤਣ ਦੇ ਅਵਸਰ ਘੱਟ ਹੀ ਹਨ। ਫੇਫੜਿਆਂ 'ਚ ਪਾਣੀ ਭਰਨਾ ਸ਼ੁਰੂ ਹੋ ਜਾਂਦਾ ਹੈ ਅਤੇ ਬੰਦਾ ਸਾਹ ਘੁੱਟ ਕੇ ਮਰ ਜਾਂਦਾ ਹੈ।

ਸਿਖਲਾਈ ਤੋਂ ਪਿੱਛੋਂ ਸੈਨਿਕਾਂ ਨੂੰ ਗਲੇਸ਼ੀਅਰ 'ਤੇ ਪਾਉਣ ਲਈ ਵਿਸ਼ੇਸ਼ ਕੱਪੜੇ ਦਿੱਤੇ ਜਾਂਦੇ ਹਨ ਜਿਹੜੇ ਹੇਠਲੀ ਉਚਾਈ 'ਤੇ ਤਾਂ ਦਸੰਬਰ ਮਹੀਨੇ ਦੀ ਸਰਦੀ 'ਚ ਵੀ ਮੁੜ੍ਹਕਾ ਲੈ ਆਉਣ। ਗਲੇਸ਼ੀਅਰਾਂ 'ਤੇ ਸੈਨਿਕਾਂ ਦੇ ਰਹਿਣ ਲਈ ਮੋਰਚਿਆਂ ਦੀਆਂ ਕੋਠੜੀਆਂ ਵੀ ਫਾਈਬਰ ਗਲਾਸ ਦੀਆਂ ਬਣਾਈਆਂ ਗਈਆਂ ਹਨ। ਇਹਨਾਂ ਦੇ ਢਾਂਚੇ ਵੱਖ-ਵੱਖ ਹਿੱਸਿਆਂ 'ਚ ਹੈਲੀਕਾਪਟਰਾਂ ਰਾਹੀਂ ਹੇਠਾਂ ਸੁੱਟੇ ਗਏ ਹਨ। ਬਾਅਦ 'ਚ ਉਹਨਾਂ ਨੂੰ ਗਲੇਸ਼ੀਅਰ ਉੱਤੇ ਹੀ ਜੋੜਿਆ ਗਿਆ ਸੀ। ਇਹਨਾਂ ਕੋਠੜੀਆਂ ਨੂੰ ਨਿੱਘੇ ਰੱਖਣ ਦਾ ਵੀ ਪ੍ਰਬੰਧ ਹੈ, ਪਰ ਇਹ ਗੱਲ ਵੱਖਰੀ ਹੈ ਕਿ ਸੈਨਿਕ ਉਹਨਾਂ ਕੋਠੜੀਆਂ ਨੂੰ ਇੱਕ ਖਾਸ ਸੀਮਾ ਤੱਕ ਹੀ ਨਿੱਘਿਆ ਕਰ ਸਕਦੇ ਹਨ। ਜ਼ਿਆਦਾ ਨਿੱਘੀ ਹੋਣ ਨਾਲ ਕੋਠੜੀ ਬਰਫ਼ ਵਿੱਚ ਥੱਲੇ ਧਸਣ ਲੱਗ ਪੈਂਦੀ ਹੈ। ਇਸ ਤਰ੍ਹਾਂ ਸੈਨਿਕਾਂ ਦੇ ਉਹ ਮੋਰਚੇ ਸੈਨਿਕਾਂ ਦੀ ਕਬਰ ਵੀ ਬਣ ਜਾਂਦੇ ਹਨ।

ਇਹ ਸਾਰੇ ਪ੍ਰਬੰਧ ਵੀ ਸੈਨਿਕਾਂ ਨੂੰ ਲੰਬੇ ਸਮੇਂ ਤੱਕ ਗਲੇਸ਼ੀਅਰ 'ਤੇ ਜਿਉਂਦਿਆਂ ਨਹੀਂ ਰੱਖ ਸਕਦੇ। ਇਸੇ ਲਈ ਮਿਥੇ ਸਮੇਂ ਤੋਂ ਪਿੱਛੋਂ ਸੈਨਿਕਾਂ ਨੂੰ ਬਦਲ ਦਿੱਤਾ ਜਾਂਦਾ ਹੈ ਅਤੇ ਉਹਨਾਂ ਦੀ ਥਾਵੇਂ ਨਵੇਂ ਸੈਨਿਕ ਆ ਜਾਂਦੇ ਹਨ।"

ਮੈਂ ਜਸਬੀਰ ਦੀਆਂ ਗੱਲਾਂ ਸੁਣ ਕੇ ਤ੍ਰਭਕ ਗਿਆ। ਅਚਾਨਕ ਮੂੰਹੋਂ ਨਿੱਕਲਿਆ ਧੰਨ ਨੇ ਉਹ ਸੈਨਿਕ ਜੋ ਆਪਣੀ ਜਾਨ ਤਲੀ 'ਤੇ ਧਰ ਕੇ ਦੇਸ਼ ਦੀਆਂ ਸਰਹੱਦਾਂ 'ਤੇ ਰਾਖੀ ਕਰਦੇ ਹਨ। ਭੁੱਲਰ ਦੀ ਆਖਰੀ ਪੋਸਟਿੰਗ ਸਿਆਚਿਨ ਗਲੇਸ਼ੀਅਰ ਦੇ ਖੇਤਰ ਦੀ ਸੀ ਜਿੱਥੇ ਉਹਨਾਂ ਨੇ ਦੋ-ਢਾਈ ਸਾਲ ਨੌਕਰੀ ਕੀਤੀ ਅਤੇ ਉਸ ਤੋਂ ਬਾਅਦ ਉਹਨਾਂ ਨੇ ਰਿਟਾਇਰਮੈਂਟ ਲੈ ਲਈ।

ਗੱਲਾਂ ਕਰਦਿਆਂ ਜਸਬੀਰ ਲੇਖਕ ਨਾਲੋਂ ਵੱਧ ਇੱਕ ਸਿਪਾਹੀ ਦਿਖ ਰਹੇ ਸੀ ਜਿਸ ਦੀਆਂ ਅੱਖਾਂ 'ਚ ਅਜੀਬ ਲਿਸ਼ਕ ਸੀ ਅਤੇ ਛਾਤੀ ਤਣੀ ਹੋਈ। ਉਹ ਹਰ ਗੱਲ ਪੂਰੇ ਜੋਸ਼ ਨਾਲ ਇਉਂ ਸੁਣਾ ਰਹੇ ਸਨ ਜਿਵੇਂ ਮਹਾਂਭਾਰਤ ਦਾ ਸੰਜੇ ਯੁੱਧ ਦਾ ਅੱਖੀਂ ਦੇਖਿਆ ਹਾਲ ਸੁਣਾ ਰਿਹਾ ਹੋਵੇ।

✪

ਭੁੱਲਰ ਕਿਉਂਕਿ ਫ਼ੌਜ ਵਿੱਚ ਰਹੇ ਹਨ ਇਸ ਲਈ ਅਨੁਸ਼ਾਸਨ ਦੇ ਤਾਂ ਪੱਕੇ ਹਨ ਹੀ ਨਾਲ ਆਪਣੀ ਕਹੀ ਗੱਲ ਵੀ ਬਾਖ਼ੂਬੀ ਨਿਭਾਉਂਦੇ ਹਨ।

ਗੱਲ ਪੰਜ-ਸੱਤ ਸਾਲ ਪਹਿਲਾਂ ਦੀ ਹੈ ਕਿ ਬਰਨਾਲੇ ਕੌਮਾਂਤਰੀ ਪੰਜਾਬੀ ਇਲਮ (ਰਜਿ.)

ਵੱਲੋਂ ਸਾਹਿਤ ਅਕਾਦਮੀ ਦਿੱਲੀ ਨਾਲ ਮਿਲ ਕੇ ਬਾਲ ਸਾਹਿਤ 'ਤੇ ਰਾਜ ਪੱਧਰੀ ਸਮਾਗਮ ਕਰਾਉਣ ਦੀ ਯੋਜਨਾ ਬਣੀ। ਇਸ ਪ੍ਰੋਗ੍ਰਾਮ ਦਾ ਕਨਵੀਨਰ ਮੈਨੂੰ ਬਣਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਭੁੱਲਰ ਸਾਹਿਬ ਨਾਲ ਗੱਲ ਕਰੀ ਤਾਂ ਉਹਨਾਂ ਖ਼ੁਸ਼ੀ-ਖ਼ੁਸ਼ੀ ਸਹਿਮਤੀ ਦਿੱਤੀ। ਸਮਾਗਮ ਤੋਂ ਕੁੱਝ ਦਿਨ ਪਹਿਲਾਂ ਸਥਾਨਕ ਮਾਲਵਾ ਲਿਖਾਰੀ ਸਭਾ ਵੱਲੋਂ ਇੱਕ ਸਮਾਗਮ ਵਿੱਚ ਮੈਂ ਆਪਣੇ ਹੋਣ ਵਾਲੇ ਪ੍ਰੋਗ੍ਰਾਮ ਬਾਰੇ ਵਿਸਥਾਰ ਨਾਲ ਦੱਸਿਆ।

ਦੂਜੇ ਦਿਨ ਬੂਟਾ ਸਿੰਘ ਦਾ ਫ਼ੋਨ ਆਇਆ ਕਿ, "ਤਰਸੇਮ ਤੇਰਾ ਪ੍ਰੋਗ੍ਰਾਮ ਤਾਰਪੀਡੋ ਹੋਣਾ ਸ਼ੁਰੂ ਹੋ ਗਿਆ!"

"ਅੱਛਾ! ਉਹ ਕਿਵੇਂ?" ਮੈਂ ਹੈਰਾਨੀ ਨਾਲ ਕਿਹਾ।

"ਮਾਰਕੰਡੇ ਨੂੰ ਪਰਗਟ ਸਿੰਘ ਕਹਿੰਦੈ ਕਿ, ਦੇਖ ਲੈ ਮਾਰਕੰਡੇ, ਆ ਨਵੇਂ ਜੇ ਮੁੰਡੇ ਕੀ ਕਰੀ ਜਾਂਦੇ ਨੇ। ਨਾ ਮੈਨੂੰ ਪੁੱਛੇ ਬਿਨਾਂ ਭੁੱਲਰ ਕਿਵੇਂ ਆ ਜੂ ਬਰਨਾਲੇ।"

ਮੈਂ ਗੱਲ ਹੱਸ ਕੇ ਟਾਲ ਦਿੱਤੀ, ਪਰ ਮੈਂ ਇਸ ਬਾਰੇ ਗੰਭੀਰ ਜ਼ਰੂਰ ਹੋ ਗਿਆ ਕਿਉਂਕਿ ਪਰਗਟ ਅਤੇ ਭੁੱਲਰ ਦੋਵੇਂ ਮਿੱਤਰ ਤਾਂ ਹਨ ਹੀ। ਪਰਗਟ ਈਰਖਾ ਦਾ ਮਾਰਿਆ ਵਿਆ। ਕਿਤੇ ਇਉਂ ਨਾ ਹੋਵੇ ਕਿ ਭੁੱਲਰ ਨੂੰ ਮੁਕਰਾ ਦੇਵੇ। ਮੈਂ ਰਾਤ ਭਰ ਸੋਚ 'ਚ ਪਿਆ ਰਿਹਾ ਕਿ ਭੁੱਲਰ ਸਾਹਿਬ ਨਾਲ ਇਸ ਬਾਰੇ ਗੱਲ ਕਰਾਂ ਜਾਂ ਨਾ ਕਰਾਂ।

ਦੂਜੇ ਦਿਨ ਸ਼ਾਮ ਨੂੰ ਮੈਂ ਭੁੱਲਰ ਸਾਹਿਬ ਨੂੰ ਫ਼ੋਨ ਲਾ ਲਿਆ। ਪਹਿਲਾਂ ਤਾਂ ਰਾਜੀ-ਖ਼ੁਸ਼ੀ ਪੁੱਛੀ ਫੇਰ ਮੈਂ ਪਰਗਟ ਵਾਲੀ ਗੱਲ ਦੱਸੀ ਤਾਂ ਭੁੱਲਰ ਸਾਹਿਬ ਹੱਸ ਪਏ। ਤੂੰ ਫ਼ਿਕਰ ਨਾ ਕਰ, ਮੈਂ, ਸਰਬਜੀਤ ਬੇਦੀ ਅਤੇ ਜਸਕਮਲ ਤਿੰਨੇ ਹੀ ਆਵਾਂਗੇ। ਇਸ ਪ੍ਰੋਗ੍ਰਾਮ 'ਚ ਭਾਵੇਂ ਭੁੱਲਰ ਹੋਰੀਂ ਤਾਂ ਆਏ, ਪਰ ਬੁਲਾਉਣ ਦੇ ਬਾਵਜੂਦ ਪਰਗਟ ਨਾ ਆਇਆ।

✪

ਨਿੱਕੇ ਹੁੰਦਿਆਂ ਜਦ ਮੈਂ ਅੰਮਾ ਕੋਲੋਂ ਬਾਤਾਂ, ਕਥਾ-ਕਹਾਣੀਆਂ ਸੁਣਨੀਆਂ ਤਾਂ ਸੁਣਦੇ-ਸੁਣਦੇ ਕਿਸੇ ਹੋਰ ਦੁਨੀਆ 'ਚ ਹੀ ਚਲੇ ਜਾਂਦੇ। ਉਸ ਦੁਨੀਆ 'ਚੋਂ ਬਾਹਰ ਆਉਣ ਨੂੰ ਜੀ ਨਾ ਕਰਦਾ। ਜੀ ਕਰਦਾ ਅੰਮਾ ਇਉਂ ਹੀ ਬਾਤਾਂ ਸੁਣਾਈ ਜਾਵੇ। ਹੁਣ ਜਦ ਭੁੱਲਰ ਦੇ ਬਾਲ ਸਾਹਿਤ ਨਾਲ ਜੁੜਦੇ ਹਾਂ ਤਾਂ ਅੰਮਾ ਤੋਂ ਸੁਣੀਆਂ ਕਥਾ-ਕਥੋਲੀਆਂ ਯਾਦ ਆਉਂਦੀਆਂ ਨੇ।

ਬਾਲ ਸਾਹਿਤ ਪੜ੍ਹਦਿਆਂ ਇਉਂ ਵੀ ਮਹਿਸੂਸ ਹੁੰਦਾ ਹੈ ਕਿ ਜਿਵੇਂ ਭੁੱਲਰ ਵਿਚਲਾ ਬੰਦਾ ਬੜਾ ਮਾਸੂਮ ਹੋਵੇ। ਮਾਸੂਮੀਅਤ ਤੋਂ ਬਿਨਾਂ ਬੱਚਿਆਂ ਲਈ ਲਿਖਣਾ ਸੰਭਵ ਵੀ ਨਹੀਂ।

ਭੁੱਲਰ ਦੱਸਦੇ ਨੇ ਕਿ ਜਦੋਂ ਬੱਚੇ ਛੋਟੇ ਸਨ ਅਤੇ ਕਹਾਣੀਆਂ ਸੁਣਨ ਦੀ ਜ਼ਿੱਦ ਕਰਦੇ ਤਾਂ ਉਹ ਉਹਨਾਂ ਨੂੰ ਮਨੋਂ ਜੋੜ-ਜਾੜ ਕੇ, ਕਲਪਨਾ ਕਰਕੇ ਕੋਈ ਨਾ ਕੋਈ ਗੱਲ ਸੁਣਾਉਂਦੇ ਤਾਂ ਬੱਚਿਆਂ ਨੂੰ ਬੜੀ ਪਸੰਦ ਆਉਂਦੀ। ਇਉਂ ਕਰਦੇ-ਕਰਦੇ ਬਾਲ ਸਾਹਿਤ ਦੇ ਰਾਹ ਕਦੋਂ ਤੁਰ ਪਏ, ਪਤਾ ਹੀ ਨਾ ਲੱਗਿਆ।

ਗੱਲਾਂ ਕਰਦਿਆਂ ਭੁੱਲਰ ਇਉਂ ਖੁਬ ਗਏ ਜਿਵੇਂ ਉੱਥੇ ਹੋਣ ਹੀ ਨਾ। "ਤਰਸੇਮ, ਹੋਰਾਂ ਬੱਚਿਆਂ ਵਾਂਗ ਮੈਨੂੰ ਵੀ ਸਾਹਿਤ ਦੀ ਗੁੜ੍ਹਤੀ ਮਿਲੀ ਸੀ। ਸਾਹਿਤ ਦਾ ਉਹ ਰੂਪ ਲੋਰੀਆਂ ਦਾ ਸੀ। ਮੇਰੇ ਬਾਲਪਣ ਦੇ ਚੁਗਿਰਦੇ ਵਿੱਚ ਸਾਹਿਤ ਸਿਰਜਣਾ ਦੇ ਬੀਜ ਖਿੱਲਰੇ ਪਏ ਸਨ। ਸੁਚੇਤ ਨੂੰ ਇਸ ਗੱਲ ਦੀ ਸਮਝ ਨਹੀਂ ਸੀ। ਅਚੇਤ ਨੇ ਉਹ ਬੀਜ ਚੁਣ ਲਏ ਸਨ।

ਮੇਰੇ ਪਿਤਾ ਦਿਨ ਭਰ ਦੇ ਕੰਮ ਤੋਂ ਥੱਕੇ ਹੋਏ ਘਰ ਪਰਤਦੇ ਤਾਂ ਕਮੀਜ਼ ਗਲੋਂ ਉਤਾਰ ਕੇ ਕਿੱਲੀ 'ਤੇ ਟੰਗ ਦਿੰਦੇ। ਮੈਂ ਉਦੋਂ ਤਿੰਨ ਕੁ ਵਰ੍ਹਿਆਂ ਦਾ ਸੀ ਜਾਂ ਸ਼ਾਇਦ ਚਾਰ ਕੁ ਵਰ੍ਹਿਆਂ ਦਾ। ਮੈਂ



ਪਿਤਾ ਦੇ ਨੰਗੇ ਢਿੱਡ 'ਤੇ ਬੈਠ ਜਾਂਦਾ ਸੀ। ਮੈਂ ਉਂਗਲ ਨਾਲ ਪਿਤਾ ਦੀ ਧੁੰਨੀ 'ਚੋਂ ਰੂੰ ਕੱਢਣ ਦੀ ਖੇਡ ਖੇਡਣ ਲੱਗ ਪੈਂਦਾ ਸਾਂ ਅਤੇ ਉਸ ਰੂੰ ਨਾਲ ਰਜਾਈ ਭਰਾਉਣ ਦੀ ਕਲਪਨਾ ਕਰਦਾ ਸੀ।"

ਜਿਸ ਬੰਦੇ ਕੋਲ ਅਜਿਹੀ ਜਾਨਦਾਰ ਕਲਪਨਾ ਕਰਨ ਦੀ ਸਮਰੱਥਾ ਹੋਵੇ ਉਹੀ ਬੱਚਿਆਂ ਨੂੰ ਸਮਝ ਸਕਦਾ ਹੈ ਅਤੇ ਆਪਣੇ ਨਾਲ ਤੋਰਨ ਦੇ ਸਮਰੱਥ ਹੁੰਦਾ ਹੈ। ਭੁੱਲਰ ਆਪਣੇ ਬਾਲ ਸਾਹਿਤ ਨੂੰ ਰੋਚਿਕ ਬਣਾਉਣ ਲਈ ਤਰ੍ਹਾਂ-ਤਰ੍ਹਾਂ ਦੀਆਂ ਵਿਧੀਆਂ ਵਰਤਦੇ ਨੇ। ਸ਼ੁਕਰ ਐ ਉਹ ਵਿਧੀਆਂ ਬੱਚਿਆਂ ਦੇ ਹਾਣ ਦੀਆਂ ਹਨ।

ਜਸਬੀਰ ਆਪਣੀਆਂ ਕਹਾਣੀਆਂ/ਨਾਵਲਾਂ 'ਚ ਬੱਚਿਆਂ ਨੂੰ ਸਿੱਧਾ ਸੁਨੇਹਾ/ਉਪਦੇਸ਼ ਦੇਣ ਦੇ ਹੱਕ 'ਚ ਨਹੀਂ ਬਲਕਿ ਨਾਇਕ ਦੇ ਸੰਘਰਸ਼ ਅਤੇ ਸੱਚ ਦੇ ਰਾਹ 'ਤੇ ਤੁਰਨ ਨੂੰ ਦਿਖਾਉਂਦੇ ਹਨ। 'ਅਫ਼ਰੀਜ਼ਲ ਅਤੇ ਸਮੁੰਦਰ' ਨਾਂ ਦੇ ਨਾਵਲ ਵਿੱਚ ਅਫਰੀਜ਼ਲ ਨਾਂ ਦਾ ਬੱਚਾ ਸਮੁੰਦਰ ਵਿੱਚ ਜਿਉਣ ਲਈ ਲਗਾਤਾਰ ਜੱਦੋ-ਜਹਿਦ ਕਰ ਰਿਹਾ ਹੈ। ਕਦੇ-ਕਦੇ ਲਗਦਾ ਕਿ ਜ਼ਿੰਦਗੀ ਉਸ ਤੋਂ ਪੱਲਾ ਛੁਡਾ ਲਵੇਗੀ, ਪਰ ਉਸ ਦੀ ਲਗਾਤਾਰ ਕੋਸ਼ਿਸ਼ ਅਤੇ ਹਿੰਮਤ ਸਦਕਾ ਉਹ ਸਮੁੰਦਰ 'ਚੋਂ ਜਿਉਂਦਾ ਜਾਗਦਾ ਨਿੱਕਲ ਆਉਂਦਾ ਹੈ। ਹਿੰਮਤ, ਕੋਸ਼ਿਸ਼, ਮੇਹਨਤ ਸਦਕਾ ਉਹ ਜ਼ਿੰਦਗੀ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ।

ਅਫ਼ਰੀਜਲ ਪਾਤਰ ਲਈ ਜੋ ਸੰਘਰਸ਼ ਕਰਦਾ ਹੈ। ਉਹ ਭੁੱਲਰ ਦੇ ਅਵਚੇਤਨ 'ਚ ਬੈਠੇ ਬੱਚੇ ਦਾ ਸੰਘਰਸ਼ ਹੈ।

'ਅਫਰੀਜ਼ਲ ਅਤੇ ਸਮੁੰਦਰ' ਬਾਲ ਨਾਵਲ ਜਦੋਂ ਮੈਂ ਹਿੰਦੀ 'ਚ ਅਨੁਵਾਦ ਕਰ ਰਿਹਾ ਸੀ ਤਾਂ ਅਫਰੀਜ਼ਲ ਦੀ ਹਿੰਮਤ ਅਤੇ ਜਿਉਣ ਦੀ ਲਗਾਤਾਰ ਕੋਸ਼ਿਸ਼ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ। ਮੈਨੂੰ ਹਰਿਵੰਸ਼ ਰਾਏ ਬੱਚਨ ਦੀ ਕਵਿਤਾ ਯਾਦ ਆਈ:

**ਲਹਿਰੋਂ ਸੇ ਡਰ ਕਰ ਨੈਯਾ ਪਾਰ ਨਹੀਂ ਹੋਤੀ**
**ਹਿੰਮਤ ਕਰਨੇ ਵਾਲੋਂ ਕੀ ਕਭੀ ਹਾਰ ਨਹੀਂ ਹੋਤੀ**

ਭੁੱਲਰ ਦੇ ਵੱਡੇ ਹੋਣ ਨਾਲ ਕਲਪਨਾ ਵੀ ਜੁਆਨ ਹੋਈ ਹੈ। ਇਸ ਦਾ ਰੰਗ ਬਾਲ ਨਾਵਲ 'ਪਤਾਲ ਦੇ ਗਿਠਮੁਠੀਏ' 'ਚੋਂ ਭਲੀਂ ਭਾਂਤ ਮਿਲਦਾ ਹੈ। ਨਿੱਕੂ ਦੇ ਪਾਤਰ ਰਾਹੀਂ ਜੋ ਕਲਪਨਾ ਦਾ ਸੰਸਾਰ ਭੁੱਲਰ ਨੇ ਨਾਵਲ 'ਚ ਸਿਰਜਿਆ ਹੈ ਉਹ ਬੜਾ ਅਲੋਕਾਰੀ ਹੈ। ਇਹ ਪੜ੍ਹਦਿਆਂ 'ਗੁਲੀਵਰ ਟਰੈਵਲਜ਼' ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਕ੍ਰਿਸਚੀਅਨ ਐਂਡਰਸਨ ਦੀਆਂ ਪਰੀ ਕਹਾਣੀਆਂ ਦਿਮਾਗ 'ਚ ਘੁੰਮਦੀਆਂ ਨੇ। ਰੁਦਰੀਆਰਡ ਕਿਪਲਿੰਗ ਦੀ ਪ੍ਰਸਿੱਧ ਬਾਲ ਪੁਸਤਕ 'ਦੀ ਜੰਗਲ ਬੁੱਕ' ਯਾਦ ਆ ਜਾਂਦੀ ਹੈ।

ਬਾਲ ਸਾਹਿਤ ਦੇ ਖੇਤਰ 'ਚ ਵੱਡਮੁੱਲੇ ਯੋਗਦਾਨ ਲਈ ਸਾਹਿਤ ਅਕਾਦਮੀ ਦਿੱਲੀ ਦਾ ਪਹਿਲਾ ਬਾਲ ਸਾਹਿਤ ਪੁਰਸਕਾਰ ਭੁੱਲਰ ਸਾਹਿਬ ਨੂੰ ਮਿਲਿਆ। ਅਕਾਦਮੀ ਦੇ ਤਤਕਾਲੀਨ ਵਾਈਸ ਪ੍ਰੈਜ਼ੀਡੈਂਟ ਡਾ. ਸੁਤਿੰਦਰ ਸਿੰਘ ਨੂਰ ਨੇ ਇਹ ਇਨਾਮ ਸਥਾਪਿਤ ਕਰਨ 'ਚ ਬੜਾ ਅਹਿਮ ਯੋਗਦਾਨ ਪਾਇਆ।

✪

ਸੋਲਨ (ਹਿਮਾਚਲ ਪ੍ਰਦੇਸ਼) ਵਿਖੇ ਡਾ. ਸਰਬਜੀਤ ਕੌਰ ਸੋਹਲ ਦੀ ਅਗਵਾਈ 'ਚ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਵੱਲੋਂ ਤਿੰਨ ਰੋਜ਼ਾ (11 ਜੂਨ ਤੋਂ 13 ਜੂਨ 2017) 'ਮੇਰੀ ਸਿਰਜਣ ਪ੍ਰਕਿਰਿਆ' ਨਾਮਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਉੱਥੇ ਜਸਬੀਰ ਦੇ ਨਾਲ ਪਾਲ ਕੌਰ, ਸਿਰੀ ਰਾਮ ਅਰਸ਼, ਵਿਸ਼ਾਲ, ਸਵਰਨਜੀਤ ਸਵੀ, ਅੰਮੀਆ ਕੁੰਵਰ ਅਤੇ ਮੇਰੇ ਸਮੇਤ

ਕੋਈ ਲੇਖਕ ਸ਼ਾਮਿਲ ਹੋਏ। ਸਭ ਨੇ ਆਪੋ-ਆਪਣੀ ਸਿਰਜਣ ਪ੍ਰਕਿਰਿਆ ਬਾਰੇ ਬੋਲਿਆ। ਭੁੱਲਰ ਹੋਰਾਂ ਨੇ ਬੜੇ ਸੰਖੇਪ ਅਤੇ ਭਾਵਪੂਰਤ ਰੂਪ ਵਿੱਚ ਬੋਲਦਿਆਂ ਕਿਹਾ, "ਇੱਕ ਔਰਤ ਆਪਣੇ ਮੁੰਡੇ ਨੂੰ ਲੈ ਕੇ ਸੁਪ੍ਰਸਿਧ ਨਾਵਲਕਾਰ ਸਾਮਰਸਟ ਮਾਅਮ ਕੋਲ ਆਈ ਅਤੇ ਕਹਿਣ ਲੱਗੀ ਕਿ ਇਸ ਨੂੰ ਲੇਖਕ ਬਣਨ ਦੇ ਗੁਰ ਦੱਸੋ। ਉਸ ਸਮੇਂ ਸਾਮਰਸਟ ਮਾਅਮ ਕਿਸੇ ਗੱਲੋਂ ਖਿਝਿਆ ਬੈਠਾ ਸੀ। ਉਸ ਨੇ ਕਿਹਾ ਕਿ ਇਸ ਨੂੰ ਦੋ ਸੌ ਰੁਪਏ ਦੇ ਅਤੇ ਕਹਿ ਜਾ ਢੱਠੇ ਖੂਹ 'ਚ ਜਾਹ। ਉਹ ਔਰਤ ਆਪਣੇ ਮੁੰਡੇ ਨੂੰ ਲੈ ਕੇ ਵਾਪਿਸ ਚਲੀ ਗਈ। ਕੁਝ ਦੇਰ ਬਾਅਦ ਮਾਅਮ ਨੇ ਸੋਚਿਆ ਕਿ ਮੈਂ ਗੁੱਸੇ 'ਚ ਕਿੰਨੀ ਵੱਡੀ ਗੱਲ ਕਹਿ ਗਿਆ। ਕਿਉਂਕਿ ਲਿਖਣਾ ਵਾਕਈ ਢੱਠੇ ਖੂਹ 'ਚ ਪੈਣ ਵਾਲੀ ਗੱਲ ਹੈ। ਉਹ ਮੁੰਡਾ ਦੋ ਸੌ ਰੁਪਏ ਨਾਲ ਕੀ ਕਰੇਗਾ? ਉਹ ਜੀਵਨ 'ਚ ਸੰਘਰਸ਼ ਕਰੇਗਾ ਜਿਉਣ ਲਈ ਅਤੇ ਨਵੇਂ-ਨਵੇਂ ਤਜ਼ਰਬੇ ਹਾਸਿਲ ਕਰੇਗਾ ਜਿਹੜੇ ਕਿ ਉਸ ਦੇ ਲਿਖਣ ਲਈ ਕੰਮ ਆਉਣਗੇ।' ਅਤੇ ਫੇਰ ਜਸਬੀਰ ਇੱਕ ਨਜ਼ਮ ਸੁਣਾਈ :

**"ਜ਼ਿੰਦਗੀ, ਤੂੰ ਪਹਿਲਾਂ ਵਾਂਗ ਨਾ ਮਿਲੀਂ**
**ਪਰ ਮਿਲੀਂ**
**ਵਾਅਦਾ ਰਿਹਾ**
**ਮੈਂ ਮੁਹੱਬਤ ਲਿਖਾਂਗਾ।"**

ਮੁਹੱਬਤ ਸ਼ਬਦ ਸੁਣਦੇ ਹੀ ਉੱਥੇ ਬੈਠਿਆਂ ਨੇ ਮੁਹੱਬਤ ਬਾਰੇ ਜਸਬੀਰ ਨੂੰ ਸੁਆਲ ਕਰਨੇ ਸ਼ੁਰੂ ਕੀਤੇ ਤਾਂ ਜਸਬੀਰ ਬੜੀ ਸਫ਼ਾਈ ਨਾਲ ਸਵਾਲਾਂ ਨੂੰ ਇਉਂ ਟਾਲ਼ਦੇ ਰਹੇ ਜਿਵੇਂ ਮੁਹੱਬਤ ਨਾਲ ਉਹਨਾਂ ਦੀ ਜ਼ਿੰਦਗੀ ਨੂੰ ਕਦੇ ਵਾਸਤਾ ਹੀ ਨਾ ਰਿਹਾ ਹੋਵੇ। ਅਜਿਹੀ ਉਮਰ ਤਾਂ ਸਾਰਿਆਂ 'ਤੇ ਆਉਂਦੀ ਹੈ। ਮੈਨੂੰ ਯਾਦ ਆਇਆ ਕਿ ਉਹਨਾਂ ਦੀ ਕਾਵਿ ਪੁਸਤਕ 'ਤੂੰ ਪਹਿਲਾਂ ਵਾਂਗ ਨਾ ਮਿਲੀ' ਉਹਨਾਂ ਦੀ ਮੁਹੱਬਤ ਦੀ ਚੁਗ਼ਲੀ ਕਰਦੀ ਹੈ। ਜਦੋਂ ਉਹ ਪੁਸਤਕ ਦੀ ਭੂਮਿਕਾ 'ਚ ਕਹਿੰਦੇ ਨੇ, "ਉਹ ਕਵਿਤਾਵਾਂ ਮੇਰੀ ਉਮਰ ਵਰਗੀਆਂ ਸਨ, ਪਰ ਜਦੋਂ ਗੁਲਾਬੀ ਧੁੱਪ ਖਿੜਨੀ ਸ਼ੁਰੂ ਹੋਈ ਤਾਂ ਮੈਂ ਸੱਚਮੁੱਚ ਹੀ ਸਾਰੇ ਦਾ ਸਾਰਾ ਕਵਿਤਾ ਹੋ ਗਿਆ ਸੀ। ਇਹ ਇੱਕ ਬਰਫ਼ੀਲੀ ਨਦੀ ਦਾ ਤਲਿਸਮ ਸੀ।

ਜੋ ਮੇਰੇ ਖ਼ੈਰ-ਖਵਾਹ ਸਨ, ਉਹਨਾਂ ਆਖਿਆ, ਨਦੀ ਤੇਰੇ ਡੁੱਬਣ ਦਾ ਸਵੱਬ ਹੈ।

ਨਦੀ ਮੇਰੇ ਤੈਰਨ ਦਾ ਬਹਾਨਾ ਸੀ। ਇਹ ਮੇਰਾ ਯਕੀਨ ਸੀ ਤਸਦੀਕ ਲਈ ਮੇਰੇ ਕੋਲ ਸ਼ਬਦ ਸਨ, ਅਰਥ ਸਨ, ਨਜ਼ਮਾਂ ਸਨ, ਖ਼ਤ ਸਨ, ਖਵਾਬ ਸਨ। ਇਹ ਸਭ ਕੁੱਝ ਮੈਂ ਨਦੀ ਕੋਲੋਂ ਲਿਆ ਸੀ। ਜੀਹਦੇ ਕੋਲ ਏਨਾ ਕੁਝ ਹੋਵੇ ਉਹ ਡੁੱਬ ਨਹੀਂ ਸੀ ਸਕਦਾ।

**ਇਹ ਮੇਰੀਆਂ ਬੇੜੀਆਂ ਸਨ**
**ਇਹ ਮੇਰੇ ਬਾਦਬਾਨ ਸਨ**

ਇੱਕ ਰੋਸਾ ਉੱਖੜੀ ਹੋਈ ਝਾੜੀ ਵਾਂਗ ਨਦੀ ਦੇ ਪਾਣੀ 'ਤੇ ਲਗਾਤਾਰ ਡੁੱਬਦਾ ਤੈਰਦਾ ਰਿਹਾ ਸੀ ਤੇ ਫੇਰ ਨਿਤਾਣਾ ਜਿਹਾ ਰੇਤ 'ਤੇ ਅਟਕ ਗਿਆ ਸੀ।

**"ਤੂੰ ਇਸ਼ਕ ਵੀ ਕੀਤਾ**
**ਤਾਂ ਕੁਝ ਏਦਾਂ**
**ਜਿਵੇਂ ਇਸ਼ਕ ਮੀਂਹ ਹੈ**
**ਤੇ ਤੈਨੂੰ ਭਿੱਜਣ ਦਾ ਡਰ ਹੈ।"**

ਉਹਨਾਂ ਵਰ੍ਹਿਆਂ ਦਾ ਜਿਹੜਾ ਵੀ ਹਾਸਿਲ ਸੀ, ਮੈਂ ਕੁਝ ਏਦਾਂ ਸੰਭਾਲਿਆ ਸੀ ਜਿਵੇਂ ਕਿਸੇ ਹਾਰੇ ਹੋਏ ਰਾਜੇ ਦਾ ਖਜ਼ਾਨਾ ਹੁੰਦਾ ਹੈ। ਉਹ ਦੱਬੇ ਹੋਏ ਖ਼ਜ਼ਾਨੇ ਦੀ ਹੀ ਉਹ ਇੱਕ ਫ਼ਾਈਲ



ਸੀ। ਵਰ੍ਹਿਆਂ ਪਿੱਛੋਂ, ਇੱਕ ਦਿਨ ਕਾਗ਼ਜ਼-ਪੱਤਰ ਫ਼ਰੋਲਦਿਆਂ ਮੇਰਾ ਹੱਥ ਅਚਨਚੇਤੀ ਹੀ ਉਸ ਪੁਰਾਣੀ ਫ਼ਾਈਲ ਨੂੰ ਪੈ ਗਿਆ ਸੀ। ਇਹ ਕਰਮ ਸਹਿਜ ਭਾਅ ਹੋਇਆ ਸੀ, ਪਰ ਆਪਣੇ ਖਲੋਤੇ ਹੋਏ ਵਕਤ ਦੇ ਸਨਮੁਖ ਹੋਣਾ ਸਹਿਜ ਨਹੀਂ ਸੀ।

ਮੈਂ ਉਸ ਫ਼ਾਈਲ ਨੂੰ ਫ਼ਾਈਲਾਂ ਦੇ ਬੋਝ ਤੋਂ ਮੁਕਤ ਕੀਤਾ। ਉਹਦੇ ਤੋਂ ਧੂੜ ਝਾੜੀ ਤੇ ਕਾਗ਼ਜ਼ਾਂ ਨੂੰ ਪਲੋਸਿਆ।

ਹਾਦਸਿਆਂ ਦਾ ਘੱਟਾ ਮੇਰੀਆਂ ਅੱਖਾਂ 'ਚ ਪੈ ਗਿਆ। ਮੈਂ ਅੱਖਾਂ ਪੂੰਝੀਆਂ।

ਸੋਲਨ ਤੋਂ ਚੱਲਣ ਵੇਲੇ ਅਸੀਂ ਥੋੜ੍ਹਾ ਲੇਟ ਹੋ ਗਏ ਤਾਂ ਜਸਬੀਰ ਬੋਲੇ "ਅੱਛਾ ਤਰਸੇਮ, ਮੈਂ ਹੁਣ ਸਵੀ ਨਾਲ ਜਾ ਰਿਹਾ ਹਾਂ, ਤੂੰ ਰਾਤੀਂ ਮੇਰੇ ਕੋਲ ਰੁਕ ਜਾਵੀਂ।" ਮੈਂ ਹਾਮੀ ਭਰੀ ਅਤੇ ਆਪਣੇ ਕੰਮੀਂ ਰੁੱਝ ਗਿਆ। ਸ਼ਾਮ ਨੂੰ ਵਾਪਿਸੀ ਵੇਲੇ ਕਰੀਬ ਅੱਠ ਕੁ ਵਜੇ ਜਸਬੀਰ ਦਾ ਫ਼ੋਨ ਆਇਆ 'ਤਰਸੇਮ, ਆਇਆ ਨਹੀਂ ਅਜੇ ਤੱਕ' ਇਹ ਵਾਕ ਨਿੱਕਾ ਸੀ ਪਰ ਪਿਆਰ ਨਾਲ ਏਨਾ ਭਰਿਆ ਸੀ ਕਿ ਇੱਕ ਵਾਰ ਤਾਂ ਮੇਰਾ ਜੀ ਕੀਤਾ ਕਿ ਮੈਂ ਵਾਪਿਸ ਮੁਹਾਲੀ ਚਲਿਆ ਜਾਵਾਂ (ਕਿਉਂਕਿ ਉਸ ਸਮੇਂ ਮੈਂ ਬਲਵੰਤ ਭਾਟੀਆ ਦੀ ਕਾਰ ਰਾਹੀਂ ਪਟਿਆਲੇ ਦੇ ਨੇੜੇ ਪਹੁੰਚ ਗਿਆ ਸੀ) ਅੱਜ ਮੀਂਹ ਵੀ ਬਹੁਤ ਪੈ ਰਿਹਾ ਸੀ ਅਤੇ ਝੱਖੜ ਵੀ ਝੁੱਲ ਰਿਹਾ ਸੀ। ਮੈਨੂੰ ਲੱਗਿਆ ਕਿ ਮੈਂ ਉਸੇ ਮੀਂਹ ਵਾਲੀ ਬਕਰੈਣ ਦੇ ਹੇਠਾਂ ਖੜ੍ਹਾ ਹਾਂ ਤਿੱਪ-ਤਿੱਪ ਭਿੱਜਦਾ ਹੋਇਆ। ਜਿੱਥੇ ਜਸਬੀਰ ਦਾ ਘਰ ਫਰਲਾਂਗ ਕੁ ਦੂਰ ਹੈ ਅਤੇ ਮੈਂ ਭੱਜ ਕੇ ਜਾ ਸਕਦਾ ਹਾਂ...।

---

**ਪੰਨਾ ਨੰ. 34 ਦਾ ਬਾਕੀ**

ਮਰਨ ਤੋਂ ਮਹੀਨਾ ਕੁ ਪਹਿਲਾਂ ਹੀ 11 ਮਈ, 2017 ਨੂੰ ਉਸ ਨੇ ਕੈਲਗਰੀ 'ਚ ਕਵੀਸ਼ਰੀ ਕੀਤੀ ਸੀ। ਉਹ ਸਦਾਬਹਾਰ ਗਾਇਕ ਸੀ।

30 ਜੁਲਾਈ, 2017 ਨੂੰ ਟੋਰਾਂਟੋ 'ਚ ਇਕਬਾਲ ਤੇ ਅਜਮੇਰ ਔਲਖ ਦੀ ਯਾਦ ਵਿਚ ਸ਼ੋਕ ਸਭਾ ਹੋਈ। ਦਰਜਨ ਤੋਂ ਵੱਧ ਬੁਲਾਰਿਆਂ ਨੇ ਇਕਬਾਲ ਤੇ ਅਜਮੇਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਜਦ ਭੈਣ ਕਰਮਜੀਤ ਨੇ ਭਰਾ ਨੂੰ ਭਾਵਭਿੱਜੀ ਸ਼ਰਧਾਂਜਲੀ ਦਿੱਤੀ ਤੇ ਸਭਨਾਂ ਦਾ ਭਰੇ ਗਲੇ ਨਾਲ ਹਾਰਦਿਕ ਧੰਨਵਾਦ ਕੀਤਾ ਤਾਂ ਸ਼ਾਇਦ ਹੀ ਕੋਈ ਅੱਖ ਸਿਮਣੋ ਬਚੀ ਹੋਵੇ।

ਰਛਪਾਲ ਨੇ ਦੱਸਿਆ ਕਿ ਅਖ਼ੀਰਲੇ ਸਮੇਂ, ਜਦੋਂ ਉਹ ਨਾਮੁਰਾਦ ਰੋਗ ਕੈਂਸਰ ਨਾਲ ਪੀੜਤ ਤਿਲ ਤਿਲ ਹੋ ਕੇ ਤਿੜਕ ਰਿਹਾ ਸੀ ਅਤੇ ਚਿੰਬੜੀ ਚੰਦਰੀ ਮਰਜ਼ ਨਾਲ ਦਸਤਪੰਜਾ ਲੈਂਦਿਆਂ ਸੂਰਮਿਆਂ ਵਾਂਗ ਜੂਝ ਰਿਹਾ ਸੀ... ਅਫਸੋਸ! ਮੈਂ ਓਦੋਂ ਕੋਈ ਸੰਜੀਵਨੀ ਬੂਟੀ ਲਿਆਉਣ ਵਰਗੀ ਕਰਾਮਾਤ ਤਾਂ ਨਾ ਕਰ ਸਕਿਆ ਪਰ ਉਸ ਦੇ ਕਿਰਦੇ ਸਾਹਾਂ ਨੂੰ ਥੰਮ੍ਹਣ ਦੀ ਕੋਸ਼ਿਸ਼ ਜ਼ਰੂਰ ਕਰਦਾ ਰਿਹਾ। ਮਰਗ ਦੇ ਬਿਸਤਰੇ ਉੱਤੇ ਪਏ ਇਕਬਾਲ ਬਾਈ ਨੇ ਕਦੇ ਹਿੰਮਤ ਨਾ ਹਾਰੀ ਤੇ ਨਾ ਹੀ ਉਹਦਾ ਬੁਲੰਦ ਹੌਂਸਲਾ ਪਸਤ ਹੋਇਆ। ਨਾ ਰੋਇਆ-ਕੁਰਲਾਇਆ ਤੇ ਨਾ ਹੀ ਕੋਈ ਬਹੁੜੀ-ਦੁਹਾਈ ਪਾਈ। ਉਹਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਹੁਣ ਜੀਵਨ-ਲੀਲ੍ਹਾ ਖ਼ਤਮ ਹੋਣ ਵਾਲੀ ਹੈ। ਫਿਰ ਵੀ ਉਸ ਨੇ ਦਿਲ ਨਹੀਂ ਛੱਡਿਆ ਤੇ ਨਾ ਕੋਈ ਡਿੱਗੀ-ਹਾਰੀ ਗੱਲ ਕੀਤੀ। ਸਰੀਰ ਦੇ ਕੁਝ ਸੋਹਲ ਅੰਗਾਂ ਵਿਚ ਭਿਆਨਕ ਮਾਰੂ ਰੋਗ ਦੇ ਫੈਲਰਨ ਤੋਂ ਜਾਣੂੰ ਹੁੰਦਿਆਂ ਅਤੇ ਹੌਲੀ-ਹੌਲੀ ਮੌਤ ਵੱਲ ਵਧਦਿਆਂ ਉਹਨੇ ਜੰਮਣ-ਮਰਨ ਨੂੰ ਜਗਤ ਦੀ ਸਭ ਤੋਂ ਵਧੀਆ ਖੇਲ੍ਹ ਆਖਿਆ। ਵੀਰ ਮੇਰੇ ਨੇ, ਕੁਦਰਤ ਉੱਤੇ ਮਿੱਠਾ ਜਿਹਾ ਗਿਲਾ ਕਰਦਿਆਂ ਏਨਾ ਜ਼ਰੂਰ ਕਿਹਾ ਕਿ ਹਾਲੀਂ ਮੈਂ ਬਹੁਤ ਕੁਝ ਲਿਖਣਾ ਸੀ ਪਰ ਮੇਰੇ ਹੋਰ ਲਿਖਣ ਦੇ ਵਲਵਲੇ ਮੇਰੇ ਨਾਲ ਹੀ ਹਵਾ ਹੋ ਜਾਣਗੇ...।

# ਯਾਦ ਆਉਂਦਾ ਰਹਿੰਦੈ ਪ੍ਰੀਤਮ

-ਨਿੰਦਰ ਘੁਗਿਆਣਵੀ

ਸੂਰਜ ਢਲ ਗਿਆ ਹੈ।ਬਿਰਧ ਆਸ਼ਰਮ ਦੇ ਬੁੱਢੇ-ਬੁੱਢੀਆਂ ਆਪੋ-ਆਪਣੇ ਕਮਰਿਆਂ ਅੰਦਰ ਵੜ ਗਏ ਨੇ।ਆਸ਼ਰਮ ਦਾ ਵੱਡਾ ਬੂਹਾ ਹਾਲੇ ਚੌੜ-ਚੁਪੱਟ ਖੁੱਲ੍ਹਾ ਪਿਆ ਹੈ।ਕੁਰਸੀ ਡਾਹੀਂ ਇੱਕ ਸੇਵਾਦਾਰ ਬੈਠਾ ਹੈ।ਸਾਨੂੰ ਦੋਂਹ ਜਣਿਆਂ ਨੂੰ ਨੇੜੇ ਆਏ ਦੇਖ ਕੇ ਉੱਠ ਖਲੋਂਦਾ ਹੈ, "ਸਾਸਰੀ ਕਾਲ ਆ ਜੀ,ਕਿਵੇਂ ਆਏ ਜੇ...।"

"ਅਸੀਂ ਪ੍ਰੀਤਮ ਨੂੰ ਮਿਲਣੈ...।"

"ਅੱਛਾ,ਉਹ ਤੇ ਜੀ ਦੁੱਧ ਲੈਣ ਗਿਆ ਏ,ਚੌਕੀਦਾਰ ਪ੍ਰੀਤਮ ਸਿੰਹੁ...।"

"ਅੱਛਾ-ਅੱਛਾ, ਪ੍ਰੀਤਮ ਏਥੇ ਚੌਕੀਦਾਰ ਐ,ਜਿਹੜਾ ਲਿਖਾਰੀ ਐ ਜਲੰਧਰ ਵਾਲਾ...ਕਹਾਣੀਕਾਰ।"

" ਓਹ ਤੇ ਤੁਹਾਂ ਪੱਤਰਕਾਰ ਨੂੰ ਮਿਲਣਾ ਏਂ ਫਿਰ ? ਮੈਂ ਤੇ ਚੌਕੀਦਾਰ ਪ੍ਰੀਤਮ ਸਮਝ ਲਿਆ ਸੀ,ਆਯੋ-ਆਯੋ ਮੇਰੇ ਨਾਲ,ਉਹ ਤੇ ਆਪਣੇ ਕਮਰੇ 'ਚ ਬੈਠਾ ਏ,ਆਯੋ ਮਿਲਾਉਨਾ ਵਾਂ ਥਾਨੂੰ।"

ਉਹ ਸਾਡੇ ਅੱਗੇ-ਅੱਗੇ ਤੁਰ ਪਿਆ ਹੈ।ਦੂਰੋਂ ਨਜ਼ਰੀਂ ਪੈਂਦਾ, ਇੱਕ ਬਿਰਧ ਕੁਰਸੀ 'ਤੇ ਬੈਠਾ ਮਾਲਾ ਫੇਰ ਰਿਹੈ।ਮੈਂ ਸੋਚਿਆ ਏਹੀ ਹੋਣੈ ਪ੍ਰੀਤਮ।ਏਨਾ ਬੁੱਢਾ ਹੋ ਗਿਐ ?

"ਏਹੀ ਆ ਪ੍ਰੀਤਮ ?" ਪੁੱਛਦਾ ਹਾਂ।

"ਨਾ ਜੀ ਨਾ,ਪੱਤਰਕਾਰ ਤੇ ਆਪਣੇ ਕਮਰੇ 'ਚ ਹੋਣਾ ਏਂ,ਏਹ ਤਾਂ ਬੁੱਢਾ ਏ,ਬੋਲ਼ਾ ਏ...ਸੁਣਦਾ ਨਹੀਂ ਏਹਨੂੰ।" ਦਸਦਾ-ਦਸਦਾ ਸੇਵਾਦਾਰ ਸਾਡੇ ਮੂਹਰੇ-ਮੂਹਰੇ ਤੁਰਿਆ ਜਾ ਰਿਹਾ ਹੈ।

ਲੰਮੇਂ ਵਰਾਂਡੇ ਵਿੱਚਦੀ ਅਸੀਂ ਕਮਰਿਆਂ ਅੱਗੋਂ ਦੀ ਲੰਘ ਰਹੇ ਹਾਂ। ਜਾਲੀ ਵਾਲੇ ਬੂਹੇ ਖੁੱਲ੍ਹੇ ਹੋਏ ਨੇ।ਕਿਸੇ ਦੇ ਕਮਰੇ 'ਚੋਂ ਟੀ.ਵੀ.ਬੋਲ ਰਿਹੈ।ਕਿਸੇ ਕਮਰੇ ਵਿਚ ਰੇਡੀਓ 'ਚੋਂ ਸੰਗੀਤ ਉੱਭਰ ਰਿਹੈ।ਕਿਸੇ ਦੇ ਕਮਰੇ 'ਚ ਡੂੰਘੀ ਖ਼ਾਮੋਸ਼ੀ ਹੈ।ਮੈਂ ਪ੍ਰੀਤਮ ਬਾਰੇ ਸੋਚਦਾ ਜਾ ਰਿਹਾ ਹਾਂ,ਕੀ ਕਰਦੈ ਹੋਣੈ ਬੈਠਾ ਭਾਈਆ ਪ੍ਰੀਤਮ ? ਖਵਰੈ ਮਿਲੇਗਾ ਵੀ ਕਿ ਨਾ ? ਕੀ ਪਤੈ ਸਾਨੂੰ ਮਿਲੇ ਬਿਨਾਂ ਈ ਮੋੜ ਦੇਵੇ ਮੂਡੀ ਐ ਭਾਈਆ ਪ੍ਰੀਤਮ! ਭਾਈ ਗੋਪਾਲ ਸਿੰਘ ਦਾ ਗਾਇਆ ਸ਼ਬਦ ਅੱਜ ਵਾਰ-ਵਾਰ ਬੁੱਲ੍ਹਾਂ 'ਤੇ ਆ ਰਿਹਾ ਹੈ:

ਮਿਲ ਮੇਰੇ ਪ੍ਰੀਤਮਾ ਜੀਓ<br>
ਹਉਂ ਤੁਧ ਬਿਨ ਖ਼ਰੀ ਨਿਮਾਣੀ...

ਦਸ-ਗਿਆਰਾਂ ਵਰ੍ਹੇ ਪਿਛਾਂਹ ਪਰਤਦਾ ਹਾਂ।ਅਜੀਤ ਭਵਨ ਦੀਆਂ ਪੌੜੀਆਂ 'ਚੋਂ ਮੇਰੇ ਨਾਲ ਉੱਤਰਿਆ। ਮੈਨੂੰ ਨਹੀਂ ਸੀ ਪਤਾ ਇਹ ਬਲਾ ਕੌਣ ਹੈ ? ਪੌੜੀਆਂ ਉੱਤਰ ਮੈਂ ਵੀ ਸਿੱਧਾ ਰਜਿੰਦਰ ਬਿਮਲ ਦੀ ਕਿਤਾਬਾਂ ਵਾਲੀ ਨਿੱਕੀ ਜਿਹੀ ਹੱਟੀ 'ਚ ਵੜ ਗਿਆ ਤੇ ਉਹ ਵੀ। ਬਿਮਲ



ਨੇ ਦੋ ਕੱਪ ਚਾਹ ਆਰਡਰ ਕੀਤੀ ਤੇ ਮੇਰੇ ਨਾਲ ਮਿਲਵਾਉਂਦਿਆਂ ਆਖਿਆ, "ਏਹ ਆ ਆਪਣਾ ਘੈਂਟ ਯਾਰ ਪ੍ਰੀਤਮ ਤੇ ਨਾਲੇ ਘੈਂਟ ਲਿਖਾਰੀ ਵੀ ਐ।"

ਪ੍ਰੀਤਮ ਦਾ ਨਾਂ ਮੈਂ ਪਹਿਲਾਂ ਕਿਧਰੇ ਨਾ ਕਿਧਰੇ ਛਪਿਆ ਹੋਇਆ ਪੜ੍ਹਿਆ ਸੀ...ਇਕੱਲਾ ਪ੍ਰੀਤਮ ! ਸ਼ਾਇਦ ਉਸ ਨੇ ਪੰਜਾਬੀ ਲੇਖਕਾਂ ਵਿਚਲੇ ਅਣਗਿਣਤ ਪ੍ਰੀਤਮਾਂ ਦੀ ਭੀੜ 'ਚੋਂ ਅਲੱਗ ਦਿਸਣ ਲਈ ਇੰਝ ਕਰ ਲਿਆ ਹੋਵੇ ! ਨਾ ਕੋਈ ਤਖ਼ੱਲਸ, ਨਾ ਪਿੱਛੇ ਸਿੰਘ ਨਾ ਰਾਮ ਤੇ ਨਾ ਕੋਈ ਜਾਤ-ਗੋਤ।ਉਦੋਂ ਮੈਂ ਇੰਝ ਹੀ ਸੋਚਿਆ ਸੀ,ਜਾਂ ਫਿਰ ਉਹ ਸਿੰਘਾਂ ਤੇ ਰਾਮਾਂ,ਜਾਤਾਂ-ਗੋਤਾਂ ਵਿੱਚ ਯਕੀਨ ਨਹੀਂ ਰੱਖਦਾ ਹੋਣੈ !

ਉਸ ਦਿਨ ਉਸ ਦੀਆਂ ਗੱਲਾਂ ਬਹੁਤ ਦਿਲਚਸਪ ਲੱਗੀਆਂ ਸਨ।ਬੋਲਣੋਂ ਹੀ ਨਹੀਂ ਸੀ ਹਟ ਰਿਹਾ।ਬਿਮਲ ਨੇ ਦੱਸਿਆ, "ਏਹਦੀ ਇੱਕ ਕਿਤਾਬ ਦਾ ਖਰੜਾ ਐ ਮੇਰੇ ਕੋਲ, ਜਲਦੀ ਛਾਪ ਰਿਹਾ ਆਂ...ਰੇਖਾ-ਚਿਤਰ ਲਿਖੇ ਨੇ,ਉਹਦੀ ਰਾਇਲਟੀ ਏਹਨੂੰ ਪਹਿਲਾਂ ਈ ਦੇ ਦਿੱਤੀ ਐ।"

" ਓਏ ਉਹ ਤੇ ਮੈਂ ਖਾ-ਚੱਟ ਵੀ ਗਿਆ ਵਾਂ, ਹੋਰ ਦੇਹ ਹੁਣ ਤਾਂ...।"

ਪ੍ਰੀਤਮ ਨੇ ਤਾੜੀ ਮਾਰੀ ਤੇ ਠਹਾਕਾ ਲਾਇਆ।

ਫਿਰ ਕਦੇ ਉਸ ਨਾਲ ਮੇਲ-ਮਿਲਾਪ ਨਹੀਂ ਸੀ ਹੋਇਆ।ਹਾਂ, ਉਹਦੀ ਲਿਖਤ ਦਾ ਕੋਈ ਟੋਟਾ 'ਲਕੀਰ' ਜਾਂ ਕਿਤੇ ਏਧਰ-ਓਧਰ ਛਪਿਆ ਹੋਇਆ ਦਿਖਾਈ ਦਿੰਦਾ ਤਾਂ ਮੈਂ ਉਚੇਚ ਨਾਲ ਪੜ੍ਹਦਾ। ਇੱਕ ਵਾਰ ਉਹਦੀ ਕੋਈ ਲਿਖਤ ਕਿਧਰੇ ਛਪੀ ਹੋਈ ਪੜ੍ਹੀ ਤੇ ਹੇਠਾਂ ਉਹਦਾ ਫ਼ੋਨ ਨੰਬਰ ਵੀ ਦਿੱਤਾ ਹੋਇਆ ਸੀ। ਮੈਂ ਉਹਨੀਂ ਪਲੀਂ ਫ਼ੋਨ ਕੀਤਾ।ਬੜਾ ਖੁਸ਼ ਹੋਇਆ ਉਹ।ਉਹਨੂੰ ਚੰਗੀ ਤਰਾਂ ਯਾਦ ਸੀ ਜਲੰਧਰ ਵਾਲੀ ਮੁਲਾਕਾਤ। ਮੈਂ ਪੁੱਛਿਆ, "ਕਿੱਥੇ ਰਹਿੰਨੈ ਅੱਜਕੱਲ੍ਹ ?"

"ਢੱਠੇ ਖੂਹ 'ਚ...ਹੋਰ ਕਿੱਥੇ ? ਜਲੰਧਰ ਆਂ,ਇੱਕ ਬਿਰਧ ਆਸ਼ਰਮ ਨਵਾਂ ਬਣਿਆਂ,ਬੜਾ ਤੰਗ ਕਰਦੇ ਨੇ ਪ੍ਰਬੰਧਕ,ਬਹੁਤ ਔਖਾ ਵਾਂ ਯਾਰ ਮੈਂ ਏਥੇ।"

ਮੈਨੂੰ ਉਹਦੇ 'ਤੇ ਤਰਸ ਆਇਆ ਸੀ। ਉਸ ਨਾਲ ਵਾਅਦਾ ਕੀਤਾ ਕਿ ਜਦ ਜਲੰਧਰ ਆਇਆ ਤਾਂ ਆਣ ਕੇ ਮਿਲਾਂਗਾ ਤੇ ਕੁਝ ਮਾਲੀ ਸਹਾਇਤਾ ਵੀ ਕਰਾਂਗਾ ਪਰ ਇਹ ਵਾਅਦਾ ਪੂਰਾ ਨਹੀਂ ਸਾਂ ਕਰ ਸਕਿਆ।

ਇੱਕ ਦਿਨ ਪੰਜਾਬੀ ਭਵਨ ਵਿੱਚ ਕਿਤਾਬਾਂ ਦੀ ਫੋਲਾ-ਫਾਲੀ ਕਰ ਰਿਹਾ ਸਾਂ ਤਾਂ ਉਹਦਾ ਕਹਾਣੀ ਸੰਗ੍ਰਹਿ 'ਬੁੱਢਾ ਚੰਨ ਬਿਮਾਰ ਚਾਨਣੀ' ਹੱਥ ਲੱਗ ਗਿਆ। ਮੈਂ ਸਤੀਸ਼ ਗੁਲਾਟੀ ਨੂੰ ਪੁੱਛਿਆ,"ਏਹ ਪਤਾ ਨੀ ਹੁਣ ਕਿੱਥੇ ਰਹਿੰਦੈ,ਮਿਲਣ ਨੂੰ ਦਿਲ ਕਰਦੈ।"

" ਤਰਨਤਾਰਨ ਹੁੰਦਾ ਐਂ,ਬਿਰਧ ਆਸ਼ਰਮ 'ਚ।"

"ਜਦੋਂ ਗਿਆ, ਮਿਲ ਕੇ ਆਊ ਮੈਂ ਯਾਰ ਏਹਨੂੰ।"

"ਉਹਨੇ ਏਹਦੀ ਪੱਟੀ-ਮੇਸ ਕਰਤੀ ਵਿਚਾਰੇ ਦੀ।" ਗੁਲਾਟੀ ਦੱਸਦਾ ਹੈ।

"ਕੀਹਨੇ ਕਰਤੀ ?"

"ਲਕੀਰ ਵਾਲੇ ਨੇ ...ਇਹਦੇ 'ਤੇ ਬਹੁਤ ਕੁਛ ਲਿਖਤਾ,ਖੇਹ-ਸੁਆਹ...ਪੜ੍ਹ ਲਵੀਂ ਉਹਦੀ ਰੇਖਾ-ਚਿਤਰਾਂ ਵਾਲੀ ਕਿਤਾਬ 'ਚੋਂ।"

ਜਦੇ ਹੀ ਮੈਂ ਪੰਜਾਬੀ ਭਵਨ ਦੀਆਂ ਪਿਛਲੀਆਂ ਹੱਟੀਆਂ ਵਿੱਚੋਂ ਉਹਦੀ ਕਿਤਾਬ 'ਉਮਰਾਂ ਦੀ ਖੱਟੀ' ਖ਼ਰੀਦ ਲਿਆਇਆ ਤੇ ਇੱਕੋ ਸਾਹੇ ਪੜ੍ਹ ਲਿਆ ਪ੍ਰੀਤਮ ਬਾਰੇ ਉਹਦਾ ਰੇਖਾ-ਚਿਤਰ। ਵਾਕਈ ਈ ਪੱਟੀ-ਮੇਸ ਕੀਤੀ ਹੋਈ ਸੀ ਲਾਚਾਰ ਤੇ ਬੇਚਾਰੇ ਪ੍ਰੀਤਮ ਦੀ ! ਇਹ ਯਾਰੀ ਨਹੀਂ, ਗ਼ੱਦਾਰੀ ਸੀ। ਬੜਾ ਤਰਸ ਆਇਆ ਸੀ ਉਸ ਉੱਤੇ, ਤੇ ਗੁੱਸਾ ਆਇਆ ਸੀ ਉਸ 'ਭਲੇ-

ਪੁਰਖ' ਉੱਤੇ, ਜੋ ਇੱਕ ਬੰਨੇ ਤਾਂ ਪ੍ਰੀਤਮ ਨੂੰ ਆਪਣਾ 'ਯਾਰ' ਕਹਿੰਦਾ ਸੀ ਤੇ ਦੂਜੇ ਬੰਨੇ ਉਸ 'ਤੇ ਲਿਖਣ ਲੱਗਿਆਂ ਉਸ 'ਭਲੇ-ਪੁਰਖ' ਨੇ ਆਪਣੀ ਕਲਮ ਕੁਹਾੜੀ ਹੀ ਬਣਾ ਲਈ ਹੋਈ ਸੀ। ਉਸੇ ਕਿਤਾਬ ਵਿੱਚ ਉਸ ਨੇ ਮੋਏ ਮੀਸ਼ੇ ਨੂੰ ਵੀ ਨਹੀਂ ਸੀ ਬਖ਼ਸ਼ਿਆ ਹੋਇਆ ਉਹਦੀ ਲਾਸ਼ ਬਾਰੇ ਬੜੀ ਭੱਦੀ ਸ਼ਬਦਾਵਲੀ ਵਰਤੀ ਹੋਈ ਸੀ ਜਦੋਂ ਮੀਸ਼ੇ ਨੂੰ ਨਦੀ ਵਿੱਚੋਂ ਕੱਢਿਆ ਜਾਂਦਾ ਹੈ ਤੇ ਉਹਦੀ ਲਾਸ਼ ਰੱਖੀ ਜਾਂਦੀ ਹੈ।

ਸੇਵਾਦਾਰ ਜਾਲੀ ਵਾਲਾ ਭਿੜਿਆ ਬੂਹਾ ਖੋਲ੍ਹਦਾ ਹੈ। ਅੱਗੇ ਪ੍ਰੀਤਮ ਪਿਆਰਾ ਸਜਿਆ ਹੋਇਆ ਬੈਠਾ ਹੈ। ਸਿਲੰਡਰ ਵਾਲੀ ਮੇਜ਼ ਦੇ ਐਨ ਬਿਲਕੁਲ ਨੇੜੇ ਕੁਰਸੀ ਡਾਹੀ ਹੋਈ। ਇੱਕ ਕੌਲੀ ਵਿੱਚ ਆਲੂ-ਮਟਰਾਂ ਦੀ ਸਬਜ਼ੀ ਗੈੱਸ ਸਿੰਮ ਕਰਕੇ ਤੱਤੀ ਕਰ ਰਿਹੈ,ਕੌਲੀ ਸੜ ਰਹੀ ਹੈ। ਪੈੱਗ ਪਾਇਆ ਹੋਇਆ ਹੈ।

"ਓ ਬੜੀ ਦੇਰ ਬਾਅਦ ਮਿਲਿਐਂ ਤੂੰ,ਪੜ੍ਹਿਆ ਸੀ ਵਈ ਹੁਣ ਬਦੇਸ਼ ਬਹੁਤਾ ਰਹਿੰਨੈ,ਹਾਅ ਮੁੰਡਾ ਕੌਣ ਏਂ ?" ਮੇਰੇ ਨਾਲ ਗਏ ਦੋਸਤ ਮਨੀ ਹੁੰਦਲ ਵੱਲ ਦੇਖ ਕੇ ਪੁੱਛਦਾ ਹੈ।

"ਅੱਛਾ, ਪਹਿਲਾਂ ਅਹੁ ਗਲਾਸ ਚੁੱਕੋ ਜ਼ਰਾ,ਅਹੁ ਸਟੀਲ ਵਾਲਾ...ਪਾਵੋ ਜ਼ਰਾ ਇਹਦੇ ਵਿੱਚ ਤੇ ਹਵਾ ਪਿਆਜ਼ੀ ਹੋਵੋ ਮੇਰੇ ਨਾਲ ਯਾਰੋ,ਮਸਾਂ-ਮਸਾਂ ਤੇ ਆਏ ਓ...ਲਓ-ਲਓ ਜ਼ਰਾ।"

"ਨਾਂਹ-ਨਾਂਹ ਅਸੀਂ ਨਹੀਂ ਪੀਣੀ,ਤੁਸੀਂ ਪੀਓ।" ਕੋਰੀ 'ਨਾਂਹ' ਸੁਣ ਕੇ ਉਸਦੀਆਂ ਅੱਖਾਂ ਛਲਕ ਪਈਆਂ। ਉਹ ਫੇਰ ਜ਼ੋਰ ਦੇਣ ਲਗਦਾ ਹੈ, ਤਾਂ ਮਨੀ ਕਹਿੰਦਾ ਹੈ, "ਇੱਕ ਘੁੱਟ ਨੂੰ ਅਸੀਂ ਦੋਵੇਂ, ਇੱਕੋ ਗਲਾਸ ਵਿੱਚ ਅੱਧੀ-ਅੱਧੀ ਪੀ ਲੈਨੇ ਆਂ, ਹੋਰ ਪੀਣ ਨੂੰ ਨਾ ਕਹਿਣਾ, ਫਿਰ ਤਾਂ ਖ਼ੁਸ਼ ਹੋ ?"

"ਓ ਯੈੱਸ,ਆਈ ਐੱਮ ਹੈਪੀ...ਵੈਰੀ ਹੈਪੀ...ਯਾਰ ।"

ਉਹ ਗੱਲ-ਗੱਲ 'ਤੇ ਫਰਨ-ਫਰਨ ਅੰਗਰੇਜ਼ੀ ਬੋਲ ਰਿਹੈ। ਮਨੀ ਵੀ ਹੈਰਾਨ ਹੁੰਦਾ ਪਿਐ ਕਿ ਰੁਲਿਆ ਜਿਹਾ ਬੁੱਢਾ ਬੜੀ ਫਰਾਟੇਦਾਰ ਅੰਗਰੇਜ਼ੀ ਬੋਲਦੈ ! ਮੈਂ ਉਹਦੇ ਮੰਜੇ ਵੱਲ ਦੇਖਿਆ ਤਾਂ ਗੋਲੀਆਂ ਦਾ ਇੱਕ ਪੱਤਾ ਪਿਆ ਹੈ।

"ਮਨੀ ਅਹੁ ਦਿਖਾਈਂ ਜ਼ਰਾ ਪੱਤਾ ?"

ਦੇਖਦਾ ਹਾਂ, ਇਹ ਨੀਂਦ ਦੀਆਂ ਗੋਲੀਆਂ ਹਨ (ÁñêðÁâ¯ñÁî)...ਉਹ ਦਸਦਾ ਹੈ, "ਕਦੇ-ਕਦੇ ਖਾ ਲੈਨਾ ਵਾਂ ਰਾਤ ਨੂੰ,ਜਦ ਨੀਂਦ ਟੁੱਟ ਜਾਵੇ...ਵਾਹਵਾ ਨੀਂਦ ਟਿਕੀ ਰਹਿੰਦੀ ਏ ਏਹਦੇ ਨਾਲ, ਯਾਰ ਅਹਿ ਸੁਣੋ ਜ਼ਰਾ ਗੌਰ ਫ਼ੁਰਮਾਣਾ...

ਦਿਨ ਕੋ ਪੀਨਾ ਹਰਾਮ ਹੈ ਪਿਆਰੇ

ਰਾਤ ਕੋ ਲੁਤਫ਼ ਏ ਜਾਮ ਹੈ ਪਿਆਰੇ

ਇੱਕ ਨੁਕਰ ਵਿੱਚ ਦੋ ਖੂੰਡੀਆਂ ਪਈਆਂ ਤੇ ਇੱਕ ਡੰਡਾ ਪਿਐ। ਇੱਕ ਪਾਸੇ ਵਾਕਰ। ਕਮਰੇ 'ਚ ਈ ਤਾਰ ਬੱਧੀ ਹੋਈ। ਕੱਛਾ,ਜੁਰਾਬਾਂ ਤੇ ਟੀ-ਸ਼ਰਟਾਂ ਟੰਗੀਆਂ ਹੋਈਆਂ ਮੇਜ਼ ਉੱਤੇ ਰਸਾਲੇ-ਕਿਤਾਬਾਂ ਤੇ ਹੋਰ ਨਿੱਕ-ਸੁੱਕ ਦਾ ਖ਼ਿਲਾਰਾ ਸ਼ਹਿਰ ਦੀ ਇੱਕ ਸਾਹਿਤਕ ਸੰਸਥਾ ਵੱਲੋਂ ਦਿੱਤਾ ਛੋਟਾ ਜਿਹਾ ਮੋਮੈਂਟੋ ਟੁੱਟਾ ਪਿਐ। ਉਹ ਸਾਡੇ ਇੰਝ ਅਚਾਨਕ ਆ ਜਾਣ 'ਤੇ ਖ਼ੁਸ਼ ਹੋ ਗਿਆ ਹੈ। ਚਹਿਕ ਰਿਹਾ ਹੈ। "ਓ ਯਾਰ, ਕਦੇ ਜੋਗਿੰਦਰ ਆ ਜਾਂਦਾ ਏ, ਕੈਰੋਂ ਵੀ ਤੇ ਕਦੇ ਨਿਰਮਲ ਅਰਪਨ ਵੀ, ਪ੍ਰੇਮ ਪ੍ਰਕਾਸ਼ ਵੀ ਦੋ-ਤਿੰਨ ਵਾਰੀ ਗੇੜਾ ਕੱਢ ਗਿਆ ਸੀ,ਓ ਯਾਰ ਤੂੰ ਬਦੇਸ਼ ਜਾ ਕੇ ਨਿੱਖਰ ਗਿਆ ਏਂ,ਮੈਨੂੰ ਵੀ ਲੈ ਜਾ ਨਾਲ ਵਲੈਤ ਯਾਰ, ਮੈਂ ਤਾਂ ਉੱਥੇ ਕੋਈ ਮੇਮ ਲੱਭ ਕੇ ਵਿਆਹ ਕਰਵਾਲੂੰ,ਓ ਬਿਮਲ ਨੇ ਮੇਰੀ ਕਿਤਾਬ ਨਹੀਂ ਛਾਪੀ ਰੇਖਾ-ਚਿਤਰਾਂ ਵਾਲੀ ? ਤੂੰ ਆਖ ਉਹਨੂੰ, ਪਰ



ਨਾ ਯਾਰ ਨਾ ਆਖੀਂ ਤੂੰ ਉਹਨੂੰ,ਉਹ ਤੇ ਆਪ ਰੁਲਿਆ ਫਿਰਦਾ ਏ ਵਿਚਾਰਾ, ਹੁਣ ਲੋਕ-ਗੀਤ ਵਾਲਿਆਂ ਦੇ ਨੌਕਰੀ ਕਰ ਲਈ ਉਹਨੇ,ਪਤਾ ਏ ਤੈਨੂੰ ? ਨਾ ਛਾਪੇ ਨਹੀਂ ਤਾਂ, ਮੈਂ ਤੇ ਪੈਹੇ ਲੈਕੇ ਉਦੋਂ ਈ ਵਰਤ ਲਏ ਸੀ,ਪਿਛਲੇ ਦਿਨੀਂ ਮੈਂ ਜਲੰਧਰ ਗਿਆ ਸਾਂ ਦੂਰਦਰਸ਼ਨ 'ਤੇ ਬੋਲਣ, ਆਪਣੇ ਮੁੰਡੇ ਨੂੰ ਫ਼ੋਨ ਕੀਤਾ ਵਈ ਮੈਨੂੰ ਆਣ ਕੇ ਲੈ ਜਾਹ, ਉਹ ਨਹੀਂ ਆਇਆ, ਕਹਿੰਦਾ ਮੈਂ ਕੰਮ ਤੋਂ ਥੱਕਿਆ ਆਇਆ ਵਾਂ,ਉਹ ਦੀਦ ਮੇਰਾ ਬੜਾ ਪਿਆਰਾ ਮਿੱਤਰ ਯਾਦ ਕਰਦਾ ਰਹਿੰਦਾ ਮੈਨੂੰ, ਉਹ ਤੂੰ ਦੇਖਿਆ ਸੀ ਪ੍ਰੋਗਰਾਮ ਟੈਲੀਕਾਸਟ ਵੀ ਹੋ ਗਿਆ ਏ...ਨਹੀਂ ਦੇਖਿਆ ਤੂੰ ? ਮੈਂ ਤੇ ਕੈਰੋਂ ਸਾਂ,ਸੂਰੀ ਸੀ...ਟੌਪਿਕ ਸੀ, ਲੇਖਕ ਤੇ ਪ੍ਰਕਾਸ਼ਕ ਦਾ ਰਿਸ਼ਤਾ,ਪੂਰੇ ਸਾਢੇ ਸੋਲਾਂ ਸੌ ਮਿਲੇ ਮੈਨੂੰ ਉਥੇ ਬੋਲਣ ਦੇ, ਹੁਣ ਮੈਂ ਦੀਦ ਨੂੰ ਆਖ ਆਇਆ ਵਾਂ ਕਿ ਦੀਦ ਹੁਣ ਮੇਰਾ ਏਹ ਆਖਰੀ ਪ੍ਰੋਗਰਾਮ ਸੀ ਦੂਰਦਰਸ਼ਨ 'ਤੇ,ਹੁਣ ਤੇ ਉਡਾਰੀ ਮਾਰ ਜਾਣੀ ਏਂ, ਦੀਦ ਕਹਿੰਦਾ ਤੂੰ ਕਿਤੇ ਨਹੀ ਜਾਂਦਾ,ਤਿੰਨਾਂ ਮਹੀਨਿਆਂ ਨੂੰ ਤੂੰ ਐਥੇ ਫਿਰ ਆਉਣਾ, ਤੈਨੂੰ ਸਾਢੇ ਸੋਲਾਂ ਸੌ ਨੇ ਖਿੱਚ ਲਿਆਉਣਾ ਆਂ ਦੂਰਦਰਸ਼ਨ ਕੇਂਦਰ।"

ਉਹ ਹੱਸਦਾ ਹੈ। ਨਵਾਂ ਪੈੱਗ ਪਾਉਂਦਾ ਹੈ। ਦੋ ਬੀਬੀਆਂ ਆਈਆਂ ਨੇ। ਇੱਕ ਜਣੀ ਦੇ ਹੱਥ ਵਿੱਚ ਦਾਲ ਵਾਲੀ ਬਾਲਟੀ ਤੇ ਦੂਜੀ ਦੇ ਹੱਥ ਰੋਟੀਆਂ ਵਾਲੀ ਟੋਕਰੀ। ਉਹਨੇ ਆਪਣੀ ਪਲੇਟ ਤੇ ਕੌਲੀ ਪਹਿਲਾਂ ਈ ਮੇਜ਼ 'ਤੇ ਰੱਖ ਰੱਖੀ ਹੋਈ ਸੀ।

"ਲੈ ਆਹ ਆ ਗਈਆਂ ਨੇ ਮੇਰੀਆਂ ਭੈਣਾਂ,ਲਓ ਤੇ ਤੁਹੀਂ ਵੀ ਖਾ ਲਓ ਰੋਟੀ, ਮੈਂ ਮੰਜੇ ਬਿਸਤਰੇ ਮੰਗਵਾਉਨਾ ਹੁਣੇ।"

ਬੀਬੀ ਨੇ ਪੀਲੀ ਦਾਲ ਨਾਲ ਕੌਲੀ ਸਿਰੇ ਤੀਕ ਭਰ ਦਿੱਤੀ ਹੈ। ਰੋਟੀ ਵਾਲੀ ਬੋਲੀ, "ਭਾਈਆ, ਇੱਕ ਰੱਖਾਂ ਕੇ ਦੋ... ?"

"ਤਿੰਨ ਰੱਖ ਦੇ ਭੈਣਾਂ, ਅੱਜ ਭੁੱਖ ਵਾਹਵਾ ਚਮਕੀ ਊ।" ਬੀਬੀ ਨੇ ਗਿਣ ਕੇ ਤਿੰਨ ਰੋਟੀਆਂ ਧਰ ਦਿੱਤੀਆਂ ਨੇ।

ਸਾਨੂੰ ਵੀ ਇੱਕ ਬੀਬੀ ਨੇ ਕਿਹਾ, "ਛਕ ਲਓ ਤੁਸੀਂ ਵੀ ਕਾਕਾ, ਲੰਗਰ ਦਾ ਇੱਕ ਇੱਕ ਪਰਸ਼ਾਦਾ।"

"ਨਹੀਂ ਜੀ ਨਹੀਂ, ਮਿਹਰਬਾਨੀ ਜੀ,ਅਸੀਂ ਤੇ ਜਾਣਾ ਹੁਣੇ,ਨੇੜੇ ਈ ਪਿੰਡ ਆ ਮੇਰਾ।" ਮਨੀ ਦਸਦਾ ਹੈ।

"ਓ ਯਾਰ ਵਰਿੰਦਰ ਵਾਲੀਏ ਨੇ ਮੈਨੂੰ ਮੁੜ ਜੀਂਦਾ ਕਰ ਦਿੱਤਾ ਏ, ਮੇਰੀ ਉਸ ਦਸ ਸਾਲ ਹੋਰ ਉਮਰ ਵਧਾਤੀ ਏ,ਮੇਰਾ ਸਵੈ-ਬਿਰਤਾਂਤ 'ਮ੍ਰਿਗਨੈਣੀ' ਛਾਪਿਆ ਉਹਨੇ ਪੰਜਾਬੀ ਟ੍ਰਿਬਿਊਨ 'ਚ...ਸਾਰੀ ਜ਼ਿੰਦਗੀ ਏਨੇ ਫ਼ੋਨ ਨਹੀਂ ਆਏ ਮੈਨੂੰ ਜਿੰਨੇ ਉਹ ਪੜ੍ਹ ਕੇ ਆਏ ਨੇ,ਬਹੁਤ ਸਾਰੀਆਂ ਬੀਬੀਆਂ ਦੇ ਵੀ ਫ਼ੋਨ ਆਏ ਨੇ,ਲੇਖਕ ਦਾ ਉਸਦੀ ਰਚਨਾ ਹੇਠਾਂ ਫੋਨ ਛਾਪਣ ਵਾਲਾ ਸਿਲਸਿਲਾ ਵੀ ਠੀਕ ਏ ਪਈ ਲੇਖਕ ਨੂੰ ਉਸਦੇ ਪਾਠਕ ਮਿਲ ਲੈਂਦੇ ਨੇ ਤੇ ਗੱਲਬਾਤ ਵੀ ਹੋ ਜਾਂਦੀ ਏ,ਯਾਰ ਪੰਜ ਸੌ ਰੁਪਈਆ ਘੱਲਿਆ ਮੈਨੂੰ, ਮੇਰੀ ਬੜੀ ਇੱਜ਼ਤ ਕੀਤੀ ਏ, ਮੇਰਾ ਇੱਕ ਮਜ਼ਮੂਨ ਕੈਰੋਂ ਨੇ ਛਾਪਿਆ ਸੀ 'ਸ਼ਿਲਾਲੇਖ' ਵਿੱਚ ਤੇ ਉਹ ਪੜ੍ਹ ਕੇ ਵਾਲੀਏ ਨੇ ਮੈਨੂੰ ਫੋਨ ਕੀਤਾ...ਅਖੇ ਅਜੇ ਅੱਧਾ ਈ ਪੜ੍ਹਿਆ...ਵੰਡਰਫੁੱਲ, ਯਾਰ ਕੁਝ ਐਦਾਂ ਦਾ ਸਾਨੂੰ ਵੀ ਲਿਖ ਕੇ ਭੇਜ ਤੇ ਮੈਂ 'ਮ੍ਰਿਗਨੈਣੀ' ਲਿਖ ਦਿੱਤਾ...ਹਾਂ ਸੱਚ, ਇੱਕ ਕੁੜੀ ਦਾ ਫੋਨ ਆਇਆ, ਬੜੀਆਂ ਪਿਆਰ ਭਰੀਆਂ ਗੱਲਾਂ ਕਰਦੀ ਰਹੀ, ਕਹਿੰਦੀ ਮੈਂ ਤੁਹਾਨੂੰ ਮਿਲਣਾ ਆਂ ਜਲਦੀ ਤੇ ਫਿਰ ਤੁਸੀਂ ਕਿਸ਼ਤ ਨੰਬਰ ਤਿੰਨ ਮੇਰੇ 'ਤੇ ਵੀ 'ਮ੍ਰਿਗਨੈਣੀ' ਲਿਖਣਾ, ਮੈਂ ਕਿਹਾ ਤੂੰ ਆ ਤੇ ਸਹੀ...ਮੈਂ ਜ਼ਰੂਰ ਲਿਖਾਂਗਾ, ਹੁਣ ਮੈਂ ਬੜਾ ਕੁਝ ਲਿਖਣਾ ਏਂ,ਬਹੁਤ ਕੁਝ ਪਿਆ ਏ ਲਿਖਣ ਵਾਲਾ, ਉਨੀ ਸੌ ਅੱਸੀ ਵਿੱਚ ਰਵੀ ਸਾਹਿਤ ਵਾਲੇ

ਮੋਹਨ ਸਿੰਘ ਰਾਹੀ ਨੇ ਮੇਰੀਆਂ ਕਹਾਣੀਆਂ ਦੀ ਕਿਤਾਬ 'ਅਰਬ ਗਲੀ' ਛਾਪੀ ਸੀ, ਮੈਂ ਇਹਦਾ ਨਾਂ 'ਚੌਥੀ ਕੂੰਟ ਰੱਖਿਆ ਸੀ ਤੇ ਸਤਿਆਰਥੀ ਮਿਲ ਗਿਆ, ਉਹਨੇ ਬਦਲ ਕੇ 'ਅਰਬ ਗਲੀ' ਕਰ ਦਿੱਤਾ, ਜਦੋਂ ਮੈਂ ਅਜੀਤ ਵਿੱਚ ਹੁੰਦਾ ਸਾਂ ਤਾਂ ਉਦੋਂ ਬਹੁਤ ਸਾਰਾ ਕੰਮ ਅਨੁਵਾਦ ਦਾ ਵੀ ਕਰਨਾ ਪੈਂਦਾ ਹੁੰਦਾ ਸੀ, ਕਸ਼ਮੀਰ ਮਸਲੇ ਬਾਬਤ ਅਜੀਤ ਸਰਹੱਦੀ ਦੀ ਕਿਤਾਬ ਸਾਰੀ ਦੀ ਸਾਰੀ ਮੈਂ ਅਨੁਵਾਦ ਕੀਤੀ ਸੀ, ਦੋ ਸਾਲ ਛਪਦੀ ਰਹੀ ਸੀ ਅਜੀਤ ਵਿੱਚ, ਉਦੋਂ ਸਮਰੱਥਾ ਬਹੁਤ ਸੀ ਮੇਰੇ ਵਿੱਚ ਲਿਖਣ ਦੀ ਪਰ ਪੈਹੇ ਵੱਲੋਂ ਹੱਥ ਤੰਗ ਰਹਿਣ ਕਰਕੇ ਤੇ ਕੁਝ ਘਰੇਲੂ ਹਾਲਾਤਾਂ ਕਰਕੇ ਮੈਂ ਰੁਲ ਗਿਆ ਵਾਂ,ਇੱਕ ਪੁਸਤਕ ਦਾ ਖਰੜਾ ਹੋਰ ਤਿਆਰ ਪਿਆ ਏ ਕਹਾਣੀਆਂ ਦਾ, ਬਿਮਲ ਨੇ ਜਿਹੜੇ ਰੇਖਾ-ਚਿਤਰ ਮੈਥੋਂ ਲਏ ਸੀ...ਉਹ ਮੈਂ ਜਗਜੀਤ ਸਿੰਘ 'ਤੇ ਵੀ ਲਿਖਿਆ... (ਉਹ ਮੇਰਾ ਯਾਰ ਏ ਜਗਜੀਤ,ਦਸ ਸਾਲ ਰਿਹਾ ਮੈਂ ਬੰਬੇ ਉਹਦੇ ਕੋਲ), ਰਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਅੰਮ੍ਰਿਤਾ,ਬਲਰਾਜ ਸਾਹਨੀ ਤੇ ਸੁਖਬੀਰ 'ਤੇ ਵੀ ਲਿਖਿਆ...ਸੁਖਬੀਰ ਨੇ ਬੰਬੇ ਮੇਰੀ ਬੜੀ ਹੈਲਪ ਕੀਤੀ ਸੀ, ਗੁਲਜ਼ਾਰ ਤੇ ਨਿਰਮਲ ਅਰਪਣ 'ਤੇ ਲਿਖੇ ਹੋਏ ਨੇ।"

ਉਹ ਹੱਸਦਾ-ਹੱਸਦਾ ਕਦੇ ਗੰਭੀਰ ਹੋ ਜਾਂਦਾ ਹੈ। ਗੱਲਾਂ ਵੀ ਕਰ ਰਿਹਾ ਹੈ ਤੇ ਨਾਲੇ-ਨਾਲ ਪਚਾਕੇ ਮਾਰਦਾ ਰੋਟੀ ਖਾ ਰਿਹਾ ਹੈ, "ਓ ਯਾਰ ਤੁਹੀਂ ਬੈਠੈ ਜੇ ਤੇ ਮੈਂ ਰੋਟੀ ਖਾ ਰਿਹਾ ਵਾਂ, ਤੂੰ ਮੇਰੀ ਫੋਟੋ ਖਿੱਚ੍ਹ...ਵੇ ਮੇਰੀ ਨੱਚਦੀ ਦੀ ਫੋਟੋ ਖਿੱਚ੍ਹ ਮੁੰਡਿਆ...।" ਬੁਰਕੀ ਤੋੜਦਾ ਉਹ ਗੁਣ-ਗੁਣਾ ਰਿਹਾ ਹੈ।

"ਉਹ ਮੈਂ ਪੜ੍ਹ ਲਿਆ ਸੀ ਥੋਡੇ ਬਾਰੇ ਰੇਖਾ-ਚਿਤਰ...ਉਹਦੀ ਕਿਤਾਬ 'ਚੋਂ।"

"ਬੇਟਾ ਜੀ, ਏਹੋ-ਜਿਹੇ ਮਿੱਤਰ ਨਾਲੋਂ ਦੁਸ਼ਮਣ ਸੌ ਦਰਜੇ ਚੰਗਾ ਏ, ਮੇਰਾ ਛੱਡਿਆ ਈ ਕੱਖ ਨਹੀਂ ਉਹਨੇ, ਕਹਿੰਦੇ ਨੇ ਨਾ ਅਖੇ ਗਲੀ-ਗਲੀ ਛੱਟਣਾ ਛੱਜ 'ਚ ਪਾ ਕੇ...ਤੇ ਉਹਨੇ ਮੈਨੂੰ ਗਲੀ-ਗਲੀ ਤਾਂ ਕੀ, ਘਰ-ਘਰ ਤਾਂ ਕੀ, ਸਗੋਂ ਹਰ ਘਰ ਦੇ ਚੁੱਲ੍ਹੇ-ਚੁੱਲ੍ਹੇ ਤੀਕ ਛੱਟ ਛੱਡਿਆ ਏ, ਉਹਦਾ ਛਪਿਆ ਪੜ੍ਹ ਕੇ ਮੇਰੀ ਕੁੜੀ ਬੜੇ ਸਾਲ ਮੇਰੇ ਨਾਲ ਬੋਲੀ ਨਹੀ,ਕਹਿੰਦੀ ਭਾਪਾ ਤੂੰ ਏਨਾ ਮਾੜਾ ਏਂ...ਮੇਰੀ ਔਲਾਦ ਨੂੰ ਵੀ ਨਹੀਂ ਬਖ਼ਸ਼ਿਆ ਉਹਨੇ,ਚਲੋ ਮੇਰਾ ਛੱਡੋ, ਉਹਨੇ ਅਣਖੀ ਦੀ ਯਹ੍ਹੀ-ਤਹ੍ਹੀ ਫੇਰ ਦਿੱਤੀ ਮਰੇ ਮਗਰੋਂ ਲਿਖ ਕੇ, ਕਿੰਨਾ ਮਾੜਾ ਲਿਖਿਆ ਉਹਦੇ 'ਤੇ,ਤੂੰ ਪੜ੍ਹਿਆ ਈ ਹੋਣਾ ਏਂ, ਯਾਰ ਅਣਖੀ ਕਿੰਨਾ ਚੰਗਾ ਬੰਦਾ ਸੀ ?"

ਉਹ ਦੁਖੀ ਹੋ ਗਿਆ ਹੈ। ਪਊਏ ਦਾ ਢੱਕਣ ਖੋਲ੍ਹ ਰਿਹੈ। ਮੇਜ਼ ਹੇਠਾਂ ਤਿੰਨ ਬਲੈਂਡਰ ਪ੍ਰਾਈਡ ਦੇ ਹਾਫ਼ ਖਾਲੀ ਪਏ ਦੇਖ ਕੇ ਮੈਂ ਪੁੱਛਦਾ ਹਾਂ, "ਆਹ ਅਜੇ ਈ ਖਾਲੀ ਕੀਤੇ ਆ ?"

"ਕਾਹਨੂੰ ਯਾਰ,ਕਈ ਦਿਨਾਂ ਦੇ ਪਏ ਨੇ,ਚੁਕਵਾਣੇ ਸੀ...ਘੌਲ਼ ਹੋ ਗਈ, ਕੱਲ੍ਹ ਸੁੱਟਾਂਗਾ, ਆਹ ਦੇਖ ਪਿਆ ਏ ਕੂਕਰ ਮੇਰਾ, ਇਹਦੇ 'ਚ ਆਪਣੇ ਜੋਕਰਾ ਬਣਾ ਲਈਦਾ ਜਦੋਂ ਦਿਲ ਕਰੇ,ਲਿਫ਼ਾਫੇ 'ਚ ਹੱਡੀਆਂ ਪਾ ਕੇ ਬਾਹਰ ਮਾਰੀਦੀਆਂ,ਕਾਂ ਕੁੱਤੇ ਖਾ ਜਾਂਦੇ ਨੇ।"

"ਮੈਂ ਸੁੱਟ ਆਵਾਂ ਖਾਲੀ ਹਾਫ ?"

"ਤੂੰ ਕਿਉਂ ਸੁੱਟ ਆਵੇਂ ? ਤੂੰ ਤੇ ਗੈਸਟ ਏਂ ਮੇਰਾ, ਤੁਸੀਂ ਰਹੋ ਏਥੇ ਯਾਰ ਅੱਜ,ਮੈਂ ਹੁਣੇ ਮੰਗਵਾਉਨਾ ਵਾਂ ਰੋਟੀ ਤੇ ਬਿਸਤਰੇ,ਮਿੰਟੋ-ਮਿੰਟੀ ਪਰ ਹਰੇਕ ਲਈ ਨਹੀਂ, ਓਨਲੀ ਪ੍ਰੀਤਮ ਲਈ..ਪ੍ਰੀਤਮ ਇਜ਼ ਪ੍ਰੀਤਮ ਪ੍ਰੀਤਮ ਦੀ ਪੂਰੀ ਤੂਤੀ ਬੋਲਦੀ ਏ ਏਥੇ।"

ਉਹ ਸਿਰ ਦੇ ਵਾਲ ਕੱਠੇ ਕਰਦਾ ਤੇ ਮੁੱਛਾਂ ਸੰਵਾਰਦਾ ਗਲ਼ਾ ਸਾਫ਼ ਕਰਦਾ ਹੈ। ਕਿਸੇ ਗੱਲ ਦਾ ਕੋਈ ਸਿਰਾ-ਸਿਰਹਾਣਾ ਨਹੀਂ,ਕਦੇ ਕਿਹੜੀ ਗੱਲ ਦੀ ਤੰਦੀ, ਜਿੱਧਰੋਂ ਹੱਥ ਲੱਗੇ ਫੜ੍ਹ ਬਹਿੰਦੇ ਹਾਂ।



"ਮੈਂ ਕੀ-ਕੀ ਤੇ ਕਿੱਥੇ-ਕਿੱਥੇ ਪਾਪੜ ਵੇਲੇ ? ਬਹੁਤ ਯਾਰ, ਸਾਲੀ ਐਵੇਂ ਲੰਘਗੀ ਜਿੰਦਗੀ, ਦਸ ਸਾਲ ਬੰਬਈ ਖ਼ਰਾਬ ਕੀਤੇ, ਇੱਕ ਸਾਲ ਇੱਕ ਅੰਗਰੇਜ਼ੀ ਪੇਪਰ 'ਚ ਕੰਮ ਕੀਤਾ, ਇੱਕ ਫਰਮ 'ਚ ਅਕਾਊਟੈਂਟ ਵੀ ਰਿਹਾ, ਫਿਰ ਦਿੱਲੀ ਰਿਹਾ,ਅੰਮ੍ਰਿਤਾ ਨੇ ਹਿੰਦ ਪਾਕਿਟ ਬੁਕਸ ਵਿੱਚ ਰਖਵਾ ਦਿੱਤਾ ਸੀ, ਉਥੋਂ ਧੱਕੇ ਟੇਢੇ ਖਾਕੇ ਫਿਰ ਅਜੀਤ ਵਿੱਚ ਆ ਗਿਆ ਵਾਂ, ਵੀਹ ਸਾਲ ਏਥੇ ਲਾਏ, ਸ੍ਰ ਸਾਧੂ ਸਿੰਘ ਜੀ ਮੇਰੇ ਕਦਰਦਾਨ ਸਨ, ਬਰਜਿੰਦਰ ਬਹੁਤ ਸਤਿਕਾਰ ਕਰਦਾ ਸੀ,ਕੋਈ ਵੇਲਾ ਸੀ ਜਦੋਂ ਮੈਂ ਉਸਦੇ ਬਹੁਤ ਨੇੜੇ ਸਾਂ ਤੇ ਸਤਨਾਮ ਮਾਣਕ ਹੁਰੀਂ ਜਦੋਂ ਨਵੇਂ-ਨਵੇਂ ਆਏ, ਜੇ ਕੋਈ ਕੰਮ ਕਹਿਣਾ ਹੁੰਦਾ ਤਾਂ ਮੇਰੇ ਰਾਹੀਂ ਬਰਜਿੰਦਰ ਨੂੰ ਕੁਹਾਂਦੇ ਸਨ ਤੇ ਫਿਰ ਉਹ ਵੇਲਾ ਵੀ ਆਇਆ, ਜਦੋਂ ਸਮੀਕਰਨ ਬਦਲ ਗਏ, ਮੈਨੂੰ ਜੇ ਬਰਜਿੰਦਰ ਤੀਕ ਕੋਈ ਲੋੜ ਪਈ ਤਾਂ ਮੈਂ ਮਾਣਕ ਹੁਰਾਂ ਤੋਂ ਕਹਾਉਂਦਾ ਹੁੰਦਾ, ਜਦੋਂ ਮੇਰਾ ਮੁੰਡਾ ਰੱਖਿਆ ਏ ਅਜੀਤ ਦੀ ਪ੍ਰੈੱਸ ਵਿੱਚ ਤਾਂ ਮੈਂ ਮਾਣਕ ਨੂੰ ਕਿਹਾ ਕਿ ਯਾਰ ਭਾਜੀ ਨੂੰ ਕਹਿ ਜ਼ਰਾ, ਅੱਜ ਵੀ ਮੈਂ ਉਹਦੇ ਕੋਲ ਜਾਵਾਂ ਉਹ ਪਿਆਰ ਕਰੇਗਾ, ਹੁਣ ਕਦੇ ਕੋਈ ਪ੍ਰਕਾਸ਼ਕ ਕਿਸੇ ਕਿਤਾਬ ਦੇ ਪਰੂਫ਼ ਭੇਜ ਦਿੰਦਾ ਏ, ਦੋ ਰੁਪਏ ਐਧਰੋ...ਦੋ ਉਧਰੋਂ...ਕੋਈ ਜ਼ਿੰਦਗੀ ਥੋੜ੍ਹੋ ਆ ਯਾਰ !ਓਹ ਹੋ ਯਾਰ, ਆਪਾਂ ਕਾਹਦੇ ਰੋਣੇ-ਧੋਣੇ ਦੀਆਂ ਗੱਲਾਂ ਲੈ ਕੇ ਬਹਿ ਗਏ ਆਂ ! ਜੋ ਬੀਤ ਰਿਹਾ ਏ, ਗੁੱਡ ਆ, ਸਭ ਚੱਲੀ ਜਾਂਦਾ ਆ,ਠੀਕ ਆ, ਜਿੰਨਾ ਨੇ ਚੰਗੀ ਕੀਤੀ, ਉਹਨਾ ਦਾ ਵੀ ਭਲਾ ਤੇ ਮਾੜੀ ਕਰਨ ਵਾਲਿਆਂ ਦਾ ਵੀ ਭਲਾ, ਤੇ ਯਾਰ ਮਾਰ ਕਰਨ ਵਾਲਿਆਂ ਦਾ ਵੀ ਭਲਾ।"

ਅਸੀਂ ਉੱਠਣ ਲੱਗੇ ਤਾਂ ਕਹਿੰਦਾ, " ਯਾਰ, ਇੱਕ ਸੁਣਦੇ ਜਾਓ ਜ਼ਰਾ...

ਹਮਕੋ ਮਾਲੂਮ ਹੈ ਜੰਨਤ ਕੀ ਹਕੀਕਤ
ਲੇਕਿਨ ਦਿਲ ਕੇ ਬਹਿਲਾਨੇ ਕੋ ਗ਼ਾਲਿਬ ਏ ਖ਼ਿਆਲ ਅੱਛਾ ਹੈ "

ਅਸੀਂ ਕਮਰੇ ਵਿੱਚੋਂ ਬਾਹਰ ਨਿਕਲੇ। ਸੰਘਣੇ ਹਨੇਰੇ ਨੇ ਬਿਰਧ ਆਸ਼ਰਮ ਨੂੰ ਆਪਣੀ ਬੁੱਕਲ ਵਿੱਚ ਲੈ ਲਿਆ ਸੀ।

**********

ਪ੍ਰੀਤਮ ਬਾਰੇ ਜੋ ਤੁਸੀਂ ਉਪਰੋਕਤ ਜੋ ਕੁਝ ਪੜ੍ਹਿਆ ਹੈ, ਇਹਦੇ ਵਿਚੋਂ ਕੁਝ ਟੋਟਾ ਪਰਮਿੰਦਰਜੀਤ ਨੇ 'ਅੱਖਰ' ਵਿੱਚ ਪ੍ਰਕਾਸ਼ਿਤ ਕੀਤਾ ਸੀ 'ਸ਼ਬਦ ਚਿੱਤਰ' ਦੇ ਨਾ ਥੱਲੇ। ਬੜੇ ਲੋਕਾਂ ਨੇ ਪੜ੍ਹਿਆ ਤੇ ਮੈਨੂੰ ਫ਼ੋਨ ਵੀ ਆਉਣ ਲੱਗੇ ਕਿ ਇਸ ਪ੍ਰੀਤਮ ਨੂੰ ਕਿਵੇਂ ਮਿਲਿਆ ਜਾ ਸਕਦੈ। ਇਸਦੀ ਮਦਦ ਕਿਵੇਂ ਕੀਤੀ ਜਾ ਸਕਦੀ ਹੈ। ਇਸਦੀਆ ਕਿਤਾਬਾਂ ਕਿੱਥੋ ਮਿਲਣਗੀਆਂ ? ਲੋਕ ਪੁੱਛਣ ਲੱਗੇ । ਮੈ ਪ੍ਰੀਤਮ ਦਾ ਫ਼ੋਨ ਨੰਬਰ ਵੀ ਪੁੱਛਣ ਵਾਲੇ ਨੂੰ ਦੇ ਦਿੰਦਾ ਸਾਂ, ਤਾਂ ਜੁ ਅਗਲਾ ਸਿੱਧੀ ਗੱਲ ਉਸ ਨਾ ਕਰ ਸਕੇ।

ਕਲਾ ਦੇ ਕਦਰਦਾਨ ਸ੍ਰ. ਕਾਹਨ ਸਿੰਘ ਪੰਨੂ ਉਹਨੀਂ ਦਿਨੀਂ ਸ਼੍ਰੀ ਅੰਮ੍ਰਿਤਸਰ ਵਿਖੇ ਡਿਪਟੀ ਕਮਿਸ਼ਨਰ ਸਨ। ਉਹ ਅਕਸਰ ਹੀ ਅਜਿਹੇ ਲੇਖਕਾ ਤੇ ਕਲਾਕਾਰਾ ਨੂੰ ਲੱਭਦੇ ਰਹਿੰਦੇ ਤੇ ਉਤਸ਼ਾਹਿਤ ਕਰਦੇ। ਹਰੇਕ ਤਰਾ ਦੀ ਸਹਾਇਤਾ ਲਈ ਤਤਪਰ ਰਹਿੰਦੇ। ਪੰਨੂ ਜੀ ਦਾ ਫ਼ੋਨ ਆਇਆ , "ਮੈ ਤੇਰਾ ਸ਼ਬਦ ਚਿੱਤਰ ਪੜ੍ਹ ਕੇ ਹਟਿਆ ਪ੍ਰੀਤਮ ਬਾਰੇ ਅੱਖਰ 'ਚ, ਇਸਦਾ ਫ਼ੋਨ ਨੰਬਰ ਭੇਜੋ ਜਲਦੀ, ਇਸਦੀ ਮਦਦ ਕਰੀਏ ਯਾਰ ਰਲ-ਮਿਲ ਕੇ।" ਮੈ ਸ੍ਰ. ਪੰਨੂ ਨੂੰ ਪ੍ਰੀਤਮ ਦਾ ਫ਼ੋਨ ਨੰਬਰ ਭੇਜ ਦਿੱਤਾ। ਸ੍ਰ. ਪੰਨੂ ਨੇ ਉਸ ਨਾਲ ਖੁੱਲ੍ਹੀ ਗੱਲਬਾਤ ਕੀਤੀ ਤੇ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਸ਼ਾਮ ਨੂੰ ਹੀ ਏ.ਡੀ.ਸੀ ਬਲਵੰਤ ਸਿੰਘ ਸ਼ੇਰਗਿੱਲ ਨੂੰ ਪ੍ਰੀਤਮ ਕੋਲ ਭਾਈ ਵੀਰ ਸਿੰਘ ਬਿਰਧ ਆਸ਼ਰਮ ਵਿੱਚ ਭੇਜਿਆ ਕਿ ਪ੍ਰੀਤਮ ਨੂੰ ਕਾਗ਼ਜ਼ਾਂ ਦਾ ਦਸਤਾ, ਕਲਮਾ, ਸਿਆਹੀ ਤੇ ਕੁਝ ਪੈਸੇ ਤੇ

ਸ਼ਰਾਬ ਦੇ ਕੇ ਆਉ। ਜਦੋ ਏ.ਡੀ. ਸੀ ਇਹ ਸਾਰਾ ਸਮਾਨ ਲੈ ਕੇ ਨੀਲੀ ਬੱਤੀ ਵਾਲੀ ਕਾਰ ’ਚ (ਗੰਨਮੈਨਾਂ ਸਮੇਤ) ਬਿਰਧ ਆਸ਼ਰਮ ’ਚ ਪ੍ਰੀਤਮ ਪਾਸ ਪਹੁੰਚਿਆ ਤਾਂ ਸਾਰੇ ਆਸ਼ਰਮ ਵਿੱਚ ਪ੍ਰੀਤਮ ਦੀ ਟੌਹਰ ਬੱਝ ਗਈ ਕਿ ਇਹਨੂੰ ਤਾਂ ਵੱਡੇ ਵੱਡੇ ਅਫ਼ਸਰ ਮਿਲਣ ਆਉਂਦੇ ਨੇ ਭਾਈ, ਇਹਦੇ ਤੋ ਡਰ ਕੇ ਰਿਹਾ ਕਰੋ, ਕੋਈ ਪੰਗਾ ਨਾ ਖੜ੍ਹਾ ਕਰ ਦੇਵੇ! ਸਾਰੇ ਆਸ਼ਰਮ ਵਿੱਚ ਪ੍ਰੀਤਮ ਦਾ ਦਬਦਬਾ ਵੱਧ ਗਿਆ। ਮੈ ਗਿਆ ਤਾਂ ਆਸ਼ਰਮ ਦਾ ਇੱਕ ਕਰਮਚਾਰੀ ਆਖਣ ਲੱਗਿਆ, “ਭਾਈ ਸਾਹਿਬ, ਇਹ ਤਾਂ ਕਿਸੇ ਨੂੰ ਸਿੱਧੇ ਮੂੰਹ ਨੀ ਬੋਲਦਾ,ਜਦੋ ਦੇ ਅਫ਼ਸਰ ਆਉਣ ਲੱਗੇ ਨੇ ਇਹਦੇ ਕੋਲ, ਇਹਦੀ ਹਵਾ ਬਹੁਤ ਖ਼ਰਾਬ ਐ, ਹੁਣੇ ਜਿਹੇ ਇੱਕ ਵੱਡਾ ਪੁਲਿਸ ਅਫ਼ਸਰ ਮਿਲ ਕੇ ਗਿਆ ਇਹਨੂੰ ।” ਸ੍ਰ. ਪੰਨੂ ਦੇ ਕਹਿਣ ‘ਤੇ ਤਰਨਤਾਰਨ ਸਾਹਿਬ ਦਾ ਇੱਕ ਐਸ.ਪੀ ਵੀ ਪ੍ਰੀਤਮ ਦੀ ‘ਚੰਗੀ ਸੇਵਾ’ ਕਰ ਆਇਆ ਸੀ।

ਹੁਣ ਪ੍ਰੀਤਮ ਬਾਗੋ ਬਾਗ ਸੀ। ਮੈਨੂੰ ਕਹਿੰਦਾ, “ਤੂੰ ਮੈਨੂੰ ਜੀਂਦਾ ਕਰ ਦਿੱਤਾ, ਮੇਰੀ ਉਮਰ ਵਧਾਤੀ, ਯਾਰ,ਐਡੇ ਐਡੇ ਅਫ਼ਸਰ ਮੇਰੇ ਮਗਰ-ਮਗਰ ਫਿਰਦੇ ਆ, ਯੂਅਰ ਗ੍ਰੇਟ ਬੁਆਏ, ਆਈ ਐਮ ਵੈਰੀ ਹੈਪੀ ਮਾਈ ਡੀਅਰ...।” ਉਹ ਦੋ ਪੈੱਗ ਪੀ ਕੇ ਮੇਰਿਆਂ ਤਾਰੀਫ਼ਾਂ ਕਰੀ ਜਾ ਰਿਹਾ ਸੀ।

‘ਅੱਖਰ’ ਵਿਚੋਂ ਹੀ ਸ੍ਰ ਗੁਲਜ਼ਾਰ ਸਿੰਘ ਸੰਧੂ ਨੇ ਪ੍ਰੀਤਮ ਵਾਲਾ ਲੇਖ ਪੜ੍ਹ ਲਿਆ ਤੇ ਉਸਦਾ ਫ਼ੋਨ ਮੰਗਿਆ। ਜਦੋ ਸੰਧੂ ਨੇ ਫ਼ੋਨ ਕੀਤਾ ਤਾਂ ਪ੍ਰੀਤਮ ਦਾ ਫ਼ੋਨ ਆਇਆ , “ਓ ਯਾਰ, ਸੰਧੂ ਵਰਗਾ ਵੱਡਾ ਆਦਮੀ ਅੱਜ ਫ਼ੋਨ ਕਰ ਰਿਹਾ ਸੀ, ਮੈ ਤਾਂ ਹੌਸਲੇ ’ਚ ਹੋ ਗਿਆ ਵਾ ਓ ਮਾਈ ਗੌਡ...।” ਸੰਧੂ ਤੇ ਡਾ. ਕਰਨਜੀਤ ਸਿੰਘ ਦਿੱਲੀ ਡਾ. ਰੇਣੂਕਾ ਸਿੰਘ ਤੇ ਚਰਨਜੀਤ ਸਿੰਘ ਚੰਨ ਨੇ ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਪ੍ਰੀਤਮ ਦੀ ਆਰਥਿਕ ਸਹਾਇਤਾ ਦੇਣ ਲਈ ਪੱਚੀ ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ। ਤਾਂ ਡਾ. ਕਰਨਜੀਤ ਹੋਰਾਂ ਦਾ ਫ਼ੋਨ ਆਇਆ ਕਿ ਇਹ ਸੂਚਨਾ ਪ੍ਰੀਤਮ ਜੀ ਨੂੰ ਦੇ ਦਿਓ । ਥੋੜ੍ਹੇ ਦਿਨਾ ਬਾਅਦ ਡਾ. ਕਰਨਜੀਤ ਸਿੰਘ ਖ਼ੁਦ ਤਰਨਤਾਰਨ ਬਿਰਧ ਆਸ਼ਰਮ ਗਏ ਤੇ ਪ੍ਰੀਤਮ ਨੂੰ ਇਹ ਰਾਸ਼ੀ ਸੌਂਪ ਆਏ।

ਪ੍ਰੀਤਮ ਬਹੁਤ ਖੁਸ਼ ਸੀ । ਮੈ ਸੋਚਿਆ ਇਹਦੀ ਕੁਝ ਹੋਰ ਮਦਦ ਹੋ ਜਾਵੇ ਤਾਂ ਚੰਗਾ ਹੀ ਹੋਵੇਗਾ। ਮੈ ਇਹੋ ਸ਼ਬਦ ਚਿੱਤਰ ਆਪਣੇ ਸਥਾਈ ਕਾਲਮਾਂ (ਜੋ ਵਿਦੇਸ਼ੀ ਅਖ਼ਬਾਰਾਂ ’ਚ ਛਪਦੇ ਸਨ) ਵਿੱਚ ਭੇਜਿਆ ਤੇ ਹੇਠਾਂ ਪ੍ਰੀਤਮ ਦਾ ਫ਼ੋਨ ਨੰਬਰ ਦੇ ਦਿੱਤਾ ਤਾਂ ਕਿ ਪਾਠਕ ਉਸ ਨਾਲ ਸਿੱਧਾ ਸੰਪਰਕ ਸਾਧ ਲੈਣਗੇ । ਪੜ੍ਹਨ ਪਿੱਛੋਂ ਕੁਝ ਪਾਠਕਾਂ ਨੇ ਉਸਦੀ ਬਣਦੀ ਸਰਦੀ ਸਹਾਇਤਾ ਕੀਤੀ, ਕਿਸੇ ਨੇ ਵੈਸਟਰਨ ਯੂਨੀਅਨ ਤੇ ਕਿਸੇ ਨੇ ਮਨੀ ਗਰਾਮ ਰਾਹੀ ਪੈਸੇ ਭੇਜੇ । ਪ੍ਰੀਤਮ ਦਾ ਫ਼ੋਨ ਆਇਆ ,“ ਓ ਯਾਰ ਹੁਣ ਮੇਰਾ ਗੋਡਿਆ ਦਾ ਅਪਰੇਸ਼ਨ ਸੌਖਾ ਹੋ ਜਾਏਗਾ।” ਇੱਕ ਦਿਨ ਮੈ ਗਿਆ । ਉਹ ਬਹੁਤ ਉਦਾਸ ਸੀ। ਮੈ ਪੁੱਛਿਆ ਤਾਂ ਦੱਸਣ ਲੱਗਾ, “ ‘ਕੱਠੇ ਹੋਏ ਸਾਰੇ ਪੈਸੇ ਮੁੰਡਾ ਲੈ ਗਿਆ ਯਾਰ ਮੈਥੋਂ।” ਮੈਨੂੰ ਇਹ ਸੁਣ ਕੇ ਗੁੱਸਾ ਬਹੁਤ ਆਇਆ। ਪਰ ਮੈ ਕੀ ਕਰ ਸਕਦਾ ਸੀ ? ਚੁੱਪ ਕਰਕੇ ਉੱਠ ਆਇਆ । ਥੋੜ੍ਹੇ ਦਿਨਾ ਬਾਅਦ ਉਸਦਾ ਫ਼ੋਨ ਆਇਆ, “ਓ ਯਾਰ ਤੂੰ ਗੁੱਸੇ ਹੋ ਕੇ ਕਿਉਂ ਗਿਆ, ਆਈ ਐਮ ਵੈਰੀ ਅਪਸੈੱਟ।” ਮੈ ਬਹੁਤੀ ਗੱਲ ਨਾ ਕੀਤੀ।

ਉਹਦਾ ਫ਼ੋਨ ਆਉਂਦਾ ਹੀ ਰਹਿੰਦਾ ਤੇ ਕਦੀ ਕਦੀ ਉਹ ਬੜੇ ਕਸੂਤੇ ਵਕਤ ਫ਼ੋਨ ਕਰਦਾ । ਮੈ ਕਿਸੇ ਜ਼ਰੂਰੀ ਮੀਟਿੰਗ ਜਾ ਚੱਲ ਰਹੇ ਸਮਾਗਮ ’ਚ ਹੁੰਦਾ ਜਾਂ ਟੋਰਾਂਟੋ ਰੇਡੀਓ ਉੱਤੇ ਖ਼ਬਰਾਂ ਬੋਲ ਰਿਹਾ ਹੁੰਦਾ। ਫ਼ੋਨ ਕੱਟਣ ‘ਤੇ ਵੀ ਉਹ ਰਿੰਗ ‘ਤੇ ਰਿੰਗ ਮਾਰੀ ਤੁਰਿਆ ਜਾਂਦਾ। ਇੱਕ ਮੌਕੇ ਮੈ ਖਿਝ ਕੇ ਵੀ ਕਿਹਾ, “ਪ੍ਰੀਤਮ ਜੀ, ਕਦੀ ਕੋਈ ਮੌਕਾ ਮੇਲ ਵੀ ਵੇਖ ਲਿਆ ਕਰੋ, ਮੈ ਫਸਿਆ ਹੁੰਨਾ, ਤੁਸੀਂ ਫ਼ੋਨ ‘ਤੇ ਫ਼ੋਨ...ਠਾਹ ਫ਼ੋਨ ‘ਤੇ ਫ਼ੋਨ,ਦੱਸੋ ਐਡੀ ਕੀ ਗੱਲ ਸੀ, ਜਾਂ ਫਿਰ ਐਮਰਜੈਂਸੀ



ਸੀ ਕੋਈ ?”

“ਨਹੀਂ ਗੱਲ ਤੇ ਕੋਈ ਨੀ ਸੀ ਯਾਰ, ਮੈ ਤਾਂ ਇਹੋ ਦੱਸਣਾ ਸੀ ਕਿ ਮੁੰਡੇ ਦਾ ਫ਼ੋਨ ਆਇਆ ਸੀ ਜਲੰਧਰੋਂ, ਉਹਦਾ ਹੱਥ ਬੜਾ ਤੰਗ ਆ, ਕਹਿੰਦਾ ਭਾਪਾ ਕੁਝ ਦੇਹ, ਮੈ ਹੁਣ ਕਿੱਥੋਂ ਦੇਈ ਚੱਲਾਂ ?” ਏਨੀ ਆਖ ਕੇ ਉਹਨੇ ਫ਼ੋਨ ਕੱਟ ਦਿੱਤਾ।

ਫਿਰ ਹੌਲੀ ਹੌਲੀ ਉਹਦੇ ਫ਼ੋਨ ਘੱਟ ਆਉਣ ਲੱਗੇ। ਹਾਲ ਚਾਲ ਪੁੱਛਣ ਜਾ ਗੱਲ ਕਰਨ ਲਈ ਮੇਰਾ ਦਿਲ ਕਰਦਾ ਤਾਂ ਮੈ ਫ਼ੋਨ ਕਰ ਲੈਂਦਾ। ਉਹ ਗੱਲ ਬਹੁਤੀ ਲੰਮੀ ਲੈ ਜਾਂਦਾ।

ਪ੍ਰੀਤਮ ਦੇ ਪਿੰਡ ਲਹੁਕਿਆ ਤੋ ਪ੍ਰਵਾਸੀ ਪੱਤਰਕਾਰ ਬਲਤੇਜ ਪੰਨੂ ਨੂੰ ਮੈ ਉਹਦੀ ਫੇਸਬੁੱਕ ਵਿੱਚ ਮੈਸਿਜ਼ ਲਿਖਿਆ ਕਿ ਤੇਰੇ ਪਿੰਡ ਦਾ ਇੱਕ ਕਲਮਕਾਰ ਔਖੀ ਘੜੀ ਵਿੱਚ ਹੈ, ਤੂੰ ਚਾਹੇ ਤਾਂ ਲੋਕਾ ਨੂੰ ਆਖ ਵੇਖ ਕੇ ਮਦਦ ਕਰ ਸਕਦਾ ਹੈ। ਬਲਤੇਜ ਨੇ ਭਰੋਸਾ ਤਾਂ ਦਿੱਤਾ, ਪਰ ਕੀ ਹੋਇਆ ਜਾ ਨਹੀਂ ਹੋਇਆ, ਇਸ ਬਾਰੇ ਮੈਨੂੰ ਨਹੀਂ ਪਤਾ ।

ਪ੍ਰੀਤਮ ਦੇ ਪਿੰਡੋਂ ਹੀ ਦਿਲਬਾਗ ਸਿੰਘ ਪੰਨੂ ਫ਼ਰੀਦਕੋਟ ਐਸ.ਪੀ ਲੱਗਿਆ ਹੋਇਆ ਸੀ, ਮੈ ਉਹਨਾ ਪਾਸ ਵੀ ਪ੍ਰੀਤਮ ਦੀ ਗੱਲ ਕੀਤੀ ਪਰ ਗੱਲ ‘ਆਈ ਗਈ’ ਜਿਹੀ ਹੋ ਗਈ।

ਇੱਕ ਦਿਨ ਤਰਨਤਾਰਨੋ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਗੁਰਬਖ਼ਸਪੁਰੀ ਦਾ ਫ਼ੋਨ ਆਇਆ , “ਨਿੰਦਰ ਭਾਜੀ, ਅੱਜ ਸਵੇਰੇ ਪ੍ਰੀਤਮ ਜੀ ਚਲਾਣਾ ਕਰ ਗਏ ਨੇ, ਮੈ ਕੁਝ ਦਿਨ ਪਹਿਲਾ ਮਿਲਣ ਗਿਆ ਸੀ, ਤੁਹਾਨੂੰ ਬਹੁਤ ਯਾਦ ਕਰਦੇ ਸੀ।” ਗੁਰਬਖ਼ਸ਼ਪੁਰੀ ਜੀ ਪਾਸੋਂ ਪ੍ਰੀਤਮ ਦੇ ਤੁਰ ਜਾਣ ਦੀ ਖ਼ਬਰ ਸੁਣ ਕੇ ਮਨ ਨੂੰ ਧਰਵਾਸਾ ਦੇਣ ਲਈ ਮੈ ਆਪਣੇ ਫ਼ੋਨ ਚੋ ਭਾਈ ਨਿਰਮਲ ਸਿੰਘ ਖ਼ਾਲਸਾ ਦਾ ਗਾਇਆ ਸ਼ਬਦ ਲੱਭ ਕੇ ਸੁਣਨ ਲੱਗਿਆ,

“ਮਿਲ ਮੇਰੇ ਪ੍ਰੀਤਮ ਜੀਓ
ਹਉਂ ਤੁਧ ਬਿਨ ਖਰੀ ਨਿਮਾਣੀ...।”

**ਪ੍ਰਤਿਭਾਵਾਨ ਆਲੋਚਕਾ**
**ਡਾ. ਮੇਘਾ ਸਲਵਾਨ ਦੀਆਂ ਦੋ ਪੁਸਤਕਾਂ**
**ਪੰਜਾਬੀ ਕਹਾਣੀ ਦੇ ਨਵੇਂ ਨਕਸ਼ਨਿਗਾਰ**
**ਪੰਨੇ 144 ਮੁੱਲ : 200 ਰੁਪਏ**

**ਅਜੀਤ ਕੌਰ ਸ੍ਵੈ ਅਤੇ ਸਿਰਜਨਾ**
**ਪੰਨੇ 112 ਮੁੱਲ : 150 ਰੁਪਏ**
**ਕੇ. ਜੀ. ਗ੍ਰਾਫ਼ਿਕਸ, ਅੰਮ੍ਰਿਤਸਰ**

# ਪੰਜ ਕਾਵਿ-ਕਿਤਾਬਾਂ ਦੀ ਗੱਲ/ਗੁਰਪ੍ਰੀਤ ਸਿੰਘ

## ਤਿਕੋਣਾ ਸਫਰ

ਕਵੀ : ਦੇਵ
ਪੰਨਾ : 86, ਮੁੱਲ :175/
ਨਵਯੁੱਗ ਪਬਲਿਸ਼ਰਜ਼, ਦਿੱਲੀ

ਦੇਵ ਪੰਜਾਬੀ ਦਾ ਵਿਲੱਖਣ ਕਵੀ ਅਤੇ ਚਿਤਰਕਾਰ ਹੈ ਜਿਸ ਦੀ ਪਹਿਚਾਣ ਅੰਤਰਰਾਸ਼ਟਰੀ ਪੱਧਰ ਦੀ ਹੈ। ਹੁਣ ਤੱਕ ਇਸ ਦੀਆਂ ਦਸ ਤੋਂ ਵੱਧ ਕਾਵਿ-ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਤਿਕੋਣਾ ਸਫਰ ਦੇਵ ਦੀ ਸਵੈ-ਜੀਵਨੀ ਹੈ। ਉਂਝ ਤਾਂ ਹਰ ਕਵੀ ਆਪਣੇ ਜੀਵਨ-ਅਨੁਭਵਾਂ ਨੂੰ ਹੀ ਕਵਿਤਾ ਵਿਚ ਰੂਪਮਾਨ ਕਰਦਾ ਹੈ, ਪਰ ਇਹ ਤਾਂ ਹੀ ਕਵੀ ਦਾ ਜੀਵਨ। ਜੀਵਨ ਵੀ ਅਜਿਹਾ ਜਿਸ ਵਿਚ ਉਸਨੇ ਆਪਣੇ ਆਪਣੀ ਉਸਤਤ ਜਾਂ ਦੂਜਿਆਂ ਦੀ ਨਿੰਦਿਆ ਨਹੀਂ ਕੀਤੀ ਸਗੋਂ ਬਕੌਲ ਸਰਬਜੀਤ ਸਿੰਘ, " ਇਹ ਸਵੈ-ਜੀਵਨੀ ਮਨੁੱਖੀ ਮਨ ਦੀਆਂ ਅਵਚੇਤਨੀ ਗੰਢਾਂ, ਪਰਤਾਂ ਅਤੇ ਤਹਿਆਂ ਦਾ ਵਿਸ਼ਲੇਸ਼ਣ ਹੈ ਜਿਸ ਰਾਹੀਂ ਦੇਵ ਦੀ ਸਮੁੱਚੀ ਸਿਰਜਣਾ ਦੀਆਂ ਕਈ ਪਰਤਾਂ ਨੂੰ ਵਧੇਰੇ ਸੂਖਮ ਰੂਪ 'ਚ ਸਮਝਿਆ-ਜਾਣਿਆ ਜਾ ਸਕਦਾ ਹੈ।" ਡਾ. ਸਰਬਜੀਤ ਸਿੰਘ ਦੀ ਲੰਮੀ ਭੂਮਿਕਾ ਦੇਵ ਦੀ ਸਵੈ-ਜੀਵਨੀ ਬਹਾਨੇ ਉਸ ਦੀ ਸਮੁੱਚੀ ਕਵਿਤਾ ਦੀ ਬਾਤ ਪਾਉਂਦੀ ਹੋਈ ਤਿਕੋਣੇ ਸਫਰ ਦੀ ਥਹੁ ਪਾਉਂਦੀ ਹੈ।ਦੇਵ ਦੀ ਕਵਿਤਾ ਮੈਂ ਤੋਂ ਪਾਰ ਉਸ ਸਵੈ ਦੀ ਹੈ : ਉਥੇ ਨਾ ਤੂੰ ਹੈਂ ਤੇ ਨਾ ਮੈਂ ਤੇ ਨਾ ਕੋਈ ਹੋਰ (ਪੰਨਾ 45)

ਦੇਵ ਦੀ ਕਵਿਤਾ ਨੂੰ ਪੇਂਟਿੰਗ ਵਾਂਗ ਦੇਖਿਆ ਜਾ ਸਕਦਾ ਹੈ। ਪੌੜੀਨੁਮਾ ਸਤਰਾਂ 'ਤੇ ਬਹੁਤ ਵਾਰ ਪਾਠਕ ਉਤਾਂਹ ਚੜ੍ਹਦਾ ਅਕਾਸ਼ ਨੂੰ ਛੂੰਹਦਾ ਹੈ ਤੇ ਬਹੁਤ ਵਾਰ ਹੇਠਾਂ ਉਤਰਦਾ ਪਾਤਾਲ ਨੂੰ ਹੱਥ ਲਾ ਆਉਂਦਾ ਹੈ।'ਤੱਕਣਾ' ਦੇਵ ਦੀ ਕਵਿਤਾ ਪ੍ਰਮੁੱਖ ਨੁਕਤਾ ਹੈ। ਜੋੜ, ਘਟਾਓ, ਗੁਣਾਂ ਤੇ ਤਕਸੀਮ ਦੇ ਚਿੰਨ੍ਹ ਇਹੋ ਆਖਦੇ ਹਨ : ਇਕ ਰੇਖਕੀ ਅੰਦਰ ਬੱਝੇ ਮੈਨੂੰ ਕਦੇ ਵੀ ਤੁਰਨ ਦੀ ਜਾਚ ਨਹੀਂ ਆਈ।'ਤਿਕੋਣਾ ਸਫਰ' ਵਿਚ ਦੇਵ ਦੀ ਕਵਿਤਾ, ਕਲਾ ਅਤੇ ਕਿਰਦਾਰ ਨੂੰ ਸਮਝਦਿਆਂ ਪਾਠਕ ਜਾਣ ਜਾਂਦਾ ਹੈ ਉਹ ਭੀੜ ਦਾ ਹਿੱਸਾ ਨਹੀਂ ਹੈ , ਸਗੋਂ ਨੰਗੀ ਨਜ਼ਰ ਵਾਲਾ ਹੈ। ਆਖਰ ਦੀਆਂ ਚਾਰ ਸਤਰਾਂ ਦੇਵ ਦਾ ਕਾਵਿ-ਸਿਧਾਂਤ ਹੈ: ਇਹ ਸਿਰਜਣ ਸਾਧਨਾ ਮੇਰੇ ਲਈ ਕਿਸੇ ਕਰਾਮਾਤ ਤੋਂ ਘੱਟ ਨਹੀਂ/ ਮੇਰੇ ਲਈ ਆਪਣੇ... ਅੰਦਰਲੀਆਂ ਹਨੇਰੀਆਂ ਸੁਰੰਗਾਂ ਅੰਦਰ ਤੁਰਦੇ ਰਹਿਣਾ/ ਪਰਛਾਵਿਆਂ ਨਾਲ ਦਸਤਪੰਜਾ ਲੈਣ ਦਾ ਨਾਂ ਹੀ/ ਸਿਰਜਣਾ ਹੈ (ਪੰਨਾ 86) ਦੇਵ ਦੇ ਇਸ 'ਤਿਕੋਣੇ ਸਫਰ' ਨੂੰ ਪੜ੍ਹਦਿਆਂ ਪਾਠਕ ਉਹਦੇ ਜੀਵਨ ਦੇ ਨਾਲ਼-ਨਾਲ਼ ਉਹਦੀ ਕਵਿਤਾ ਨੂੰ ਵੀ ਇਕ ਵੱਖਰੇ ਕੋਣ ਤੋਂ ਸਮਝ ਜਾਣ ਸਕਦਾ ਹੈ। ਚੰਗਾ ਹੋਵੇ ਪਾਠਕ ਇਸ ਕਿਤਾਬ ਨੂੰ ਦੇਵ ਦੀ ਸਵੈ-ਜੀਵਨੀ ਵਜੋਂ ਨਹੀਂ, ਸਗੋਂ ਕਵਿਤਾ ਵਾਂਗ ਪੜ੍ਹਨ।



## ਕਵਿਤਾ ਇਸ਼ਨਾਨ

ਕਵੀ : ਜਗਤਾਰ ਢਾਅ
ਪੰਨੇ : 88, ਮੁੱਲ : 150/
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਜਗਤਾਰ ਢਾਅ ਪਿਛਲੇ ਚਾਰ ਦਹਾਕਿਆਂ ਤੋਂ ਕਵਿਤਾ ਲਿਖ ਰਿਹਾ ਹੈ। ਇਹਦੀ ਪਹਿਲੀ ਕਾਵਿ-ਕਿਤਾਬ 1965 ਵਿਚ ਪ੍ਰਕਾਸ਼ਿਤ ਹੋਈ ਸੀ। ਖ਼ੂਬਸੂਰਤੀ ਇਹ ਹੈ ਕਿ ਇਹਦੇ ਕੋਲ਼ ਕਵੀਂ ਕਵਿ-ਭਾਸ਼ਾ ਤੇ ਨਵੇਂ ਸਮੇਂ ਦੀ ਬਾਤ ਹੈ। ਨਹੀਂ ਤਾਂ ਬਹੁਤੇ ਨਵੇਂ ਕਵੀ ਵੀ ਬਹੁਤ ਵਾਰ ਦੁਹਰਾਏ ਜਾ ਚੁੱਕੇ ਬਿੰਬਾਂ ਤੇ ਭਾਸ਼ਾ ਨਾਲ਼ ਹੀ ਰੌਲ਼ਾ ਪਾਈ ਜਾ ਰਹੇ ਹਨ। ਢਾਅ ਲਈ ਕਵਿਤਾ ਸੱਚ ਦੇ ਪਟੜੇ 'ਤੇ ਬੈਠ ਕਵਿਤਾ ਇਸ਼ਨਾਨ ਕਰਨਾ ਹੈ। 'ਖੇਡ' ਕਵਿਤਾ ਨੂੰ ਚੌਲਾਂ ਦੇ ਦਾਣੇ ਵਾਂਗ ਤੁਹਾਡੇ ਨਾਲ਼ ਸਾਂਝਾ ਕਰ ਰਿਹਾ ਹਾਂ :

ਮੈਂ ਉਸ ਨੂੰ ਕਿਹਾ/ ਆ ਚੱਲ ਮੇਰੇ ਨਾਲ/ ਉਸ ਪੁੱਛਿਆ/ਕਿੱਥੇ ?/ ਮੈਂ ਚੱਲਿਆਂ ਜਿੱਥੇ/ ਮੇਰੇ ਘਰ/ ਗੱਪ ਛੱਪ ਲਾਵਾਂਗੇ/ ਕੋਈ ਖੇਡ ਖੇਡਾਂਗੇ/ ਜੀਅ ਪਰਚਾਵਾਂਗੇ ... ਇਸ ਨਾਲ਼ ਦੇ ਦਾ ਕੀ ਕਰਾਂ ?/ ਇਹ ਮੇਰਾ ਪਿੱਛਾ ਨਹੀਂ ਛੱਡਦਾ ?... ਲੈ ਆ ਇਸ ਨੂੰ ਵੀ ਨਾਲ਼/ ਦੇਖਾਂਗੇ ਇਸ ਦਾ ਵੀ ਕਮਾਲ !... ਹੁਣ ਉਹ ਮੇਰੀ ਪਤਨੀ ਨਾਲ਼/ ਢੁਕ ਢੁਕ ਬਹਿੰਦੀ ਹੈ/ ਪਰ ਮੇਰੀ ਪਤਨੀ / ਉਸ ਤੋਂ ਤ੍ਰਹਿੰਦੀ ਹੈ ... ਉਸ ਦੇ ਨਾਲ ਵਾਲਾ/ ਖ਼ੂਬ ਹੱਸਦਾ ਹੈ/ ਖੇਡਾਂ ਖੇਡਣ ਦੀਆਂ ਸਾਨੂੰ/ ਨਵੀਆਂ ਯੁਗਤਾਂ ਦਸਦਾ ਹੈ (ਪੰਨਾ 63) ਬੈਕਕਵਰ 'ਤੇ ਛਪੀ ਡਾ. ਹਰਿਭਜਨ ਸਿੰਘ ਦੀ ਚਿੱਠੀ ਦੀਆਂ ਵਿਲੱਖਣ ਸਤਰਾਂ ਢਾਅ ਦੀ ਕਵਿਤਾ ਦੀ ਥਾਹ ਦਿੰਦੀਆਂ ਹਨ : 'ਤੇਰੀ ਕਵਿਤਾ ਪੰਜਾਬੀ ਵਾਸਤਵਿਕਤਾ ਅਤੇ ਮਾਨਸਿਕਤਾ ਦੇ ਏਨੇ ਨੇੜੇ ਹੈ ਕਿ ਮੈਨੂੰ ਜਾਪਿਆ ਤੂੰ ਲਫਜ਼ਾਂ ਨਾਲ ਨਹੀਂ ਮਨੁੱਖਾਂ ਨਾਲ਼ ਕਵਿਤਾ ਲਿਖ ਰਿਹਾ ਹੈ। ਮੈਨੂੰ ਆਪਣੇ ਦੋਸਤ ਤੇਰੀ ਕਵਿਤਾ ਦੀਆਂ ਸਤਰਾਂ ਵਾਂਗ ਜਾਪੇ।'

ਹਰਿਕ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ।

## ਕਮਰਿਆਂ ਤੋਂ ਬਾਹਰ ਬੈਠਾ ਘਰ

ਕਵੀ : ਤਰਸੇਮ
ਪੰਨੇ : 112, ਮੁੱਲ : 140
ਕੈਲੀਬਰ ਪਬਲੀਕੇਸ਼ਨ, ਪਟਿਆਲਾ

ਤਰਸੇਮ ਪੰਜਾਬੀ ਦਾ ਬਹੁਪੱਖੀ ਲੇਖਕ ਹੈ। ਹੁਣ ਤੱਕ ਉਸ ਦੀਆਂ ਮੌਲਿਕ, ਸੰਪਾਦਿਤ, ਅਨੁਵਾਦਿਤ ਤੇ ਬਾਲ-ਸਾਹਿਤ ਦੀਆਂ ਚਾਲੀ ਤੋਂ ਵੱਧ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਤਰਸੇਮ ਮਿਹਨਤੀ ਲੇਖਕ ਹੈ ਤੇ ਲਿਖਤ ਉਸਦੀ ਪ੍ਰਤੀਬੱਧਤਾ। 'ਕਮਰਿਆਂ ਤੋਂ ਬਾਹਰ ਬੈਠਾ ਘਰ' ਉਸਦੀ ਨਵੀਂ ਕਾਵਿ-ਕਿਤਾਬ ਹੈ। ਤਰਸੇਮ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਆਪਣੀ ਕਵਿਤਾ ਦੇ ਪਾਤਰ ਬਣਾਉਂਦਾ ਹੈ। ਉਹ ਉਨ੍ਹਾਂ ਦੀਆਂ ਥੂੜ੍ਹਾਂ ਤੋਟਾਂ ਨੂੰ ਮੱਧਮ ਰੌਸ਼ਨੀ 'ਚ ਦਿਖਾਉਂਦਾ ਜ਼ਿੰਦਗੀ ਲਈ ਰੋਸ਼ਨੀ ਦੀ ਕਿਰਨ ਸੰਗ ਰਿਸ਼ਤਾ ਜੋੜਦਾ ਹੈ। ਬਹੁਤੇ ਪਾਤਰ ਤਾਂ ਬਲਕਿ ਉਸਦੇ ਆਪਣੇ ਘਰ 'ਚੋਂ ਹੀ ਹੁੰਦੇ ਹਨ। ਕਦੇ ਉਹ ਪਿਤਾ ਰਾਹੀਂ ਉਸ ਮਨੁੱਖ ਦੀ ਬਾਤ ਪਾਉਂਦਾ ਹੈ ਜੋ ਚੰਗੀ ਜ਼ਿੰਦਗੀ ਲਈ ਸੰਘਰਸ਼ ਕਰ ਰਿਹਾ ਹੁੰਦਾ ਹੈ ਤੇ ਕਦੇ ਮਾਂ ਰਾਹੀਂ ਉਨ੍ਹਾਂ ਔਰਤਾਂ

ਦੀ ਬਾਤ ਪਾਉਂਦਾ ਹੈ ਜੋ ਘਰ ਨੂੰ ਚਲਾਉਂਦੀਆਂ ਆਪਣੇ ਆਲੇ-ਦੁਆਲੇ ਨਾਲ਼ ਵੀ ਸੰਵਾਦ ਰਚਾਉਂਦੀਆਂ ਹਨ। ਆਪਣੇ ਬਚਪਨ ਬਹਾਨੇ ਉਹ ਉਨ੍ਹਾਂ ਬੱਚਿਆਂ ਦੀ ਕਥਾ ਕਹਿੰਦਾ ਹੈ, ਜੋ ਕੱਲ੍ਹ ਦੇ ਸੁਹਣੇ ਦਿਨ ਦੀ ਉਡੀਕ ਕਰਦਾ ਅੱਜ ਦੇ ਔਖੇ ਦਿਨ ਨੂੰ ਲੰਘਾਉਂਦਾ ਹੈ। ਘਰ, ਸ਼ੁਕਰੀਆ ਪਾਪਾ, ਸਾਈਕਲ, ਕਿੰਨਾ ਇਕੱਲਾ ਨੂੰ ਪੜ੍ਹਿਆ ਜਾ ਸਕਦਾ ਹੈ।

ਸਭ ਤੋਂ ਵਿਲੱਖਣ ਕਵਿਤਾ 'ਵਰਤਮਾਨ ਤੋਂ ਪਰੇ'ਹੈ ਇਹ ਵਾਰ-ਵਾਰ ਪੜ੍ਹੇ ਜਾਣ ਵਾਲੀ ਨਜ਼ਮ ਹੈ। ਪੰਜਾਬ ਯੂਨੀਵਰਸਿਟੀ ਦੇ ਪ੍ਰੋ. ਸੁਖਦੇਵ ਸਿੰਘ ਸਿਰਸਾ ਨੇ ਲੰਮੀ ਭੂਮਿਕਾ ਲਿਖੀ ਹੈ ਜੋ ਤਰਸੇਮ ਦੀ ਕਵਿਤਾ ਦੀਆਂ ਅਨੇਕਾਂ ਪਰਤਾਂ ਪਾਠਕਾਂ ਸਾਹਵੇਂ ਖੋਲ੍ਹਦਾ ਹੈ। ਵਿਸ਼ਵੀਕਰਨ ਦੇ ਵੱਡੇ ਵਿਸ਼ੇ ਨੂੰ ਕਵੀ ਤਰਸੇਮ ਢਾਈ ਅੱਖਰਾਂ 'ਚ ਸਮਝਾ ਦਿੰਦਾ ਹੈ : ਕਿੰਨੇ ਨੇੜੇ ਆ ਰਹੇ ਨੇ/ ਦੇਸ਼, ਦੇਸ਼ਾਂ ਦੇ/ ਕਿੰਨੇ ਦੂਰ ਹੋ ਰਹੇ ਨੇ/ ਲੋਕ/ ਲੋਕਾਂ ਤੋਂ...ਤਰਸੇਮ ਦੀ ਇਸ ਨਵੀਂ ਕਿਤਾਬ ਦਾ ਸੁਆਗਤ ਹੈ।

## ਸ਼ਬਦਾਂ ਦੀ ਨਾਟ ਮੰਡਲੀ

ਕਵੀ : ਸਰਬਜੀਤ ਕੌਰ ਜੱਸ

ਪੰਨੇ : 112, ਮੁੱਲ : 150/

ਚੇਤਨਾ ਪ੍ਰਕਾਸ਼ਨ , ਲੁਧਿਆਣਾ

ਸਰਬਜੀਤ ਕੌਰ ਜੱਸ ਦੀ ਇਹ ਤੀਜੀ ਕਿਤਾਬ ਹੈ। ਇਸ ਤੋਂ ਪਹਿਲਾਂ 'ਬਲਦੀਆਂ ਛਾਵਾਂ' ਅਤੇ 'ਰਾਹਾਂ ਦੀ ਤਪਸ਼' ਛਪ ਚੁੱਕੀਆਂ ਹਨ। ਇਸ ਨਵੀਂ ਕਿਤਾਬ ਦਾ ਨਾਂ ਪਹਿਲੀਆਂ ਦੋ ਨਾਲੋਂ ਵੱਖਰਾ ਹੈ ਤੇ ਕਵਿਤਾ ਵੀ ਪਹਿਲੀਆਂ ਦੋ ਨਾਲੋਂ ਅਗਾਂਹ ਦੀ ਹੈ। ਕਿਤਾਬ ਦੀ ਆਦਿਕਾ ਵਿਚ ਸ਼ਾਇਰਾ ਨੇ ਕਵਿਤਾ ਲਿਖੀ ਹੈ-'ਮੈਨੂੰ ਮੁਆਫ ਕਰ ਦੇਣਾ' ਅਤੇ ਅੰਤਿਕਾ ਵਿਚ ਲਿਖੀ ਹੈ-'ਮੈਨੂੰ ਮੁਆਫ ਨਾ ਕਰਨਾ'। ਤੇ ਇਸ ਮੁਆਫ ਕਰਨ ਤੇ ਨਾ ਕਰਨ ਦੇ ਵਿਚਕਾਰ ਹੈ 'ਡੋਮੈਸਟਿਕ ਬੰਦਾ' ਤੇ ਇਸ ਦੇ ਆਲੇ-ਦੁਆਲੇ ਹੀ ਪਸਰੀ ਹੈ ਸਾਰੀ ਕਵਿਤਾ।

ਸ਼ਾਇਰ ਸੁਰਜੀਤ ਪਾਤਰ ਅਨੁਸਾਰ ਸਰਬਜੀਤ ਦੀਆਂ ਕਵਿਤਾਵਾਂ ਮੌਲਿਕ ਸੋਚ ਅਤੇ ਨਵੇਂ ਇਜ਼ਹਾਰ ਨਾਲ ਰੌਸ਼ਨ ਹਨ। ਸ਼ਾਇਰ ਦਰਸ਼ਨ ਬੁੱਟਰ ਅਨੁਸਾਰ ਸਰਬਜੀਤ ਨੇ ਅਜੋਕੇ ਪਲਾਂ ਵਿਚ 'ਸ਼ਬਦਾਂ ਦੀ ਨਾਟ ਮੰਡਲੀ' ਰਚ ਕੇ ਆਪਣੀ ਕਾਵਿ-ਪ੍ਰਤਿਭਾ ਦਾ ਪੁਖਤਾ ਪ੍ਰਮਾਣ ਦਿੱਤਾ ਹੈ।

ਸਰਬਜੀਤ ਕੌਰ ਜੱਸ ਨੂੰ ਭਾਸ਼ਾ ਵਿਭਾਗ ਵੱਲੋਂ ਕਵਿਤਾ ਪੁਰਸਕਾਰ ਮਿਲ ਚੁੱਕਿਆ ਹੈ। ਜੱਸ ਨੇ ਇਹ ਕਿਤਾਬ ਦੁਨੀਆਂ ਦੇ ਤਮਾਮ ਕਾਮੇ ਹੱਥਾਂ ਨੂੰ ਸਮਰਪਿਤ ਹੈ ਚੰਗੀ ਕਿਤਾਬ ਲਈ ਸ਼ੁਭ ਇਛਾਵਾਂ।

## ਬਨਵਾਸ

ਕਵੀ : ਦਮਜੀਤ ਦਰਸ਼ਨ

ਪੰਨੇ 72, ਮੱਲ : 125

ਚੇਤਨਾ ਪ੍ਰਕਾਸ਼ਨ, ਲੁਧਿਆਣਾ

ਦਮਜੀਤ ਦਰਸ਼ਨ ਦੀ ਦੂਜੀ ਕਾਵਿ-ਕਿਤਾਬ ਦਾ ਨਾਂ 'ਬਨਵਾਸ' ਹੈ। ਇਸ ਤੋਂ ਪਹਿਲਾਂ 'ਬਿਰਖ ਬਲਦਾ ਰਿਹਾ' ਪ੍ਰਕਾਸ਼ਿਤ ਹੋ ਚੁੱਕੀ ਹੈ। ਇਸ ਪੁਸਤਕ ਬਾਰੇ ਡਾ. ਲਾਭ ਸਿੰਘ ਖੀਵਾ ਤੇ



ਰਣਬੀਰ ਰਾਣਾ ਨੇ ਟਿੱਪਣੀਆਂ ਕੀਤੀਆਂ ਹਨ। ਰਾਣਾ ਲਿਖਦਾ ਹੈ, " ਦਮਜੀਤ ਪ੍ਰੋੜ੍ਹ ਅਤੇ ਪ੍ਰਤੀਬਧ ਸ਼ਾਇਰ ਹੈ। ਉਸਨੂੰ ਕਵਿਤਾ ਦੇ ਅਸਲ ਮਕਸਦ ਦੀ ਸੁਝ ਹੈ। ਇਸ ਲਈ ਉਹ ਦੇਸ਼ ਅਤੇ ਵਿਦੇਸ਼ ਅੰਦਰ ਵਾਪਰਦੇ ਵਰਤਾਰਿਆਂ ਨੂੰ ਆਪਣੀ ਚਿੰਤਾ ਅਤੇ ਕਵਿਤਾ ਦਾ ਵਿਸ਼ਾ ਬਣਾਉਂਦਾ ਹੈ।"

ਡਾ. ਲਾਭ ਸਿੰਘ ਖੀਵਾ ਦੀ ਟਿੱਪਣੀ ਵੀ ਜ਼ਿਕਰਯੋਗ ਹੈ, " ਦਮਜੀਤ ਦਰਸ਼ਨ ਵਰਗਾ ਵਿਚਾਰਧਾਰਕ ਪੱਧਰ ਉਤੇ ਪ੍ਰਤੀਬਧ ਕਵੀ ਕਈ ਵਾਰ ਕਾਵਿ-ਕਲਾ ਵਿਚ ਪੇਤਲੇਪਣ ਦਾ ਸ਼ਿਕਾਰ ਹੋ ਜਾਂਦਾ ਹੈ। ਆਪਣੀ ਕਾਵਿ-ਦ੍ਰਿਸ਼ਟੀ ਤੇ ਕਾਵਿ-ਕਲਾ ਵਿਚ ਸੰਤੁਲਨ ਨਹੀਂ ਬਣਾਉਂਦਾ, ਜਿਸ ਕਰ ਕੇ ਉਸਦੀਆਂ ਕਈ ਕਵਿਤਾਵਾਂ ਇਸ ਸੰਤੁਲਨ ਤੋਂ ਵਿਰਵੀਆਂ ਹਨ।"

ਮੈਂ ਸਦਾ ਕਵਿਤਾਵਾਂ ਪੜ੍ਹਦਾ ਹਾਂ ਉਸ ਤੋਂ ਬਾਅਦ ਉਨ੍ਹਾਂ ਬਾਰੇ ਟਿੱਪਣੀਆਂ। ਸਾਰੇ ਪਾਠਕਾਂ ਨੂੰ ਇਸੇ ਤਰ੍ਹਾਂ ਕਰਨ ਦੀ ਬੇਨਤੀ ਕਰਦਾ ਹਾਂ ਤੇ ਦਮਜੀਤ ਦਰਸ਼ਨ ਦੀ ਕਿਤਾਬ 'ਬਨਵਾਸ' ਨੂੰ ਜੀ ਆਇਆਂ ਨੂੰ ਕਹਿੰਦਾ ਹਾਂ।

## ਪਸੰਦੀਦਾ 25 ਕਹਾਣੀਆਂ- ਲੇਖਕ ਅਮਰਜੀਤ ਸਿੰਘ ਹੇਅਰ

ਪ੍ਰਕਾਸ਼ਕ:- ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ

ਪੰਨੇ:- 100 ਮੁੱਲ:- 175

ਅਮਰਜੀਤ ਸਿੰਘ ਹੇਅਰ 'ਦੱਬੀ ਅੱਗ ਦਾ ਸੇਕ' (2010) ਕੁੱਖ ਦੀ ਭੁੱਖ (2012) ਕਹਾਣੀ ਸੰਗ੍ਰਹਿ ਪਾਠਕ ਜਗਤ ਦੀ ਝੋਲੀ ਪਾ ਚੁੱਕਿਆ ਹੈ। ਪਸੰਦੀਦਾ 25 ਕਹਾਣੀਆ (2016) ਉਸਦਾ ਨਵਾਂ ਕਹਾਣੀ ਸੰਗ੍ਰਹਿ ਹੈ, ਜਿਸ ਵਿਚ 15 ਕਹਾਣੀਆਂ ਤਾਂ ਪੁਰਾਣੇ ਕਥਾ ਸੰਗ੍ਰਹਿਾਂ ਵਿਚੋਂ ਲਈਆਂ ਗਈਆਂ ਹਨ ਅਤੇ 10 ਕਹਾਣੀਆਂ ਨਵੀਆਂ ਸ਼ਾਮਿਲ ਕੀਤੀਆਂ ਗਈਆਂ ਹਨ। 'ਦੱਬੀ ਅੱਗ ਦੇ ਸੇਕ' ਭਾਗ ਦੀਆਂ ਬਹੁਤੀਆਂ ਕਹਾਣੀਆਂ ਪੰਜਾਬ ਵੰਡ ਦੇ ਦੁਖਾਂਤ, ਦੋ ਕੌਮਾਂ ਦੇ ਭਰਾਤਰੀ ਭਾਵ, ਅਪਣਤ/ਸਾਂਝ ਅਤੇ ਮਨੁੱਖੀ ਮਨ ਦੇ ਚੇਤਨ, ਅਚੇਤਨ ਭਾਗ ਦੀ ਬਾਤ ਪਾਉਂਦੀਆਂ ਹਨ। ਇਹਨਾਂ ਕਹਾਣੀਆਂ 'ਚ ਜਿੱਥੇ ਆਪਸੀ ਸਾਂਝ/ਅਪਣਤ ਤੇ ਇੱਕ ਦੂਜੇ ਦੇ ਕੰਮ ਆਉਣ ਦੀ ਭਾਵਨਾ ਦੇ ਦਰਸ਼ਨ ਹੁੰਦੇ ਹਨ। ਉੱਥੇ ਦੋਨਾਂ ਕੌਮਾਂ ਵਿੱਚ ਕੁੱਝ ਅਜਿਹੇ ਵਿਅਕਤੀ ਵੀ ਸਾਹਮਣੇ ਆਉਂਦੇ ਹਨ। ਜੋ ਮਨੁੱਖਤਾ ਦੇ ਨਾਂ ਉੱਪਰ ਬਦਨੁਮਾ ਕਲੰਕ ਵਾਂਗ ਹਨ।

'ਬਹਾਦਰ ਸਿੰਘਣੀ' ਕਹਾਣੀ ਫਿਰਕਾਪ੍ਰਸਤ ਹਨੇਰੀ ਦੀ ਗ੍ਰਿਫਤ ਤੋਂ ਬਚੀ ਅੰਮਾਂ ਦਿਆ ਕੌਰ ਦੀ ਕਹਾਣੀ ਹੈ ਜੋ ਆਪਣੇ ਹੀ ਪੁੱਤਰਾਂ ਦੇ ਚੁੰਗਲ 'ਚ ਫਸੀ ਮੁਸਲਮਾਨ ਕੁੜੀ ਨੂੰ ਆਜ਼ਾਦ ਕਰਵਾ ਪਾਕਿਸਤਾਨੀ ਫੌਜੀਆਂ ਦੇ ਹਵਾਲੇ ਕਰ ਦਿੰਦੀ ਹੈ। ਇਸੇ ਤਰ੍ਹਾਂ 'ਸੱਚਾ ਮੁਸਲਮਾਨ' ਕਹਾਣੀ ਦਾ ਚੌਧਰੀ ਰਹਿਮਤ ਅਲੀ ਇਨਸਾਨੀਅਤ ਦਾ ਪੁੰਜ ਬਣਕੇ ਸਿੱਖਾਂ ਤੇ ਹਿੰਦੂਆਂ ਦੀ ਮੱਦਦ ਲਈ ਪਹੁੰਚਦਾ ਹੈ। ਜਦੋਂ ਕੁੱਝ ਜਾਨੂੰਨੀ ਦੰਗਈ ਲੋਕ ਹਿੰਦੂ ਸਿੱਖਾਂ ਦੇ ਕਤਲੇਆਮ ਲਈ ਉਤਾਵਲੇ ਤੇ ਉਤੇਜਿਤ ਹੁੰਦੇ ਹਨ ਉਸ ਸਮੇਂ ਚੌਧਰੀ ਆਪਣੇ ਮੁਸਲਮਾਨ ਭਰਾਵਾਂ ਨੂੰ ਸੱਚੇ ਤੇ ਸੁੱਚੇ ਮੁਸਲਮਾਨ ਦੇ ਅਸਲ ਅਰਥ ਦੱਸਦਾ ਧਰਮ ਦੇ ਅਸਲ ਅਰਥਾਂ ਦੀ ਨਿਸ਼ਾਨਦੇਹੀ ਕਰਦਾ ਮਨੁੱਖਤਾ/ਇਨਸਾਨੀਅਤ ਦਾ ਨਾਂ ਰੌਸ਼ਨ ਕਰਦਾ ਹੈ।

'ਕੁੱਖ ਦੀ ਭੁੱਖ' ਭਾਗ ਦੀਆਂ ਬਹੁਤੀਆਂ ਕਹਾਣੀਆਂ ਮਨੁੱਖੀ ਮਨ ਦੇ ਅਚੇਤਨ ਮਨ ਅਤੇ ਚੇਤਨ ਮਨ ਦੇ ਬਾਰੀਕ ਅਹਿਸਾਸਾਂ ਬਾਰੇ ਹਨ। ਅਚੇਤਨ ਮਨ ਦੀਆਂ ਖਾਹਿਸ਼ਾਂ ਅਤੇ ਅਹਿਸਾਸਾਂ ਬਾਰੇ ਸਾਡਾ ਸਮਾਜਕ ਪ੍ਰਬੰਧ ਜਾਂ ਤਾਂ ਚੁੱਪ ਹੈ ਜਾਂ ਵਿੱਧ। ਜਵਾਨੀ ਦੇ ਸ਼ਿਖਰ ਤੇ ਵਿਰੋਧੀ ਲਿੰਗ

ਪ੍ਰਤੀ ਪਿਆਰ ਦੀ ਭਾਵਨਾ ਦਾ ਕੁਦਰਤੀ ਰੂਪ, ਪਿਆਰ ਦਾ ਮੁਕਾਮੀ ਸਟੇਜ ਤੇ ਪਹੁੰਚਣ ਦੀ ਅਸਮੱਰਥਾ ਅਤੇ ਇਸਦੇ ਨਤੀਜੇ ਇਹਨਾਂ ਕਹਾਣੀਆਂ ਦਾ ਸ਼ਿਖਰ ਹਨ। ਵਿਰੋਧੀ ਲਿੰਗ ਪ੍ਰਤੀ ਖਿੱਚ ਦੀ ਕੁਦਰਤੀ ਭਾਵਨਾ ਅਤੇ ਆਪਸੀ ਸੰਬੰਧਾਂ ਵਿੱਚ ਅਪੂਰਤੀ ਦੀ ਭਾਵਨਾ ਦਾ ਮਨੁੱਖੀ ਮਾਨਸਿਕਤਾ ਤੇ ਅਸਰ, ਤੇ ਸੈਕਸ ਸੰਬੰਧਾਂ ਦੀ ਪੂਰਤੀ ਔਰਤ/ਮਨੁੱਖ ਨੂੰ ਕਿਸ ਤਰਾਂ ਸੰਪੂਰਨ ਕਰਦੀ ਹੈ। ਉਸ ਦਾ ਉੱਤਮ ਨਮੂਨਾ ਕੁੱਖ ਦੀ ਭੁੱਖ ਕਹਾਣੀ ਹੈ। 'ਡਰ' ਕਹਾਣੀ ਨਿਪੁੰਸਕਤਾ ਵਰਗੇ ਮਸਲੇ ਦੀਆਂ ਬਾਰੀਕ ਤੈਹਾਂ ਫਰੋਲਦੀ ਵਜ਼ਨਦਾਰ/ਸ਼ੱਸਕਤ ਕਹਾਣੀ ਹੈ। ਕਹਾਣੀ ਦਾ ਮੁੱਖ ਪਾਤਰ ਨਿਪੁੰਸਕਤਾ ਵਰਗੇ ਮਸਲੇ ਦੇ ਡਰ ਅਧੀਨ ਖੁਦਕੁਸ਼ੀ ਕਰ ਗਏ ਵਿਅਕਤੀ ਦੀ ਉਸ ਸਥਿਤੀ ਨੂੰ ਬਿਆਨ ਕਰਦਾ ਹੈ ਜਿੱਥੇ ਸਮਾਜਕ ਬੇਇਜ਼ਤੀ ਨੂੰ ਮੁੱਖ ਰੱਖਦਿਆਂ ਜ਼ਿੰਦਗੀ ਅਰਥਹੀਣ ਹੋ ਜਾਂਦੀ ਹੈ। ਜਦੋਂਕਿ ਅਸਲ ਵਿੱਚ ਅਜਿਹੇ ਡਰ/ਦਬਾਵਾਂ ਨੂੰ ਸਹੀ ਤਰੀਕੇ ਨਾਲ ਸੁਲਝਾਇਆ ਜਾ ਸਕਦਾ ਹੈ। 'ਧੀ ਧਿਆਣੀ' ਕਹਾਣੀ ਸਾਡੇ ਸਮਾਜ ਦੇ ਕੁੱਝ ਲੋਕਾਂ ਦੀ ਔਰਤ ਪ੍ਰਤੀ ਬਦਲ ਰਹੀ ਸੋਚ ਦਾ ਪ੍ਰਗਟਾਵਾ ਕਰਦੀ ਕਹਾਣੀ ਹੈ। ਪੰਜਾਬ ਕੌਰ ਦੀ ਕੁੱਖੋਂ ਜਨਮੀ ਪੰਜਵੀਂ ਧੀ ਜਿਸ ਨੂੰ ਉਸ ਦੀ ਦਾਦੀ ਪੱਥਰ ਨਾਲ ਤੁਲਨਾਉਂਦੀ ਛਾਤੀ ਪਿੱਟਦੀ ਹੈ। ਉਹ ਹੀ ਇੱਕ ਦਿਨ ਜੀਵਨਜੋਤ ਬਣ ਪਿੰਡ ਲਈ ਚਾਨਣ ਮੁਨਾਰਾ ਬਣਦੀ ਹੈ।

ਹੱਥਲੇ ਕਹਾਣੀ ਸੰਗ੍ਰਹਿ ਨੂੰ ਪੜਦਿਆਂ ਇਸ ਗੱਲ ਦਾ ਤੀਬਰ ਅਹਿਸਾਸ ਹੁੰਦਾ ਹੈ ਕਿ ਇਹਨਾਂ ਕਹਾਣੀਆਂ 'ਚ ਲੇਖਕ ਨਿੱਜੀ ਜ਼ਿੰਦਗੀ ਅਨੁਭਵਾਂ, ਤਜ਼ਰਬਿਆਂ, ਅਹਿਸਾਸਾਂ ਨੂੰ ਮਾਲਾ ਦੇ ਮਣਕੇ 'ਚ ਪਰੋਣ 'ਚ ਕਾਮਯਾਬ ਹੋਇਆ ਹੈ। ਕਹਾਣੀ ਸੰਗ੍ਰਹਿ ਪੜਨ ਉਪਰੰਤ ਇਹ ਰਾਇ ਬਣਨੀ ਵੀ ਲਾਜ਼ਮੀ ਹੈ ਕਿ ਲੇਖਕ ਅਨੇਕਾਂ ਅਜਿਹੇ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਵਿੱਚ ਛੋਹਦਾ ਹੈ ਜੋ ਅਚੇਤ ਹੀ ਸਾਡੇ ਮਨਾਂ 'ਚੋਂ ਵਿਸਰ ਜਾਂਦੇ ਹਨ ਜਾਂ ਅਛੋਪਲੇ ਹੀ ਅਸੀਂ ਉਹਨਾਂ ਤੋਂ ਕੰਨੀ ਕਤਰਾਅ ਜਾਂਦੇ ਹਾਂ, ਜਾਂ ਸਾਡਾ ਸਮਾਜਕ ਸਿਸਟਮ ਇਹਨਾਂ ਮਸਲਿਆਂ ਪ੍ਰਤੀ ਚੁੱਪ ਦਾ ਧਾਰਣੀ ਰਹਿੰਦਾ ਹੈ। ਕਹਾਣੀ ਵਿੱਚ ਬਾਤ ਪਾਉਣ ਵਰਗੀ ਰੌਚਿਕਤਾ, ਸ਼ੈਲੀ ਦੀ ਸਾਦਗੀ ਤੇ ਸਰਲਤਾ ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਨੂੰ ਕਲਾਤਮਕਤਾ ਬਖਸ਼ਦੀ ਹੈ।

### ਕੋਈ ਤਾਂ ਹੈ .... ਕਹਾਣੀ ਸੰਗ੍ਰਹਿ :- ਲੇਖਕ ਰਘਬੀਰ ਸਿੰਘ ਮਾਨ

ਪ੍ਰਕਾਸ਼ਕ:- ਚੇਤਨਾ ਪ੍ਰਕਾਸ਼ਨ, ਲੁਧਿਆਣਾ

ਪੰਨੇ:- 112 ਮੁੱਕ:- 150

ਕੋਈ ਤਾਂ ਹੈ .... ਰਘਬੀਰ ਸਿੰਘ ਮਾਨ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਅਚਿੰਤੇ ਬਾਜ਼ ਪਏ ਕਹਾਣੀ ਸੰਗ੍ਰਹਿ ਪਾਠਕਾਂ ਦੀ ਝੋਲੀ ਪਾ ਚੁੱਕਿਆ ਹੈ। ਹੱਥਲੇ ਕਹਾਣੀ ਸੰਗ੍ਰਹਿ ਵਿੱਚ ਕੁੱਲ ਛੇ ਕਹਾਣੀਆਂ ਦਰਜ ਹਨ ਜੋ ਵਿਭਿੰਨ ਮਸਲਿਆਂ ਦੀਆਂ ਬਾਰੀਕਬਨੀ ਤੈਹਾਂ ਨੂੰ ਵਿਭਿੰਨ ਨਜ਼ਰੀਏ ਤੋਂ ਫਰੋਲਦੀਆਂ ਹਨ। 'ਖਾਨ ਟੀ ਸਟਾਲ' ਕਹਾਣੀ ਮਨੁੱਖ ਮਨ ਦੀ ਵਿਰੋਧੀ ਲਿੰਗ ਪ੍ਰਤੀ ਖਿੱਚ ਨੂੰ ਬਿਆਨ ਕਰਦੀ ਹੈ ਪ੍ਰੰਤੂ ਅਜਿਹੀ ਖਿੱਚ ਪ੍ਰਤੀ ਸਾਡੀਆਂ ਸਮਾਜਕ ਕਦਰਾਂ ਕੀਮਤਾਂ ਕਿਵੇਂ ਰੋੜਾ ਬਣਦੀਆਂ ਹਨ ਅਤੇ ਇਸਦੇ ਸਿੱਟੇ ਵਜੋਂ ਮਨੁੱਖ ਕਿਵੇਂ ਆਪਣੇ ਆਪ ਅੰਦਰ ਹੀ ਬੌਣਾ ਬਣਦਾ ਹੈ, ਉਸ ਦਾ ਯਥਾਰਥਕ ਚਿਤਰਣ ਹੈ। 'ਫਿਕਰ' ਕਹਾਣੀ ਸਾਡੇ ਸਮਾਜ ਦੇ ਇੱਕ ਬਹੁਤ ਵੱਡੇ ਹਿੱਸੇ ਦੀ ਰੂੜੀਗਤ ਸੋਚ ਕਿ ਕੁੜੀਆਂ ਪੱਥਰਾਂ ਦੇ ਸਮਾਨ ਹਨ ਤੇ ਕਾਟਾ ਹੀ ਨਹੀਂ ਫੇਰਦੀ ਸਗੋਂ ਸਾਡੇ ਸਿਸਟਮ ਵਿੱਚ ਧੀ ਦੀ ਅਹਿਮੀਅਤ ਉੱਪਰ ਜ਼ੋਰ ਦਿੰਦੀ ਹੈ। 'ਮੈਨੂੰ ਜਿਉਂਣਾ



ਆਉਂਦੇ' ਕਹਾਣੀ ਸਾਡੇ ਸਮਾਜ ਵਿੱਚ ਧੀਆਂ ਦੀ ਪੈਦਾਇਸ਼ ਸੰਬੰਧੀ ਨਾਕਾਰਾਤਮਕ ਸੋਚ ਦੇ ਬਾਵਜੂਦ ਔਰਤ ਦੀ ਸਮਾਜਕ ਅਹਿਮੀਅਤ ਨੂੰ ਉਘਾੜਦੀ ਕਹਾਣੀ ਹੈ। ਕਹਾਣੀ ਵਿਚਲੀ ਕੁਲਬੀਰ ਕੌਰ ਤਿੰਨ ਪੁੱਤਾਂ ਨੂੰ ਪਾਲ ਪੋਸ਼ ਕੇ ਜਵਾਨ ਕਰਦੀ ਹੈ ਜੋ ਬਾਅਦ ਵਿੱਚ ਉਸ ਦਾ ਹਾਲ-ਚਾਲ ਤੱਕ ਨਹੀਂ ਪੁੱਛਦੇ। ਅਜਿਹੇ ਸਮੇਂ ਉਹ ਆਪਣੀ ਫੌਤ ਹੋਈ ਧੀ ਬਾਰੇ ਸੋਚਦੀ ਹੈ ਕਿ ਜੇ ਉਹ ਜਿਉਂਦੀ ਹੁੰਦੀ ਤਾਂ ਬੁੱਢੀ ਉਮਰੇ ਉਸ ਦੇ ਬੁਢਾਪੇ ਦੀ ਢੰਗੋਰੀ ਬਣਦੀ। ਕਹਾਣੀ ਵਿਚਲੀ ਕੰਮੋ ਜੋ ਲੜਕੇ ਨੂੰ ਜਨਮ ਦੇਣਾ ਜ਼ਰੂਰੀ ਮੰਨਦੀ ਹੈ। ਜਦੋਂ ਉਹ ਕੁਲਬੀਰ ਦੀ ਤਰਸਯੋਗ ਹਾਲਤ ਦੇਖਦੀ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਅਜੋਕੇ ਯੁੱਗ ਵਿੱਚ ਧੀਆਂ ਵੀ ਕਿਸੇ ਤੋਂ ਘੱਟ ਨਹੀਂ। ਆਖਰੀ ਉਮਰੇ ਪੁੱਤਾਂ ਦੀ ਬਜਾਏ ਸਗੋਂ ਧੀਆਂ ਸਾਥ ਨਿਭਾਉਂਦੀਆਂ ਹਨ। ਲੇਖਕ ਧੀਆਂ ਪ੍ਰਤੀ ਸਤਿਕਾਰਤ ਭਾਵਨਾ ਹੀ ਨਹੀਂ ਜਗਾਉਂਦਾ ਸਗੋਂ ਸਾਡੀ ਰੂੜੀਗਤ ਸੋਚ ਨੂੰ ਸਿੱਧਾ ਗੇੜਾ ਦਿੰਦਾ ਨਜ਼ਰੀ ਪੈਂਦਾ ਹੈ। 'ਕੁੜਮਣੀਆਂ' ਕਹਾਣੀ ਇੱਕ ਸ਼ਸਕਤ ਕਹਾਣੀ ਹੈ ਜੋ ਇੱਕੋ ਸਮੇਂ ਜਾਤ-ਪਾਤ, ਪੇਂਡੂ ਸਮਾਜ ਦੇ ਵਿਘਟਨ, ਨਸ਼ੇ ਦੇ ਪ੍ਰਕੋਪ, ਅਖੌਤੀ ਧਾਰਮਿਕ ਪ੍ਰਚਾਰਵਾਦ, ਵਿਦੇਸ਼ ਗਏ ਲੋਕਾਂ ਦੀ ਸੋਚ ਸਮਝ ਦੇ ਰੂ-ਬ-ਰੂ ਕਰਵਾਉਂਦੀ ਹੈ। ਵਿਦੇਸ਼ 'ਚ ਸੈੱਟ ਹੋਈ ਗੁਰਨਾਜ਼ ਆਪਣੀ ਭੂਆ ਦੇ ਮੁੰਡੇ ਸੁਖਵੰਤ ਨੂੰ ਆਪਣਾ ਭਾਈ ਬਣਾ ਕੇ ਉਸਦੇ ਨਾਮ ਆਪਣੀ ਜੱਦੀ ਜ਼ਮੀਨ ਜਾਇਦਾਦ ਲਗਵਾਉਣ ਦਾ ਜ਼ੇਰਾ ਦਿਖਾਉਂਦੀ ਹੈ। ਪਿੰਡ ਵਿਚਲੇ ਧਰਮ ਦੇ ਅਖੌਤੀ ਲੰਬੜਦਾਰਾਂ ਦੁਆਰਾ ਗੁਰਦੁਆਰੇ ਦੇ ਨਾਂ ਤੇ ਦਾਨ ਮੰਗਣ ਵੇਲੇ ਧਰਮ ਦੀ ਅਸਲ ਤਸਵੀਰ ਸਾਹਮਣੇ ਲਿਆ ਕੇ ਆਪਣੀ ਤਾਰਕਿਕ ਸੋਚ ਦਾ ਮੁਜ਼ਹਾਰਾ ਕਰਦੀ ਹੈ। ਉਹ ਆਪਣੇ ਪੁੱਤਰ ਹੈਰੀ ਦਾ ਦਾਜ ਦਹੇਜ਼ ਦੇ ਲਾਲਚ 'ਚ ਆ ਕੇ ਰਿਸ਼ਤਾ ਕਰਨ ਦੀ ਬਜਾਏ ਨਿਮਨ ਜਾਤ ਦੀ ਆਪਣੀ ਸਹੇਲੀ ਅਮਰੋ ਦੀ ਪੜੀ ਲਿਖੀ ਕੁੜੀ ਪ੍ਰਵੀਨ ਨਾਲ ਤੈਅ ਕਰ ਦਿੰਦੀ ਹੈ। ਗੁਰਨਾਜ਼ ਸਮਾਜ ਦੀਆਂ ਅਨੇਕਾਂ ਮਾੜੀਆਂ ਰੀਤਾਂ ਤੇ ਇੱਕੋ ਹੱਲੇ/ਝਟਕੇ ਲੀਕ ਫੇਰ ਦਿੰਦੀ ਹੈ। 'ਕੋਈ ਤਾਂ ਹੈ ....' ਕਹਾਣੀ ਭਰੂਣ ਹੱਤਿਆ ਦੇ ਮਸਲੇ ਨਾਲ ਸੰਬੰਧਿਤ ਹੈ। 'ਸਮਾਂ ਤੁਰਦਾ ਹੈ' ਕਹਾਣੀ ਅਣਖ ਖਾਤਰ ਹੁੰਦੇ ਧੀਆਂ ਦੇ ਕਤਲ ਦੀ ਕਹਾਣੀ ਹੈ। ਕਹਾਣੀ ਵਿਚਲੀ ਮਨਰੀਤ ਪੜੀ ਲਿਖੀ ਸੂਝਵਾਨ ਕੁੜੀ ਜਦੋਂ ਆਪਣੇ ਲਈ ਨਿਮਨ ਜਾਤ ਦਾ ਵਰ ਚੁਣਦੀ ਹੈ। ਉਸ ਸਮੇਂ ਪਿਉ ਅਤੇ ਭਰਾ ਰਲਕੇ ਉਸਦਾ ਕਤਲ ਕਰ ਵੀਹ ਵੀਹ ਸਾਲ ਲਈ ਸਜਾਯਾਫਤਾ ਹੋ ਜਾਂਦੇ ਹਨ। ਕਹਾਣੀ ਸਾਡੇ ਆਧੁਨਿਕ ਕਹੇ ਜਾਂਦੇ ਸਮਾਜ ਦੀ ਪਿਛਲਖੁਰੀ ਸੋਚ ਅਤੇ ਪੀਡੇ ਜਾਤੀ-ਪਾਤੀ ਬੰਧਨਾਂ ਤੋਂ ਮੁਕਤ ਨਾ ਹੋਣ ਦੀ ਸੋਚ ਦਾ ਪ੍ਰਗਟਾਵਾ ਕਰਦੀ ਚੰਗੀ ਕਹਾਣੀ ਹੈ।

ਕਹਾਣੀਕਾਰ ਧੀਆਂ (ਔਰਤ) ਨੂੰ ਕੇਂਦਰ ਵਿੱਚ ਰੱਖਕੇ ਕਹਾਣੀ ਦੀ ਰਚਨਾ ਕਰਦਾ ਹੋਇਆ ਉਹਨਾਂ ਦੀਆਂ ਸਮੱਸਿਆਵਾਂ, ਸਮਾਜ 'ਚ ਉਹਨਾ ਦਾ ਸਥਾਨ ਤੇ ਸਾਡੇ ਅਖੌਤੀ ਆਧੁਨਿਕ ਸਮਾਜ ਵਿੱਚ ਔਰਤ ਪ੍ਰਤੀ ਮਰਦ ਪ੍ਰਧਾਨ ਸਮਾਜ ਦਾ ਰਵੱਈਆ ਕੀ ਹੈ, ਉਸ ਨੂੰ ਅਨੇਕਾਂ ਕੋਣਾਂ ਤੋਂ ਵੇਖਦਾ ਹੈ। ਕਹਾਣੀਕਾਰ ਕਹਾਣੀ ਦੀ ਘਾੜਤ ਸਮੇਂ ਗੁੰਝਲਦਾਰ ਸ਼ੈਲੀ ਤੋਂ ਬਚਦਾ ਸਾਧਾਰਣ ਸਪਸ਼ਟ ਨਜ਼ਰੀਏ ਤੋਂ ਆਮ ਪਾਠਕ ਦੀ ਸਮਝ 'ਚ ਆਉਂਦੀ ਕਹਾਣੀ ਦੀ ਰਚਨਾ ਕਰਦਾ ਹੈ। ਤਿੱਖੇ ਵੇਗ ਚਲਦੀ ਕਹਾਣੀ ਪਾਠਕ ਦੇ ਧੁਰ ਅੰਦਰ ਨੂੰ ਛੂੰਹਦੀ ਕੁੱਝ ਨਵਾਂ ਸੋਚਣ ਸਮਝਣ ਦਾ ਅਵਸਰ ਦਿੰਦੀ ਪ੍ਰਤੀਤ ਹੁੰਦੀ ਹੈ।

**ਡਾ. ਪਰਗਟ ਸਿੰਘ**

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ ਪਿੰਡ ਤੇ ਡਾਕਖਾਨਾ ਫਰਾਲਾ, ਜ਼ਿਲ੍ਹਾ ਨਵਾਂਸ਼ਹਿਰ ਤੋਂ ਜਾਰੀ ਕੀਤਾ।